
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਬੌਬੀ ਸਿੰਘ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419





Fare shown above is for departure from Jan 15th, 2020 and subject to availability, other conditions apply. Please call for more details



Income Tax & Accounting Services
Business/Personal Taxes
Corporate Accounts Welcome
ਬਹੁਤ ਹੀ ਘੱਟ ਰੇਟ 'ਤੇ ਵਧੀਆ ਸਰਵਿਸ


Karuna Sharma
CPA

IRS e-file

Insurance Services
*Home *Auto *Business

Ph: 718-301-9083
114-11 101 Ave., Richmond Hill, NY 11419



Twenty First Year of Publication

ਨਿਊ ਯਾਰਕ ਐਡੀਸ਼ਨ  Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 21, Issue 21, May 23, 2020    20451 N. Plum Grove Rd., Palatine, IL 60074    Ph:847-359-0746, Fax:847-705-9388


## ਮੋਦੀ ਦਾ ਸਭ ਤੋਂ ਵੱਡਾ ਪੈਕੇਜ ਵੀ ਜੁਮਲਾ ਨਿਕਲਿਆ

### ਬਹਾਨੇ ਨਾਲ ਸੂਬਿਆਂ ਦੇ ਹੱਕਾਂ ਉਤੇ ਵੀ ਡਾਕਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਕਰੋਨਾ ਵਾਇਰਸ ਅਤੇ ਲੌਕਡਾਊਨ ਕਾਰਨ ਬਣੀ ਔਖੀ ਘੜੀ ਵਿਚ 20 ਲੱਖ ਕਰੋੜ ਰੁਪਏ ਦੇ ਰਾਹਤ ਪੈਕੇਜ ਦਾ ਐਲਾਨ ਕਰ ਕੇ ਸਭ ਦਾ ਧਿਆਨ ਖਿੱਚਿਆ ਸੀ। ਇਸ ਵੱਡੀ ਰਾਹਤ ਨੇ ਹਰ ਵਰਗ ਲਈ ਆਸਾਂ ਜਗਾਈਆਂ ਸਨ ਪਰ ਜਿਵੇਂ-ਜਿਵੇਂ ਕੇਂਦਰੀ ਵਿੱਤ ਮੰਤਰੀ ਇਸ ਪੈਕੇਜ ਦੀਆਂ ਪਰਤਾਂ ਖੋਲ੍ਹਦੇ ਗਏ, ਲੋਕਾਂ ਪੱਲੇ ਨਿਰਾਸ਼ਾ ਹੀ ਪਈ। ਇਸ ਦੇ ਨਾਲ ਹੀ ਇਹ ਤੱਥ ਵੀ ਸਾਹਮਣੇ ਆ ਰਹੇ ਹਨ ਕਿ ਸੰਕਟ ਦੇ ਬਹਾਨੇ ਸੂਬਿਆਂ ਤੋਂ ਹੱਕ ਖੋਹਣ ਦਾ ਜੁਗਾੜ ਵੀ ਇਸ ਪੈਕੇਜ ਅੰਦਰ ਫਿੱਟ ਕਰ ਲਿਆ ਗਿਆ ਹੈ।

ਇਸ 'ਵੱਡੇ ਪੈਕੇਜ' ਬਾਰੇ ਸਚਾਈ ਸਾਹਮਣੇ ਆਉਣ ਪਿੱਛੋਂ ਜਿਥੇ ਵਿਰੋਧੀ ਧਿਰਾਂ ਮੋਦੀ ਨੂੰ ਤਿੱਖੇ ਸਵਾਲ ਕਰ ਰਹੀਆਂ ਹਨ, ਉਥੇ ਆਰਥਕ ਮਾਹਰ ਵੀ ਹੈਰਾਨ ਹਨ ਕਿ ਔਖੇ ਸਮੇਂ ਵਿਚ ਲੋਕਾਂ ਨੂੰ ਰਾਹਤ ਦੇਣ ਦੀ ਥਾਂ ਕਰਜ਼ਾ ਵੰਡਿਆ ਜਾ ਰਿਹਾ ਹੈ। ਆਰਥਕ ਮਾਹਰਾਂ ਦਾ ਦਾਅਵਾ ਹੈ ਕਿ ਇਹ ਪੈਕੇਜ ਗੈਰ-ਸੰਗਠਿਤ ਖੇਤਰ 'ਚ ਕੰਮ ਕਰਦੇ 40 ਕਰੋੜ ਤੋਂ ਵਧੇਰੇ ਲੋਕਾਂ ਨੂੰ ਕਰਜ਼ਿਆਂ ਦੀਆਂ ਪੰਡਾਂ ਹੇਠ ਦੱਬਣ ਤੋਂ ਬਗੈਰ ਕੋਈ ਵੱਡੀ ਰਾਹਤ ਦੇਣ 'ਚ ਅਸਮਰੱਥ ਹੈ। ਸਭ ਤੋਂ ਨਿਰਾਸ਼ਾ ਵਾਲੀ ਗੱਲ ਇਹ ਹੈ ਕਿ ਸਰਕਾਰ ਵਲੋਂ ਪਿਛਲੇ ਕਰੀਬ ਪੌਣੇ ਦੋ ਮਹੀਨੇ 'ਚ ਕੀਤੇ ਐਲਾਨਾਂ ਤੇ ਖਰਚਿਆਂ ਨੂੰ ਵੀ ਇਸ ਪੈਕੇਜ 'ਚ ਜੋੜ ਦਿੱਤਾ ਗਿਆ। ਵਿੱਤੀ ਮਾਹਰਾਂ ਨੇ ਮੋਦੀ ਦੀ ਇਸ ਚਲਾਕੀ ਉਤੇ ਹੈਰਾਨਗੀ ਜਤਾਉਂਦਿਆਂ ਦਾਅਵਾ ਕੀਤਾ ਹੈ ਕਿ ਅਸਲ ਵਿਚ ਇਹ ਸਿਰਫ 1,86,650 ਕਰੋੜ ਰੁਪਏ ਦੇ ਵਿੱਤੀ ਪੈਕੇਜ ਦੀ ਰਾਸ਼ੀ ਹੈ ਜੋ ਭਾਰਤ ਦੀ ਜੀ.ਡੀ.ਪੀ. ਦਾ ਸਿਰਫ 0.91 ਫੀਸਦੀ ਹੈ।

ਦਰਅਸਲ, ਲੌਕਡਾਊਨ ਦੇ ਲਗਭਗ 50 ਦਿਨਾਂ ਬਾਅਦ ਪ੍ਰਧਾਨ ਮੰਤਰੀ ਨੇ ਵਡੇਰੇ ਆਰਥਕ ਪੈਕੇਜ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਨਾਲ ਲੋਕਾਂ ਨੂੰ ਲਗਭਗ 20 ਲੱਖ ਕਰੋੜ ਰੁਪਏ ਦੀ ਰਾਹਤ ਪਹੁੰਚਾਈ ਜਾਵੇਗੀ ਜਿਹੜੀ ਕਿ ਕੁੱਲ ਘਰੇਲੂ ਉਤਪਾਦਨ ਦਾ 10 ਫੀਸਦੀ ਹੈ। ਇਸ ਤੋਂ ਬਾਅਦ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ 5 ਕਿਸ਼ਤਾਂ ਵਿਚ ਰਾਹਤ ਪੈਕੇਜ ਦਾ ਐਲਾਨ ਕੀਤਾ। ਮਗਨਰੇਗਾ ਵਾਸਤੇ ਹੋਰ ਦਿੱਤੇ ਜਾ ਰਹੇ 40,000 ਕਰੋੜ ਰੁਪਏ ਅਤੇ ਪਰਵਾਸੀ ਮਜ਼ਦੂਰਾਂ ਲਈ 3,500 ਕਰੋੜ ਰੁਪਏ ਤੋਂ ਬਿਨਾਂ ਇਸ ਵਿਚ ਕੁਝ ਵੀ ਅਜਿਹਾ ਨਹੀਂ ਜਿਸ ਨਾਲ ਘੱਟ ਸਾਧਨਾਂ ਵਾਲੇ ਲੋਕਾਂ ਨੂੰ ਸਿੱਧੀ ਰਾਹਤ ਮਿਲਣ ਦੀ ਵਿਵਸਥਾ ਹੋਵੇ। ਇਨ੍ਹਾਂ ਵਿਚੋਂ ਬਹੁਤ ਸਾਰੇ ਐਲਾਨ ਬਜਟ ਵਿਚ ਕੀਤੇ ਐਲਾਨਾਂ ਤੇ ਭਾਰਤੀ ਰਿਜ਼ਰਵ ਬੈਂਕ ਵਲੋਂ ਐਲਾਨੇ ਰਾਹਤ ਪੈਕੇਜ ਦਾ ਹਿੱਸਾ ਹਨ। ਵੱਖ-ਵੱਖ ਅਨੁਮਾਨਾਂ ਅਨੁਸਾਰ ਇਨ੍ਹਾਂ ਪੈਕੇਜਾਂ ਰਾਹੀਂ ਪਹੁੰਚਾਈ ਜਾ ਰਹੀ ਵਿੱਤੀ ਰਾਹਤ ਕੁੱਲ ਘਰੇਲੂ ਉਤਪਾਦਨ ਦਾ 0.85 ਫੀਸਦੀ ਤੋਂ 1.5 ਫੀਸਦੀ ਹੈ। ਆਰਥਕ ਮਾਹਿਰਾਂ ਦਾ ਕਹਿਣਾ ਹੈ ਕਿ ਕੇਂਦਰੀ ਸਰਕਾਰ ਇਸ ਸੰਕਟ ਦੇ ਓਹਲੇ ਕਾਰਪੋਰੇਟ ਸੈਕਟਰ ਨੂੰ ਫਾਇਦਾ ਪਹੁੰਚਾ ਰਹੀ ਹੈ।



ਪੰਜਾਬ ਦੀ ਗੱਲ ਕਰੀਏ ਤਾਂ ਸੂਬੇ ਦੇ ਕਿਸਾਨਾਂ ਨੇ ਸਭ ਸਮੱਸਿਆਵਾਂ ਦੇ ਬਾਵਜੂਦ 130 ਲੱਖ ਟਨ ਦੇ ਕਰੀਬ ਅਨਾਜ ਪੈਦਾ ਕਰ ਕੇ ਦੇਸ਼ ਦੇ ਗੁਦਾਮ ਭਰ ਦਿੱਤੇ ਹਨ, ਪਰ ਐਲਾਨੇ ਪੈਕੇਜਾਂ ਵਿਚ ਕਿਧਰੇ ਵੀ ਕਿਸਾਨਾਂ ਨੂੰ ਕਿਸੇ ਰਾਹਤ ਦਾ ਜ਼ਿਕਰ ਨਹੀਂ। ਨਾ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੀ ਗੱਲ ਹੈ, ਨਾ ਦੋ ਮਹੀਨੇ 'ਚ ਹੋਏ ਨੁਕਸਾਨ ਦੀ ਭਰਪਾਈ ਦੀ ਕੋਈ ਗੱਲ ਕੀਤੀ ਗਈ ਹੈ। ਖੇਤੀ ਲਈ ਐਲਾਨੇ ਗਏ 1.63 ਲੱਖ ਕਰੋੜ ਦੇ ਪੈਕੇਜ ਵੀ ਅਸਲ ਵਿਚ ਨਿਰਾ ਜੁਮਲਾ ਹੀ ਹੈ। ਇਸ ਰਕਮ ਵਿਚੋਂ ਇਕ ਲੱਖ ਕਰੋੜ ਤਾਂ ਬੁਨਿਆਦੀ ਖੇਤੀ ਢਾਂਚੇ ਦੇ ਵਿਕਾਸ ਲਈ ਰੱਖਿਆ ਗਿਆ ਹੈ, ਜਿਸ ਦੀ ਕਿਸਾਨਾਂ ਨੂੰ ਕੋਈ ਫੌਰੀ ਰਾਹਤ ਨਹੀਂ ਮਿਲਣੀ। ਬਾਕੀ ਦਾ 63000 ਕਰੋੜ ਮੱਛੀਆਂ, ਮਧੂ ਮੱਖੀਆਂ ਤੇ ਪਸ਼ੂ ਪਾਲਣ ਸਮੇਤ ਜੜੀ-ਬੂਟੀਆਂ ਦੀ ਖੇਤੀ ਲਈ ਹੋਰ ਵਧੇਰੇ ਕਰਜ਼ੇ ਦੇਣ ਲਈ ਹੈ ਪਰ 4 ਲੱਖ ਤੋਂ ਵੀ ਵੱਧ ਖੁਦਕੁਸ਼ੀਆਂ ਦਾ ਸ਼ਿਕਾਰ ਹੋ ਚੁੱਕੇ ਤੇ ਲਗਾਤਾਰ ਹੋ ਰਹੇ ਕਰਜ਼ਾਗ੍ਰਸਤ ਛੋਟੇ/ਦਰਮਿਆਨੇ ਤੇ ਬੇਜ਼ਮੀਨੇ ਕਿਸਾਨਾਂ ਜਾਂ ਖੇਤ ਮਜ਼ਦੂਰਾਂ ਦੀ ਕਰਜ਼ਾ-ਮੁਕਤੀ

*(ਬਾਕੀ ਸਫਾ 6 ਉਤੇ)*

## ਮਾਫੀਆ ਹੱਥੋਂ ਖਜਾਨਾ ਲੁਟਾਉਣ ਦੇ ਮੁੱਦੇ 'ਤੇ ਕੈਪਟਨ ਘਿਰਿਆ

**ਚੰਡੀਗੜ੍ਹ:** ਪੰਜਾਬ ਵਿਚ ਇਕ ਵਾਰ ਫਿਰ ਮਾਫੀਆ ਰਾਜ ਦੀ ਲੁੱਟ ਦਾ ਰੌਲਾ ਪੈ ਗਿਆ ਹੈ। ਵਿਰੋਧੀ ਧਿਰਾਂ ਨੇ ਕੈਪਟਨ ਸਰਕਾਰ ਨੂੰ ਇਸ ਮੁੱਦੇ ਉਤੇ ਘੇਰਿਆ ਹੋਇਆ ਹੈ। ਸਵਾਲ ਕੀਤਾ ਜਾ ਰਿਹਾ ਹੈ ਕਿ ਇਕ ਪਾਸੇ ਸਰਕਾਰ ਖਜਾਨਾ ਖਾਲੀ ਹੋਣ ਦੀਆਂ ਦੁਹਾਈਆਂ ਪਾ ਰਹੀ ਹੈ ਤੇ ਦੂਜੇ ਪਾਸੇ ਸੂਬਾ ਸਰਕਾਰ ਦਾ ਖਜਾਨਾ ਭਰਨ ਵਾਲੇ ਅਹਿਮ ਸਰੋਤਾਂ ਨੂੰ ਮਾਫੀਆ ਹਵਾਲੇ ਕਰ ਦਿੱਤਾ ਗਿਆ ਹੈ।


ਵਿਰੋਧੀ ਧਿਰਾਂ ਨੇ ਅੰਕੜਿਆਂ ਸਣੇ ਸ਼ਰਾਬ ਤੇ ਖਣਨ ਮਾਫੀਆ ਤੋਂ ਕਰਵਾਈ ਜਾ ਰਹੀ ਲੁੱਟ ਦਾ ਹਿਸਾਬ ਮੰਗਿਆ ਹੈ। ਵਿਰੋਧੀ ਧਿਰਾਂ ਨੇ ਸਰਕਾਰ ਨੂੰ ਘੇਰਦੇ ਹੋਏ ਦਾਅਵਾ ਕੀਤਾ ਹੈ ਕਿ ਪਿਛਲੇ 3 ਸਾਲਾ 'ਚ ਪੰਜਾਬ ਅੰਦਰ ਕਾਂਗਰਸੀਆਂ ਵਲੋਂ ਐਕਸਾਈਜ਼ ਦੀ 5600 ਕਰੋੜ ਰੁਪਏ ਦੀ ਚੋਰੀ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ ਅੰਦਰ ਉਚੇ ਅਹੁਦਿਆਂ ਉਤੇ ਬੈਠੇ ਸ਼ਰਾਬ ਮਾਫੀਆ ਦੇ ਆਗੂਆਂ ਵਿਚਕਾਰ ਖੁੱਲ੍ਹੀ ਜੰਗ ਸ਼ੁਰੂ ਹੋ ਚੁੱਕੀ ਹੈ। ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਕਿ ਮੰਤਰੀਆਂ ਉਤੇ ਗੈਰਕਾਨੂੰਨੀ ਸ਼ਰਾਬ ਦਾ ਕਾਰੋਬਾਰ ਕਰਨ ਦੇ ਦੋਸ਼ ਲੱਗੇ ਹੋਣ ਅਤੇ ਇਹ ਦੋਸ਼ ਵੀ ਉਨ੍ਹਾਂ ਦੇ ਆਪਣੇ ਇਕ ਉਚ ਅਧਿਕਾਰੀ ਵਲੋਂ ਕੈਬਨਿਟ ਮੀਟਿੰਗ ਦੌਰਾਨ ਲਾਏ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਕੈਪਟਨ ਸਰਕਾਰ 'ਤੇ ਰੇਤ ਮਾਫੀਆ ਨੂੰ ਹਜ਼ਾਰਾਂ ਕਰੋੜ ਰੁਪਏ ਦੇ ਖਣਿਜ ਸਰੋਤਾਂ ਨੂੰ ਲੁੱਟਣ ਦੀ ਖੁੱਲ੍ਹ ਉਤੇ ਵੀ ਸਵਾਲ ਚੁੱਕੇ ਹਨ। ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਕਾਂਗਰਸ ਸਰਕਾਰ ਨੇ ਨਿਲਾਮੀ ਦੇ ਭਾਅ 80 ਫੀਸਦੀ ਘਟਾ ਕੇ ਸੂਬੇ ਅੰਦਰ ਰੇਤ ਮਾਫੀਆ ਨੂੰ ਕੁਦਰਤੀ ਸਰੋਤ ਲੁੱਟਣ ਦੀ ਆਗਿਆ ਦੇਣ ਵਾਲਾ ਫੈਸਲਾ ਕੀਤਾ ਹੈ। 12 ਮਈ ਨੂੰ ਜਾਰੀ ਕੀਤੀ ਚਿੱਠੀ ਵਿਚ ਸੂਬੇ ਨੂੰ ਪ੍ਰਤੀ ਮਹੀਨਾ ਹੋਣ ਵਾਲੀ ਉਗਰਾਹੀ 26 ਕਰੋੜ ਰੁਪਏ ਤੋਂ ਘਟਾ ਕੇ 4 ਕਰੋੜ 85 ਲੱਖ ਰੁਪਏ



ਕਰ ਦਿੱਤੀ ਹੈ। ਇਸ ਤੋਂ ਇਲਾਵਾ ਦੋ ਮਹੀਨੇ ਦੀਆਂ ਸਾਰੀਆਂ ਕਿਸ਼ਤਾਂ ਮੁਆਫ ਕਰ ਦਿੱਤੀਆਂ ਹਨ। ਪਿਛਲੇ ਸਾਲ ਜੁਲਾਈ ਵਿਚ 306 ਕਰੋੜ ਰੁਪਏ ਵਿਚ ਨਿਲਾਮ ਕੀਤੀਆਂ ਰੇਤੇ ਦੀਆਂ ਖੱਡਾਂ ਤੋਂ ਸਰਕਾਰ ਇਕ ਪੈਸਾ ਵੀ ਨਹੀਂ ਵਸੂਲ ਪਾਈ ਹੈ। 2018-19 ਵਿਚ ਵੀ ਸਰਕਾਰ ਦਾ ਰਿਕਾਰਡ ਮਾੜਾ ਹੀ ਰਿਹਾ ਸੀ, ਜਦੋਂ ਰੇਤੇ ਦੀਆਂ ਖੱਡਾਂ ਤੋਂ 1200 ਕਰੋੜ ਰੁਪਏ ਦੀ ਉਗਰਾਹੀ ਦਾ ਵਾਅਦਾ ਕੀਤਾ ਸੀ ਤੇ ਸਿਰਫ 38 ਕਰੋੜ ਰੁਪਏ ਦੀ ਵਸੂਲੀ ਕੀਤੀ ਸੀ। ਉਨ੍ਹਾਂ ਕਿਹਾ ਕਿ ਅਜੀਬ ਗੱਲ ਹੈ ਕਿ ਸਰਕਾਰ ਨੇ ਰੇਤ ਮਾਫੀਆ ਨੂੰ ਬੜੀ ਤੇਜ਼ੀ ਨਾਲ ਰਾਹਤ ਦਿੱਤੀ ਹੈ ਪਰ ਸਨਅਤਾਂ, ਘਰੇਲੂ ਖਪਤਕਾਰਾਂ, ਦਿਹਾੜੀਦਾਰਾਂ ਅਤੇ ਖੇਤ ਮਜ਼ਦੂਰਾਂ ਨੂੰ ਕੋਈ ਰਾਹਤ ਦੇਣਾ ਜ਼ਰੂਰੀ ਨਹੀਂ ਸਮਝਿਆ ਹੈ।


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



Wanted Workers

Need workers for Restaurant and Gas stations In Eureka, CA.
*Housing and food provide.*

ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ

ਰਿਹਾਇਸ਼ ਅਤੇ ਖਾਣਾ ਮੁਫਤ

Call, Gurpreet Singh Sohal
Ph: 707-498-9325
redwoodpetroleum@gmail.com
20-23



Ad Space Available

Please call
Ph: 847-359-0746

# ਪੰਜਾਬ ਸਰਕਾਰ 'ਚ ਅੰਦਰੂਨੀ ਕਲੇਸ਼ ਫਿਰ ਸਿਖਰਾਂ 'ਤੇ ਪੁੱਜਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਚ ਅੰਦਰੂਨੀ ਖਿੱਚੋਤਾਣ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਸਰਕਾਰ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਦੇ ਮਾਮਲੇ 'ਤੇ ਘਮਸਾਨ ਮੱਚਿਆ ਹੋਇਆ ਹੈ। ਬੇਸ਼ੱਕ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਹਿਲੀ ਵਾਰ ਆਪਣੇ ਮੰਤਰੀਆਂ ਅੱਗੇ ਝੁਕੇ ਦਿਖਾਈ ਦਿੱਤੇ, ਜਦੋਂ ਉਨ੍ਹਾਂ ਨੇ ਪਹਿਲਾਂ ਮੰਤਰੀਆਂ ਦੇ ਦਬਾਅ ਅਧੀਨ ਬਿਨਾਂ ਮੁੱਖ ਸਕੱਤਰ ਤੋਂ ਮੰਤਰੀ ਮੰਡਲ ਦੀ ਮੀਟਿੰਗ ਕੀਤੀ ਅਤੇ ਫਿਰ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੂੰ ਸ਼ਰਾਬ ਨਾਲ ਸਬੰਧਤ ਕਰ ਤੇ ਆਬਕਾਰੀ ਮਹਿਕਮੇ ਤੋਂ ਵੀ ਵੱਖ ਕਰ ਦਿੱਤਾ। ਪਰ ਹੁਣ ਸਰਕਾਰ ਦੇ ਮੰਤਰੀ ਵੀ ਆਪਸ ਵਿਚ ਉਲਝ ਪਏ ਹਨ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਹੁਣ ਖੁੱਲ੍ਹ ਕੇ ਆਹਮੋ-ਸਾਹਮਣੇ ਆ ਗਏ ਹਨ। ਪੰਜਾਬ ਦੇ ਮੁੱਖ ਸਕੱਤਰ ਦਾ ਮਸਲਾ ਨਿੱਬੜਨ ਤੋਂ ਪਹਿਲਾਂ ਦੋ ਵਜ਼ੀਰਾਂ ਦਾ ਆਪਸ ਵਿਚ ਇੱਟ ਖੜਕਾ ਹਕੂਮਤ ਲਈ ਸ਼ੁਭ ਸੰਕੇਤ ਨਹੀਂ ਹੈ। ਚੰਨੀ ਦਾ ਇਲਜ਼ਾਮ ਹੈ ਕਿ ਬਾਜਵਾ ਨੇ ਮੁੱਖ ਸਕੱਤਰ ਦੇ ਮਾਮਲੇ ਵਿਚ ਉਨ੍ਹਾਂ ਨੂੰ ਪਿਛਾਂਹ ਹਟਣ ਲਈ ਕਿਹਾ ਸੀ ਅਤੇ ਉਨ੍ਹਾਂ (ਚੰਨੀ) ਖਿਲਾਫ ਪੁਰਾਣੇ ਕੇਸ ਖੋਲ੍ਹਣ ਦੀ ਧਮਕੀ ਦਿੱਤੀ ਸੀ। ਦੋਵੇਂ ਵਜ਼ੀਰਾਂ ਨੇ ਮਾਮਲਾ ਮੁੱਖ



ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਉਤੇ ਛੱਡ ਦਿੱਤਾ ਹੈ।

ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਟਵੀਟ ਕਰ ਕੇ ਸਰਕਾਰੀ ਖਜਾਨੇ ਨੂੰ ਆਬਕਾਰੀ ਦੇ ਤਿੰਨ ਵਰ੍ਹਿਆਂ ਦੇ ਪਏ ਘਾਟੇ ਦੀ ਪੜਤਾਲ ਦੀ ਮੰਗ ਕੀਤੀ ਹੈ। ਉਨ੍ਹਾਂ ਰਾਜਾ ਵੜਿੰਗ ਦੇ ਬਿਆਨਾਂ ਦੀ ਪ੍ਰੋੜਤਾ ਕਰਦਿਆਂ ਆਬਕਾਰੀ ਘਾਟੇ ਦੀ ਜਾਂਚ ਕਰਵਾਉਣ ਲਈ ਕਿਹਾ ਹੈ। ਉਧਰ, ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਆਬਕਾਰੀ ਘਾਟੇ ਦੇ ਬਹਾਨੇ ਹੁਣ ਮੁੱਖ ਮੰਤਰੀ ਨੂੰ ਨਿਸ਼ਾਨੇ ਉਤੇ ਰੱਖਣ ਦਾ ਮੌਕਾ ਮਿਲ ਗਿਆ ਹੈ। ਉਨ੍ਹਾਂ ਮੁੜ ਟਵੀਟ ਕਰ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਮੁੱਖ ਸਕੱਤਰ ਨਾਲ ਉੱਠੇ ਹਿੱਤਾਂ ਦੇ ਟਕਰਾਅ ਦੇ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਏਜੰਸੀ ਤੋਂ ਕਰਵਾਈ ਜਾਵੇ।

### ਗਲਤਫਹਿਮੀ ਦੂਰ ਕਰਵਾਈ ਜਾਵੇਗੀ: ਜਾਖੜ

ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਦੋ ਵਜ਼ੀਰਾਂ 'ਚ ਪੈਦਾ ਹੋਈ ਖਟਾਸ ਕਾਂਗਰਸ ਵਾਸਤੇ ਠੀਕ ਨਹੀਂ ਹੈ ਪਰ ਦੋਵੇਂ ਮੰਤਰੀ ਸਤਿਕਾਰ ਦੇ ਪਾਤਰ ਹਨ। ਉਨ੍ਹਾਂ ਫੋਨ ਉਤੇ ਦੋਵੇਂ ਆਗੂਆਂ ਨਾਲ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਜੋ ਵੀ ਗਲਤਫਹਿਮੀ ਪੈਦਾ ਹੋਈ ਹੈ, ਉਸ ਨੂੰ ਬੈਠ ਕੇ ਦੂਰ ਕਰ ਦਿੱਤਾ ਜਾਵੇਗਾ। ਸੂਤਰਾਂ ਮੁਤਾਬਕ ਮੁੱਖ ਮੰਤਰੀ ਨੇ ਵੀ ਦੋਵੇਂ ਵਜ਼ੀਰਾਂ ਨਾਲ ਗੱਲ ਕੀਤੀ ਹੈ।

### ਸਰਕਾਰ ਦਾ ਕਲੇਸ਼ ਖਤਮ ਕਰਨ ਲਈ ਅੱਗੇ ਆਈ 'ਆਪ'

**ਚੰਡੀਗੜ੍ਹ:** ਸੂਬੇ ਵਿਚ ਸ਼ਰਾਬ ਮਾਫੀਆ ਨੂੰ ਲੈ ਕੇ ਵਜ਼ੀਰਾਂ ਅਤੇ ਅਫਸਰਾਂ ਵਿਚਕਾਰ ਛਿੜੀ ਜੰਗ ਨੂੰ ਖਤਮ ਕਰਨ ਲਈ ਆਮ ਆਦਮੀ ਪਾਰਟੀ ਪੰਜਾਬ ਦੇ ਆਗੂ ਅਤੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕੁਝ ਸੁਝਾਅ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਸ ਸਾਲ ਤੋਂ ਸੂਬੇ ਵਿਚ ਸਰਕਾਰੀ ਸ਼ਰਾਬ ਨਿਗਮ ਰਾਹੀਂ ਆਬਕਾਰੀ ਨੀਤੀ ਲਾਗੂ ਕਰਵਾਉਣ, ਜਿਸ ਨਾਲ ਨਾ ਸਿਰਫ ਸਰਕਾਰੀ ਖਜਾਨੇ ਨੂੰ ਵਰਤਮਾਨ 6200 ਕਰੋੜ ਰੁਪਏ ਦੇ ਟੀਚੇ ਮੁਕਾਬਲੇ 18000 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਹੋਵੇਗੀ, ਸਗੋਂ ਸ਼ਰਾਬ ਮਾਫੀਆ ਵੀ ਖਤਮ ਹੋਵੇਗਾ। ਉਨ੍ਹਾਂ ਕਿਹਾ ਕਿ ਵਰਤਮਾਨ ਸਮੇਂ ਮੰਤਰੀ ਅਤੇ ਉੱਚ ਅਧਿਕਾਰੀ ਪੰਜਾਬ ਨੂੰ ਕੋਰੋਨਾ ਮਹਾਮਾਰੀ ਅਤੇ ਆਰਥਿਕ ਐਮਰਜੈਂਸੀ ਵਿਚੋਂ ਕੱਢਣ ਦੀ ਥਾਂ ਸ਼ਰਾਬ ਮਾਫੀਆ ਨਾਲ ਲੁੱਟੇ ਜਾ ਰਹੇ ਕਰੋੜਾ ਅਰਬਾਂ ਰੁਪਏ ਦੀ ਹਿੱਸਾ-ਪੱਤੀ ਲਈ ਲੜ ਰਹੇ ਹਨ।

ਦੱਸਣਯੋਗ ਹੈ ਕਿ ਲੰਘੇ ਦਿਨੀਂ ਰਾਜਾ ਵੜਿੰਗ ਨੇ ਉਪਰੋਥਲੀ ਟਵੀਟ ਕਰ ਕੇ ਮੁੱਖ ਸਕੱਤਰ ਦੇ ਲੜਕੇ ਦੇ ਕਾਰੋਬਾਰ ਉਤੇ ਉਂਗਲ ਉਠਾਈ ਸੀ। ਇਸੇ ਦੌਰਾਨ ਵਿਧਾਇਕ ਰਾਜਕੁਮਾਰ ਵੇਰਕਾ ਨੇ ਵੀ ਆਖ ਦਿੱਤਾ ਹੈ ਕਿ ਅਗਰ ਤਿੰਨ ਵਰ੍ਹਿਆਂ ਤੋਂ ਆਬਕਾਰੀ ਘਾਟੇ ਪੈ ਰਹੇ ਹਨ ਤਾਂ ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਹੋਰ ਕਾਂਗਰਸੀ ਵਿਧਾਇਕ ਵੀ ਵਜ਼ੀਰਾਂ ਦੀ ਪਿੱਠ ਉਤੇ ਖੜ੍ਹਨ ਲੱਗੇ ਹਨ। ਦੂਸਰੀ ਤਰਫ ਦੋ ਵਜ਼ੀਰਾਂ ਵਿਚ ਵੀ ਮੁੱਖ ਸਕੱਤਰ ਦਾ ਮਾਮਲਾ ਦਰਾੜ ਬਣਨ ਲੱਗਾ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਘਰ ਜਾਣ ਨਾਲ ਮਾਮਲਾ ਨਵੀਂ ਰੰਗਤ ਲੈ ਗਿਆ ਹੈ। ਚਰਚੇ ਛਿੜੇ ਹਨ ਕਿ ਬਾਜਵਾ ਵੱਲੋਂ ਚੰਨੀ ਨੂੰ ਮੁੱਖ ਸਕੱਤਰ ਦੇ ਮਾਮਲੇ ਉਤੇ ਥੋੜ੍ਹਾ ਠੰਢਾ ਰਹਿਣ ਵਾਸਤੇ ਦਬਾਅ ਪਾਇਆ ਗਿਆ ਹੈ। ਚੰਨੀ ਇਸ ਗੱਲੋਂ ਨਾਖੁਸ਼ ਹਨ। ਉਂਜ ਪੰਚਾਇਤ ਮੰਤਰੀ ਬਾਜਵਾ ਨੇ ਕਿਹਾ ਕਿ ਮੁੱਖ ਸਕੱਤਰ ਦੇ ਮਾਮਲੇ ਉਤੇ ਉਹ ਪੂਰੀ ਤਰ੍ਹਾਂ ਵਜ਼ੀਰ ਸਾਥੀਆਂ ਨਾਲ ਖੜ੍ਹੇ ਹਨ।

# ਸੱਜਣ ਕੁਮਾਰ ਦੀ ਜ਼ਮਾਨਤ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਅੰਤ੍ਰਿਮ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸੱਜਣ ਕੁਮਾਰ ਨੇ ਮੈਡੀਕਲ ਅਧਾਰ ਉਤੇ ਜ਼ਮਾਨਤ ਮੰਗੀ ਸੀ। ਚੀਫ ਜਸਟਿਸ ਐਸ.ਏ. ਬੋਬੜੇ, ਜਸਟਿਸ ਇੰਦੂ ਮਲਹੋਤਰਾ ਅਤੇ ਰਿਸ਼ੀਕੇਸ਼ ਰੌਏ ਉਤੇ ਅਧਾਰਿਤ ਬੈਂਚ ਨੇ ਮੈਡੀਕਲ ਰਿਪੋਰਟ ਦੇਖਣ ਤੋਂ ਬਾਅਦ ਕਿਹਾ ਕਿ ਅਜੇ ਹਸਪਤਾਲ ਵਿਚ ਦਾਖਲ ਕਰਨ ਦੀ ਲੋੜ ਨਹੀਂ ਹੈ। ਜ਼ਮਾਨਤ ਅਰਜ਼ੀ ਵੀਡੀਓ ਕਾਨਫਰੰਸ ਰਾਹੀਂ ਸੁਣੀ ਗਈ ਤੇ ਅਦਾਲਤ ਨੇ ਕਿਹਾ ਕਿ ਰੈਗੂਲਰ ਜ਼ਮਾਨਤ ਅਰਜ਼ੀ ਬਾਰੇ ਸੁਣਵਾਈ ਹੁਣ ਜੁਲਾਈ ਵਿਚ ਹੋਵੇਗੀ। ਸੀ.ਬੀ.ਆਈ. ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਅਤੇ ਦੰਗਾ ਪੀੜਤਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਦੁਸ਼ਯੰਤ ਦਵੇ ਨੇ ਦੋਸ਼ੀ ਸਾਬਕਾ ਕਾਂਗਰਸੀ ਆਗੂ ਦੀ ਜ਼ਮਾਨਤ



ਅਰਜ਼ੀ ਦਾ ਵਿਰੋਧ ਕੀਤਾ। ਸੱਜਣ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਵਿਕਾਸ ਸਿੰਘ ਨੇ ਕਿਹਾ ਕਿ ਉਸ ਨੂੰ ਜ਼ਮਾਨਤ ਮਿਲਣੀ ਚਾਹੀਦੀ ਹੈ, ਜੇ ਉਸ ਨੂੰ ਕੁਝ ਹੋ ਗਿਆ ਤਾਂ ਉਮਰ ਕੈਦ ਮੌਤ ਦੀ ਸਜ਼ਾ ਸਾਬਤ ਹੋਵੇਗੀ। ਜ਼ਿਕਰਯੋਗ ਹੈ ਕਿ ਕੁਮਾਰ ਤੇ ਬਲਵਾਨ ਖੋਖਰ ਦਿੱਲੀ ਹਾਈ ਕੋਰਟ ਵੱਲੋਂ 17 ਦਸੰਬਰ 2018 ਨੂੰ ਦੋਸ਼ੀ ਠਹਿਰਾਏ ਜਾਣ ਮਗਰੋਂ ਤਿਹਾੜ ਜੇਲ੍ਹ ਵਿਚ ਕੈਦ ਹਨ।

# ਪਰਗਟ ਸਿੰਘ ਵਲੋਂ ਕੈਪਟਨ ਨੂੰ ਮੌਕਾ ਸਾਂਭਣ ਦੀ ਸਲਾਹ

**ਜਲੰਧਰ:** ਜਲੰਧਰ ਛਾਉਣੀ ਤੋਂ ਕਾਂਗਰਸੀ ਵਿਧਾਇਕ ਅਤੇ ਸਾਬਕਾ ਉਲੰਪੀਅਨ ਪਰਗਟ ਸਿੰਘ ਨੇ ਆਪਣੀ ਹੀ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਉਹ ਕਾਂਗਰਸੀ ਵਿਧਾਇਕਾਂ ਦੀ ਤੁਰਤ ਮੀਟਿੰਗ ਸੱਦਣ। ਪਰਗਟ ਸਿੰਘ ਨੇ ਕਿਹਾ ਕਿ ਵਿਧਾਇਕਾਂ ਦੀ ਮੀਟਿੰਗ ਵਿਚ ਸਰਕਾਰ ਦੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਬਾਰੇ ਸਵੈ-ਪੜਚੋਲ ਕੀਤੀ ਜਾਵੇ।

ਪਰਗਟ ਸਿੰਘ ਨੇ ਕਿਹਾ ਕਿ ਕੋਵਿਡ-19 ਦੀ ਆੜ ਹੇਠ ਉਹ ਮੁੱਦੇ ਨਹੀਂ ਦੱਬੇ ਜਾ ਸਕਦੇ ਜਿਨ੍ਹਾਂ ਨੂੰ ਉਭਾਰ ਕੇ ਕਾਂਗਰਸ ਸੱਤਾ ਵਿਚ ਆਈ ਸੀ। ਉਨ੍ਹਾਂ ਕਿਹਾ ਕਿ ਬੇਅਦਬੀ ਦਾ ਬੜਾ ਅਹਿਮ ਮੁੱਦਾ ਹੈ। ਰੇਤਾ ਤੇ ਨਸ਼ਿਆਂ ਦੇ ਅਜਿਹੇ ਮੁੱਦੇ ਹਨ ਜਿਸ ਉਤੇ ਲੋਕਾਂ ਨੇ ਸਾਡੇ ਕੋਲੋਂ ਜਵਾਬ ਮੰਗਣੇ ਹਨ। ਲੋਕ ਇਹ ਵੀ ਪੁੱਛਦੇ ਹਨ ਕਿ 31000 ਕਰੋੜ ਰੁਪਏ ਦੇ ਅਨਾਜ ਅਤੇ ਸਿੰਜਾਈ ਘੁਟਾਲੇ ਦੇ ਕੇਸਾਂ ਦਾ ਕੀ ਹੋਇਆ? ਉਨ੍ਹਾਂ ਪਾਰਟੀ ਦੇ ਵਿਧਾਇਕਾਂ ਅਤੇ ਮੰਤਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਸ ਵਿਚ ਲੜਨ ਦੀ ਥਾਂ ਉਤੇ ਇਕਜੁੱਟ ਹੋ ਕੇ ਸੂਬੇ ਦੇ ਹਿੱਤਾਂ ਲਈ ਲੜਨ। ਇਕੱਲੇ ਮੁੱਖ ਮੰਤਰੀ ਜਾਂ ਮੰਤਰੀ ਹੀ ਸਰਕਾਰ ਪ੍ਰਤੀ ਜਵਾਬਦੇਹ



ਨਹੀਂ ਹੁੰਦੇ ਸਗੋਂ ਲੋਕਾਂ ਨੇ ਵਿਧਾਇਕਾਂ ਨੂੰ ਵੀ ਸਵਾਲ ਕਰਨੇ ਹਨ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਲਏ ਬਿਨ੍ਹਾਂ ਕਿਹਾ ਕਿ ਵਿਧਾਇਕਾਂ ਨੂੰ ਇਕੱਠੇ ਹੋ ਕੇ ਪੁੱਛਣਾ ਚਾਹੀਦਾ ਹੈ ਕਿ ਆਖਰ ਸੂਬੇ ਵਿਚ ਹੋ ਕੀ ਹੋ ਰਿਹਾ?

ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਉਤੇ ਢਾਈ ਲੱਖ ਕਰੋੜ ਦਾ ਕਰਜ਼ਾ ਹੈ ਪਰ ਕੇਂਦਰ ਸਰਕਾਰ ਨੇ ਸੂਬੇ ਨੂੰ ਕੁਝ ਨਹੀਂ ਦੇਣਾ ਅਤੇ ਆਪਣੇ ਸਾਧਨ ਖੁਦ ਹੀ ਜੁਟਾਉਣੇ ਪੈਣਗੇ। ਉਨ੍ਹਾਂ ਸੁਝਾਅ ਦਿੱਤਾ ਕਿ ਸ਼ਰਾਬ ਅਤੇ ਮਾਈਨਿੰਗ ਨਾਲ ਸੂਬੇ ਦੀ ਆਮਦਨ ਵੱਧ ਸਕਦੀ ਹੈ। ਤਾਮਿਲਨਾਡੂ ਦੀ ਤਰਜ਼ ਉਤੇ ਸੂਬੇ ਵਿਚ ਸ਼ਰਾਬ ਦੀ ਵਿਕਰੀ ਲਈ ਕਾਰਪੋਰੇਸ਼ਨ ਬਣਾਈ ਜਾਵੇ ਅਤੇ ਇਹ ਮੁੱਦਾ ਮੰਤਰੀ ਰਹਿੰਦਿਆਂ ਨਵਜੋਤ ਸਿੰਘ ਸਿੱਧੂ ਨੇ ਵੀ ਉਠਾਇਆ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਦੇ ਹੋਂਦ ਵਿਚ ਆਉਣ ਸਮੇਂ ਇਹ ਕਹਿ ਕੇ ਕਾਰਪੋਰੇਸ਼ਨ ਨਹੀਂ ਬਣਾਈ ਗਈ ਸੀ ਕਿ ਸਮਾਂ ਬੜਾ ਘੱਟ ਹੈ ਅਤੇ ਅਗਲੇ ਸਾਲ ਬਣਾਵਾਂਗੇ ਪਰ ਹੁਣ ਤਿੰਨ ਸਾਲ ਬੀਤ ਗਏ ਹਨ। ਪਰਗਟ ਸਿੰਘ ਨੇ ਸਵਾਲ ਖੜ੍ਹਾ ਕੀਤਾ ਕਿ ਕਾਰਪੋਰੇਸ਼ਨ ਨਾ ਬਣਾਉਣ ਪਿੱਛੇ ਕਿਹੜੇ ਤੱਤ ਹਨ। ਉਨ੍ਹਾਂ ਕਿਹਾ ਕਿ ਜੇ ਕਾਰਪੋਰੇਸ਼ਨ ਬਣ ਜਾਂਦੀ ਤਾਂ ਪੰਜਾਬ ਨੂੰ ਹਰ ਸਾਲ 10 ਹਜ਼ਾਰ ਕਰੋੜ ਰੁਪਏ ਦਾ ਲਾਭ ਹੋਣਾ ਸੀ। ਉਨ੍ਹਾਂ ਕਿਹਾ ਕਿ ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ। ਇਥੇ ਤਾਂ ਔਰੰਗਜ਼ੇਬ ਵੀ ਨਹੀਂ ਰਿਹਾ। ਪਰਗਟ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਨੇ ਸੁਖਬੀਰ ਬਾਦਲ ਨੂੰ ਹਿਟਲਰ ਦੀ ਸਵੈ-ਜੀਵਨੀ ਭੇਜੀ ਸੀ ਅਤੇ ਹੁਣ ਦੇਸ਼ ਹਿਟਲਰਸ਼ਾਹੀ ਵੱਲ ਹੀ ਵੱਧ ਰਿਹਾ ਹੈ।

# ਮਜ਼ਦੂਰਾਂ ਕਾਰਨ ਕਿਸਾਨਾਂ ਦੀ ਚਿੰਤਾ ਵਧੀ

**ਚੰਡੀਗੜ੍ਹ:** ਪੰਜਾਬ ਵਿਚ ਇਸ ਵਾਰ ਝੋਨੇ ਦੀ ਫਸਲ ਦੀ ਲਵਾਈ ਲਈ ਮਜ਼ਦੂਰਾਂ ਦੀ ਕਮੀ ਦੀ ਸੰਭਾਵਨਾ ਵੱਡੇ ਮੁੱਦੇ ਵਜੋਂ ਉੱਭਰ ਰਹੀ ਹੈ। ਪੰਜਾਬ ਖੇਤੀ ਯੂਨੀਵਰਸਿਟੀ ਅਤੇ ਖੇਤੀ ਵਿਭਾਗ ਮਸ਼ੀਨਾਂ ਰਾਹੀਂ ਸਿੱਧੀ ਬਿਜਾਈ ਉਤੇ ਜ਼ੋਰ ਦੇ ਰਹੇ ਹਨ ਪਰ ਹਕੀਕਤ ਇਹ ਹੈ ਕਿ ਲਗਭਗ 30 ਲੱਖ ਹੈਕਟੇਅਰ ਰਕਬੇ ਵਿਚ ਵੱਡੀ ਪੱਧਰ ਉਤੇ ਪਨੀਰੀ ਪੁੱਟ ਕੇ ਲਵਾਈ ਹੀ ਹੋਣੀ ਹੈ।

ਕੋਰੋਨਾ ਵਾਇਰਸ ਕਾਰਨ ਝੋਨਾ ਲਗਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਪਰਵਾਸੀ ਮਜ਼ਦੂਰ ਇਸ ਵਾਰ ਨਹੀਂ ਆਏ ਅਤੇ ਕਈ ਵਾਪਸ ਚਲੇ ਗਏ ਹਨ। ਅਜਿਹੀ ਹਾਲਤ ਵਿਚ ਕਿਸਾਨਾਂ ਦਾ ਜ਼ਿਆਦਾ ਦਾਰੋਮਦਾਰ ਸਥਾਨਕ ਕਿਰਤੀਆਂ ਉਤੇ ਹੈ। ਕਈ ਪਿੰਡਾਂ ਦੀਆਂ ਪੰਚਾਇਤਾਂ ਨੇ ਝੋਨਾ ਲਗਾਉਣ ਦਾ ਪ੍ਰਤੀ ਏਕੜ ਰੇਟ ਤੈਅ ਕਰ ਕੇ ਮਤੇ ਪਾਉਣੇ ਸ਼ੁਰੂ ਕਰ ਦਿੱਤੇ ਹਨ। ਮਤਿਆਂ ਵਿਚ ਇਸ ਦਾ ਉਲੰਘਣ ਕਰਨ ਵਾਲਿਆਂ ਨੂੰ ਜਰਮਾਨੇ ਦੀ ਤਜਵੀਜ਼ ਵੀ ਹੈ। ਮਜ਼ਦੂਰ ਇਸ ਪ੍ਰਕਿਰਿਆ ਨੂੰ ਆਪਣੇ ਹੱਕਾਂ ਖਿਲਾਫ ਮੰਨ ਰਹੇ ਹਨ ਕਿਉਂਕਿ ਮੰਗ ਅਤੇ ਪੂਰਤੀ ਦੇ ਅਸੂਲ ਅਨੁਸਾਰ ਉਨ੍ਹਾਂ ਨੂੰ ਵੱਧ ਉਜਰਤ ਮਿਲਣ ਦੀ ਉਮੀਦ ਹੈ।

ਪਿਛਲੇ ਸਾਲ ਝੋਨੇ ਦੀ ਲਵਾਈ 25 ਸੌ ਤੋਂ ਤਿੰਨ ਹਜ਼ਾਰ ਰੁਪਏ ਪ੍ਰਤੀ ਏਕੜ ਤੱਕ ਰਹੀ ਹੈ। ਪੰਜਾਬ ਦੇ ਬਹੁਤ ਸਾਰੇ ਮਾਹਿਰ ਅਤੇ ਸਰਕਾਰ ਝੋਨੇ ਦੀ ਲਵਾਈ ਦੇ ਮਸ਼ੀਨੀਕਰਨ ਉਤੇ ਜ਼ੋਰ ਦੇ ਰਹੇ ਹਨ ਜਦੋਂਕਿ ਜ਼ਰੂਰਤ ਜ਼ਿਆਦਾ ਧਿਆਨ ਮਸ਼ੀਨੀਕਰਨ ਦੀ ਬਜਾਏ ਰੁਜ਼ਗਾਰ ਦੇ ਸੰਕਟ ਵੱਲ ਦੇਣ ਦੀ ਹੈ। ਖੇਤੀ ਖੇਤਰ ਕੁਲ ਕਿਰਤੀਆਂ 'ਚੋਂ 35 ਫੀਸਦੀ ਤੋਂ ਵੱਧ ਨੂੰ ਰੁਜ਼ਗਾਰ ਮੁਹੱਈਆ ਕਰਦਾ ਹੈ। ਮੌਜੂਦਾ ਸੰਕਟ ਦੌਰਾਨ ਇਹ ਗਿਣਤੀ ਵਧਣ ਦੀ ਸੰਭਾਵਨਾ ਹੈ।

# ਪੰਜਾਬ ਵਿਚ ਟਿੱਡੀ ਦਲ ਦੇ ਹਮਲੇ ਦੀ ਚਿਤਾਵਨੀ

**ਚੰਡੀਗੜ੍ਹ:** ਪੰਜਾਬ ਵਿਚ ਐਤਕੀਂ ਗਰਮੀਆਂ 'ਚ ਫਸਲਾਂ ਉਤੇ ਟਿੱਡੀ ਦਲ ਦਾ ਹਮਲਾ ਹੋ ਸਕਦਾ ਹੈ, ਜਿਸ ਬਾਰੇ ਪੰਜਾਬ ਸਰਕਾਰ ਨੇ ਅਲਰਟ ਜਾਰੀ ਕਰ ਦਿੱਤਾ ਹੈ। ਸਰਹੱਦੀ ਜ਼ਿਲ੍ਹਿਆਂ 'ਚ ਇਹ ਸੰਭਾਵੀ ਹਮਲਾ ਵੱਡਾ ਨੁਕਸਾਨ ਕਰ ਸਕਦਾ ਹੈ। ਕੌਮਾਂਤਰੀ ਖੁਰਾਕ ਤੇ ਖੇਤੀਬਾੜੀ ਸੰਸਥਾ ਨੇ ਭਾਰਤ ਸਰਕਾਰ ਨੂੰ ਸਖਤ ਚਿਤਾਵਨੀ ਦਿੱਤੀ ਹੈ ਜਿਸ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਅਗਾਊਂ ਪ੍ਰਬੰਧ ਵਿੱਢ ਦਿੱਤੇ ਹਨ। ਅਬੋਹਰ ਦੇ ਪਿੰਡਾਂ 'ਚ ਟਿੱਡੀ ਦਲ ਪੁੱਜਾ ਵੀ ਹੈ, ਜਿਸ ਨੂੰ ਲੋਕਾਂ ਨੇ ਮੌਕੇ ਉਤੇ ਛਿੜਕਾਅ ਕਰਕੇ ਢੇਰੀ ਕੀਤਾ ਹੈ।



ਅਬੋਹਰ ਦੇ ਪਿੰਡ ਦੀਵਾਨ ਖੇੜਾ ਵਿਚ ਟਿੱਡੀ ਦਲ ਵੇਖਿਆ ਗਿਆ। ਕੌਮਾਂਤਰੀ ਖੁਰਾਕ ਤੇ ਖੇਤੀਬਾੜੀ ਸੰਸਥਾ ਨੇ ਚਿਤਾਵਨੀ ਦਿੱਤੀ ਹੈ ਕਿ ਦੱਖਣੀ ਪੱਛਮੀ ਏਸ਼ੀਆ 'ਚ ਟਿੱਡੀ ਦਲ ਹਮਲਾ ਕਰ ਸਕਦਾ ਹੈ। ਇਰਾਨ ਅਤੇ ਪਾਕਿਸਤਾਨ ਦੇ ਕੁਝ ਹਿੱਸਿਆ ਵਿਚ ਟਿੱਡੀ ਦਲ ਵੇਖਿਆ ਗਿਆ ਹੈ ਜਿਥੋਂ ਇਹ ਰੇਤਲੇ ਇਲਾਕਿਆਂ ਵਿਚ ਪੁੱਜ ਸਕਦਾ ਹੈ। ਸੰਸਥਾ ਨੇ ਭਾਰਤ ਪਾਕਿ ਸਰਹੱਦ ਦੇ ਦੋਵੇਂ ਪਾਸੇ ਟਿੱਡੀ ਦਲ ਦੇ ਹਮਲੇ ਹੋਣ ਦੀ ਸੰਭਾਵਨਾ ਪ੍ਰਗਟਾਈ ਹੈ। ਸੰਸਥਾ ਦਾ ਕਹਿਣਾ ਹੈ ਕਿ ਜੂਨ ਮਹੀਨੇ ਵਿਚ ਚੌਕਸੀ ਵਰਤਣ ਦੀ ਲੋੜ ਹੈ।

ਕੇਂਦਰ ਸਰਕਾਰ ਨੇ ਇਸ ਸੰਭਾਵੀ ਹਮਲੇ ਦੇ ਮੱਦੇਨਜ਼ਰ ਵਿਆਪਕ ਪ੍ਰਬੰਧ ਕਰਨ ਦੀ ਹਦਾਇਤ ਜਾਰੀ ਕਰ ਦਿੱਤੀ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਬਠਿੰਡਾ, ਮੁਕਤਸਰ, ਫਾਜ਼ਿਲਕਾ, ਫਰੀਦਕੋਟ, ਫਿਰੋਜ਼ਪੁਰ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨ ਤਾਰਨ ਦੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰਕੇ ਟਿੱਡੀ ਦਲ ਦੇ ਸੰਭਾਵੀ ਹੱਲੇ ਤੋਂ ਜਾਣੂ ਕਰਾ ਦਿੱਤਾ ਹੈ। ਹਰ ਜ਼ਿਲ੍ਹਾ ਪੱਧਰ ਉਤੇ ਕੰਟਰੋਲ ਰੂਮ ਬਣਾਉਣ ਅਤੇ ਮਾਲ ਵਿਭਾਗ ਤੇ ਖੇਤੀ ਵਿਭਾਗ ਦੀਆਂ ਟੀਮਾਂ ਸਰਵੇ ਟੀਮਾਂ ਬਣਾਉਣ ਲਈ ਕਿਹਾ ਗਿਆ ਹੈ। ਪੰਚਾਇਤਾਂ ਨੂੰ ਇਸ ਤੋਂ ਜਾਣੂ ਕਰਾਉਣ ਦੀ ਹਦਾਇਤ ਕੀਤੀ ਗਈ ਹੈ। ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਨੂੰ ਜ਼ਮੀਨੀ ਹਕੀਕਤ ਜਾਣਨ ਲਈ ਮੀਟਿੰਗਾਂ ਕਰਨ ਵਾਸਤੇ ਆਖਿਆ ਗਿਆ ਹੈ। ਕੌਮਾਂਤਰੀ ਸੀਮਾ ਕੋਲ ਟਿੱਡੀ ਦਲ ਦੇ ਸੰਭਾਵੀ ਹਮਲਿਆਂ ਨੂੰ ਲੈ ਕੇ ਖਿੱਤਿਆਂ ਦੀ ਨਿਸ਼ਾਨਦੇਹੀ ਕਰਨ ਅਤੇ ਸੀਮਾ ਸੁਰੱਖਿਆ ਬਲਾਂ ਨਾਲ ਤਾਲਮੇਲ ਬਣਾਉਣ ਲਈ ਕਿਹਾ ਗਿਆ ਹੈ। ਖੇਤੀ ਮਹਿਕਮੇ ਨੇ ਦੱਸਿਆ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਟਿੱਡੀ ਦਲ ਦਾ ਹਮਲਾ ਫਾਜ਼ਿਲਕਾ ਦੇ ਪਿੰਡ ਰੂਪਨਗਰ ਅਤੇ ਪਿੰਡ ਬਾਰੇਕਾ ਵਿਚ ਵਾਰ ਵਾਰ ਵੇਖਣ ਨੂੰ ਮਿਲਿਆ ਹੈ ਜਿਸ ਨੂੰ ਮੌਕੇ 'ਤੇ ਖਤਮ ਕੀਤਾ ਗਿਆ ਸੀ। ਕਿਸਾਨ ਸੰਦੀਪ ਜਾਖੜ ਨੇ ਦੱਸਿਆ ਕਿ ਜਿਉਂ ਹੀ ਪਤਾ ਲੱਗਾ ਤਾਂ ਉਨ੍ਹਾਂ ਨੇ ਪ੍ਰਸ਼ਾਸਨ ਨੂੰ ਜਾਣੂ ਕਰਾ ਦਿੱਤਾ। ਕੇਂਦਰ ਸਰਕਾਰ ਦੀ ਵਿਸ਼ੇਸ਼ ਟੀਮ ਵੀ ਮੌਕੇ 'ਤੇ ਪੁੱਜ ਗਈ ਸੀ। ਅਬੋਹਰ ਦੇ ਐਸ.ਡੀ.ਐਮ. ਜਸਪਾਲ ਸਿੰਘ ਬਰਾੜ ਤੋਂ ਇਲਾਵਾ ਖੇਤੀ ਮਹਿਕਮੇ ਦੇ ਅਧਿਕਾਰੀ ਵੀ ਮੌਕੇ ਉਤੇ ਪੁੱਜ ਗਏ ਜਿਨ੍ਹਾਂ ਅਪਰੇਸ਼ਨ ਚਲਾ ਕੇ ਟਿੱਢੀ ਦਲ ਦਾ ਖਾਤਮਾ ਕੀਤਾ। ਦੱਸਣਯੋਗ ਹੈ ਕਿ ਪੰਜਾਬ ਤੋਂ ਇਲਾਵਾ ਗੁਜਰਾਤ ਤੇ ਰਾਜਸਥਾਨ ਵਿਚ ਟਿੱਡੀ ਦਲ ਦਾ ਖਤਰਾ ਬਣਿਆ ਹੋਇਆ ਹੈ।

# 'ਪੰਜਾਬ ਲਈ ਅਸਲ ਪ੍ਰੀਖਿਆ ਦਾ ਸਮਾਂ'

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਾਲਾਬੰਦੀ ਦੌਰਾਨ ਬੰਦਿਸ਼ਾਂ 'ਚ ਢਿੱਲ ਦੇਣ ਵਾਲੇ ਸਮੇਂ ਨੂੰ ਪੰਜਾਬ ਦੀ ਅਸਲ ਪ੍ਰੀਖਿਆ ਦੀ ਘੜੀ ਦੱਸਿਆ ਹੈ। ਮੁੱਖ ਮੰਤਰੀ ਨੇ ਸਿਵਲ ਪ੍ਰਸ਼ਾਸਨ ਅਤੇ ਪੰਜਾਬ ਪੁਲਿਸ ਨੂੰ ਪੂਰੀ ਤਰ੍ਹਾਂ ਚੌਕਸ ਰਹਿਣ ਦੀ ਹਦਾਇਤ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਸਮਾਜਿਕ ਦੂਰੀ ਅਤੇ ਕੋਵਿਡ ਰੋਕਥਾਮ ਲਈ ਪ੍ਰੋਟੋਕੋਲ ਦੀ ਸਖਤੀ ਨਾਲ ਪਾਲਣਾ ਕਰਵਾਏ ਅਤੇ ਬਿਨਾਂ ਮਾਸਕ ਤੋਂ ਘਰਾਂ 'ਚੋਂ ਨਿਕਲਣ ਵਾਲਿਆਂ ਦੇ ਚਲਾਨ ਕੱਟੇ ਜਾਣ।

ਮੁੱਖ ਮੰਤਰੀ ਨੇ ਕੋਵਿਡ-19 ਦੀ ਸਮੀਖਿਆ ਦੌਰਾਨ ਨਵੇਂ ਖਦਸ਼ੇ ਜ਼ਾਹਰ ਕੀਤੇ ਹਨ ਅਤੇ ਪੁਲਿਸ ਨੂੰ ਮੁਸਤੈਦ ਰਹਿਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਢਿੱਲ ਦੌਰਾਨ ਲੋਕਾਂ ਵਿਚ ਆਪਸੀ ਰਲੇਵਾਂ ਵਧੇਗਾ, ਜਿਸ ਤੋਂ ਲਾਗ ਫੈਲਣ ਦੇ ਖਤਰੇ ਵੀ ਵਧਣਗੇ। ਮੁੱਖ ਮੰਤਰੀ ਨੇ ਵੀਡੀਓ-ਕਾਨਫਰੰਸ ਜ਼ਰੀਏ ਉੱਚ ਪੱਧਰੀ ਮੀਟਿੰਗ ਕੀਤੀ, ਜਿਸ 'ਚ ਸਿਹਤ ਮੰਤਰੀ ਬਲਵੀਰ ਸਿੰਘ ਸਿੱਧੂ, ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਅਤੇ ਮੈਡੀਕਲ ਸਿੱਖਿਆ ਬਾਰੇ ਮੰਤਰੀ ਓ.ਪੀ. ਸੋਨੀ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਵਧੀਕ ਮੁੱਖ ਸਕੱਤਰ (ਗ੍ਰਹਿ) ਸਤੀਸ਼ ਚੰਦਰਾ ਨੇ ਦੱਸਿਆ ਕਿ ਪੰਜਾਬ ਵਿਚ ਹੁਣ ਰੰਗਾਂ ਦੇ ਆਧਾਰ 'ਤੇ ਜ਼ੋਨਾਂ ਦੀ ਥਾਂ ਸਿਰਫ ਸੀਮਤ ਅਤੇ ਗੈਰ-ਸੀਮਤ ਜ਼ੋਨ ਹੀ ਹੋਣਗੇ, ਜਿਸ ਬਾਰੇ ਕੇਂਦਰ ਸਰਕਾਰ ਨੇ ਪੰਜਾਬ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਅੰਤਰਰਾਜੀ ਬੱਸ ਸੇਵਾ 31 ਮਈ ਤੱਕ ਰੱਦ ਰਹੇਗੀ ਅਤੇ ਅੰਤਰ-ਰਾਜੀ ਆਵਾਜਾਈ ਲਈ ਵੀ 31 ਮਈ ਤੱਕ ਵਿਸ਼ੇਸ਼ ਅਤੇ ਸ਼੍ਰਮਿਕ ਰੇਲਗੱਡੀਆਂ ਹੀ ਚੱਲ ਸਕਣਗੀਆਂ। ਉਨ੍ਹਾਂ ਟਰਾਂਸਪੋਰਟ ਵਿਭਾਗ ਨੂੰ ਸੀਮਤ ਜ਼ੋਨਾਂ ਵਿਚ ਸਥਾਨਕ ਬੱਸ ਆਵਾਜਾਈ ਬਹਾਲ ਕਰਨ ਲਈ ਨਿਰਧਾਰਿਤ ਸੰਚਾਲਨ ਵਿਧੀ (ਐਸ.ਓ.ਪੀਜ਼) ਦੀ ਰੂਪ-ਰੇਖਾ ਤਿਆਰ ਕਰਨ ਦੀ ਹਦਾਇਤ ਵੀ ਕੀਤੀ।

## ਕਰੋਨਾ ਦੀ ਵੈਕਸੀਨ ਛੇਤੀ ਆਉਣ ਦੇ ਆਸਾਰ ਘੱਟ

**ਬ੍ਰਸੱਲਜ਼:** ਯੂਰਪੀਅਨ ਮੈਡੀਸਿਨਜ਼ ਏਜੰਸੀ ਦੇ ਐਗਜ਼ੀਕਿਊਟਿਵ ਡਾਇਰੈਕਟਰ ਗੁਇਡੋ ਰਾਸੀ ਨੇ ਕਿਹਾ ਹੈ ਕਿ ਕਰੋਨਾ ਵਾਇਰਸ ਵੈਕਸੀਨ ਛੇਤੀ ਮਿਲਣ ਦੇ ਆਸਾਰ ਨਹੀਂ ਹਨ। ਯੂਰਪੀਅਨ ਕਾਨੂੰਨਸਾਜ਼ਾਂ ਨਾਲ ਸੈਸ਼ਨ ਦੌਰਾਨ ਉਨ੍ਹਾਂ ਕਿਹਾ ਕਿ ਜੇਕਰ ਵੈਕਸੀਨ ਤਿਆਰ ਹੋ ਗਈ ਤਾਂ ਵੀ ਉਹ ਏਨੀ ਵੱਡੀ ਗਿਣਤੀ 'ਚ ਨਹੀਂ ਹੋਵੇਗੀ ਕਿ ਪੂਰੀ ਦੁਨੀਆਂ ਨੂੰ ਮਿਲ ਸਕੇ। ਉਸ ਨੇ ਕਿਹਾ ਕਿ ਖਤਰਨਾਕ ਵਾਇਰਸ ਖਿਲਾਫ ਵੈਕਸੀਨ ਬਣਨ 'ਚ ਕਰੀਬ ਇਕ ਸਾਲ ਦਾ ਸਮਾਂ ਲੱਗੇਗਾ।

## ਹੁਣ ਟਿਕਟੌਕ 'ਤੇ ਵੀ ਆਏ ਨਵਜੋਤ ਸਿੱਧੂ

**ਅੰਮ੍ਰਿਤਸਰ:** ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ 'ਜਿੱਤੇਗਾ ਪੰਜਾਬ' ਯੂਟਿਊਬ ਚੈਨਲ ਸ਼ੁਰੂ ਕਰਨ ਤੋਂ ਬਾਅਦ ਹੁਣ 'ਟਿਕਟੌਕ' ਉਤੇ ਵੀ ਆਪਣੀ ਅਧਿਕਾਰਤ ਵਾਰਤਾ ਸ਼ੁਰੂ ਕਰ ਦਿੱਤੀ ਹੈ।

ਟਿਕਟੌਕ ਰਾਹੀਂ ਉਨ੍ਹਾਂ ਨੇ ਵੀਡੀਓ ਜਾਰੀ ਕੀਤੀ, ਜਿਸ ਵਿਚ ਉਹ ਆਪਣੇ ਸਮਰਥਕਾਂ ਅਤੇ ਪ੍ਰਸੰਸਕਾਂ ਨੂੰ ਇਸ ਨਵੇਂ ਪ੍ਰਚਾਰ ਸਾਧਨ ਬਾਰੇ ਜਾਣੂ ਕਰਾ ਰਹੇ ਹਨ। ਉਨ੍ਹਾਂ ਟਿਕਟੌਕ ਨੂੰ ਆਪਣਾ ਅਧਿਕਾਰਤ ਪ੍ਰਚਾਰ ਸਾਧਨ ਦੱਸਦਿਆਂ ਸਮਰਥਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਰਾਹੀਂ ਸਮਰਥਨ ਕਰਨ। ਆਪਣੇ ਪੁਰਾਣੇ ਅੰਦਾਜ਼ ਵਿਚ ਸ਼ਾਇਰੀ ਕਰਦਿਆਂ ਉਨ੍ਹਾਂ ਇਸ ਨਵੇਂ ਪ੍ਰਚਾਰ ਸਾਧਨ ਦੀ ਸ਼ੁਰੂਆਤ ਕੀਤੀ।

## ਯੂ.ਕੇ. ਵਲੋਂ ਦਾਊਦ ਦੇ ਸਾਥੀ ਨੂੰ ਭਾਰਤ ਹਵਾਲੇ ਕਰਨ ਤੋਂ ਇਨਕਾਰ

**ਲੰਡਨ:** ਸੂਰਤ 'ਚ 1993 ਵਿਚ ਹੋਏ ਬੰਬ ਧਮਾਕਿਆਂ ਸਬੰਧੀ ਲੋੜੀਂਦੇ ਟਾਈਗਰ ਹਨੀਫ (57) ਨੂੰ ਯੂ.ਕੇ. ਸਰਕਾਰ ਨੇ ਭਾਰਤ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸਰਕਾਰੀ ਸੂਤਰਾਂ ਮੁਤਾਬਕ ਭਾਰਤ ਨੇ ਇੰਗਲੈਂਡ ਕੋਲ ਦਾਊਦ ਇਬਰਾਹਿਮ ਦੇ ਸਾਥੀ ਟਾਈਗਰ ਹਨੀਫ ਦੀ ਹਵਾਲਗੀ ਬਾਰੇ ਬੇਨਤੀ ਕੀਤੀ ਸੀ। ਹਨੀਫ ਦਾ ਅਸਲ ਨਾਮ ਮੁਹੰਮਦ ਹਨੀਫ ਉਮਰਜੀ ਪਟੇਲ ਹੈ ਅਤੇ ਉਹ ਗਰੇਟਰ ਮੈਨਚੈਸਟਰ ਦੇ ਬੋਲਟਨ 'ਚ ਇਕ ਸਟੋਰ ਵਿਚ ਨਜ਼ਰ ਆਇਆ ਸੀ। ਸਕਾਟਲੈਂਡ ਯਾਰਡ ਨੇ ਹਵਾਲਗੀ ਵਾਰੰਟ ਤਹਿਤ ਉਸ ਨੂੰ ਫਰਵਰੀ 2010 'ਚ ਗ੍ਰਿਫਤਾਰ ਕਰ ਲਿਆ ਸੀ। ਹਨੀਫ ਨੇ ਆਪਣੀਆਂ ਦਲੀਲਾਂ 'ਚ ਕਿਹਾ ਸੀ ਕਿ ਜੇਕਰ ਉਸ ਨੂੰ ਭਾਰਤ ਹਵਾਲੇ ਕੀਤਾ ਗਿਆ ਤਾਂ ਉਸ ਨੂੰ ਤਸੀਹੇ ਦਿੱਤੇ ਜਾਣਗੇ। ਪਿਛਲੇ ਸਾਲ ਪਾਕਿਸਤਾਨੀ ਮੂਲ ਦੇ ਗ੍ਰਹਿ ਮੰਤਰੀ ਸਾਜਿਦ ਜਾਵਿਦ ਨੇ ਭਾਰਤ ਦੀ ਬੇਨਤੀ ਨੂੰ ਨਕਾਰ ਦਿੱਤਾ ਸੀ।


ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ: 317-888-2040


# Matrimonials

### ਲੜਕੀ ਦੀ ਲੋੜ ਹੈ

Looking for a beautiful citizen/green card holder girl in USA for handsome Nandha Sikh Boy (clean shaven), 26 yrs, 5'-8", living in San Francisco and working as a Software Engineer in top IT firm. MS in computer science. Cast no bar. Pl. Contact, Ph: 925-378-8025 21-24

Looking for a suitable girl for Sehajdhari Sikh boy, 32 yrs, tee-totter, born in New York, US MD. Doctor preferred. Family is vegetarian. Contact, Ph: 321-888-5109 or E-mail: billsinghtech@gmail.com 21-24

Wanted a beautiful, educated and cultured girl for a Lubana Sikh boy, 29 yrs, 5'-10", B.Tech. (Mech), MBA (Finance) working as lead analyst in a MNC in Gurgaon, handsome salary, Father retired PCS officer, mother advocate, sister elder and married. Cast no bar. Simple marriage. Interested may contact, Ph: +91-98144-02444 18-

### ਲੜਕੇ ਦੀ ਲੋੜ ਹੈ

Wanted suitable match in USA born for good looking Punjabi Brahmin girl age 28 year, 5'-4", well educated BBA, working as a HR Manager in multinational company. Please email: pk-1960@hotmail.com, Ph: 216-288-1676 21-24

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11

Moderate Babbar-Koshal family seeks US citizen or green card holder girl for their non veg, manglik son, 31 yrs, 5'-8", B. A., Business man, living in Jalandhar (PB); father business man, One brother settled in USA & two sisters locally married. Call, Ph: 718-709-1908 17-20

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892


Midway Business Broker




For All Your Commercial Real Estate Needs

MIDWAY Business Broker
We Build Your Dreams

We Help You To
*Gas Station
*Commercial
*Liquor Store
*Hotel/Motel
*Miscellaneous Store

We will assist you to provide funding from $25K to $500K in 48 hrs.

List your business at: WWW.MBBBIZ.COM

Ajeet Singh: 847-529-9778
Nick Verma: 630-664-1435



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com



Michigan Truck Driving School
6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

# ਪੰਜਾਬ ਵਿਚ ਪੌਣੇ ਦੋ ਮਹੀਨਿਆਂ ਮਗਰੋਂ ਰੌਣਕ ਪਰਤੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਕਰਫਿਊ ਖਤਮ ਕਰਨ ਦਾ ਐਲਾਨ ਕਰ ਦਿੱਤਾ ਹੈ ਜਦਕਿ ਸੂਬੇ 'ਚ ਲੌਕਡਾਊਨ 31 ਮਈ ਤੱਕ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਸ ਫੈਸਲੇ ਪਿੱਛੋਂ ਪੰਜਾਬ ਦੇ ਗੈਰ ਸੀਮਤ ਜ਼ੋਨਾਂ ਵਿਚ ਤਕਰੀਬਨ ਪੌਣੇ ਦੋ ਮਹੀਨਿਆਂ ਦੇ ਵਕਫੇ ਮਗਰੋਂ ਚਹਿਲ ਪਹਿਲ ਸ਼ੁਰੂ ਹੋ ਗਈ ਹੈ।

ਸਰਕਾਰੀ ਤੇ ਪ੍ਰਾਈਵੇਟ ਦਫਤਰਾਂ ਦੇ ਬੂਹੇ ਖੁੱਲ੍ਹ ਗਏ, ਜਦੋਂ ਕਿ ਵਿਦਿਅਕ ਅਦਾਰਿਆਂ ਵਿਚ ਸਿਰਫ ਦਫ਼ਤਰੀ ਕੰਮ ਕਾਰ ਸ਼ੁਰੂ ਹੋਇਆ ਹੈ। ਸੈਲੂਨ ਤੇ ਹੋਰ ਦੁਕਾਨਾਂ ਵੀ ਖੁੱਲ੍ਹ ਗਈਆਂ, ਜਿਥੇ ਲੋਕਾਂ ਦਾ ਆਉਣ ਜਾਣ ਵੇਖਿਆ ਗਿਆ। ਪੇਂਡੂ ਅਤੇ ਸ਼ਹਿਰੀ ਖੇਤਰ ਵਿਚ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ ਹੈ। ਪੰਜਾਬ ਸਰਕਾਰ ਨੇ ਲੌਕਡਾਊਨ 4.0 ਤਹਿਤ ਗੈਰ ਸੀਮਤ ਜ਼ੋਨਾਂ ਵਿਚ ਸਵੇਰ 7 ਤੋਂ ਸ਼ਾਮ 7 ਵਜੇ ਤੱਕ ਲੋਕਾਂ ਨੂੰ ਆਉਣ ਜਾਣ ਦੀ ਖੁੱਲ੍ਹ ਦਿੱਤੀ ਗਈ ਹੈ। ਟੈਕਸੀਆਂ, ਆਟੋ ਰਿਕਸ਼ੇ, ਰਿਕਸ਼ੇ ਤੇ ਹੋਰ ਦੋ ਤੇ ਚਾਰ ਪਹੀਆ ਵਾਹਨ ਚੱਲਣੇ ਸ਼ੁਰੂ ਹੋ ਗਏ ਹਨ। ਰੈਸਟੋਰੈਂਟਸ ਨੇ ਹੋਮ ਡਿਲਿਵਰੀ ਦੀ ਸੁਵਿਧਾ ਸ਼ੁਰੂ ਕਰ ਦਿੱਤੀ ਹੈ। ਬੈਂਕ, ਵਿੱਤੀ ਅਦਾਰਿਆਂ ਤੋਂ ਇਲਾਵਾ ਕੋਰੀਅਰ ਅਤੇ ਡਾਕ ਸੇਵਾ ਵੀ ਸ਼ੁਰੂ ਹੋ ਗਈ ਹੈ।



ਸਰਕਾਰ ਵੱਲੋਂ ਪੰਜਾਬ 'ਚ ਕਰਫਿਊ ਖਤਮ ਫੈਸਲੇ ਤੋਂ ਬਾਅਦ ਵੱਡੀ ਗਿਣਤੀ 'ਚ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੋਰੋਨਾ ਸੰਕਟ ਤੋਂ ਮੁਕਤੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਪੁੱਜੇ। ਜ਼ਿਕਰਯੋਗ ਹੈ ਕਿ ਪ੍ਰਸ਼ਾਸਨ ਵਲੋਂ ਭਾਵੇਂ ਸ਼ਹਿਰ ਦੇ ਕਾਰੋਬਾਰੀਆਂ ਨੂੰ ਕਰਫਿਊ 'ਚ ਸਵੇਰੇ ਦੇ ਸਮੇਂ 11 ਘੰਟਿਆਂ ਦੀ ਢਿੱਲ ਦਿੱਤੀ ਹੋਈ ਸੀ ਤੇ ਲੋਕ ਦੁਕਾਨਾਂ ਤੋਂ ਖਰੀਦਦਾਰੀ ਕਰ ਰਹੇ ਸਨ ਪਰ ਅਜੇ ਤੱਕ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੇ ਰਸਤਿਆਂ ਉਤੇ ਪੁਲਿਸ ਵੱਲੋਂ ਨਾਕੇ ਪਹਿਲਾਂ ਦੀ ਤਰ੍ਹਾਂ ਹੀ ਲਗਾਏ ਹੋਏ ਹਨ। ਸ਼ਰਧਾਲੂਆਂ ਦੇ ਵੱਡੀ ਗਿਣਤੀ 'ਚ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਕਾਰਨ ਪੁਲਿਸ ਕਰਮੀਆਂ ਵਲੋਂ ਥੋੜੀ-ਥੋੜੀ ਗਿਣਤੀ ਵਿਚ ਸ਼ਰਧਾਲੂਆਂ ਨੂੰ ਦਰਸ਼ਨ ਕਰਨ ਜਾਣ ਦਿੱਤਾ ਗਿਆ।

ਮੁੱਖ ਮੰਤਰੀ ਨੇ ਵਿਦਿਅਕ ਸੰਸਥਾਵਾਂ ਹਾਲੇ ਬੰਦ ਰੱਖਣ ਦਾ ਐਲਾਨ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਗੈਰ ਸੀਮਤ ਖਿੱਤਿਆਂ ਵਿਚ ਦੁਕਾਨਾਂ ਅਤੇ ਛੋਟੇ ਕਾਰੋਬਾਰ ਸ਼ੁਰੂ ਕਰਨ ਲਈ ਸੀਮਤ ਜ਼ੋਨ ਸਖਤੀ ਨਾਲ ਸੀਲ ਕੀਤੇ ਜਾਣਗੇ। ਲੌਕਡਾਊਨ 4.0 ਬਾਰੇ ਨਵੇਂ ਕੇਂਦਰੀ ਦਿਸ਼ਾ ਨਿਰਦੇਸ਼ਾਂ ਮੁਤਾਬਕ ਨਵੀਆਂ ਛੋਟਾਂ ਮਿਲਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿਚ ਹੁਣ 'ਲਾਲ-ਸੰਤਰੀ' ਜ਼ੋਨ ਨਹੀਂ ਰੱਖੇ ਜਾਣਗੇ ਬਲਕਿ ਸੌਖੇ ਤਰੀਕੇ ਨਾਲ ਸੀਮਤ ਅਤੇ ਗੈਰ ਸੀਮਤ ਜ਼ੋਨ ਵਿਚ ਪੰਜਾਬ ਨੂੰ ਵੰਡਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੌਜੂਦਾ ਪ੍ਰਣਾਲੀ ਤਹਿਤ ਜ਼ਿਲ੍ਹੇ ਦੇ ਇਕ ਹਿੱਸੇ ਵਿਚ ਕੋਵਿਡ ਕੇਸਾਂ ਕਾਰਨ ਪੂਰਾ ਜ਼ਿਲ੍ਹਾ ਰੈੱਡ ਜ਼ੋਨ ਦੀ ਸ਼੍ਰੇਣੀ ਵਿਚ ਪਾਇਆ ਜਾਂਦਾ ਹੈ ਜਿਸ ਦੇ ਨਤੀਜੇ ਵਜੋਂ ਉਥੇ ਉਦਯੋਗ ਅਤੇ ਦੁਕਾਨਾਂ ਆਦਿ ਕਾਰੋਬਾਰ ਵੀ ਸਾਰੀਆਂ ਬੰਦਿਸ਼ਾਂ ਹੇਠ ਆ ਜਾਂਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਦਫਤਰਾਂ ਨੂੰ ਆਮ ਦਫਤਰੀ ਸਮੇਂ ਦੌਰਾਨ ਪੂਰੇ ਹਫਤੇ ਲਈ ਖੁੱਲ੍ਹਣ ਦੀ ਆਗਿਆ ਦਿੱਤੀ ਜਾ ਸਕਦੀ ਹੈ।

ਮੁੱਖ ਮੰਤਰੀ ਨੇ ਫੇਸਬੁਕ ਉਤੇ 'ਕੈਪਟਨ ਨੂੰ ਸੁਆਲ' ਪ੍ਰੋਗਰਾਮ ਦੌਰਾਨ ਹੀ ਕਰਫਿਊ ਖਤਮ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿਚ ਦੇਸ਼ ਭਰ 'ਚੋਂ 60 ਹਜ਼ਾਰ ਅਤੇ ਵਿਦੇਸ਼ 'ਚੋਂ ਕਰੀਬ 20 ਹਜ਼ਾਰ ਪੰਜਾਬੀ ਪਰਤ ਰਹੇ ਹਨ ਤੇ ਮੁਸਤੈਦ ਰਹਿਣ ਦੀ ਲੋੜ ਹੈ। ਕੈਪਟਨ ਨੇ ਕਿਹਾ ਕਿ ਸਕੂਲ ਬਿਨਾਂ ਫੀਸ 'ਚ ਵਾਧਾ ਕੀਤੇ ਆਨ ਲਾਈਨ ਕਲਾਸਾਂ ਸ਼ੁਰੂ ਕਰਕੇ ਟਿਊਸ਼ਨ ਫੀਸ ਲੈ ਸਕਦੇ ਹਨ।

## ਕੈਪਟਨ ਨੂੰ ਕਾਲੇ ਛੋਲੇ ਵੰਡਣ ਦੇ ਮਾਪਦੰਡਾਂ 'ਤੇ ਇਤਰਾਜ਼

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਕਾਲੇ ਛੋਲੇ ਵੰਡਣ ਦੇ ਮਾਪਦੰਡਾਂ ਵਿਚ ਤਬਦੀਲੀ ਕਰਕੇ ਪ੍ਰਤੀ ਪਰਿਵਾਰ ਦੀ ਬਜਾਏ ਪ੍ਰਤੀ ਵਿਅਕਤੀ ਕਰਨ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਆਖਿਆ ਕਿ ਇਸ ਬਾਰੇ ਕੇਂਦਰੀ ਖੁਰਾਕ ਮੰਤਰਾਲੇ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ। ਕੇਂਦਰੀ ਨਿਰਦੇਸ਼ਾਂ ਅਨੁਸਾਰ ਦੋ ਮਹੀਨਿਆਂ ਲਈ ਕਣਕ ਦੀ ਵੰਡ 5 ਕਿਲੋ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਕੀਤੀ ਜਾਣੀ ਸੀ ਜਦਕਿ ਉਕਤ ਸਮੇਂ ਲਈ ਕਾਲੇ ਛੋਲੇ ਹਰ ਘਰ ਲਈ ਇਕ ਕਿਲੋ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵੰਡੇ ਜਾਣੇ ਹਨ।

ਇਸ ਦਾ ਮਤਲਬ ਕਣਕ ਦਾ ਲਾਭ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਦੇ ਸੂਬੇ ਵਿਚਲੇ ਲਾਭਪਾਤਰੀਆਂ ਵਿਚੋਂ 10 ਫੀਸਦ ਪਰਵਾਸੀ ਕਿਰਤੀਆਂ, ਜੋ 14.1 ਲੱਖ ਬਣਦੇ ਹਨ, ਨੂੰ ਪਹੁੰਚੇਗਾ ਜਦਕਿ ਕਾਲੇ ਛੋਲਿਆਂ ਦਾ ਲਾਭ ਸਿਰਫ 3.6 ਲੱਖ ਪਰਵਾਸੀ ਕਿਰਤੀ ਪਰਿਵਾਰਾਂ ਨੂੰ ਮਿਲ ਸਕੇਗਾ। ਉਨ੍ਹਾਂ ਕਿਹਾ ਕਿ ਕਣਕ ਅਤੇ ਛੋਲੇ ਵੰਡ ਸਬੰਧੀ ਜਾਰੀ ਵੱਖੋ ਵੱਖਰੀਆਂ ਹਦਾਇਤਾਂ ਨਾਲ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਕਿ ਸੂਬੇ ਨੂੰ 14.1 ਲੱਖ ਕਣਕ ਦੇ ਪੈਕਟ ਸਿਰਫ 3.6 ਲੱਖ ਛੋਲਿਆਂ ਦੇ ਪੈਕਟਾਂ ਨਾਲ ਵੰਡਣੇ ਪੈਣਗੇ। ਪਰਵਾਸੀ ਕਿਰਤੀਆਂ ਨੂੰ ਕਣਕ ਦਾ ਲਾਭ ਤਾਂ ਪ੍ਰਾਪਤ ਹੋਵੇਗਾ ਪਰ ਕਾਲੇ ਛੋਲੇ ਨਹੀਂ ਮਿਲ ਸਕਣਗੇ।

# ਅਮਰਿੰਦਰ ਸਿੰਘ ਵਲੋਂ ਨਵੇਂ ਟੈਕਸ ਲਾਉਣ ਦੇ ਸੰਕੇਤ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਕੋਵਿਡ ਸੰਕਟ ਦੇ ਮੱਦੇਨਜ਼ਰ ਇਸ ਸਾਲ ਸੂਬੇ ਨੂੰ 'ਘੱਟੋ ਘੱਟ' 50 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਸਹਿਣਾ ਪਏਗਾ। ਮੁੱਖ ਮੰਤਰੀ ਨੇ ਮਾਲੀਆ ਵਧਾਉਣ ਲਈ ਟੈਕਸ ਲਾਉਣ ਜਿਹੇ 'ਸਖਤ ਫੈਸਲੇ' ਲੈਣ ਵੱਲ ਵੀ ਸੰਕੇਤ ਕੀਤਾ।

ਇਕ ਇੰਟਰਵਿਊ ਦੌਰਾਨ ਅਮਰਿੰਦਰ ਨੇ ਕਿਹਾ ਕਿ ਮੁਢਲੇ ਅੰਦਾਜ਼ਿਆਂ ਮੁਤਾਬਕ ਸੂਬੇ ਵਿਚ ਦਸ ਲੱਖ ਨੌਕਰੀਆਂ ਖੁੱਸ ਜਾਣਗੀਆਂ। ਇਸ ਤੋਂ ਇਲਾਵਾ ਸੂਬੇ ਨੂੰ ਹਰ ਮਹੀਨੇ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਦਾ ਸਿਖਰ ਜੁਲਾਈ ਤੇ ਅਗਸਤ ਵਿਚ ਦੇਖਣ ਨੂੰ ਮਿਲੇਗਾ, ਪੰਜਾਬ ਖੁਦ ਨੂੰ 'ਮਾੜੀ ਤੋਂ ਮਾੜੀ' ਸਥਿਤੀ ਲਈ ਤਿਆਰ ਕਰ ਰਿਹਾ ਹੈ। ਵੱਡੀ ਗਿਣਤੀ ਪਰਵਾਸੀ ਭਾਰਤੀ ਤੇ ਦੇਸ਼ ਦੇ ਹੋਰਨਾਂ ਸੂਬਿਆਂ ਤੋਂ ਪੰਜਾਬੀ ਰਾਜ ਵੱਲ ਪਰਤ ਰਹੇ ਹਨ।

ਇਨ੍ਹਾਂ ਸਾਰਿਆਂ ਲਈ ਪ੍ਰਬੰਧ ਕਰਨਾ ਵੱਡੀ ਚੁਣੌਤੀ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਕੱਲੇ ਅਪਰੈਲ ਵਿਚ 'ਲੌਕਡਾਊਨ' ਕਾਰਨ ਸੂਬੇ ਨੂੰ 88 ਫੀਸਦ ਮਾਲੀਏ ਦਾ ਨੁਕਸਾਨ



ਹੋਇਆ ਹੈ। ਕੈਪਟਨ ਨੇ ਕਿਹਾ ਕਿ ਵਿੱਤੀ ਸਥਿਤੀ 'ਬੇਹੱਦ ਗੰਭੀਰ' ਹੋਣ ਦੇ ਮੱਦੇਨਜ਼ਰ ਉਨ੍ਹਾਂ ਪਹਿਲਾਂ ਹੀ ਸਾਰੇ ਵਿਭਾਗਾਂ ਨੂੰ 'ਗੈਰਜ਼ਰੂਰੀ' ਖਰਚੇ ਘਟਾਉਣ ਲਈ ਕਹਿ ਦਿੱਤਾ ਹੈ ਤੇ ਖਰਚ ਵਾਜਬ ਢੰਗ ਨਾਲ ਹੀ ਕਰਨ ਲਈ ਕਿਹਾ ਹੈ। ਹਾਲਾਂਕਿ ਇਹ ਕਾਫੀ ਨਹੀਂ ਹੋਵੇਗਾ ਤੇ ਕੁਝ ਸਖਤ ਫੈਸਲੇ ਲੈਣੇ ਪੈ ਸਕਦੇ ਹਨ। ਉਨ੍ਹਾਂ ਰਾਜਾਂ ਲਈ ਤੁਰਤ ਆਰਥਿਕ ਪੈਕੇਜ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੀ.ਐਸ.ਟੀ., ਐਕਸਾਈਜ਼ ਡਿਊਟੀ ਤੇ ਟਰਾਂਸਪੋਰਟੇਸ਼ਨ ਤੋਂ ਆਉਂਦੇ ਵੈਟ ਦੀ ਅਣਹੋਂਦ ਕਾਰਨ ਕਮਾਈ ਦੇ ਸਰੋਤ ਖਤਮ ਹੋ ਗਏ ਹਨ।

### 'ਕੇਂਦਰ ਸੂਬਿਆਂ ਦੀ ਸਾਰ ਨਹੀਂ ਲੈ ਰਹੀ'

**ਨਵੀਂ ਦਿੱਲੀ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇ ਕੇਂਦਰ ਸਰਕਾਰ ਮਦਦ ਨਹੀਂ ਕਰਦੀ ਤਾਂ ਸਥਿਤੀ ਹੋਰ ਗੰਭੀਰ ਹੁੰਦੀ ਜਾਵੇਗੀ। ਕੈਪਟਨ ਨੇ ਕਿਹਾ ਕਿ ਸਮਝ ਨਹੀਂ ਆ ਰਹੀ ਕਿ ਹਾਲੇ ਤੱਕ ਕੇਂਦਰ ਨੇ ਰਾਜਾਂ ਲਈ ਕੋਈ ਰਾਹਤ ਪੈਕੇਜ ਜਾਂ ਮਾਲੀ ਗਰਾਂਟ ਕਿਉਂ ਨਹੀਂ ਐਲਾਨੀ। ਸੂਬਿਆਂ ਨੂੰ ਸਿਰਫ ਰੋਜ਼ਾਨਾ ਦੇ ਖਰਚਿਆਂ ਲਈ ਹੀ ਨਹੀਂ, ਕੋਵਿਡ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਮੈਡੀਕਲ ਤੇ ਮਨੁੱਖੀ ਸੰਕਟ ਦੇ ਪੱਖ ਤੋਂ ਵੀ ਮਦਦ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਰਫਿਊ ਵਿਚ ਢਿੱਲ ਦਾ ਕੇਸਾਂ ਦੀ ਗਿਣਤੀ ਵਧਣ ਨਾਲ ਕੋਈ ਸਿੱਧਾ ਲੈਣ-ਦੇਣ ਨਹੀਂ ਹੈ। ਇਸ ਵੇਲੇ ਵੱਡੀ ਚੁਣੌਤੀ ਵਿਦੇਸ਼ਾਂ ਤੇ ਦੇਸ਼ ਦੇ ਹੋਰ ਸੂਬਿਆਂ ਤੋਂ ਆਉਣ ਵਾਲੇ ਲੋਕਾਂ ਨੂੰ ਸਾਂਭਣ ਦੀ ਹੈ। ਸੀਮਤ ਸਰੋਤਾਂ 'ਤੇ ਇਸ ਨਾਲ ਵੱਡਾ ਬੋਝ ਪਵੇਗਾ।

# ਕਰੋਨਾ ਕੇਸਾਂ ਦਾ 79% ਭਾਰ 30 ਮਿਊਂਸਪਲ ਖੇਤਰਾਂ 'ਤੇ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਵਾਇਰਸ ਲਾਗ ਦੇ ਕੁੱਲ ਕੇਸਾਂ ਦਾ 79 ਫੀਸਦ ਲੋਡ (ਭਾਰ) 30 ਮਿਊਂਸਪਲ ਖੇਤਰਾਂ ਨਾਲ ਸਬੰਧਤ ਹੈ। ਇਹ ਦਾਅਵਾ ਮੰਤਰੀ ਸਮੂਹ ਦੀ ਉਚ ਪੱਧਰੀ ਮੀਟਿੰਗ ਦੌਰਾਨ ਕੀਤਾ ਗਿਆ। ਕੇਂਦਰੀ ਸਿਹਤ ਮੰਤਰੀ ਹਰਸ਼ ਵਰਧਨ ਦੀ ਅਗਵਾਈ ਵਾਲੇ ਸਮੂਹ ਨੇ ਕੋਵਿਡ-19 ਦੇ ਟਾਕਰੇ ਲਈ ਕੀਤੇ ਪ੍ਰਬੰਧਾਂ ਉਤੇ ਵੀ ਨਜ਼ਰਸਾਨੀ ਕੀਤੀ। ਇਸ ਤੋਂ ਪਹਿਲਾਂ ਹਰਸ਼ ਵਰਧਨ ਨੇ ਰਾਜਸਥਾਨ ਤੇ ਝਾਰਖੰਡ ਸਰਕਾਰਾਂ ਵੱਲੋਂ ਸੂਬੇ ਵਿਚ ਆਇਦ ਪਾਬੰਦੀਆਂ ਦੀ ਤਰਜ਼ ਉਤੇ ਸਾਰੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਤੰਬਾਕੂ ਉਤਪਾਦਾਂ ਦੀ ਵਿਕਰੀ ਤੇ ਜਨਤਕ ਥਾਵਾਂ 'ਤੇ ਥੁੱਕਣ ਦੇ ਰੁਝਾਨ 'ਤੇ ਪਾਬੰਦੀ ਲਾਉਣ ਦੀ ਅਪੀਲ ਕੀਤੀ। ਸ੍ਰੀ ਵਰਧਨ ਨੇ ਰਾਜਾਂ ਦੇ ਸਿਹਤ ਮੰਤਰੀਆਂ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਤੰਬਾਕੂ ਖਾਣ ਵਾਲੇ ਲੋਕਾਂ ਨੂੰ ਆਮ ਕਰਕੇ ਜਨਤਕ ਥਾਵਾਂ ਤੇ ਇਧਰ ਉਧਰ ਥੁੱਕਣ ਦੀ ਆਦਤ ਹੁੰਦੀ ਹੈ, ਜਿਸ ਨਾਲ ਸਿਹਤ ਲਈ ਜੋਖਮ ਖੜ੍ਹੇ ਹੁੰਦੇ ਹਨ। ਇਸ ਦੌਰਾਨ ਭਾਰਤੀ ਏਅਰਪੋਰਟ ਅਥਾਰਿਟੀ (ਏ.ਏ.ਆਈ.) ਨੇ ਹਵਾਈ ਅੱਡੇ ਆਉਣ ਵਾਲੇ ਯਾਤਰੂਆਂ ਲਈ ਆਰੋਗਿਆ ਸੇਤੂ ਐਪ ਡਾਊਨਲੋਡ ਕਰਨਾ ਲਾਜ਼ਮੀ ਕਰ ਦਿੱਤਾ ਹੈ।

## ਸਹਿਕਾਰੀ ਮੁਲਾਜ਼ਮਾਂ ਦਾ 25 ਲੱਖ ਦਾ ਬੀਮਾ ਹੋਵੇਗਾ

**ਚੰਡੀਗੜ੍ਹ:** ਸਹਿਕਾਰਤਾ ਵਿਭਾਗ ਪੰਜਾਬ ਨੇ ਕੋਵਿਡ-19 ਸੰਕਟ ਦੌਰਾਨ ਅਗਲੀ ਕਤਾਰ 'ਚ ਤਾਇਨਾਤ ਸਹਿਕਾਰਤਾ ਵਿਭਾਗ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦਾ 25 ਲੱਖ ਰੁਪਏ ਦਾ ਬੀਮਾ ਕਵਰ ਕਰਨ ਦਾ ਫੈਸਲਾ ਕੀਤਾ ਹੈ। ਇਹ ਬੀਮਾ ਸਾਰੇ ਰੈਗੂਲਰ, ਠੇਕੇ ਅਤੇ ਆਊਟਸੋਰਸਿੰਗ ਉਤੇ ਕੰਮ ਕਰ ਰਹੇ ਮੁਲਾਜ਼ਮਾਂ ਦਾ ਕੀਤਾ ਜਾਵੇਗਾ, ਜੋ ਕਰਫਿਊ/ਲੌਕਡਾਊਨ ਦੌਰਾਨ ਲੋਕਾਂ ਨੂੰ ਜ਼ਰੂਰੀ ਸੇਵਾਵਾਂ ਮੁਹੱਈਆ ਕਰਨ ਲਈ ਕੰਮ ਕਰ ਰਹੇ ਹਨ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਜਾਰੀ ਬਿਆਨ 'ਚ ਦੱਸਿਆ ਕਿ ਪੰਜ ਸਹਿਕਾਰੀ ਅਦਾਰਿਆਂ ਸ਼ੂਗਰਫੈੱਡ, ਮਿਲਕਫੈੱਡ, ਮਾਰਕਫੈੱਡ, ਪੰਜਾਬ ਰਾਜ ਸਹਿਕਾਰੀ ਬੈਂਕ ਤੇ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ 14905 ਅਧਿਕਾਰੀਆਂ/ਕਰਮਚਾਰੀਆਂ ਦਾ 25 ਲੱਖ ਰੁਪਏ ਪ੍ਰਤੀ ਮੁਲਾਜ਼ਮ ਬੀਮਾ ਕਵਰ ਇਕ ਸਾਲ ਲਈ ਕੀਤਾ ਜਾ ਰਿਹਾ ਹੈ।

# ਸੀਤਾਰਾਮਨ ਦੀ ਪਹੁੰਚ ਮਾਨਵਤਾਵਾਦੀ ਨਹੀਂ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਐਲਾਨੇ ਆਰਥਿਕ ਪੈਕੇਜ ਉਤੇ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਲੌਕਡਾਊਨ ਮੌਕੇ ਮਾਨਵਤਾਵਾਦੀ ਪਹੁੰਚ ਨਹੀਂ ਅਪਣਾਈ। ਉਨ੍ਹਾਂ ਵਲੋਂ ਮਨੁੱਖੀ ਜ਼ਿੰਦਗੀਆਂ ਨੂੰ ਸੁਰੱਖਿਅਤ ਬਣਾਉਣ ਦਾ ਇਰਾਦਾ ਨਹੀਂ ਦਿਖਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਐਲਾਨੇ ਪਹਿਲੇ ਆਰਥਿਕ ਪੈਕੇਜ ਵਿਚ ਗੈਰ-ਸੰਗਠਿਤ ਸੈਕਟਰ ਵਿਚ ਤੁਰਤ ਦਖਲ ਦੇਣ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਨੇ ਮੌਜੂਦਾ ਸੰਕਟ 'ਚ ਮੁਸ਼ਕਲਾਂ ਨਾਲ ਜੂਝ ਰਹੇ ਲੱਖਾਂ ਪਰਵਾਸੀ ਮਜ਼ਦੂਰਾਂ ਦੀਆਂ ਜ਼ਰੂਰੀ ਲੋੜਾਂ ਨਾਲ ਲਘੂ, ਛੋਟੇ ਤੇ ਦਰਮਿਆਨੇ ਉਦਯੋਗਾਂ, ਐਨ.ਬੀ.ਐਫ.ਸੀ. ਅਤੇ ਹਾਊਸਿੰਗ ਸੈਕਟਰਾਂ ਦੀਆਂ ਲੋੜਾਂ ਦਰਮਿਆਨ ਸੰਤੁਲਨ ਕਾਇਮ ਕਰਨ ਵੱਲ ਧਿਆਨ ਨਹੀਂ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ "ਸੂਖਮ, ਛੋਟੇ ਤੇ ਦਰਮਿਆਨੇ ਉਦਯੋਗ, ਹਾਊਸਿੰਗ ਸੈਕਟਰ ਆਦਿ ਨੂੰ ਬਚਾਏ ਬਿਨਾਂ ਸੁਰਜੀਤੀ ਦੇ ਪੜਾਅ ਉਤੇ ਨਹੀਂ ਪਹੁੰਚਿਆ ਜਾ ਸਕਦਾ ਹੈ। ਕਾਮਿਆਂ ਤੋਂ ਬਿਨਾਂ ਉਦਯੋਗਾਂ ਦਾ ਚੱਲਣਾ ਮੁਸ਼ਕਲ ਹੈ।" ਉਨ੍ਹਾਂ ਕਿਹਾ ਕਿ ਪੰਜਾਬ ਵਿਚ 2.52 ਲੱਖ ਉਦਯੋਗਿਕ ਯੂਨਿਟਾਂ ਵਿਚੋਂ ਕੇਵਲ 1000 ਵੱਡੇ ਉਦਯੋਗ ਹਨ। ਹਾਲਾਤ ਦੀ ਗਹਿਰਾਈ ਨੂੰ ਵਿਚਾਰਦਿਆਂ ਕੇਂਦਰ ਨੂੰ ਐਮ.ਐਸ.ਐਮ.ਈ. ਉਦਯੋਗਾਂ ਨੂੰ ਮੁੜ ਕਾਰਜਸ਼ੀਲ ਕਰਨ ਲਈ ਵੱਡਾ ਪੈਕੇਜ ਸਾਹਮਣੇ ਲਿਆਉਣਾ ਚਾਹੀਦਾ ਸੀ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਕਰਦਾਤਿਆਂ ਦੇ ਪਿਛਲੇ ਵਰ੍ਹੇ ਦੇ ਆਪਣੇ ਹੀ ਪੈਸੇ ਵਾਪਸ ਕਰਨ ਨੂੰ ਕਿਵੇਂ ਰਾਹਤ ਕਦਮ ਕਿਹਾ ਜਾ ਸਕਦਾ ਹੈ।

### ਕੇਂਦਰ ਵਲੋਂ ਐਲਾਨਿਆ ਪੈਕੇਜ ਕਿਸਾਨ ਧਿਰਾਂ ਵਲੋਂ ਰੱਦ

**ਪਟਿਆਲਾ:** ਆਲ ਇੰਡੀਆ ਕਿਸਾਨ ਸੰਘਰਸ਼ ਕੁਆਰਡੀਨੇਟ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਲਈ ਐਲਾਨੇ ਗਏ ਪੈਕੇਜ ਨੂੰ ਰੱਦ ਕੀਤਾ ਹੈ। ਇਸ ਨੂੰ ਅੰਕੜਿਆਂ ਦੇ ਹੇਰ-ਫੇਰ ਅਤੇ ਗੁਮਰਾਹਕੁੰਨ ਕਾਰਵਾਈ ਦੱਸਦਿਆਂ ਕਮੇਟੀ ਦਾ ਕਹਿਣਾ ਸੀ ਕਿ 20 ਲੱਖ ਕਰੋੜ ਦੇ ਐਲਾਨ ਵਿਚੋਂ 9.74 ਲੱਖ ਕਰੋੜ ਤਾਂ ਲੌਕਡਾਊਨ ਸ਼ੁਰੂ ਹੋਣ ਵੇਲੇ ਹੀ ਐਲਾਨਿਆ ਗਿਆ ਸੀ। ਹੁਣ ਤਾਂ 10.26 ਲੱਖ ਕਰੋੜ ਵੰਡੇ ਜਾ ਰਹੇ ਹਨ ਤੇ ਕਿਸਾਨਾਂ ਦੇ ਹਿੱਸੇ 2.36 ਲੱਖ ਕਰੋੜ ਹੀ ਆਇਆ ਹੈ। ਇਸ ਪੈਕੇਜ ਦੇ ਹਿੱਸੇ ਵਜੋਂ ਹੀ ਨਾਬਾਰਡ ਵੱਲੋਂ ਸਹਿਕਾਰੀ ਅਤੇ ਗ੍ਰਾਮੀਣ ਬੈਂਕਾਂ ਨੂੰ ਪੰਜਾਬ ਦੇ ਕਿਸਾਨਾਂ ਦੇ ਨਾਮ ਉਤੇ ਦਿੱਤੇ ਗਏ ਪੰਦਰਾਂ ਸੌ ਕਰੋੜ ਬਾਰੇ ਗੱਲ ਕਰਦਿਆਂ, ਕਮੇਟੀ ਵਿਚਲੀਆਂ ਪੰਜਾਬ ਨਾਲ ਸਬੰਧਤ ਦਸ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਇਸ ਰਾਸ਼ੀ ਨਾਲ ਉਸ ਬੈਂਕ ਦੇ ਮੁਲਾਜ਼ਮਾਂ ਨੂੰ ਤਾਂ ਕੁਝ ਲਾਭ ਹੋ ਸਕਦਾ ਹੈ ਪਰ ਕਿਸਾਨਾਂ ਨੂੰ ਨਹੀਂ ਕਿਉਂਕਿ ਇਸ ਫੰਡ ਨਾਲ ਕਿਸਾਨਾਂ ਦੀ ਮਦਦ ਸਬੰਧੀ ਕੋਈ ਦਿਸ਼ਾ ਨਿਰਦੇਸ਼ ਨਹੀਂ ਦਿੱਤੇ ਗਏ। ਉਂਜ ਵੀ ਪੰਜਾਬ ਦੇ 15 ਲੱਖ ਕਿਸਾਨਾਂ ਲਈ ਇਹ ਰਾਸ਼ੀ ਬਹੁਤ ਘੱਟ ਹੈ।

### ਪੈਕੇਜ 'ਚ ਕਿਸਾਨਾਂ ਨੂੰ ਧੇਲਾ ਵੀ ਨਹੀਂ ਦਿੱਤਾ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਕੇਂਦਰ ਸਰਕਾਰ 'ਤੇ ਕਿਸਾਨਾਂ ਪ੍ਰਤੀ 'ਅਸੰਵੇਦਨਸ਼ੀਲ' ਹੋਣ ਦਾ ਦੋਸ਼ ਲਾਉਂਦਿਆਂ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕਿਸਾਨਾਂ ਨੂੰ ਆਰਥਿਕ ਪੈਕੇਜ 'ਚੋਂ ਅਣਗੌਲਿਆ ਕਰਨ ਲਈ ਮੁਆਫੀ ਮੰਗਣ। ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ 20 ਲੱਖ ਕਰੋੜ ਰੁਪਏ ਦਾ ਪੈਕੇਜ 'ਜੁਮਲਾ ਪੈਕੇਜ' ਸਾਬਤ ਹੋਇਆ ਹੈ ਅਤੇ ਇਹ ਸੱਚਾਈ ਤੋਂ ਕੋਹਾਂ ਦੂਰ ਤੇ ਮਾੜੀ ਸਲਾਹ ਵਾਲੀ ਆਰਥਿਕਤਾ ਹੈ ਜਿਸ ਦਾ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਪਾਲਣ ਕਰ ਰਹੇ ਹਨ।

# ਸਿੱਖ ਭਾਈਚਾਰਾ ਲੋੜਵੰਦਾਂ ਦੀ ਮਦਦ ਲਈ ਅੱਗੇ ਆਇਆ

**ਸੈਨ ਫਰਾਂਸਿਸਕੋ:** ਦੱਖਣੀ ਕੈਲੀਫੋਰਨੀਆ ਦਾ 'ਯੂਨਾਈਟਿਡ ਸਿੱਖ ਮਿਸ਼ਨ' ਰੋਜ਼ਾਨਾ 1400 ਲੋਕਾਂ ਨੂੰ ਪਿਛਲੇ ਇਕ ਮਹੀਨੇ ਤੋਂ ਭੋਜਨ ਮੁਹੱਈਆ ਕਰਵਾ ਰਿਹਾ ਹੈ। ਸਥਾਨਕ ਭਾਈਚਾਰੇ ਦੇ ਸੈਂਕੜੇ ਵਾਲੰਟੀਅਰ ਇਹ ਹੰਭਲਾ ਮਾਰ ਰਹੇ ਹਨ। ਇਕ ਮੀਡੀਆ ਰਿਪੋਰਟ ਮੁਤਾਬਕ ਇਹ ਇਸ ਇਲਾਕੇ ਵਿਚ ਚਲਾਇਆ ਜਾ ਰਿਹਾ ਮਦਦ ਦਾ ਸਭ ਤੋਂ ਵੱਡਾ ਹੰਭਲਾ ਹੈ।

ਬਜ਼ੁਰਗਾਂ ਤੇ ਸਿਹਤ ਕਾਮਿਆਂ ਨੂੰ ਸਥਾਨਕ ਹਸਪਤਾਲਾਂ ਵਿਚ ਖਾਣਾ ਦਿੱਤਾ ਜਾ ਰਿਹਾ ਹੈ। ਇਕ ਡਰਾਈਵ-ਥਰੂ ਵੀ ਕਾਇਮ ਕੀਤਾ ਗਿਆ ਹੈ। ਇਸ ਤੋਂ ਇਲਾਵਾ ਘਰੇਲੂ ਲੋੜ ਦਾ ਸਾਮਾਨ ਤੇ ਮਾਸਕ ਵੀ ਹਫਤੇ ਦੇ ਅੰਤ ਵਿਚ ਵੰਡੇ ਜਾਂਦੇ ਹਨ। ਮਿਸ਼ਨ ਦੇ ਸੰਚਾਲਕ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪਹਿਲਾਂ ਉਹ ਗੁਰਦੁਆਰੇ ਕੋਲ ਰੋਜ਼ ਕਰੀਬ 175 ਖਾਣੇ ਵੰਡਦੇ ਸਨ, ਪਰ ਸਥਾਨਕ ਭਾਈਚਾਰੇ ਦੀ ਮਦਦ ਨਾਲ ਹੁਣ ਤੱਕ ਪਿਛਲੇ ਚਾਰ ਹਫਤਿਆਂ ਦੌਰਾਨ 40 ਹਜ਼ਾਰ ਲੋਕਾਂ ਦੀ ਮਦਦ ਕੀਤੀ ਗਈ ਹੈ। ਪੌਸ਼ਟਿਕ ਖਾਣਾ ਰੋਜ਼ਾਨਾ ਫੌਂਟੈਨਾ ਤੇ ਅਪਲੈਂਡ ਦੇ ਰੈਸਤਰਾਂ ਵਿਚ ਤਾਜ਼ਾ ਤਿਆਰ ਕੀਤਾ ਜਾਂਦਾ ਹੈ। ਵਾਲੰਟੀਅਰ ਖਾਣਾ ਪੈਕ ਕਰਦੇ ਹਨ ਤੇ ਵੰਡਦੇ ਹਨ। ਜ਼ਿਆਦਾਤਰ ਚੌਲ, ਦਾਲਾਂ ਭਾਰਤੀ ਮਸਾਲਿਆਂ ਨਾਲ ਤਿਆਰ ਕੀਤੀਆਂ ਜਾ ਰਹੀਆਂ ਹਨ। ਮਿਸ਼ਨ ਹੁਣ ਇਨਲੈਂਡ ਅੰਪਾਇਰ ਦੇ ਗਿਰਜਾਘਰਾਂ ਨਾਲ ਵੀ ਤਾਲਮੇਲ ਕਰ ਰਿਹਾ ਹੈ। ਬਜ਼ੁਰਗਾਂ ਨੂੰ ਜ਼ੁਰੂਪਾ ਘਾਟੀ, ਮੋਰੇਨੋ ਘਾਟੀ ਤੇ ਰਿਵਰਸਾਈਡ ਤੱਕ ਖਾਣਾ ਪਹੁੰਚਾਇਆ ਜਾਵੇਗਾ। ਇਸੇ ਤਰ੍ਹਾਂ ਦਾ ਉਦਮ 'ਖਾਲਸਾ ਕੇਅਰ ਫਾਊਂਡੇਸ਼ਨ' ਦੀ ਖਾਲਸਾ ਫੂਡ ਪੈਂਟਰੀ ਕਰ ਰਹੀ ਹੈ। ਹਰ ਸ਼ੁੱਕਰਵਾਰ ਗਰਮਾ-ਗਰਮ ਖਾਣਾ ਲਾਸ ਏਂਜਲਸ ਅਥਾਰਿਟੀ ਦੀ ਮਦਦ ਨਾਲ ਵੰਡਿਆ ਜਾਂਦਾ ਹੈ। ਬੇਕਰਜ਼ਫੀਲਡ 'ਚ 'ਦੀ ਸਿੱਖ ਰਾਈਡਰਜ਼ ਆਫ ਅਮੈਰਿਕਾ' ਕਾਊਂਟੀ ਪੁਲਿਸ ਤੇ ਸਿਹਤ ਕਰਮੀਆਂ ਨੂੰ ਫੇਸ ਸ਼ੀਲਡ ਦੇ ਰਿਹਾ ਹੈ।

# ਮੋਦੀ ਸਰਕਾਰ ਅਰਥਚਾਰੇ ਨੂੰ ਪੈਰਾਂ ਸਿਰ ਕਰਨ ਲਈ ਹੱਥ-ਪੈਰ ਮਾਰਨ ਲੱਗੀ



**ਨਵੀਂ ਦਿੱਲੀ:** ਕੋਰੋਨਾ ਵਾਇਰਸ ਨਾਲ ਝੰਬੇ ਅਰਥਚਾਰੇ ਨੂੰ ਪੈਰਾਂ ਸਿਰ ਕਰਨ ਦੀਆਂ ਕੋਸ਼ਿਸ਼ਾਂ ਤਹਿਤ ਕੇਂਦਰ ਸਰਕਾਰ ਵੱਲੋਂ ਵਿੱਤੀ ਰਾਹਤ ਪੈਕੇਜ ਦਾ ਐਲਾਨ ਕੀਤਾ ਗਿਆ ਹੈ। ਕੇਂਦਰ ਸਰਕਾਰ ਨੇ ਖੇਤੀ ਅਤੇ ਸਹਾਇਕ ਸੈਕਟਰ ਲਈ 1.63 ਲੱਖ ਕਰੋੜ ਰੁਪਏ ਦੇ ਪੈਕੇਜ ਦਾ ਐਲਾਨ ਕੀਤਾ ਹੈ। ਕੁੱਲ 20 ਹਜ਼ਾਰ ਕਰੋੜ ਰੁਪਏ ਦੇ ਕੋਵਿਡ-19 ਆਰਥਿਕ ਪੈਕੇਜ ਦੀ ਤੀਜੀ ਕੜੀ ਤਹਿਤ ਸਰਕਾਰ ਨੇ ਸਾਢੇ ਛੇ ਦਹਾਕੇ ਪੁਰਾਣੇ ਜ਼ਰੂਰੀ ਵਸਤਾਂ ਬਾਰੇ ਐਕਟ 'ਚ ਸੋਧ ਕਰਨ ਦਾ ਫੈਸਲਾ ਲਿਆ ਹੈ ਤਾਂ ਜੋ ਇਸ ਦੇ ਘੇਰੇ 'ਚੋਂ ਅਨਾਜ, ਖਾਣ ਵਾਲੇ ਤੇਲ, ਤੇਲ ਬੀਜਾਂ, ਦਾਲਾਂ, ਪਿਆਜ਼ ਅਤੇ ਆਲੂ ਸਮੇਤ ਹੋਰ ਖੁਰਾਕੀ ਵਸਤਾਂ ਨੂੰ ਬਾਹਰ ਰੱਖਿਆ ਜਾ ਸਕੇ। ਕਿਸਾਨਾਂ ਨੂੰ ਆਪਣੀ ਫਸਲ ਕਿਸੇ ਵੀ ਸੂਬੇ 'ਚ ਵੇਚਣ ਦਾ ਬਦਲ ਦੇਣ ਲਈ ਨਵਾਂ ਕਾਨੂੰਨ ਵੀ ਬਣਾਇਆ ਜਾਵੇਗਾ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਪੈਕੇਜ ਦਾ ਐਲਾਨ ਕਰਦਿਆਂ ਕਿਹਾ ਕਿ ਜ਼ਰੂਰੀ ਵਸਤਾਂ ਬਾਰੇ ਐਕਟ 'ਚ ਸੋਧ ਨਾਲ ਸਰਕਾਰ ਨੂੰ ਕੀਮਤਾਂ ਨਿਯਮਤ ਕਰਨ ਦੇ ਨਾਲ ਨਾਲ ਵਸਤਾਂ ਦੇ ਭੰਡਾਰਨ ਦੇ ਅਧਿਕਾਰ ਵੀ ਮਿਲ ਜਾਣਗੇ। ਉਨ੍ਹਾਂ ਕਿਹਾ ਕਿ ਸੋਧ ਮਗਰੋਂ ਕੌਮੀ ਆਫਤਾਂ ਅਤੇ ਸੋਕੇ ਵਰਗੇ ਖਾਸ ਹਾਲਾਤ 'ਚ ਵਸਤਾਂ ਦੀਆਂ ਕੀਮਤਾਂ ਨੂੰ ਵਧਣ ਤੋਂ ਰੋਕਣ ਲਈ ਭੰਡਾਰਨ ਦੀ ਹੱਦ (ਸਟਾਕ ਲਿਮਿਟ) ਤੈਅ ਕੀਤੀ ਜਾਵੇਗੀ। ਸੀਤਾਰਾਮਨ ਨੇ ਕਿਹਾ ਕਿ ਮੌਜੂਦਾ ਸਮੇਂ 'ਚ ਕਿਸਾਨ ਆਪਣੀ ਜਿਣਸ ਸਿਰਫ ਲਾਇਸੈਂਸਸ਼ੁਦਾ ਮੰਡੀਆਂ ਵਿਚ ਹੀ ਵੇਚ ਸਕਦੇ ਹਨ ਜਦਕਿ ਅਜਿਹੀ ਕੋਈ ਰੋਕ ਸਨਅਤੀ ਉਤਪਾਦਾਂ ਉਤੇ ਲਾਗੂ ਨਹੀਂ ਹੁੰਦੀ ਹੈ।

ਕਿਸਾਨਾਂ ਨੂੰ ਸਥਾਨਕ ਪੱਧਰ ਉਤੇ ਹੀ ਆਪਣੀ ਫਸਲ ਘੱਟ ਭਾਅ ਉਤੇ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਨਾਲ ਨਜਿੱਠਣ ਲਈ ਕੇਂਦਰ ਵੱਲੋਂ ਕਾਨੂੰਨ ਬਣਾਇਆ ਜਾਵੇਗਾ। ਉਨ੍ਹਾਂ ਕਿਹਾ,''ਕਿਸਾਨਾਂ ਨੂੰ ਆਪਣੀਆਂ ਜਿਣਸਾਂ ਵਧੀਆ ਭਾਅ ਉਤੇ ਬੈਰੀਅਰ ਮੁਕਤ ਅੰਤਰ-ਰਾਜੀ ਵਪਾਰ ਰਾਹੀਂ ਵੇਚਣ ਦੇ ਮੌਕੇ ਮਿਲਣਗੇ ਅਤੇ ਫਸਲ ਦੀ ਈ-ਟਰੇਡਿੰਗ ਲਈ ਖਾਕਾ ਤਿਆਰ ਕੀਤਾ ਜਾਵੇਗਾ।'' ਮੰਤਰੀ ਨੇ ਕਿਸਾਨਾਂ ਦੀ ਸਹੂਲਤ ਲਈ ਇਕ ਲੱਖ ਕਰੋੜ ਰੁਪਏ ਦੇ ਖੇਤੀ ਬੁਨਿਆਦੀ ਢਾਂਚਾ (ਇੰਫਰਾਸਟ੍ਰੱਕਚਰ) ਫੰਡ ਦਾ ਵੀ ਐਲਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ 10 ਹਜ਼ਾਰ ਕਰੋੜ ਦਾ ਫੰਡ ਦੋ ਲੱਖ ਸੂਖਮ ਫੂਡ ਉੱਦਮੀਆਂ ਨੂੰ ਸਿਹਤ, ਜੜ੍ਹੀਆਂ-ਬੂਟੀਆਂ (ਹਰਬਲ), ਆਰਗੈਨਿਕ ਅਤੇ ਪੌਸ਼ਟਿਕ ਉਤਪਾਦਾਂ 'ਚ ਸਹਾਇਤਾ ਕਰੇਗਾ।

ਸਰਕਾਰ ਵੱਲੋਂ ਮੱਛੀ ਪਾਲਣ ਦੇ ਵਿਕਾਸ ਲਈ ਪ੍ਰਧਾਨ ਮੰਤਰੀ ਮਤੱਸਿਆ ਸੰਪਦਾ ਯੋਜਨਾ ਤਹਿਤ 20 ਹਜ਼ਾਰ ਕਰੋੜ ਰੁਪਏ ਰੱਖੇ ਹਨ।

ਇਸ ਨਾਲ 55 ਲੱਖ ਵਿਅਕਤੀਆਂ ਨੂੰ ਰੁਜ਼ਗਾਰ ਮਿਲੇਗਾ ਅਤੇ ਬਰਾਮਦ ਦੁੱਗਣੀ ਹੋ ਕੇ ਇਕ ਲੱਖ ਕਰੋੜ ਹੋ ਜਾਵੇਗੀ। ਮੂੰਹ ਅਤੇ ਖੁਰ ਦੇ ਰੋਗਾਂ ਲਈ ਕੌਮੀ ਪਸ਼ੂ ਰੋਗ ਕੰਟਰੋਲ ਪ੍ਰੋਗਰਾਮ ਤਹਿਤ 13343 ਕਰੋੜ ਰੁਪਏ ਰੱਖੇ ਗਏ ਹਨ। ਡੇਅਰੀ ਪ੍ਰੋਸੈਸਿੰਗ ਅਤੇ ਕੈਟਲ ਫੀਡ ਵਿਚ ਨਿੱਜੀ ਨਿਵੇਸ਼ ਲਈ 15 ਹਜ਼ਾਰ ਕਰੋੜ ਰੁਪਏ ਦੇ ਪਸ਼ੂ ਪਾਲਣ ਬੁਨਿਆਦੀ ਢਾਂਚਾ ਵਿਕਾਸ ਫੰਡ ਦਾ ਐਲਾਨ ਕੀਤਾ ਗਿਆ ਹੈ। ਸੀਤਾਰਾਮਨ ਨੇ ਦੱਸਿਆ ਕਿ ਸਰਕਾਰ ਨੇ 10 ਲੱਖ ਹੈਕਟੇਅਰ ਰਕਬੇ 'ਚ ਹਰਬਲ ਪੈਦਾਵਾਰ ਨੂੰ ਉਤਸ਼ਾਹਿਤ ਕਰਨ ਲਈ 4 ਹਜ਼ਾਰ ਕਰੋੜ ਰੁਪਏ ਦਾ ਫੰਡ ਸ਼ੁਰੂ ਕੀਤਾ ਹੈ। ਇਸ ਤੋਂ ਇਲਾਵਾ ਮਧੂ ਮੱਖੀ ਪਾਲਣ ਲਈ 500 ਕਰੋੜ ਰੁਪਏ ਰੱਖੇ ਗਏ ਹਨ। ਸਰਕਾਰ ਨੇ ਟਮਾਟਰ, ਪਿਆਜ਼ ਅਤੇ ਆਲੂ ਤੋਂ ਇਲਾਵਾ ਸਾਰੇ ਫਲਾਂ ਅਤੇ ਸਬਜ਼ੀਆਂ 'ਚ ਅਪਰੇਸ਼ਨ ਗਰੀਨਜ਼ ਦਾ ਵਿਸਥਾਰ ਕਰਦਿਆਂ 500 ਕਰੋੜ ਰੁਪਏ ਦੇ ਵਾਧੂ ਫੰਡ ਮੁਹੱਈਆ ਕਰਵਾਏ ਹਨ।

## ਸੀਤਾਰਮਨ ਵਲੋਂ ਨਿੱਜੀ ਖੇਤਰ ਨੂੰ ਖੁੱਲ੍ਹਾ ਸੱਦਾ

**ਨਵੀਂ ਦਿੱਲੀ:** ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਵੱਡੇ ਨੀਤੀਗਤ ਬਦਲਾਅ ਦੀ ਗੱਲ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਲਈ ਆਰਥਿਕ ਪੈਕੇਜ ਦੇ ਐਲਾਨ ਦੌਰਾਨ ਆਤਮਨਿਰਭਰ ਭਾਰਤ ਬਣਾਉਣ ਦੀ ਗੱਲ ਕਹੀ ਸੀ। ਮੰਤਰੀ ਨੇ ਐਲਾਨ ਕੀਤਾ ਕਿ ਦੇਸ਼ ਵਿਚ ਨਿੱਜੀਕਰਨ ਨੂੰ ਉਤਸ਼ਾਤ ਕੀਤਾ ਜਾਵੇਗਾ ਤਾਂ ਜੋ ਦੇਸ਼ ਤੇਜ਼ੀ ਨਾਲ ਅੱਗੇ ਵੱਧ ਸਕੇ। ਇਸ ਲਈ ਸਖਤ ਮੁਕਾਬਲੇ ਤੇ ਕੌਮਾਂਤਰੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਪਵੇਗਾ।

## ਰਾਜਾਂ ਦੇ ਕਰਜ਼ੇ ਦੀ ਹੱਦ 'ਚ ਵਾਧਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਮੌਜੂਦਾ ਵਿੱਤੀ ਵਰ੍ਹੇ 2020-21 ਲਈ ਰਾਜਾਂ ਦੇ ਕੁਲ ਕਰਜ਼ਾ ਚੁੱਕਣ ਦੀ ਹੱਦ ਪੰਜ ਪ੍ਰਤੀਸ਼ਤ ਤੱਕ ਵਧਾਉਣ ਦਾ ਐਲਾਨ ਕੀਤਾ ਹੈ। ਹੁਣ ਤੱਕ ਉਹ ਰਾਜ ਦੇ ਕੁੱਲ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਦੇ ਸਿਰਫ ਤਿੰਨ ਪ੍ਰਤੀਸ਼ਤ ਤੱਕ ਬਾਜ਼ਾਰ ਤੋਂ ਕਰਜ਼ਾ ਲੈ ਸਕਦੇ ਸਨ। ਇਸ ਨਾਲ ਕਦਮ ਰਾਜਾਂ ਨੂੰ 4.28 ਲੱਖ ਕਰੋੜ ਰੁਪਏ ਦੇ ਵਾਧੂ ਫੰਡ ਮਿਲੇਗਾ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਆਰਥਿਕ ਉਤਸ਼ਾਹ ਪੈਕੇਜ ਦੀ ਪੰਜਵੀਂ ਅਤੇ ਅੰਤਿਮ ਕਿਸ਼ਤ ਜਾਰੀ ਕਰਦਿਆਂ ਇਥੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਕੇਂਦਰ ਨੂੰ ਅਪਰੈਲ ਵਿਚ ਰਾਜਾਂ ਨੂੰ ਟੈਕਸਾਂ ਵਿਚੋਂ ਪ੍ਰਾਪਤ ਰਾਸ਼ੀ ਵਿਚੋਂ 46,038 ਕਰੋੜ ਰੁਪਏ ਦਿੱਤੇ ਗਏ।

## ਮਗਨਰੇਗਾ ਤਹਿਤ 40 ਹਜ਼ਾਰ ਕਰੋੜ ਅਲਾਟ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਵਿਸ਼ੇਸ਼ ਆਰਥਿਕ ਪੈਕੇਜ ਦੀ ਤੀਜੀ ਲੜੀ ਵਿਚ ਪੇਸ਼ ਕੀਤੇ ਢਾਂਚਾਗਤ ਫੇਰਬਦਲ ਦੇ ਅਮਲ ਨੂੰ ਪੰਜਵੀਂ ਕੜੀ ਵਿਚ ਜਾਰੀ ਰੱਖਦਿਆਂ ਗੈਰ-ਰਣਨੀਤਕ ਖੇਤਰਾਂ ਵਿਚ ਸਰਕਾਰੀ ਮਾਲਕੀ ਵਾਲੇ ਅਦਾਰਿਆਂ ਦੇ ਨਿੱਜੀਕਰਨ, ਕਰਜ਼ੇ ਦੀ ਕਿਸ਼ਤ ਮੋੜਨ 'ਚ ਨਾਕਾਮ ਰਹਿਣ ਉਤੇ ਦੀਵਾਲੀਆ ਐਲਾਨਣ ਦੇ ਅਮਲ ਨੂੰ ਇਕ ਸਾਲ ਲਈ ਮੁਅੱਤਲ ਕਰਨ ਤੇ ਪਰਵਾਸੀ ਕਾਮਿਆਂ ਨੂੰ ਰੁਜ਼ਗਾਰ ਦੀ ਜ਼ਾਮਨੀ ਦਿੰਦੀ ਮਗਨਰੇਗਾ ਸਕੀਮ ਤਹਿਤ 40,000 ਕਰੋੜ ਰੁਪਏ ਵਾਧੂ ਅਲਾਟ ਕਰਨ ਜਿਹੇ ਉਪਰਾਲਿਆਂ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਰਾਜਾਂ ਦੀ ਕਰਜ਼ਾ ਚੁੱਕਣ ਦੀ ਸਮਰੱਥਾ 3 ਤੋਂ ਵਧਾ ਕੇ 5 ਫੀਸਦ ਕਰ ਦਿੱਤੀ ਹੈ।

# ਟੀ. ਵੀ. ਅਦਾਕਾਰ ਮਨਮੀਤ ਗਰੇਵਾਲ ਨੇ ਖੁਦਕੁਸ਼ੀ ਕੀਤੀ



**ਮੁੰਬਈ:** ਟੀਵੀ ਅਦਾਕਾਰ ਮਨਮੀਤ ਗਰੇਵਾਲ (32) ਨੇ ਇਥੇ ਮੁੰਬਈ ਸਥਿਤ ਆਪਣੇ ਘਰ ਵਿਚ ਖੁਦਕੁਸ਼ੀ ਕਰ ਲਈ। ਮਿੱਡ ਡੇਅ ਦੀ ਰਿਪੋਰਟ ਮੁਤਾਬਕ ਮਨਮੀਤ ਦੀ ਪਤਨੀ ਨੂੰ ਉਹ ਬੈੱਡਰੂਮ ਵਿਚ ਛੱਤ ਵਾਲੇ ਪੱਖੇ ਨਾਲ ਲਟਕਦਾ ਮਿਲਿਆ। ਉਸ ਨੇ ਮਦਦ ਲਈ ਰੌਲਾ ਵੀ ਪਾਇਆ, ਪਰ ਅਦਾਕਾਰ ਨੂੰ ਕੋਰੋਨਾ ਵਾਇਰਸ ਹੋਣ ਦੇ ਡਰੋਂ, ਕੋਈ ਵੀ ਗੁਆਂਢੀ ਨਹੀਂ ਬਹੁੜਿਆ।

ਆਖਰ ਨੂੰ ਬਿਲਡਿੰਗ ਦੇ ਸੁਰੱਖਿਆ ਗਾਰਡ ਦੀ ਮਦਦ ਨਾਲ ਮਨਮੀਤ ਦੀ ਦੇਹ ਨੂੰ ਹੇਠਾਂ ਉਤਾਰਿਆ ਗਿਆ। ਉਸ ਨੂੰ ਫੌਰੀ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਮ੍ਰਿਤਕ ਲਿਆਂਦਾ ਐਲਾਨ ਦਿੱਤਾ।

ਜਾਣਕਾਰੀ ਅਨੁਸਾਰ ਕਾਮੇਡੀ ਸ਼ੋਅ 'ਆਦਤ ਸੇ ਮਜਬੂਰ' ਦਾ ਅਦਾਕਾਰ ਪਿਛਲੇ ਕੁਝ ਸਮੇਂ ਤੋਂ ਵਿੱਤੀ ਸੰਕਟ ਨਾਲ ਜੂਝ ਰਿਹਾ ਸੀ ਤੇ ਉਸ ਕੋਲ ਆਪਣੇ ਫਲੈਟ ਦਾ ਕਿਰਾਇਆ ਦੇਣ ਲਈ ਵੀ ਪੈਸੇ ਨਹੀਂ ਸਨ। ਮਨਮੀਤ ਦੇ ਮਾਤਾ-ਪਿਤਾ ਪੰਜਾਬ ਰਹਿੰਦੇ ਹਨ ਤੇ ਦੋ ਸਾਲ ਪਹਿਲਾਂ ਹੀ ਉਹਦਾ ਵਿਆਹ ਹੋਇਆ ਸੀ।

## ਹਰਿਆਣਾ ਰੋਡਵੇਜ਼ ਵੱਲੋਂ ਬੱਸ ਸੇਵਾ ਸ਼ੁਰੂ

**ਚੰਡੀਗੜ੍ਹ:** ਹਰਿਆਣਾ ਰੋਡਵੇਜ਼ ਨੇ ਰਾਜ ਦੇ ਅੰਦਰ ਚੋਣਵੇਂ ਰੂਟਾਂ ਉਤੇ ਬੱਸ ਸੇਵਾ ਦੁਬਾਰਾ ਸ਼ੁਰੂ ਕਰ ਦਿੱਤੀ ਹੈ। ਮਾਰਚ ਵਿਚ ਤਾਲਾਬੰਦੀ ਦਾ ਐਲਾਨ ਹੋਣ ਤੋਂ ਬਾਅਦ ਪਹਿਲੀ ਵਾਰ ਬੱਸਾਂ ਚੱਲੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਬੱਸਾਂ, ਜਿਨ੍ਹਾਂ ਨੂੰ ਸਮਾਜਿਕ ਦੂਰੀ ਬਣਾਈ ਰੱਖਣ ਲਈ 30 ਤੋਂ ਵੱਧ ਯਾਤਰੀਆਂ ਨੂੰ ਲਿਜਾਣ ਦੀ ਆਗਿਆ ਨਹੀਂ ਹੈ, ਸਵੇਰ ਤੋਂ ਚੋਣਵੇਂ ਰੂਟਾਂ ਉਤੇ ਚੱਲੀਆਂ। ਸ਼ੁਰੂ ਬੱਸਾਂ ਅੰਬਾਲਾ, ਭਿਵਾਨੀ, ਹਿਸਾਰ, ਕੈਥਲ, ਕਰਨਾਲ, ਨਾਰਨੌਲ, ਪੰਚਕੂਲਾ, ਰੇਵਾੜੀ, ਰੋਹਤਕ ਅਤੇ ਸਿਰਸਾ ਦੇ 10 ਡਿਪੂਆਂ ਤੋਂ 29 ਰੂਟਾਂ ਉਤੇ ਚੱਲਣਗੀਆਂ ਅਤੇ ਚੋਣਵੇਂ ਟਿਕਾਣਿਆਂ ਤੋਂ ਚੱਲ ਕੇ ਚੋਣਵੇਂ ਟਿਕਾਣਿਆਂ ਤੱਕ ਹੀ ਜਾਣਗੀਆਂ। ਸਵਾਰੀਆਂ ਲਈ ਆਨਲਾਈਨ ਬੁਕਿੰਗ ਅਤੇ ਮਾਸਕ ਲਾਜ਼ਮੀ ਹਨ।

# ਸਾਰਾ ਕਰਜ਼ਾ ਮੋੜਨ ਲਈ ਤਿਆਰ ਹਾਂ ਤੇ ਸਰਕਾਰ ਕੇਸ ਬੰਦ ਕਰੇ: ਮਾਲਿਆ



**ਨਵੀਂ ਦਿੱਲੀ:** ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਨੇ ਕਿਹਾ ਹੈ ਉਹ ਸਾਰਾ ਕਰਜ਼ਾ ਮੋੜਨ ਲਈ ਤਿਆਰ ਹੈ ਤੇ ਸਰਕਾਰ ਉਸ ਦੇ ਸਾਰੇ ਕੇਸ ਬੰਦ ਕਰ ਦੇਵੇ। ਉਸ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਉਸ ਖਿਲਾਫ ਕੇਸ ਬੰਦ ਕਰੇ। ਮਾਲਿਆ ਨੇ ਹਾਲ ਹੀ ਵਿਚ ਐਲਾਨੇ 20 ਲੱਖ ਕਰੋੜ ਰੁਪਏ ਦੇ ਆਰਥਿਕ ਪੈਕੇਜ ਬਾਰੇ ਭਾਰਤ ਸਰਕਾਰ ਨੂੰ ਵਧਾਈ ਦਿੰਦੇ ਹੋਏ ਅਫਸੋਸ ਪ੍ਰਗਟਾਇਆ ਕਿ ਉਸ ਦੇ ਕਰਜ਼ਾ ਮੋੜਨ ਦੀ ਪੇਸ਼ਕਸ਼ ਨੂੰ ਅੱਖੋਂ ਪ੍ਰੋਖੇ ਕੀਤਾ ਜਾ ਰਿਹਾ ਹੈ। ਉਸ ਨੇ ਟਵੀਟ ਕੀਤਾ, "ਕੋਵਿਡ-19 ਰਾਹਤ ਪੈਕੇਜ ਲਈ ਸਰਕਾਰ ਨੂੰ ਵਧਾਈ। ਉਹ ਜਿੰਨੇ ਮਰਜ਼ੀ ਨੋਟ ਛਾਪਣ ਪਰ ਮੇਰੇ ਵਰਗੇ ਦਾ ਛੋਟਾ ਜਿਹਾ ਯੋਗਦਾਨ ਕਿਉਂ ਅੱਖੋਂ ਪ੍ਰੋਖੇ ਕੀਤਾ ਜਾ ਰਿਹਾ ਹੈ। ਮੈਂ ਸਰਕਾਰੀ ਬੈਂਕਾਂ ਤੋਂ ਲਿਆ ਸਾਰਾ ਕਰਜ਼ਾ ਵਾਪਸ ਕਰਨਾ ਚਾਹੁੰਦਾ ਹਾਂ।"

# ਕੇਂਦਰ ਸਰਕਾਰ ਨੇ ਲੌਕਡਾਊਨ 31 ਮਈ ਤੱਕ ਵਧਾਇਆ

**ਨਵੀਂ ਦਿੱਲੀ:** ਕੌਮੀ ਆਫਤ ਪ੍ਰਬੰਧਨ ਅਥਾਰਿਟੀ (ਐਨ.ਡੀ.ਐਮ.ਏ.) ਨੇ ਸਮੁੱਚੇ ਦੇਸ਼ ਵਿਚ ਲੌਕਡਾਊਨ 31 ਮਈ ਤੱਕ ਵਧਾਉਣ ਦਾ ਐਲਾਨ ਕੀਤਾ ਹੈ। ਅਥਾਰਿਟੀ ਨੇ ਹੁਕਮ ਵਿਚ ਕਿਹਾ ਕਿ ਕੋਵਿਡ-19 ਦੇ ਫੈਲਾਅ ਨੂੰ ਠੱਲ੍ਹਣ ਲਈ ਲੌਕਡਾਊਨ ਮਾਪਦੰਡ ਦੇਸ਼ ਭਰ ਵਿਚ ਅਗਲੇ 14 ਦਿਨਾਂ ਲਈ ਜਾਰੀ ਰਹਿਣਗੇ। 25 ਮਾਰਚ ਮਗਰੋਂ ਇਹ ਲੌਕਡਾਊਨ ਵਿਚ ਚੌਥਾ ਵਾਧਾ ਹੈ।

ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰਾਲੇ ਨੇ ਲੌਕਡਾਊਨ 4.0 ਲਈ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਹਨ। ਨਵੀਆਂ ਸੇਧਾਂ ਮੁਤਾਬਕ 65 ਸਾਲ ਤੋਂ ਉਪਰ ਦੇ ਬਜ਼ੁਰਗ, ਬਿਮਾਰ, ਗਰਭਵਤੀ ਔਰਤਾਂ ਤੇ ਦਸ ਸਾਲ ਤੋਂ ਘੱਟ ਉਮਰ ਦੇ ਬੱਚੇ ਘਰਾਂ ਵਿਚ ਹੀ ਰਹਿਣਗੇ। ਉਨ੍ਹਾਂ ਨੂੰ ਜ਼ਰੂਰੀ ਕੰਮ ਤੇ ਸਿਹਤ ਨਾਸਾਜ਼ ਹੋਣ ਦੀ ਸੂਰਤ ਵਿਚ ਹੀ ਬਾਹਰ ਆਉਣ ਦੀ ਇਜਾਜ਼ਤ ਹੋਵੇਗੀ। ਸੇਧਾਂ ਮੁਤਾਬਕ ਮੁਕਾਮੀ ਅਥਾਰਿਟੀਜ਼ ਨਵੇਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਗੀਆਂ। ਇਸ ਦੌਰਾਨ ਸ਼ਾਮ ਸੱਤ ਵਜੇ ਤੋਂ ਸਵੇਰੇ ਸੱਤ ਵਜੇ ਤੱਕ ਲੋਕਾਂ ਦੀ ਆਵਾਜਾਈ ਉਤੇ ਮੁਕੰਮਲ ਪਾਬੰਦੀ ਰਹੇਗੀ।


ਨੌਂ ਸਫਿਆਂ ਵਾਲੀਆਂ ਇਨ੍ਹਾਂ ਸੇਧਾਂ ਮੁਤਾਬਕ ਰਾਜ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਲਾਲ, ਸੰਤਰੀ ਤੇ ਹਰੇ ਜ਼ੋਨਾਂ ਦੀ ਹੱਦਬੰਦੀ ਸਬੰਧੀ ਫੈਸਲਾ ਖੁਦ ਕਰਨਗੇ। ਇਸ ਦੇ ਨਾਲ ਹੀ ਅੰਤਰਰਾਜੀ ਵਾਹਨਾਂ ਤੇ ਬੱਸਾਂ ਦੀ ਆਮਦੋ-ਰਫਤ ਸਬੰਧੀ ਫੈਸਲਾ ਸਬੰਧਤ ਰਾਜ ਆਪਸੀ ਸਹਿਮਤੀ ਨਾਲ ਲੈਣਗੇ।



ਮੈਟਰੋ ਰੇਲ ਸੇਵਾਵਾਂ, ਸਕੂਲ-ਕਾਲਜ, ਸਿਖਲਾਈ ਤੇ ਕੋਚਿੰਗ ਸੰਸਥਾਵਾਂ, ਹੋਟਲ, ਰੈਸਟੋਰੈਂਟ, ਸਿਨੇਮਾ ਹਾਲ, ਮਾਲਜ਼, ਸਵਿਮਿੰਗ ਪੂਲ ਤੇ ਜਿੰਮ ਪਹਿਲਾਂ ਵਾਂਗ 31 ਮਈ ਤੱਕ ਬੰਦ ਰਹਿਣਗੇ। ਆਨਲਾਈਨ ਦੂਰਵਰਤੀ ਸਿੱਖਿਆ ਦੀ ਖੁੱਲ੍ਹ ਜਾਰੀ ਰਹੇਗੀ। ਘਰੇਲੂ ਹਵਾਈ ਐਂਬੂਲੈਂਸ ਸੇਵਾ ਨੂੰ ਛੱਡ ਕੇ ਸਾਰੀਆਂ ਘਰੇਲੂ ਤੇ ਕੌਮਾਂਤਰੀ ਹਵਾਈ ਮੁਸਾਫਰ ਉਡਾਣਾਂ ਵੀ ਬੰਦ ਰਹਿਣਗੀਆਂ। ਕਿਸੇ ਤਰ੍ਹਾਂ ਦੇ ਸਮਾਜਿਕ, ਸਿਆਸੀ ਤੇ ਧਾਰਮਿਕ ਸਮਾਗਮ ਉਤੇ ਪੂਰਨ ਪਾਬੰਦੀ ਰਹੇਗੀ। ਧਾਰਮਿਕ ਅਸਥਾਨ ਪਹਿਲਾਂ ਦੀ ਤਰ੍ਹਾਂ ਬੰਦ ਰਹਿਣਗੇ। ਕੰਟੇਨਮੈਂਟ ਜ਼ੋਨ ਤੋਂ ਬਾਹਰਲੀਆਂ ਸਾਰੀਆਂ ਦੁਕਾਨਾਂ ਭਲਕ ਤੋਂ ਵੱਖੋ-ਵੱਖ ਸਮਿਆਂ ਉਤੇ ਖੁੱਲ੍ਹਣਗੀਆਂ।

ਮੰਤਰਾਲੇ ਮੁਤਾਬਕ ਰਾਜਾਂ ਤੇ ਯੂਟੀਜ਼ ਵੱਲੋਂ ਕੀਤੇ ਫੈਸਲੇ ਮੁਤਾਬਕ ਜ਼ੋਨ ਇਕ ਜ਼ਿਲ੍ਹਾ, ਮਿਊਂਸਪਲ ਕਾਰਪੋਰੇਸ਼ਨ/ ਮਿਊਂਸਪੈਲਿਟੀ ਜਾਂ ਇਸ ਤੋਂ ਵੀ ਛੋਟਾ ਪ੍ਰਸ਼ਾਸਨਿਕ ਯੂਨਿਟ ਜਿਵੇਂ ਸਬ-ਡਿਵੀਜ਼ਨ ਵੀ ਹੋ ਸਕਦਾ ਹੈ। ਲਾਲ ਤੇ ਸੰਤਰੀ ਜ਼ੋਨਾਂ ਅੰਦਰਲੀਆਂ ਕੰਟੇਨਜ਼ੋਨਮੈਂਟ ਤੇ ਬਫਰ ਜ਼ੋਨਾਂ ਬਾਰੇ ਫੈਸਲਾ ਜ਼ਿਲ੍ਹਾ ਅਥਾਰਿਟੀਆਂ ਲੈਣਗੀਆਂ। ਕੰਟੇਨਮੈਂਟ ਜ਼ੋਨ ਵਿਚ ਸਿਰਫ ਜ਼ਰੂਰੀ ਸਰਗਰਮੀਆਂ ਤੇ ਮੈਡੀਕਲ ਐਮਰਜੈਂਸੀ ਦੀ ਹੀ ਖੁੱਲ੍ਹ ਹੋਵੇਗੀ। ਗ੍ਰਹਿ ਮੰਤਰਾਲੇ ਨੇ ਸੋਧੇ ਹੋਏ ਦਿਸ਼ਾ-ਨਿਰਦੇਸ਼ਾਂ ਵਿਚ ਖੇਡ ਕੰਪਲੈਕਸਾਂ ਤੇ ਸਟੇਡੀਅਮਾਂ ਨੂੰ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਹੈ। ਮੰਤਰਾਲੇ ਨੇ ਸਾਫ ਕਰ ਦਿੱਤਾ ਕਿ ਖੇਡ ਕੰਪਲੈਕਸ ਤੇ ਸਟੇਡੀਅਮ ਖੁੱਲ੍ਹਣਗੇ, ਪਰ ਦਰਸ਼ਕਾਂ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। 'ਕੰਟੇਨਮੈਂਟ ਜ਼ੋਨ ਤੋਂ ਬਾਹਰਲੀਆਂ ਨਾਈ ਦੀਆਂ ਦੁਕਾਨਾਂ, ਪਾਰਲਰ, ਸੈਲੂਨ ਤੇ ਸਪਾ ਆਮ ਵਾਂਗ ਖੁੱਲ੍ਹਣਗੇ। ਈ-ਕਮਰਸ ਵੈੱਬਸਾਈਟਾਂ ਗੈਰ-ਜ਼ਰੂਰੀ ਵਸਤਾਂ ਦੀ ਡਲਿਵਰੀ ਕਰ ਸਕਣਗੀਆਂ।

# ਮੋਦੀ ਸ਼ਾਹੂਕਾਰ ਨਾ ਬਣਨ, ਲੋਕਾਂ ਨੂੰ ਪੈਸਾ ਦੇਣ, ਕਰਜ਼ਾ ਨਹੀਂ: ਰਾਹੁਲ



**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਨੂੰ ਆਰਥਿਕ ਪੈਕੇਜ ਉਤੇ ਮੁੜ ਵਿਚਾਰ ਕਰਨ ਅਤੇ ਪੈਸੇ ਸਿੱਧੇ ਤੌਰ ਉਤੇ ਲੋਕਾਂ ਦੇ ਖਾਤਿਆਂ ਵਿਚ ਪਾਉਣ ਦੀ ਅਪੀਲ ਕੀਤੀ ਕਿਉਂਕਿ ਇਸ ਵੇਲੇ ਉਨ੍ਹਾਂ ਨੂੰ ਕਰਜ਼ੇ ਦੀ ਨਹੀਂ ਸਗੋਂ ਸਿੱਧੀ ਆਰਥਿਕ ਮਦਦ ਦੀ ਲੋੜ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਨੂੰ ਸਮਝਦਾਰੀ ਅਤੇ ਸਾਵਧਾਨੀ ਨਾਲ ਤਾਲਾਬੰਦੀ ਖੋਲ੍ਹਣ ਦੀ ਲੋੜ ਹੈ ਅਤੇ ਬਜ਼ੁਰਗਾਂ ਅਤੇ ਗੰਭੀਰ ਬਿਮਾਰੀਆਂ ਤੋਂ ਪੀੜਤ ਲੋਕਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਨੇ ਵੀਡੀਓ ਲਿੰਕ ਰਾਹੀਂ ਪੱਤਰਕਾਰਾਂ ਨੂੰ ਕਿਹਾ,'ਇਹ ਪੈਕੇਜ ਹੋਣਾ ਚਾਹੀਦਾ ਸੀ ਨਾ ਕਿ ਕਰਜ਼ਾ ਪੈਕੇਜ। ਮੈਂ ਇਸ ਤੋਂ ਨਿਰਾਸ਼ ਹਾਂ। ਅੱਜ ਸਿੱਧੇ ਤੌਰ 'ਤੇ ਕਿਸਾਨਾਂ, ਮਜ਼ਦੂਰਾਂ ਅਤੇ ਗਰੀਬਾਂ ਦੇ ਖਾਤੇ ਵਿਚ ਪੈਸੇ ਪਾਉਣ ਦੀ ਜ਼ਰੂਰਤ ਹੈ। ਤੁਸੀਂ (ਸਰਕਾਰ) ਕਰਜ਼ਾ ਦੇਵੋ, ਪਰ ਭਾਰਤ ਮਾਤਾ ਨੂੰ ਆਪਣੇ ਬੱਚਿਆਂ ਨਾਲ ਸ਼ਾਹੂਕਾਰ ਵਾਲਾ ਰਵੱਈਆ ਨਹੀਂ ਅਖਤਿਆਰ ਕਰਨਾ ਚਾਹੀਦਾ। ਉਨ੍ਹਾਂ ਦੀ ਜੇਬ ਵਿਚ ਸਿੱਧਾ ਪੈਸਾ ਜਾਣਾ ਚਾਹੀਦਾ ਹੈ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ 'ਚ ਪੌਣੇ ਦੋ ਮਹੀਨਿਆਂ ਪਿੱਛੋਂ ਬੱਸ ਸੇਵਾ ਸ਼ੁਰੂ

**ਚੰਡੀਗੜ੍ਹ:** ਪੰਜਾਬ ਵਿਚ ਕਰੀਬ ਪੰਜਾਹ ਰੂਟਾਂ ਉਤੇ ਤਕਰੀਬਨ ਪੌਣੇ ਦੋ ਮਹੀਨੇ ਬਾਅਦ 20 ਮਈ ਤੋਂ ਜਨਤਕ ਬੱਸ ਸਰਵਿਸ ਸ਼ੁਰੂ ਹੋ ਗਈ ਹੈ। ਪਹਿਲੇ ਪੜਾਅ ਹੇਠ ਇਨ੍ਹਾਂ ਰੂਟਾਂ 'ਤੇ ਅੱਧੇ ਘੰਟੇ ਦੇ ਵਕਫੇ ਮਗਰੋਂ ਜਨਤਕ ਬੱਸਾਂ ਚਲਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਅੰਤਰਰਾਜੀ ਬੱਸ ਸੇਵਾ ਸੂਬਿਆਂ ਦੀ ਆਪਸੀ ਰਜ਼ਾਮੰਦੀ ਉਤੇ ਨਿਰਭਰ ਕਰੇਗੀ ਜਦਕਿ ਗੈਰ-ਕੰਟੇਨਮੈਂਟ ਜ਼ੋਨਾਂ 'ਚ ਦੋ ਪਹੀਆ ਤੇ ਚਾਰ ਪਹੀਆ ਵਾਹਨਾਂ ਤੋਂ ਇਲਾਵਾ ਟੈਕਸੀ, ਕੈਬਜ਼, ਰਿਕਸ਼ਾ ਤੇ ਆਟੋ ਰਿਕਸ਼ਾ ਦੀ ਸਰਵਿਸ ਚਾਲੂ ਹੋ ਗਈ ਹੈ।

ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੇ ਮੀਟਿੰਗ ਕਰਕੇ ਬੱਸ ਸੇਵਾ ਬਹਾਲ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਟਰਾਂਸਪੋਰਟ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਵਲੋਂ ਅਗਾਊਂ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਚੁੱਕਾ ਹੈ। ਪ੍ਰਾਈਵੇਟ ਟਰਾਂਸਪੋਰਟਾਂ ਨੂੰ ਹਾਲੇ ਬੱਸ ਸਰਵਿਸ ਲਈ ਹਰੀ ਝੰਡੀ ਨਹੀਂ ਦਿੱਤੀ ਗਈ ਹੈ।

ਚੰਡੀਗੜ੍ਹ ਪ੍ਰਸ਼ਾਸਨ ਨੇ ਹਰਿਆਣਾ ਤੇ ਪੰਜਾਬ ਨੂੰ ਬੱਸਾਂ ਦੇ ਦਾਖਲੇ ਦੀ ਪ੍ਰਵਾਨਗੀ ਨਹੀਂ ਦਿੱਤੀ ਹੈ। ਚੰਡੀਗੜ੍ਹ ਨੂੰ ਜੋੜਦੇ ਛੇ ਰੂਟਾਂ ਦੀ ਸ਼ਨਾਖਤ ਹੋਈ ਹੈ ਪਰ ਕੋਈ ਬੱਸ ਯੂਟੀ ਵਿਚ ਦਾਖਲ ਨਹੀਂ ਹੋਵੇਗੀ ਅਤੇ ਇਸ ਦੀ ਥਾਂ ਮੁਹਾਲੀ ਤੇ ਜ਼ੀਰਕਪੁਰ ਤੱਕ ਬੱਸ ਸਰਵਿਸ ਚੱਲੇਗੀ। ਸ਼ਰਤ ਲਾਈ ਗਈ ਹੈ ਕਿ ਕਿਸੇ ਵੀ ਬੱਸ ਵਿਚ ਯਾਤਰੀ 50 ਫੀਸਦੀ ਤੋਂ ਜ਼ਿਆਦਾ ਨਹੀਂ ਹੋਣਗੇ। ਟਿਕਟਾਂ ਦੀ ਬੁਕਿੰਗ ਆਨਲਾਈਨ ਜਾਂ ਫਿਰ ਬੱਸ ਅੱਡਿਆਂ ਦੇ ਕਾਊਂਟਰਾਂ ਤੋਂ ਅਗਾਊਂ ਟਿਕਟ ਲੈਣੀ ਪਵੇਗੀ। ਬੱਸਾਂ ਚੱਲਣ ਵਿਚ 30 ਮਿੰਟ ਦਾ ਵਕਫਾ ਹੋਵੇਗਾ।

# ਸ਼੍ਰੋਮਣੀ ਕਮੇਟੀ ਨੂੰ ਵਿੱਤੀ ਸੰਕਟ ਦੀ ਮਾਰ, ਅਖਤਿਆਰੀ ਫੰਡਾਂ 'ਤੇ ਰੋਕ

**ਅੰਮ੍ਰਿਤਸਰ:** ਮਹਾਮਾਰੀ ਕਰਕੇ ਪੈਦਾ ਹੋਏ ਵਿੱਤੀ ਸੰਕਟ ਵਿਚੋਂ ਨਿਕਲਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਚ ਪੱਧਰੀ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ, ਜੋ ਸਮੁੱਚੇ ਵਿੱਤੀ ਮਾਮਲਿਆਂ ਦੀ ਸਮੀਖਿਆ ਕਰੇਗੀ। ਫਿਲਹਾਲ ਇਸ ਵਿੱਤੀ ਸੰਕਟ ਤੋਂ ਰਾਹਤ ਲਈ ਸ਼੍ਰੋਮਣੀ ਕਮੇਟੀ ਨੇ ਸਮੂਹ ਮੈਂਬਰਾਂ ਦੇ ਅਖਤਿਆਰੀ ਕੋਟੇ ਉਤੇ ਇਕ ਸਾਲ ਲਈ ਰੋਕ ਲਾ ਦਿੱਤੀ ਹੈ ਅਤੇ ਤਿੰਨ ਮਹੀਨਿਆਂ ਵਾਸਤੇ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਨਹੀਂ ਦਿੱਤੀ ਜਾਵੇਗੀ।

ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਉਚ ਪੱਧਰੀ ਸਮੀਖਿਆ ਕਮੇਟੀ ਵਿਚ ਸੀਨੀਅਰ ਮੀਤ ਪ੍ਰਧਾਨ ਭਾਈ ਰਾਜਿੰਦਰ ਸਿੰਘ ਮਹਿਤਾ, ਜੂਨੀਅਰ ਮੀਤ ਪ੍ਰਧਾਨ ਗੁਰਬਖਸ਼ ਸਿੰਘ, ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ, ਮੁਖ ਸਕੱਤਰ ਡਾ. ਰੂਪ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਕਮੇਟੀ ਵਲੋਂ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ, ਸਮੂਹ ਗੁਰਦੁਆਰੇ ਅਤੇ ਵਿਦਿਅਕ ਅਦਾਰਿਆਂ ਨਾਲ ਸਬੰਧਤ ਵਿੱਤੀ ਮਾਮਲਿਆਂ ਦੀ ਸਮੀਖਿਆ ਕੀਤੀ ਜਾਵੇਗੀ। ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਨੇ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸ ਮਾਰਗ ਸਬੰਧੀ ਕੇਂਦਰ ਸਰਕਾਰ ਕੋਲ ਪਹੁੰਚ ਕਰਨ ਦਾ ਫੈਸਲਾ ਕੀਤਾ ਹੈ। ਕੋਟ ਖਾਲਸਾ ਇਲਾਕੇ ਅਤੇ ਹਰਿਆਣਾ ਦੇ ਪਿਹੋਵਾ ਵਿਖੇ ਬੇਅਦਬੀ ਸਬੰਧੀ ਨਿਖੇਧੀ ਮਤਾ ਪਾਸ ਕਰਦਿਆਂ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ।

## ਕਰੋਨਾ ਮਰੀਜ਼ਾਂ ਦੇ ਹੱਕ 'ਚ ਹਾਅ ਦਾ ਨਾਅਰਾ

**ਸ੍ਰੀ ਮੁਕਤਸਰ ਸਾਹਿਬ:** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵਲੋਂ ਕਰੋਨਾ ਮਰੀਜ਼ਾਂ ਦੀ ਸਿਹਤ ਸੰਭਾਲ ਦੀ ਮੰਗ ਨੂੰ ਲੈ ਕੇ ਡੀ.ਸੀ. ਦਫਤਰ ਦੇ ਬਾਹਰ ਰੋਸ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕਰੋਨਾ ਪਾਜੀਟਿਵ ਰਿਪੋਰਟਾਂ ਵਾਲੇ, ਪਰ ਬਾਹਰੀ ਲੱਛਣ ਨਾ ਦਿਖਾਉਣ ਵਾਲੇ ਮਰੀਜ਼ਾਂ ਨੂੰ ਘਰਾਂ 'ਚ ਹੀ ਇਕਾਂਤਵਾਸ ਕਰਨ ਦੀ ਕੇਂਦਰੀ ਨੀਤੀ ਤਹਿਤ ਅਜਿਹੇ ਸਭਨਾਂ ਮਰੀਜਾਂ ਨੂੰ ਹਸਪਤਾਲਾਂ ਵਿਚੋਂ ਛੁੱਟੀ ਦੇ ਕੇ ਘਰਾਂ 'ਚ ਭੇਜ ਦਿੱਤਾ ਗਿਆ ਹੈ। ਕੇਂਦਰ ਸਰਕਾਰ ਦਾ ਇਹ ਫੈਸਲਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ। ਸਰਕਾਰਾਂ ਦੇ ਇਸ ਕਦਮ ਨਾਲ ਵਾਇਰਸ ਦੇ ਵੱਡੀ ਪੱਧਰ 'ਤੇ ਫੈਲਣ ਦਾ ਖਤਰਾ ਹੈ। ਉਨ੍ਹਾਂ ਕੇਂਦਰੀ ਨੀਤੀ ਵਾਪਸ ਲੈਣ ਦੀ ਮੰਗ ਕੀਤੀ।

## ਹੁਣ ਡੀ.ਡੀ. ਪੰਜਾਬੀ ਰਾਹੀਂ ਪੜ੍ਹਨਗੇ ਵਿਦਿਆਰਥੀ

**ਜਲੰਧਰ:** ਪੰਜਾਬ ਭਰ ਵਿਚ ਕਰਫਿਊ ਹਟਣ ਤੋਂ ਬਾਅਦ ਵਿਦਿਆਰਥੀਆਂ ਲਈ ਚੰਗੀ ਖਬਰ ਆਈ ਹੈ ਕਿ ਤੀਜੀ, ਚੌਥੀ, ਪੰਜਵੀਂ, ਨੌਵੀਂ ਤੇ ਦਸਵੀਂ ਕਲਾਸਾਂ ਦੇ ਵਿਦਿਆਰਥੀ 19 ਮਈ ਤੋਂ ਡੀਡੀ ਪੰਜਾਬੀ ਚੈਨਲ ਰਾਹੀਂ ਆਪਣੀ ਸਿਲੇਬਸ ਆਧਾਰਤ ਸਿੱਖਿਆ ਹਾਸਲ ਕਰ ਸਕਣਗੇ। ਹਰ ਘਰ ਤੱਕ ਦੂਰਦਰਸ਼ਨ ਦੀ ਪਹੁੰਚ ਹੋਣ ਕਾਰਨ ਪੇਂਡੂ ਖਿੱਤੇ ਦੇ ਵਿਦਿਆਰਥੀਆਂ ਲਈ ਇਹ ਸਿੱਖਿਆ ਹੋਰ ਵੀ ਵਰਦਾਨ ਸਾਬਤ ਹੋਵੇਗੀ। ਇਸ ਤੋਂ ਪਹਿਲਾਂ ਸੱਤਵੀਂ ਤੇ ਅੱਠਵੀਂ ਕਲਾਸਾਂ ਲਈ ਐਨ.ਸੀ.ਈ.ਆਰ.ਟੀ. ਵਲੋਂ ਡੀ.ਟੀ.ਐਚ. ਚੈਨਲ ਸਵੈਮ ਪ੍ਰਭੂ ਰਾਹੀਂ ਇਹ ਸਿੱਖਿਆ ਦਿੱਤੀ ਜਾ ਰਹੀ ਹੈ। ਮੋਬਾਈਲ, ਯੂਟਿਊਬ, ਰੇਡੀਓ, ਐਜੂਸੈਟ, ਗੂਗਲ ਡਰਾਈਵ ਅਤੇ ਹੋਰ ਸਾਧਨਾਂ ਰਾਹੀਂ ਨਵੇਂ ਸੈਸ਼ਨ ਤੋਂ ਹੀ ਆਨਲਾਈਨ ਸਿੱਖਿਆ ਦਾ ਮੁੱਢ ਬੰਨ੍ਹ ਦਿੱਤਾ ਗਿਆ ਸੀ।

ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਸਿੱਖਿਆ ਵਿਭਾਗ ਨੇ ਜਿਥੇ ਲੌਕਡਾਊਨ ਦੌਰਾਨ ਬੱਚਿਆਂ ਅਤੇ ਮਾਪਿਆਂ ਨੂੰ ਇਸ ਬਿਮਾਰੀ ਤੋਂ ਜਾਗਰੂਕ ਕੀਤਾ, ਉਥੇ ਹੀ ਪੰਜਾਬ ਨਵੇਂ ਸੈਸ਼ਨ ਦੇ ਪਹਿਲੇ ਦਿਨ ਤੋਂ ਸੂਬੇ ਭਰ ਦੇ ਸਰਕਾਰੀ ਸਕੂਲਾਂ 'ਚ ਆਨਲਾਈਨ ਸਿੱਖਿਆ ਦਾ ਪ੍ਰਬੰਧ ਕਰਨ ਵਾਲਾ ਪਹਿਲਾ ਸੂਬਾ ਬਣ ਗਿਆ ਸੀ। ਉਨ੍ਹਾਂ ਨੇ ਸਰਕਾਰੀ ਸਕੂਲ ਦੇ ਅਧਿਆਪਕਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਕਰੋਨਾ ਦੀ ਔਖੀ ਘੜੀ ਦੌਰਾਨ ਹਾਈਟੈੱਕ ਤਕਨੀਕਾਂ ਦੀ ਵਰਤੋਂ ਕਰਦਿਆਂ ਸੌਖੇ ਰੂਪ ਵਿਚ ਬੱਚਿਆਂ ਦੀ ਪੜ੍ਹਾਈ ਜਾਰੀ ਰੱਖੀ।

## ਸੋਸ਼ਲ ਮੀਡੀਆ ਪੋਸਟ ਪਾਉਣ ਵਾਲਾ ਭਾਰਤੀ ਕਾਮਾ ਫਾਰਗ

**ਦੁੱਬਈ:** ਯੂ.ਏ.ਈ. ਦੀ ਖਨਣ ਕੰਪਨੀ ਵਿਚ ਕੰਮ ਕਰਦੇ ਭਾਰਤੀ ਕਾਮੇ ਨੂੰ ਸੋਸ਼ਲ ਮੀਡੀਆ ਉਤੇ ਪਾਈ 'ਇਸਲਾਮੋਫੋਬਿਕ' ਪੋਸਟ ਲਈ ਆਪਣੀ ਨੌਕਰੀ ਤੋਂ ਹੱਥ ਧੋਣੇ ਪੈ ਗਏ ਹਨ। ਗਲਫ ਨਿਊਜ਼ ਦੀ ਰਿਪੋਰਟ ਮੁਤਾਬਕ ਬ੍ਰਜਕਿਸ਼ੋਰ ਗੁਪਤਾ ਨੂੰ ਭਾਰਤੀ ਮੁਸਲਮਾਨਾਂ ਨੂੰ 'ਕਰੋਨਾ ਵਾਇਰਸ ਸਪਰੈਡਰਜ਼' (ਕਰੋਨਾ ਵਾਇਰਸ ਫੈਲਾਉਣ ਵਾਲੇ) ਸੱਦਣ ਕਰਕੇ ਬਿਨਾਂ ਕੋਈ ਨੋਟਿਸ ਦਿੱਤਿਆਂ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ ਹੈ। ਇਹ ਨਹੀਂ ਗੁਪਤਾ ਨੇ ਆਪਣੀ ਫੇਸਬੁੱਕ ਪੋਸਟ ਵਿਚ ਦਿੱਲੀ ਦੰਗਿਆਂ ਨੂੰ 'ਰੱਬੀ ਨਿਆਂ' ਦੱਸਦਿਆਂ ਜਾਇਜ਼ ਠਹਿਰਾਇਆ ਸੀ।

ਪਿੱਛੋਂ ਬਿਹਾਰ ਦੇ ਛਪਰਾ ਜ਼ਿਲ੍ਹੇ ਨਾਲ ਸਬੰਧਤ ਗੁਪਤਾ, ਰਸ ਅਲ ਖੈਮਾਹ ਸ਼ਹਿਰ ਦੀ ਖਣਨ ਕੰਪਨੀ ਵਿਚ ਕੰਮ ਕਰ ਰਿਹਾ ਸੀ। ਇਸ ਤੋਂ ਪਹਿਲਾਂ ਤਿੰਨ ਭਾਰਤੀਆਂ ਨੂੰ 'ਇਸਲਾਮੋਫੋਬਿਕ' ਪੋਸਟਾਂ ਲਈ ਨੌਕਰੀ ਤੋਂ ਕੱਢਿਆਂ ਜਾਂ ਮੁਅੱਤਲ ਕੀਤਾ ਜਾ ਚੁਕਾ ਹੈ।

# ਮੋਦੀ ਦਾ ਸਭ ਤੋਂ ਵੱਡਾ ਪੈਕੇਜ ਵੀ ਜੁਮਲਾ ਨਿਕਲਿਆ

*(ਸਫਾ ਇਕ ਦੀ ਬਾਕੀ)*

ਲਈ ਇਕ ਪੈਸਾ ਵੀ ਨਹੀਂ ਰੱਖਿਆ ਗਿਆ।

ਆਰਥਕ ਮਾਹਰਾਂ ਦਾ ਕਹਿਣਾ ਹੈ ਕਿ ਪੈਕੇਜ ਵਿਚ ਰੁਜ਼ਗਾਰ ਪੈਦਾ ਕਰਨ ਤੇ ਮਜ਼ਦੂਰਾਂ ਤੇ ਗਰੀਬਾਂ ਦੀ ਜੇਬ ਵਿਚ ਫੌਰੀ ਪੈਸੇ ਪਾਉਣ ਦੀ ਲੋੜ ਸੀ। ਛੋਟੇ ਦੁਕਾਨਦਾਰਾਂ ਤੇ ਕਾਰੋਬਾਰੀਆਂ ਦਾ ਕੰਮ ਚਲਾਉਣ ਲਈ ਪੈਸੇ ਦੇਣ ਦੀ ਲੋੜ ਸੀ। ਦੋ ਮਹੀਨੇ ਬੰਦ ਰਹਿਣ ਕਾਰਨ ਉਨ੍ਹਾਂ ਦਾ ਲੱਕ ਟੁੱਟਿਆ ਪਿਆ ਹੈ। ਸਵਾਲ ਇਹ ਵੀ ਹੈ ਕਿ ਕਿਸਾਨਾਂ ਨੂੰ ਕਰਜ਼ਾ ਦੇਣ ਲਈ ਹਰ ਸਾਲ ਬਜਟ ਵਿਚ ਰਕਮ ਰੱਖੀ ਜਾਂਦੀ ਹੈ, ਪਰ ਕਿਸਾਨਾਂ ਨੇ ਕਦੀ ਵੀ ਏਨਾ ਕਰਜ਼ਾ ਨਹੀਂ ਲਿਆ। ਨਵੇਂ ਪੈਕੇਜ ਵਿਚ ਸਵਾ ਦੋ ਕਰੋੜ ਕਿਸਾਨਾਂ ਨੂੰ ਦੋ ਲੱਖ ਕਰੋੜ ਰੁਪਏ ਦੇ ਹੋਰ ਕਰਜ਼ੇ ਦਾ ਐਲਾਨ ਹੈਰਾਨ ਕਰ ਵਾਲਾ ਹੈ। ਅਸਲ ਵਿਚ ਇਹ ਪੈਕੇਜ ਅਗਲੇ-ਪਿਛਲੇ ਖਰਚੇ ਪਾ ਕੇ ਜਾਂ ਕਰਜ਼ਿਆਂ ਦੀ ਵਿਵਸਥਾ ਦਾ ਜਮ੍ਹਾਂ-ਘਟਾਓ ਕਰਕੇ ਬੁੱਤਾਂ ਸਾਰਨ ਵਾਲਾ ਹੈ। ਨਵੇਂ ਪੈਕੇਜਾਂ ਵਿਚ ਕਿਧਰੇ ਵੀ ਨਾ ਖਾਦਾਂ ਦੀਆਂ ਕੀਮਤਾਂ 'ਚ ਰਾਹਤ ਦੀ ਕੋਈ ਗੱਲ ਕੀਤੀ ਹੈ ਤੇ ਨਾ ਹੀ ਲੌਕਡਾਊਨ ਕਰਕੇ ਦੁੱਧ, ਮੁਰਗੀ ਪਾਲਣ, ਸਬਜ਼ੀਆਂ ਫੁੱਲ ਤੇ ਫਲਾਂ ਦੀ ਕਾਸ਼ਤ ਦੀ ਤਬਾਹੀ ਦੀ ਭਰਪਾਈ ਦੀ ਹੀ ਕੋਈ ਗੱਲ ਸਾਹਮਣੇ ਆਈ ਹੈ।

ਯਾਦ ਰਹੇ ਕਿ ਭਾਰਤ ਵਿਚ ਇਸ ਸਮੇਂ ਹਾਲਾਤ ਔਖੇ ਬਣੇ ਹੋਏ ਹਨ। ਲੱਖਾਂ ਦੀ ਗਿਣਤੀ ਵਿਚ ਪਰਵਾਸੀ ਮਜ਼ਦੂਰ ਆਪਣੇ ਘਰਾਂ ਵਲ ਹਿਜਰਤ ਕਰ ਰਹੇ ਹਨ। ਲੌਕਡਾਊਨ ਨੇ ਦੇਸ਼ ਦੇ ਅਰਥਚਾਰੇ ਦੀ ਸਥਿਤੀ ਨੂੰ ਹੋਰ ਡਾਵਾਂਡੋਲ ਕਰ ਦਿੱਤਾ ਹੈ। ਵਸਤਾਂ ਬਣਾਉਣ ਵਾਲੇ ਖੇਤਰ ਦਾ ਕੰਮ ਲਗਭਗ ਠੱਪ ਹੋ ਚੁੱਕਾ ਹੈ ਅਤੇ ਲੌਕਡਾਊਨ ਦੌਰਾਨ ਦਿੱਤੀਆਂ ਕੁਝ ਛੋਟਾਂ ਦੇ ਬਾਵਜੂਦ ਵੀ ਸਨਅਤਾਂ ਵਿਚ ਕੋਈ ਵੱਡੇ ਪੱਧਰ ਦੀ ਹਲਚਲ ਨਹੀਂ ਦਿਖਾਈ ਦਿੱਤੀ। ਕਰੋੜਾਂ ਲੋਕ ਬੇਰੁਜ਼ਗਾਰ ਹੋ ਗਏ ਹਨ ਅਤੇ ਵੱਖ-ਵੱਖ ਸੂਬਿਆਂ ਵਿਚ ਬੇਰੁਜ਼ਗਾਰੀ ਦੀ ਦਰ 20 ਤੋਂ 30 ਫੀਸਦੀ ਦੇ ਵਿਚਕਾਰ ਹੈ। ਇਸ ਔਖੇ ਵੇਲੇ ਵੀ ਪ੍ਰਧਾਨ ਮੰਤਰੀ ਆਪਣੀ ਆਦਤ ਮੁਤਾਬਕ ਜੁਮਲਿਆਂ ਨਾਲ ਬੁੱਤਾ ਸਾਰ ਰਹੇ ਹਨ। ਇਸ ਔਖੀ ਘੜੀ ਵਿਚ ਸੂਬੇ ਸਰਕਾਰਾਂ ਕੇਂਦਰੀ ਮਦਦ ਦੀ ਉਡੀਕ ਕਰ ਰਹੀਆਂ ਹਨ ਪਰ ਸੂਬਿਆਂ ਦੀ ਮਦਦ ਕਰਨ ਦੀ ਥਾਂ ਪਰਵਾਸੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਘਰਾਂ ਨੂੰ ਭੇਜਣ ਤੋਂ ਲੈ ਕੇ ਮਹਾਮਾਰੀ ਖਿਲਾਫ ਜੰਗ ਲਈ ਦਾ ਖਰਚਾ ਸੂਬਾ ਸਰਕਾਰਾਂ ਉਤੇ ਸੁੱਟਿਆ ਜਾ ਰਿਹਾ ਹੈ।

## ਚੀਨ ਨੇ ਦੋ ਖਰਬ ਡਾਲਰ ਦੀ ਮਦਦ ਐਲਾਨੀ

**ਪੇਈਚਿੰਗ:** ਚੀਨ ਦੇ ਰਾਸ਼ਟਰਪਤੀ ਸ਼ੀ ਚਿਨਪਿੰਗ ਨੇ ਕੋਵਿਡ-19 ਕਾਰਨ ਪ੍ਰਭਾਵਿਤ ਮੁਲਕਾਂ ਦੀ ਮਦਦ ਲਈ ਦੋ ਖਰਬ ਅਮਰੀਕੀ ਡਾਲਰ ਫੰਡ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ, "ਚੀਨ ਵਲੋਂ ਕੋਵਿਡ-19 ਨਾਲ ਨਜਿੱਠਣ ਲਈ ਅਗਲੇ ਦੋ ਸਾਲਾਂ ਦੌਰਾਨ ਪ੍ਰਭਾਵਿਤ ਮੁਲਕਾਂ, ਵਿਸ਼ੇਸ਼ ਤੌਰ ਉਤੇ ਵਿਕਾਸਸ਼ੀਲ ਦੇਸ਼ਾਂ, ਦੇ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਦੋ ਖਰਬ ਅਮਰੀਕੀ ਡਾਲਰ ਦੀ ਮੱਦਦ ਦਿੱਤੀ ਜਾਵੇਗੀ।" ਸ਼ੀ ਨੇ ਕਿਹਾ, "ਕੋਵਿਡ-19 'ਤੇ ਕਾਬੂ ਪਾਏ ਜਾਣ ਮਗਰੋਂ ਚੀਨ ਇਸ ਨਾਲ ਨਜਿੱਠਣ ਸਬੰਧੀ ਤਜਰਬੇ ਅਤੇ ਕਮੀਆਂ ਦਾ ਵਿਆਪਕ ਪੱਧਰ ਉਤੇ ਮੁਲਾਂਕਣ ਕੀਤੇ ਜਾਣ ਦੇ ਵਿਚਾਰ ਦਾ ਸਮਰਥਨ ਕਰਦਾ ਹੈ।"

## ਟਰੰਪ ਨੇ ਵਿਸ਼ਵ ਸਿਹਤ ਸੰਗਠਨ ਨੂੰ ਮੁੜ ਘੇਰਿਆ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਿਸ਼ਵ ਸਿਹਤ ਸੰਗਠਨ ਉਤੇ ਇਕ ਵਾਰ ਮੁੜ ਹਮਲਾ ਬੋਲਿਆ ਅਤੇ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਇਹ ਸੰਸਥਾ ਚੀਨ ਦੇ ਹੱਥ ਦੀ 'ਕਠਪੁਤਲੀ' ਹੈ। ਟਰੰਪ ਨੇ ਦਾਅਵਾ ਕੀਤਾ ਕਿ ਜੇ ਉਨ੍ਹਾਂ ਨੇ ਚੀਨ ਯਾਤਰਾ ਉਤੇ ਰੋਕ ਨਾ ਲਗਾਈ ਹੁੰਦੀ ਤਾਂ ਕਰੋਨਾ ਵਾਇਰਸ ਕਾਰਨ ਮੁਲਕ ਵਿਚ ਵੱਡੀ ਗਿਣਤੀ ਲੋਕਾਂ ਦੀ ਮੌਤ ਹੁੰਦੀ। ਉਨ੍ਹਾਂ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਜਨਵਰੀ ਦੇ ਅਖੀਰ ਵਿਚ ਚੀਨ ਯਾਤਰਾ ਉਤੇ ਰੋਕ ਲਾਏ ਜਾਣ ਦੇ ਖਿਲਾਫ ਸੀ।

ਉਨ੍ਹਾਂ ਇਸ ਦੇ ਨਾਲ ਹੀ ਕਿਹਾ ਕਿ ਉਹ ਕਰੋਨਾ ਤੋਂ ਬਚਣ ਲਈ ਡੇਢ ਹਫਤੇ ਤੋਂ ਮਲੇਰੀਆ ਦੀ ਦਵਾਈ (ਹਾਈਡਰੋਕਸੀਕਲੋਰੀਕੁਈਨ) ਲੈ ਰਹੇ ਹਨ।

## ਜੱਜ ਤੇ ਵਕੀਲ ਕੋਟ ਨਾ ਪਾਉਣ: ਜਸਟਿਸ ਬੋਬੜੇ

**ਨਵੀਂ ਦਿੱਲੀ:** ਚੀਫ ਜਸਟਿਸ ਐਸ.ਏ. ਬੋਬੜੇ ਨੇ ਕਿਹਾ ਕਿ ਫਿਲਹਾਲ ਜੱਜਾਂ ਅਤੇ ਵਕੀਲਾਂ ਨੂੰ ਕੋਟ ਅਤੇ ਗਾਊਨ ਨਹੀਂ ਪਾਉਣੇ ਚਾਹੀਦੇ ਕਿਉਂਕਿ ਇਹ ਕੱਪੜੇ ਵਾਇਰਸ ਦੇ ਸੌਖਾਲੇ ਫੈਲਾਅ 'ਚ ਮਦਦ ਕਰਦੇ ਹਨ। ਉਨ੍ਹਾਂ ਇਹ ਗੱਲ ਵੀਡੀਓ ਕਾਨਫਰੰਸਿੰਗ ਜ਼ਰੀਏ ਇਕ ਕੇਸ ਦੀ ਚੱਲ ਰਹੀ ਸੁਣਵਾਈ ਦੌਰਾਨ ਆਖੀ। ਉਨ੍ਹਾਂ ਇਹ ਵੀ ਕਿਹਾ ਕਿ ਵਾਇਰਸ ਦੇ ਮੱਦੇਨਜ਼ਰ ਸਿਖਰਲੀ ਅਦਾਲਤ ਵਲੋਂ ਵਕੀਲਾਂ ਅਤੇ ਜੱਜਾਂ ਦੇ ਡਰੈੱਸ ਕੋਡ ਬਾਰੇ ਜਲਦੀ ਹੀ ਨਿਰਦੇਸ਼ ਦਿੱਤੇ ਜਾਣਗੇ।

## ਪਾਕਿਸਤਾਨ ਦੀ ਪਹਿਲੀ ਸਿੱਖ ਪੱਤਰਕਾਰ ਨੂੰ ਯੂ. ਕੇ. 'ਚ ਐਵਾਰਡ

**ਇਸਲਾਮਾਬਾਦ:** ਪਾਕਿਸਤਾਨ ਦੀ ਪਹਿਲੀ ਸਿੱਖ ਮਹਿਲਾ ਪੱਤਰਕਾਰ ਮਨਮੀਤ ਕੌਰ ਨੂੰ ਯੂ.ਕੇ. ਦੇ ਇਕ ਵੱਕਾਰੀ ਸਨਮਾਨ ਲਈ ਨਾਮਜ਼ਦ ਕੀਤਾ ਗਿਆ ਹੈ। ਯੂ.ਕੇ. ਆਧਾਰਿਤ 'ਦੀ ਸਿੱਖ ਗਰੁੱਪ' ਨੇ ਮਨਮੀਤ ਕੌਰ (25) ਨੂੰ ਤੀਹ ਸਾਲ ਤੋਂ ਹੇਠਾਂ ਦੀਆਂ 100 ਸਭ ਤੋਂ ਵੱਧ ਪ੍ਰਭਾਵਸ਼ਾਲੀ ਸਿੱਖ ਸ਼ਖਸੀਅਤਾਂ 'ਚ ਥਾਂ ਦਿੱਤੀ ਹੈ।

ਯੂ.ਕੇ. ਦਾ ਇਹ ਗਰੁੱਪ ਆਲਮੀ ਪੱਧਰ ਦਾ ਸੰਗਠਨ ਹੈ ਜੋ ਦੁਨੀਆ ਭਰ 'ਚੋਂ ਭਾਈਚਾਰੇ ਨਾਲ ਸਬੰਧਤ ਸ਼ਖਸੀਅਤਾਂ ਦਾ ਸਨਮਾਨ ਕਰਦਾ ਹੈ, ਜੋ ਵੱਖ-ਵੱਖ ਢੰਗ ਨਾਲ ਲੋਕਾਂ ਦੀ ਸੇਵਾ ਕਰ ਰਹੇ ਹਨ। ਪਿਸ਼ਾਵਰ ਦੀ ਰਹਿਣ ਵਾਲੀ ਮਨਮੀਤ ਸਮਾਜਕ ਕਾਰਕੁਨ ਵੀ ਹੈ। ਘੱਟ ਗਿਣਤੀਆਂ ਤੇ ਔਰਤਾਂ ਨਾਲ ਜੁੜੇ ਕਈ ਮੁੱਦੇ ਚੁੱਕਣ ਲਈ ਉਸ ਦਾ ਸਥਾਨਕ ਪੱਧਰ 'ਤੇ ਕਈ ਵਾਰ ਸਨਮਾਨ ਹੋ ਚੁਕਾ ਹੈ। ਬਰਤਾਨੀਆ ਵਿਚ ਅਗਲੇ ਵਰ੍ਹੇ ਵਿਸ਼ੇਸ਼ ਸਮਾਗਮ ਦੌਰਾਨ ਉਸ ਦਾ ਸਨਮਾਨ ਕੀਤਾ ਜਾਵੇਗਾ। ਮਨਮੀਤ ਨੇ ਕਿਹਾ ਕਿ ਜੋ ਮਿਹਨਤ ਕਰਦਾ ਹੈ, ਉਸ ਨੂੰ ਫਲ ਮਿਲਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਔਖੇ ਵੇਲੇ ਅੰਨਦਾਤੇ ਨੇ ਵਧਾਇਆ ਭਾਰਤ ਦਾ ਹੌਸਲਾ

## ਰਿਕਾਰਡ ਅਨਾਜ ਉਤਪਾਦਨ ਹੋਣ ਦਾ ਅਨੁਮਾਨ

**ਨਵੀਂ ਦਿੱਲੀ:** ਕੋਰੋਨਾ ਵਾਇਰਸ ਨੇ ਪੂਰੀ ਦੁਨੀਆਂ ਵਿਚ ਤਬਾਹੀ ਮਚਾਈ ਹੋਈ ਹੈ। ਵਾਇਰਸ ਤੋਂ ਬਚਾਅ ਲਈ ਲਾਗੂ ਕੀਤੀ ਤਾਲਾਬੰਦੀ ਨੇ ਵੱਡੇ-ਵੱਡੇ ਮੁਲਕਾਂ ਦੀ ਅਰਥਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕਈ ਮੁਲਕਾਂ ਵਿਚ ਭੁੱਖਮਰੀ ਵਾਲੇ ਹਾਲਾਤ ਬਣਦੇ ਜਾ ਰਹੇ ਹਨ, ਪਰ ਇਸ ਔਖੀ ਘੜੀ ਵਿਚ ਅੰਨਦਾਤਾ (ਕਿਸਾਨਾਂ) ਨੇ ਭਾਰਤ ਨੂੰ ਬੇਫਿਕਰ ਕਰ ਦਿੱਤਾ ਹੈ।

ਭਾਰਤ 'ਚ ਇਸ ਸਾਲ ਅਨਾਜ ਦਾ ਉਤਪਾਦਨ ਰਿਕਾਰਡ ਕਰੀਬ 29.57 ਕਰੋੜ ਟਨ ਹੋਣ ਦੀ ਉਮੀਦ ਹੈ। ਕੇਂਦਰੀ ਖੇਤੀ ਤੇ ਕਿਸਾਨ ਭਲਾਈ ਮੰਤਰਾਲੇ ਵੱਲੋਂ ਜਾਰੀ ਫਸਲ ਸਾਲ 2019-20 ਦੇ ਤੀਜੇ ਅਗੇਤੇ ਉਤਪਾਦਨ ਅਨੁਮਾਨ ਦੇ ਅਨੁਸਾਰ ਦੇਸ਼ 'ਚ ਇਸ ਸਾਲ ਅਨਾਜਾਂ ਦਾ ਉਤਪਾਦਨ 29.57 ਕਰੋੜ ਟਨ ਤੋਂ ਜ਼ਿਆਦਾ ਹੋ ਸਕਦਾ ਹੈ, ਜੋ ਕਿ ਪਿਛਲੇ ਸਾਲ ਦੇ ਉਤਪਾਦਨ 28.52 ਕਰੋੜ ਟਨ ਤੋਂ 104.6 ਲੱਖ ਟਨ ਜ਼ਿਆਦਾ ਹੈ। ਬੀਤੇ ਪੰਜ ਸਾਲ ਦੇ ਅਨਾਜ ਉਤਪਾਦਨ ਦੀ ਔਸਤ ਨਾਲ ਤੁਲਨਾ ਕਰੀਏ ਤਾਂ ਇਸ ਔਸਤ ਤੋਂ 2019-20 ਵਿਚ ਅਨਾਜ ਦਾ ਉਤਪਾਦਨ 258.9 ਲੱਖ ਟਨ ਜ਼ਿਆਦਾ ਹੈ। ਭਾਰਤ ਦੀ ਸਭ ਤੋਂ ਵੱਧ ਪ੍ਰਮੁੱਖ ਅਨਾਜ ਦੀ ਫਸਲ



ਚੌਲ ਦਾ ਉਤਪਾਦਨ 2019-20 'ਚ 11.79 ਕਰੋੜ ਟਨ ਹੋਣ ਦਾ ਅਨੁਮਾਨ ਹੈ। ਕਣਕ ਦਾ ਉਤਪਾਦਨ ਇਸ ਸਾਲ ਕਰੀਬ 10.72 ਕਰੋੜ ਟਨ ਹੋਣ ਦਾ ਅਨੁਮਾਨ ਹੈ, ਜੋ ਕਿ ਪਿਛਲੇ ਸਾਲ ਤੋਂ 358 ਲੱਖ ਟਨ ਜ਼ਿਆਦਾ ਹੈ। ਉਥੇ ਹੀ ਕਣਕ ਦੇ ਪਿਛਲੇ ਪੰਜ ਸਾਲ ਦੇ ਔਸਤ 961.6 ਲੱਖ ਟਨ ਦੇ ਮੁਕਾਬਲੇ ਇਸ ਸਾਲ ਉਤਪਾਦਨ ਵਿਚ 110.2 ਲੱਖ ਟਨ ਵਾਧੇ ਦਾ ਅਨੁਮਾਨ ਹੈ। ਮੋਟੇ ਅਨਾਜਾਂ ਦਾ ਉਤਪਾਦਨ ਵੀ ਇਸ ਸਾਲ ਰਿਕਾਰਡ 475.4 ਲੱਖ ਟਨ ਹੋਣ ਦਾ ਅਨੁਮਾਨ ਹੈ। ਦਾਲਾਂ ਦਾ ਉਤਪਾਦਨ 2019-20 ਵਿਚ 230.10 ਲੱਖ ਟਨ ਹੋਣ ਦਾ ਅਨੁਮਾਨ ਹੈ, ਜੋ ਕਿ ਪਿਛਲੇ ਸਾਲ ਦੇ ਔਸਤ 208.2 ਲੱਖ ਟਨ ਤੋਂ 21.9 ਲੱਖ ਟਨ ਜ਼ਿਆਦਾ ਹੈ। ਦਾਲਾਂ 'ਚ ਇਸ ਸਾਲ ਛੋਲਿਆਂ ਦਾ ਉਤਪਾਦਨ 109 ਲੱਖ ਟਨ ਹੋਣ ਦਾ ਅਨੁਮਾਨ ਹੈ। ਗੰਨੇ ਦਾ ਉਤਪਾਦਨ 2019-20 ਵਿਚ 35.81 ਕਰੋੜ ਟਨ ਅਤੇ ਕਪਾਹ ਦਾ ਉਤਪਾਦਨ ਇਸ ਸਾਲ 360.5 ਲੱਖ ਗੱਠਾਂ ਹੋਣ ਦਾ ਅਨੁਮਾਨ ਹੈ।

ਦੱਸ ਦਈਏ ਕਿ ਭਾਰਤ ਵਿਚ ਇਸ ਸਮੇਂ ਹਾਲਾਤ ਔਖੇ ਬਣੇ ਹੋਏ ਹਨ। ਇਸ ਸਮੇਂ ਜਦੋਂ ਦੇਸ਼ ਬੇਹੱਦ ਸੰਕਟ ਭਰੀ ਸਥਿਤੀ 'ਚੋਂ ਗੁਜ਼ਰ ਰਿਹਾ ਹੈ ਤਾਂ ਲੱਖਾਂ ਦੀ ਗਿਣਤੀ ਵਿਚ ਪਰਵਾਸੀ ਮਜ਼ਦੂਰਾਂ ਦੀ ਆਪਣੇ ਘਰਾਂ ਵੱਲ ਹੋ ਰਹੀ ਹਿਜਰਤ ਦਿਲ ਦਹਿਲਾਉਣ ਵਾਲੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਜਾਰੀ ਕੀਤੇ 20 ਲੱਖ ਕਰੋੜ ਦੇ ਰਾਹਤ ਪੈਕੇਜ ਦਾ ਵਿਸਥਾਰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਵੱਖ-ਵੱਖ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਲੜੀਵਾਰ ਦਿੱਤੇ ਜਾ ਰਹੇ ਵਿਸਥਾਰ ਵਿਚ ਪਹਿਲੇ ਦਿਨ ਉਨ੍ਹਾਂ ਨੇ ਆਪਣਾ ਵਧੇਰੇ ਧਿਆਨ ਛੋਟੇ ਉਦਯੋਗਾਂ ਅਤੇ ਆਮਦਨ ਟੈਕਸ ਭਰਨ ਵਾਲਿਆਂ ਵੱਲ ਦਿੱਤਾ। ਆਪਣੇ ਲੜੀਵਾਰ ਦੂਸਰੇ ਵਿਸਥਾਰ ਵਿਚ ਉਨ੍ਹਾਂ ਪਰਵਾਸੀ ਮਜ਼ਦੂਰਾਂ, ਰੇਹੜੀ ਫੜ੍ਹੀ ਵਾਲਿਆਂ, ਛੋਟੇ ਕਿਸਾਨਾਂ ਅਤੇ ਮੱਧ ਵਰਗ ਦੇ ਲੋਕਾਂ ਬਾਰੇ ਸਬੰਧਤ ਯੋਜਨਾਵਾਂ ਦਾ ਐਲਾਨ ਕੀਤਾ ਸੀ ਅਤੇ ਤੀਸਰੀ ਕਿਸ਼ਤ ਵਿਚ ਖੇਤੀ ਖੇਤਰ ਨੂੰ ਮਜ਼ਬੂਤ ਕਰਨ ਲਈ ਇਕ ਲੱਖ ਕਰੋੜ ਰੁਪਏ ਦੀ ਮਦਦ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਕਿਸਾਨਾਂ ਦੀ ਪ੍ਰਸ਼ੰਸਾ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਤਾਲਾਬੰਦੀ ਦੌਰਾਨ ਕਿਸਾਨਾਂ ਨੇ ਆਪਣਾ ਕੰਮ ਜਾਰੀ ਰੱਖਿਆ। ਅਨਾਜ ਦੀ ਇੰਨੀ ਪੈਦਾਵਾਰ ਸਰਕਾਰ ਲਈ ਹੌਸਲੇ ਵਾਲੀ ਹੈ।

## ਵਿਸ਼ਵ ਬੈਂਕ ਵਲੋਂ ਭਾਰਤ ਨੂੰ ਇਕ ਅਰਬ ਡਾਲਰ ਕਰਜ਼ਾ

**ਨਵੀਂ ਦਿੱਲੀ:** ਵਿਸ਼ਵ ਬੈਂਕ ਵਲੋਂ ਕੋਵਿਡ-19 ਮਹਾਮਾਰੀ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਭਾਰਤ ਦੇ ਗਰੀਬ ਅਤੇ ਕਮਜ਼ੋਰ ਵਰਗਾਂ ਨੂੰ ਸਮਾਜਿਕ ਮਦਦ ਦੇਣ ਲਈ ਇਕ ਅਰਬ ਅਮਰੀਕੀ ਡਾਲਰ ਦਾ ਕਰਜ਼ਾ ਦੇਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਨਾਲ ਵਿਸ਼ਵ ਬੈਂਕ ਵਲੋਂ ਕੋਵਿਡ-19 ਦੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਭਾਰਤ ਨੂੰ ਹੁਣ ਤੱਕ ਦਿੱਤੀ ਗਈ ਮਦਦ ਵਧ ਕੇ ਕੁੱਲ ਦੋ ਅਰਬ ਅਮਰੀਕੀ ਡਾਲਰ ਹੋ ਗਈ ਹੈ। ਪਿਛਲੇ ਮਹੀਨੇ ਭਾਰਤ ਦੇ ਸਿਹਤ ਸੈਕਟਰ ਨੂੰ ਤੁਰਤ ਮਦਦ ਦੇਣ ਲਈ ਇਕ ਅਰਬ ਅਮਰੀਕੀ ਡਾਲਰ ਦੀ ਮਦਦ ਦਾ ਐਲਾਨ ਕੀਤਾ ਗਿਆ ਸੀ।

ਭਾਰਤ ਵਿਚ ਵਿਸ਼ਵ ਬੈਂਕ ਦੇ ਕੰਟਰੀ ਡਾਇਰੈਕਟਰ ਜੁਨੈਦ ਅਹਿਮਦ ਨੇ ਦੱਸਿਆ ਕਿ ਦੇਸ਼ ਦੇ ਲਘੂ, ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ ਮਦਦ ਦੇਣ ਬਾਰੇ ਸਰਕਾਰ ਨਾਲ ਚਰਚਾ ਕੀਤੀ ਜਾ ਰਹੀ ਹੈ। ਇਸ ਇਕ ਅਰਬ ਦੀ ਮਦਦ ਵਿਚੋਂ 550 ਅਮਰੀਕੀ ਡਾਲਰ ਵਿਸ਼ਵ ਬੈਂਕ ਦੇ ਕੌਮਾਂਤਰੀ ਵਿਕਾਸ ਸੰਗਠਨ (ਆਈ.ਡੀ.ਏ.) ਵਲੋਂ ਦਿੱਤੇ ਜਾਣਗੇ, 250 ਮਿਲੀਅਨ ਅਮਰੀਕੀ ਡਾਲਰ ਪੁਨਰ-ਨਿਰਮਾਣ ਅਤੇ ਵਿਕਾਸ ਲਈ ਕੌਮਾਂਤਰੀ ਬੈਂਕ (ਆਈ.ਬੀ.ਆਰ.ਡੀ.) ਵਲੋਂ ਕਰਜ਼ੇ ਦੇ ਤੌਰ ਉਤੇ ਦਿੱਤੇ ਜਾਣਗੇ। ਬਾਕੀ ਬਚੇ 250 ਮਿਲੀਅਨ ਡਾਲਰ 30 ਜੂਨ, 2020 ਤੋਂ ਬਾਅਦ ਉਪਲਬਧ ਕਰਵਾਏ ਜਾਣਗੇ। ਇਹ ਪ੍ਰੋਗਰਾਮ ਕੇਂਦਰੀ ਵਿੱਤ ਮੰਤਰਾਲੇ ਵਲੋਂ ਲਾਗੂ ਕੀਤਾ ਜਾਵੇਗਾ।

# ਕਰੋਨਾ: ਭਾਰਤੀ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣਾ ਮੰਦਭਾਗਾ ਕਰਾਰ

**ਵਾਸ਼ਿੰਗਟਨ:** ਅਮਰੀਕਾ ਦੇ ਉਚ ਡਿਪਲੋਮੈਟ ਨੇ ਕੋਵਿਡ -19 ਸਬੰਧੀ ਭਾਰਤ ਵਿਚ ਮੁਸਲਿਮ ਭਾਈਚਾਰੇ ਖਿਲਾਫ"ਬਿਆਨਬਾਜ਼ੀ ਅਤੇ ਉਨ੍ਹਾਂ 'ਤੇ ਅਤਿਆਚਾਰ" ਨਾਲ ਸਬੰਧਤ ਘਟਨਾਵਾਂ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਇਹ ਘਟਨਾਵਾਂ ਸੋਸ਼ਲ ਮੀਡੀਆ ਉਤੇ ਗਲਤ ਜਾਣਕਾਰੀ ਕਾਰਨ ਵਧੀਆਂ ਹਨ। ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਲਈ ਅਮਰੀਕਾ ਦੇ ਵਿਸ਼ੇਸ਼ ਦੂਤ ਸੈਮ ਬ੍ਰਾਊਨਬੈਕ ਵਿਸ਼ਵ ਭਰ ਦੇ ਘੱਟਗਿਣਤੀ ਭਾਈਚਾਰਿਆਂ ਉਤੇ ਕੋਵਿਡ -19 ਦੇ ਪ੍ਰਭਾਵ ਬਾਰੇ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਸਮੇਂ ਦੌਰਾਨ ਉਨ੍ਹਾਂ ਕਿਹਾ, "ਅਸੀਂ ਕੋਵਿਡ-19 ਸਬੰਧੀ ਭਾਰਤ ਵਿਚ ਵਿਸ਼ੇਸ਼ ਤੌਰ ਉਤੇ ਮੁਸਲਿਮ ਭਾਈਚਾਰੇ ਵਿਰੁੱਧ ਬਿਆਨਬਾਜ਼ੀ ਅਤੇ ਉਨ੍ਹਾਂ 'ਤੇ ਅਤਿਆਚਾਰ ਬਾਰੇ ਖਬਰਾਂ ਵੇਖੀਆਂ ਹਨ।"ਇਹ ਘਟਨਾਵਾਂ ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਅਤੇ ਫਰਜ਼ੀ ਖਬਰਾਂ ਸਾਂਝੀਆਂ ਕਰਨ ਕਾਰਨ ਵਧੀਆਂ ਹਨ। ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਹਨ ਜਦੋਂ ਮੁਸਲਮਾਨਾਂ ਉਤੇ ਕੋਰੋਨਾ ਵਾਇਰਸ ਫੈਲਾਉਣ ਦਾ ਦੋਸ਼ ਲਗਾਇਆ ਗਿਆ ਹੈ।

# ਆਮਦਨ ਕਰ ਰਿਟਰਨ ਦੀ ਤਰੀਕ ਵਧਾਈ

**ਨਵੀਂ ਦਿੱਲੀ:** ਸਰਕਾਰ ਨੇ ਕਰਦਾਤਿਆਂ ਨੂੰ ਰਾਹਤ ਦਿੰਦਿਆਂ ਵਿੱਤੀ ਵਰ੍ਹੇ 2019-20 ਲਈ ਸਾਰੀਆਂ ਆਮਦਨ ਕਰ ਰਿਟਰਨਾਂ ਭਰਨ ਦੀ ਆਖਰੀ ਮਿਤੀ ਵਿਚ 30 ਨਵੰਬਰ, 2020 ਤੱਕ ਦਾ ਵਾਧਾ ਕੀਤਾ ਹੈ। ਕੋਰੋਨਾ ਵਾਇਰਸ ਕਾਰਨ ਸੰਕਟ ਵਿਚ ਘਿਰੇ ਅਰਥਚਾਰੇ ਲਈ ਰਾਹਤ ਕਦਮਾਂ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਇਹ ਵੀ ਦੱਸਿਆ ਕਿ ਨਾਗਰਿਕਾਂ ਨੂੰ ਤਨਖਾਹਾਂ ਦੇਣ ਸਬੰਧੀ ਅਦਾਇਗੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਅਦਾਇਗੀਆਂ ਉਤੇ ਟੀ.ਡੀ.ਐਸ/ਟੀ.ਸੀ.ਐਸ. ਰੇਟ 25 ਫੀਸਦ ਘਟਾਏ ਗਏ ਹਨ। ਸੀਤਾਰਾਮਨ ਨੇ ਕਿਹਾ ਕਿ 31 ਮਾਰਚ, 2021 ਤੱਕ ਟੀ.ਡੀ.ਐਸ/ਟੀ.ਸੀ.ਐਸ. ਦੇ ਮੌਜੂਦਾ ਰੇਟਾਂ ਨੂੰ 25 ਫੀਸਦੀ ਘਟਾਇਆ ਗਿਆ ਹੈ। ਇਹ ਹਰ ਤਰ੍ਹਾਂ ਦੀਆਂ ਅਦਾਇਗੀਆਂ ਜਿਨ੍ਹਾਂ ਵਿਚ ਠੇਕੇ, ਵਿਆਜ, ਕਿਰਾਏ, ਕਮਿਸ਼ਨ ਜਾਂ ਦਲਾਲੀ ਆਦਿ ਸ਼ਾਮਲ ਹਨ ਉਤੇ ਲਾਗੂ ਹੋਵੇਗਾ। ਇਸ ਨਾਲ ਕਰੀਬ 50,000 ਕਰੋੜ ਰੁਪਇਆ ਲੋਕਾਂ ਦੇ ਹੱਥਾਂ ਵਿਚ ਜਾਵੇਗਾ, ਜੋ ਕਿ ਪਹਿਲਾਂ ਟੀ.ਡੀ.ਐਸ. ਵਜੋਂ ਅਦਾ ਕੀਤਾ ਜਾਣਾ ਸੀ।

# ਕੋਵਿਡ-19 ਦਾ ਖਤਮ ਹੋਣਾ ਔਖਾ: ਡਬਲਿਊ.ਐਚ.ਓ.



**ਜਨੇਵਾ:** ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਦੱਸਣਾ ਬਹੁਤ ਮੁਸ਼ਕਲ ਹੈ ਕਿ ਕੋਵਿਡ-19 ਮਹਾਮਾਰੀ ਕਦੋਂ ਖਤਮ ਹੋਵੇਗੀ, ਪਰ ਸਾਰੇ ਮੁਲਕਾਂ ਨੂੰ ਸਕਾਰਾਤਮਕ ਰਹਿ ਕੇ ਅਤੇ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਵਾਇਰਸ ਦਾ ਹੋਰ ਫੈਲਾਅ ਰੋਕਿਆ ਜਾ ਸਕੇ। ਡਬਲਿਊ.ਐਚ.ਓ. ਹੈਲਥ ਐਮਰਜੈਂਸੀਜ਼ ਪ੍ਰੋਗਰਾਮ ਦੇ ਐਗਜ਼ੈਕਟਿਵ ਡਾਇਰੈਕਟਰ ਮਾਈਕਲ ਰਿਆਨ ਨੇ ਕਿਹਾ, "ਮਨੁੱਖੀ ਵਸੋਂ ਵਿਚ ਇਕ ਨਵਾਂ ਵਾਇਰਸ ਪਹਿਲੀ ਵਾਰ ਦਾਖਲ ਹੋਇਆ ਹੈ ਅਤੇ ਇਸ ਕਰਕੇ ਇਹ ਦੱਸਣਾ ਬਹੁਤ ਕਠਿਨ ਹੈ ਕਿ ਅਸੀਂ ਕਦੋਂ ਇਸ ਨੂੰ ਹਰਾਵਾਂਗੇ।" ਉਨ੍ਹਾਂ ਕਿਹਾ, "ਮੈਨੂੰ ਲੱਗਦਾ ਹੈ ਕਿ ਇਹ ਦੱਸਣਾ ਬਹੁਤ ਜ਼ਰੂਰੀ ਹੈ ਕਿ ਵਾਇਰਸ ਪੱਕੇ ਤੌਰ ਉਤੇ ਵੀ ਸਾਡੇ ਭਾਈਚਾਰਿਆਂ ਵਿਚ ਰਹਿ ਸਕਦਾ ਹੈ ਅਤੇ ਇਹ ਵੀ ਸੰਭਵ ਹੈ ਕਿ ਇਹ ਕਦੇ ਵੀ ਖਤਮ ਨਾ ਹੋਵੇ।" ਉਨ੍ਹਾਂ ਕਿਹਾ, "ਇਹ ਜ਼ਰੂਰੀ ਹੈ ਕਿ ਅਸੀਂ ਹਕੀਕੀ ਹੋਈਏ ਅਤੇ ਮੈਨੂੰ ਨਹੀਂ ਲੱਗਦਾ ਕਿ ਕੋਈ ਵੀ ਇਸ ਬਿਮਾਰੀ ਦੇ ਖਤਮ ਹੋਣ ਬਾਰੇ ਭਵਿੱਖਬਾਣੀ ਕਰ ਸਕਦਾ ਹੈ।

## ਵੈਕਸੀਨ ਲਈ ਬਾਂਦਰਾਂ 'ਤੇ ਪ੍ਰੀਖਣ

**ਲੰਡਨ:** ਆਕਸਫੋਰਡ ਯੂਨੀਵਰਸਿਟੀ ਵੱਲੋਂ ਬਾਂਦਰਾਂ 'ਤੇ ਕੀਤੇ ਪ੍ਰੀਖਣਾਂ ਨਾਲ ਵੈਕਸੀਨ ਛੇਤੀ ਤਿਆਰ ਹੋਣ ਦੀ ਕੁਝ ਆਸ ਬੱਝਦੀ ਨਜ਼ਰ ਆ ਰਹੀ ਹੈ। ਪ੍ਰੀਖਣਾਂ 'ਚ ਸ਼ਾਮਲ ਖੋਜੀਆਂ ਨੇ ਕਿਹਾ ਕਿ ਵੈਕਸੀਨ ਨਾਲ ਬਾਂਦਰਾਂ ਦੇ ਇਮਿਊਨ ਸਿਸਟਮ ਉਤੇ ਅਸਰ ਪਿਆ ਅਤੇ ਵਾਇਰਸ ਨੂੰ ਖਤਮ ਕਰਨ 'ਚ ਇਹ ਸਹਾਈ ਰਹੀ ਹੈ। ਵੈਕਸੀਨ ਦੇ ਮਾੜੇ ਅਸਰ ਦਾ ਕੋਈ ਸੰਕੇਤ ਵੀ ਨਜ਼ਰ ਨਹੀਂ ਆਇਆ। ਫੇਫੜਿਆਂ ਨੂੰ ਨੁਕਸਾਨ ਪਹੁੰਚਣ ਤੋਂ ਰੋਕਣ 'ਚ ਵੀ ਵੈਕਸੀਨ ਅਸਰਦਾਰ ਰਹੀ।

# ਪ੍ਰਾਈਵੇਟ ਸੈਕਟਰ ਮੁਲਾਜ਼ਮਾਂ ਦੀ ਛਾਂਟੀ ਤੇ ਤਨਖਾਹਾਂ 'ਚ ਕਟੌਤੀ ਲਈ ਕਾਹਲੇ

**ਨਵੀਂ ਦਿੱਲੀ:** ਭਾਰਤ ਵਿਚ ਸੰਗਠਿਤ ਪ੍ਰਾਈਵੇਟ ਸੈਕਟਰ ਆਰਥਿਕ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕੋਰੋਨਾ ਵਾਇਰਸ ਮਹਾਮਾਰੀ ਅਤੇ ਤਾਲਾਬੰਦੀ ਕਾਰਨ ਨੌਕਰੀਆਂ ਵਿਚ ਕਟੌਤੀ/ ਛਾਂਟਣ ਦੀ ਯੋਜਨਾ ਬਣਾ ਰਿਹਾ ਹੈ। ਮਾਈਹਾਇਰਿੰਗਕਲੱਬ.ਕਾਮ ਅਤੇ ਸਰਕਾਰੀ-ਨੌਕਰੀ.ਕਾਮ ਲੇਔਫ ਸਰਵੇਖਣ 2020 ਦੇ ਤਾਜ਼ਾ ਨਤੀਜਿਆਂ ਅਨੁਸਾਰ 68 ਪ੍ਰਤੀਸ਼ਤ ਮਾਲਕਾਂ ਨੇ ਜਾਂ ਤਾਂ ਛਾਂਟਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਜਾਂ ਯੋਜਨਾ ਬਣਾ ਰਹੇ ਹਨ।

ਆਨਲਾਈਨ ਸਰਵੇਖਣ ਵਿਚ 25 ਵੱਡੇ ਸ਼ਹਿਰਾਂ ਵਿਚ 11 ਉਦਯੋਗ ਸੈਕਟਰਾਂ ਦੀਆਂ 1,124 ਕੰਪਨੀਆਂ ਸ਼ਾਮਲ ਹਨ। ਇਹ ਸਰਵੇਖਣ 1 ਮਈ ਤੋਂ 10 ਮਈ 2020 ਦਰਮਿਆਨ ਕੀਤਾ ਗਿਆ। ਸਰਵੇਖਣ ਕੀਤੇ ਗਏ ਸੰਗਠਨਾਂ ਵਿਚੋਂ 73 ਪ੍ਰਤੀਸ਼ਤ ਨੇ ਕਿਹਾ ਕਿ ਉਨ੍ਹਾਂ ਦੀ ਕਰਮਚਾਰੀਆਂ ਦੀ ਤਨਖਾਹ ਘਟਾਉਣ ਦੀ ਯੋਜਨਾ ਹੈ। 57 ਫੀਸਦੀ ਨੇ ਕਿਹਾ ਕਿ ਇਹ ਛਾਂਟੀ ਅਸਥਾਈ ਹੈ, ਜਦੋਂ ਕਿ 21 ਫੀਸਦੀ ਨੇ ਕਿਹਾ ਹੈ ਕਿ ਉਹ ਪੱਕੇ ਤੌਰ ਉਤੇ 2 ਸਾਲਾਂ ਲਈ ਛਾਂਟੀ ਕਰ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ 32 ਪ੍ਰਤੀਸ਼ਤ ਮਾਲਕਾਂ ਕੋਲ ਨੌਕਰੀ ਵਿਚ ਕਟੌਤੀ / ਛਾਂਟੀ ਦੀਆਂ ਯੋਜਨਾਵਾਂ ਨਹੀਂ ਸਨ। ਕੰਪਨੀਆਂ ਉਨ੍ਹਾਂ ਕਰਮਚਾਰੀਆਂ ਦੀਆਂ ਤਨਖਾਹਾਂ ਵਿਚ ਵੀ



ਕਟੌਤੀ ਕਰ ਰਹੀਆਂ ਹਨ, ਜਿਨ੍ਹਾਂ ਨੂੰ ਉਹ ਰੱਖਣਾ ਚਾਹੁੰਦੀਆਂ ਹਨ। ਮਾਈਹਾਇਰਿੰਗ ਕਲੱਬ. ਕਾਮ ਅਤੇ ਸਰਕਾਰੀ-ਨੌਕਰੀ.ਇਨਫੋ ਦੇ ਮੁੱਖ ਕਾਰਜਕਾਰੀ ਅਧਿਕਾਰੀ ਰਾਜੇਸ਼ ਕੁਮਾਰ ਨੇ ਕਿਹਾ ਕਿ ਹਾਲਾਤ ਗੰਭੀਰ ਹਨ ਤੇ ਇਸ ਵਿਚੋਂ ਉਭਰਨ ਵਿਚ ਸਮਾਂ ਲੱਗੇਗਾ। ਸਰਵੇਖਣ ਵਿਚ ਕਿਹਾ ਗਿਆ ਹੈ ਕਿ ਪ੍ਰਚੂਨ ਅਤੇ ਐਫ.ਐਮ.ਸੀ.ਜੀ. ਸੈਕਟਰ ਵਿਚ ਛਾਂਟਣ ਦੀ ਪ੍ਰਤੀਸ਼ਤਤਾ ਸਭ ਤੋਂ ਵੱਧ ਹੈ, 49 ਪ੍ਰਤੀਸ਼ਤ। ਇਸ ਤੋਂ ਬਾਅਦ ਪਰਾਹੁਣਚਾਰੀ/ਹਵਾਬਾਜ਼ੀ / ਯਾਤਰਾ (48 ਪ੍ਰਤੀ), ਆਟੋਮੋਬਾਈਲ / ਮੈਨੂਫੈਕਚਰਿੰਗ ਅਤੇ ਇੰਜੀਨੀਅਰਿੰਗ (41 ਪ੍ਰਤੀਸ਼ਤ), ਰੀਅਲ ਅਸਟੇਟ (39 ਫੀਸਦ) ਤੇ ਪਾਵਰ ਸੈਕਟਰ ਵਿਚ (38 ਫੀਸਦ) ਹੈ। ਸਰਵੇਖਣ ਦੇ ਅਨੁਸਾਰ, 6-10 ਸਾਲਾਂ ਦੇ ਤਜਰਬੇ ਵਾਲੇ ਕਰਮਚਾਰੀਆਂ ਦੀ ਸਭ ਤੋਂ ਵੱਧ 31 ਫੀਸਦ ਛਾਂਟੀ ਹੋਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ 11-15 ਸਾਲਾਂ (30 ਪ੍ਰਤੀਸ਼ਤ) ਦੇ ਵਿਚਕਾਰ ਤਜ਼ਰਬੇ ਵਾਲੇ ਤੇ 15 ਸਾਲਾਂ ਤੋਂ ਵੱਧ ਤਜਰਬੇ ਵਾਲੇ ਕਰਮਚਾਰੀਆਂ ਦੀ ਛਾਂਟੀ ਸੰਭਾਵਨਾ 21 ਪ੍ਰਤੀਸ਼ਤ ਹੈ।

## ਲੌਕਡਾਊਨ ਪਿਛੋਂ ਮੁਲਾਜ਼ਮ ਘਰੋਂ ਕਰ ਸਕਦੇ ਹਨ ਕੰਮ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੇ ਕਰਮਚਾਰੀਆਂ ਨੂੰ ਲੌਕਡਾਊਨ ਖਤਮ ਹੋਣ ਤੋਂ ਬਾਅਦ ਵੀ ਘਰ ਤੋਂ ਕੰਮ ਕਰਨਾ ਪੈ ਸਕਦਾ ਹੈ। ਪ੍ਰਸੋਨਲ ਵਿਭਾਗ ਅਜਿਹੇ ਹੀ ਖਰੜੇ 'ਤੇ ਕੰਮ ਕਰ ਰਿਹਾ ਹੈ। ਕਿਹਾ ਗਿਆ ਹੈ ਕਿ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਾਲ ਵਿਚ 15 ਦਿਨ ਘਰ ਤੋਂ ਕੰਮ ਕਰਨ ਦਾ ਮੌਕਾ ਮੁਹੱਈਆ ਕਰਵਾਇਆ ਜਾ ਸਕਦਾ ਹੈ। ਕੇਂਦਰ ਸਰਕਾਰ ਦੇ 48.34 ਲੱਖ ਕਰਮਚਾਰੀ ਹਨ। ਵਿਭਾਗਾਂ ਨੂੰ ਭੇਜੇ ਸੰਦੇਸ਼ ਵਿਚ ਕਿਹਾ ਹੈ ਕਿ ਕੋਵਿਡ-19 ਮਹਾਮਾਰੀ ਵਿਚ ਸਮਾਜਿਕ ਦੂਰੀ ਰੱਖਣ ਲਈ ਕਈ ਮੰਤਰਾਲਿਆਂ ਨੇ ਘਰ ਤੋਂ ਕੰਮ ਕਰਨਾ ਲਾਜ਼ਮੀ ਕਰ ਦਿੱਤਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਦੇ ਕਈ ਵਿਭਾਗਾਂ ਤੇ ਮੰਤਰਾਲਿਆਂ ਨੇ ਕੌਮ ਸੂਚਨਾ ਵਿਗਿਆਨ ਕੇਂਦਰ ਦੀ ਵੀਡੀਓ ਕਾਨਫਰੰਸਿੰਗ ਤੇ ਹੋਰ ਤਕਨਾਲੋਜੀ ਦਾ ਲਾਭ ਲੈਂਦਿਆਂ ਲੌਕਡਾਊਨ ਦੌਰਾਨ ਕੰਮ ਕੀਤਾ ਤੇ ਇਸ ਦੇ ਚੰਗੇ ਨਤੀਜੇ ਆਏ ਹਨ।

## ਤਨਖਾਹ ਦੱਬਣ ਵਾਲਿਆਂ ਨੂੰ ਨਾ ਦਬਕਾਉਣ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਰਕਾਰ ਨੂੰ ਕਿਹਾ ਹੈ ਕਿ ਤਾਲਾਬੰਦੀ ਦੌਰਾਨ ਆਪਣੇ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਨਾ ਦੇ ਸਕਣ ਵਾਲੀਆਂ ਛੋਟੀਆਂ ਕੰਪਨੀਆਂ ਤੇ ਰੁਜ਼ਗਾਰਦਾਤਾ ਖਿਲਾਫ ਅਗਲੇ ਹਫਤੇ ਤੱਕ ਕੋਈ ਸਖਤ ਕਾਰਵਾਈ ਨਾ ਕੀਤੀ ਜਾਵੇ। ਸਿਖਰਲੀ ਅਦਾਲਤ ਨੇ ਕਿਹਾ ਕਿ ਕੁਝ ਛੋਟੀਆਂ ਕੰਪਨੀਆਂ ਹਨ, ਜਿਨ੍ਹਾਂ ਨੂੰ ਬਿਲਕੁਲ ਕਮਾਈ ਨਹੀਂ ਹੋ ਰਹੀ ਤੇ ਉਹ ਅਦਾਇਗੀ ਕਰਨ ਦੇ ਸਮਰੱਥ ਨਹੀਂ ਹਨ। ਸੁਪਰੀਮ ਕੋਰਟ ਦੇ ਬੈਂਚ ਨੇ ਵੀਡੀਓ ਕਾਨਫਰੰਸ ਰਾਹੀਂ ਇਸ ਮੁੱਦੇ 'ਤੇ ਕਈ ਪਟੀਸ਼ਨਾਂ ਸੁਣੀਆਂ। ਅਦਾਲਤ ਨੇ ਕਿਹਾ ਕਿ ਗ੍ਰਹਿ ਮੰਤਰਾਲੇ ਨੇ 29 ਮਾਰਚ ਨੂੰ ਕੰਪਨੀਆਂ ਨੂੰ ਪੂਰੀ ਤਨਖਾਹ ਲਈ ਹੁਕਮ ਜਾਰੀ ਕੀਤਾ ਸੀ, ਪਰ ਇਸ ਹੁਕਮ ਦੇ ਨਾਲ ਕਈ ਵੱਡੇ ਸਵਾਲ ਜੁੜੇ ਹੋਏ ਹਨ ਜਿਨ੍ਹਾਂ ਦਾ ਜਵਾਬ ਦੇਣਾ ਬਣਦਾ ਹੈ।

# ਪੰਜਾਬ ਸਰਕਾਰ ਤੋਂ ਕਾਤਲ ਪੁਲਿਸ ਅਫਸਰਾਂ ਦੀ ਪੁਸ਼ਤਪਨਾਹੀ ਬੰਦ ਕਰਨ ਦੀ ਮੰਗ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੋਆਰਡੀਨੇਸ਼ਨ ਕਮੇਟੀ ਨੇ ਟੈਲੀ ਕਾਨਫਰੰਸ ਰਾਹੀਂ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਨੂੰ ਪੁਲਿਸ ਤਸ਼ੱਦਦ ਦਾ ਸਰਗਨਾ ਐਲਾਨਦਿਆਂ ਪੰਜਾਬ ਸਰਕਾਰ ਤੋਂ ਕਾਤਲ ਪੁਲਿਸ ਅਫਸਰਾਂ ਦੀ ਪੁਸ਼ਤਪਨਾਹੀ ਬੰਦ ਕਰਨ ਅਤੇ ਸੁਮੇਧ ਸੈਣੀ ਤੇ ਕਬੱਡੀ ਖਿਡਾਰੀ ਪੱਡਾ ਭਲਵਾਨ ਦੇ ਕਾਤਲਾਂ ਨੂੰ ਸਖਤ ਸਜ਼ਾਵਾਂ ਦਿੱਤੇ ਜਾਣ ਦੀ ਮੰਗ ਕੀਤੀ ਹੈ।

ਟੈਲੀ ਕਾਨਫਰੰਸ ਦੌਰਾਨ ਕੋਆਰਡੀਨੇਸ਼ਨ ਕਮੇਟੀ ਨੇ ਦੋਸ਼ ਲਾਇਆ ਕਿ ਸੁਮੇਧ ਸੈਣੀ ਨੇ ਪੰਜਾਬ ਦੀ ਜਵਾਨੀ ਦਾ ਘਾਣ ਕਰਨ ਵਿਚ ਮੂਹਰਲੀ ਕਤਾਰ ਵਿਚ ਭੂਮਿਕਾ ਨਿਭਾਈ ਹੈ। ਸ਼ਰਮ ਵਾਲੀ ਗੱਲ ਇਹ ਹੈ ਕਿ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਨੇ ਅਜਿਹੇ ਕਾਤਲ ਪੁਲਿਸ ਅਫਸਰਾਂ ਦੀ ਰੱਜ ਕੇ ਪੁਸ਼ਤਪਨਾਹੀ ਕੀਤੀ ਹੈ।

ਕੋਆਰਡੀਨੇਸ਼ਨ ਕਮੇਟੀ ਨੇ ਪੰਜਾਬ ਪੁਲਿਸ ਵਲੋਂ ਵਧ ਰਹੇ ਜ਼ੁਲਮਾਂ ਬਾਰੇ ਵੀ ਚਿੰਤਾ ਪ੍ਰਗਟ ਕਰਦਿਆਂ ਕੁਝ ਫੈਸਲੇ ਲਏ ਅਤੇ ਭਾਰਤੀ ਨਿਆਂ ਪ੍ਰਣਾਲੀ ਨੂੰ ਅਪੀਲ ਕੀਤੀ ਕਿ ਜਦੋਂ ਸੁਮੇਧ ਸੈਣੀ ਪੰਜਾਬ ਪੁਲਿਸ ਵਿਚ ਐਸ. ਐਸ. ਪੀ. ਦੀ ਸੀਨੀਅਰ ਪੁਜੀਸ਼ਨ 'ਤੇ ਸੀ, ਤਾਂ ਉਸ ਨੇ ਆਪਣੀ ਪੁਜੀਸ਼ਨ ਨੂੰ ਗਲਤ ਤਰੀਕੇ ਨਾਲ ਵਰਤ ਕੇ ਮਨੁੱਖਤਾ ਤੋਂ ਹੀਣੇ ਕਾਰਨਾਮੇ ਕੀਤੇ, ਜਿਸ ਲਈ ਉਸ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

ਕਪੂਰਥਲਾ ਜਿਲੇ ਦੇ ਪਿੰਡ ਲੱਖਣ ਕੇ ਪੱਡੇ ਦੇ ਹੋਣਹਾਰ ਕੌਮਾਂਤਰੀ ਕਬੱਡੀ ਖਿਡਾਰੀ ਅਰਵਿੰਦਰ ਸਿੰਘ ਪੱਡਾ ਉਰਫ ਪੱਡਾ ਭਲਵਾਨ ਕਤਲ ਕੇਸ ਵਿਚ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੇ ਜਾਣ ਦੀ ਮੰਗ ਵੀ ਕੀਤੀ ਗਈ।

ਟੈਲੀ ਕਾਨਫਰੰਸ ਦੇ ਅਖੀਰ ਵਿਚ ਦਰਬਾਰ ਸਾਹਿਬ 'ਤੇ 1984 ਵਿਚ ਕੀਤੇ ਗਏ ਫੌਜੀ ਹਮਲੇ ਦੀ 36ਵੀਂ ਦੁਖਦਾਈ ਯਾਦ ਸਬੰਧੀ ਕੋਆਰਡੀਨੇਸ਼ਨ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਇਸ ਸਾਲ ਸੋਸ਼ਲ ਮੀਡੀਆ ਰਾਹੀਂ ਸ਼ਹੀਦਾਂ ਦਾ 'ਖਾਲਿਸਤਾਨ ਦੀ ਆਜ਼ਾਦੀ ਦਾ ਸੁਨੇਹਾ' ਘਰ ਘਰ ਪਹੁੰਚਾਇਆ ਜਾਵੇ। ਇਸ ਲਈ ਮੀਡੀਆ ਸਬ ਕਮੇਟੀ ਬਣਾ ਕੇ ਕੰਮ ਕੀਤਾ ਜਾਵੇਗਾ।

ਮੀਟਿੰਗ ਵਿਚ ਅਮਰੀਕਾ ਤੋਂ ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ ਕੈਲੀਫੋਰਨੀਆ, ਸੁਰਜੀਤ ਸਿੰਘ ਕੁਲਾਰ, ਤੇ ਮੱਖਣ ਸਿੰਘ ਕਲੇਰ ਸ਼ਿਕਾਗੋ; ਕੈਨੇਡਾ ਤੋਂ ਸੁਖਮਿੰਦਰ ਸਿੰਘ ਹੰਸਰਾ, ਐਡਮੰਟਨ ਤੋਂ ਮਲਕੀਅਤ ਸਿੰਘ ਢੇਸੀ, ਗੁਰਜੋਤ ਸਿੰਘ, ਰਣਜੀਤ ਸਿੰਘ ਖਾਲਸਾ ਤੇ ਮਾਂਟਰੀਅਲ ਤੋਂ ਮਨਵੀਰ ਸਿੰਘ; ਫਰਾਂਸ ਤੋਂ ਚੈਨ ਸਿੰਘ; ਯੂ. ਕੇ. ਤੋਂ ਜਸਪਾਲ ਸਿੰਘ ਬੈਂਸ; ਜਰਮਨੀ ਤੋਂ ਸੋਹਣ ਸਿੰਘ ਕੰਗ, ਸੁਖਜੀਵਨ ਸਿੰਘ, ਪਰਮਜੀਤ ਸਿੰਘ ਸੋਹਲ ਤੇ ਸੋਹਣ ਸਿੰਘ ਕੰਗ ਨੇ ਸ਼ਮੂਲੀਅਤ ਕੀਤੀ।

## ਜਥੇਦਾਰ ਰਣਜੀਤ ਸਿੰਘ ਸੰਘੇੜਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਨੇ ਦਲ ਦੇ ਸੀਨੀਅਰ ਮੈਂਬਰ ਤੇ ਬਰਨਾਲਾ ਜਿਲੇ ਦੇ ਪ੍ਰਧਾਨ ਰਣਜੀਤ ਸਿੰਘ ਸੰਘੇੜਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਜਥੇਦਾਰ ਸੰਘੇੜਾ ਦੀ ਬੇਵਕਤੀ ਮੌਤ ਨਾਲ ਉਨ੍ਹਾਂ ਦੇ ਪਰਿਵਾਰ ਦੇ ਨਾਲ ਨਾਲ ਦਲ ਨੂੰ ਵੀ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਸਵਰਗੀ ਸ. ਸੰਘੇੜਾ ਜਿਲਾ ਸੰਗਰੂਰ ਵਿਚ ਪਾਰਟੀ ਦੀ ਰੀੜ੍ਹ ਦੀ ਹੱਡੀ ਸਨ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਨੇ ਦੁੱਖ ਦੀ ਇਸ ਘੜੀ ਵਿਚ ਸੰਘੇੜਾ ਪਰਿਵਾਰ ਦੀ ਚੜ੍ਹਦੀ ਕਲਾ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਦੀ ਅਰਦਾਸ ਕੀਤੀ ਹੈ।

# ਕਰਤਾਰਪੁਰ ਸਾਹਿਬ ਲਾਂਘੇ 'ਤੇ ਸੁੰਨ ਪੱਸਰੀ

**ਅੰਮ੍ਰਿਤਸਰ:** ਕੋਰੋਨਾ ਵਾਇਰਸ ਕਾਰਨ ਜਿਥੇ ਸਭ ਦੇਸ਼ਾਂ ਦਾ ਆਪਸੀ ਸੰਪਰਕ ਟੁੱਟਾ ਹੋਇਆ ਹੈ, ਉਥੇ ਸਮਾਜਿਕ ਦੂਰੀ ਨੂੰ ਬਣਾਈ ਰੱਖਣ ਲਈ ਗੁਰੂ ਘਰਾਂ ਵਿਚ ਵੀ ਸ਼ਰਧਾਲੂਆਂ ਦੀ ਗਿਣਤੀ ਨੂੰ ਨਾ-ਮਾਤਰ ਕਰ ਦਿੱਤਾ ਹੈ। ਇਸ ਮਹਾਂਮਾਰੀ ਕਾਰਨ ਪਾਕਿਸਤਾਨ ਵਿਚ ਸਥਿਤ



ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਗ੍ਰਹਿ ਮੰਤਰਾਲੇ ਨੇ 15 ਮਾਰਚ ਨੂੰ ਬੰਦ ਕਰਨ ਦਾ ਐਲਾਨ ਕੀਤਾ ਸੀ ਤੇ 16 ਮਾਰਚ ਨੂੰ ਲਾਗੂ ਕਰਦਿਆਂ ਉਸ ਦਿਨ ਜਾਣ ਵਾਲੇ ਸ਼ਰਧਾਲੂਆਂ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਗਈ ਸੀ।

ਕੋਰੋਨਾ ਕਾਰਨ ਦਰਸ਼ਨ ਸਥਲ ਤੋਂ ਦੂਰਬੀਨ ਹਟਾ ਦਿੱਤੀ ਗਈ ਅਤੇ ਇਸ ਨੂੰ ਪੂਰੀ ਤਰ੍ਹਾਂ ਸੀਲ ਕਰਦਿਆਂ ਉਥੇ ਬੀ.ਐਸ.ਐਫ. ਦੀ ਸਖਤੀ ਵੀ ਕਰ ਦਿੱਤੀ ਗਈ। ਲਾਂਘੇ ਉਤੇ ਬੀ.ਐਸ.ਐਫ. ਦੇ ਨਾਲ-ਨਾਲ ਪੁਲਿਸ ਦਾ ਪਹਿਰਾ ਵੀ ਨਜ਼ਰ ਆਉਣ ਲੱਗ ਪਿਆ ਹੈ। ਜ਼ਿਕਰਯੋਗ ਹੈ ਕਿ 9 ਨਵੰਬਰ 2019 ਤੋਂ ਖੁੱਲ੍ਹੇ ਇਸ ਲਾਂਘੇ ਰਾਹੀਂ 15 ਮਾਰਚ 2020 ਤੱਕ ਲਗਭਗ 62774 ਸ਼ਰਧਾਲੂਆਂ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ। ਜਦੋਂ ਇਸ ਲਾਂਘੇ ਦਾ ਉਦਘਾਟਨ ਕੀਤਾ ਸੀ ਤਾਂ ਉਸ ਸਮੇਂ ਕਾਹਲੀ-ਕਾਹਲੀ ਵਿਚ ਟਰਮੀਨਲ ਦੇ ਅੰਦਰ ਬਹੁਤ ਸਾਰੇ ਕੰਮ ਅਧੂਰੇ ਰਹਿ ਗਏ ਸਨ, ਜਿਸ ਵਿਚ ਛੱਤਾਂ ਨੂੰ ਬਦਲਣਾ, ਪਾਰਕਿੰਗ, ਕੰਟੀਨ ਅਤੇ ਹੋਰ ਵਸਤਾਂ ਲਈ ਬਣਾਏ ਜਾਣ ਵਾਲੇ ਕਮਰਿਆਂ ਸਮੇਤ ਇਸ ਦੀ ਸੁੰਦਰਤਾ ਨੂੰ ਵਧਾਉਣ ਵਾਲੇ ਸਾਜੋ-ਸਾਮਾਨ ਲਗਾਉਣਾ ਬਾਕੀ ਸੀ, ਜਿਸ ਨੂੰ ਕੇਂਦਰ ਸਰਕਾਰ ਦੇ ਜ਼ਮੀਨੀ ਬੰਦਗਰਾਹ ਮੰਤਰਾਲੇ ਵਲੋਂ ਅਤਿ ਸੁੰਦਰ ਬਣਾ ਦਿੱਤਾ ਗਿਆ ਹੈ।

ਟਰਮੀਨਲ ਦੇ ਬਾਹਰ ਵਿਹੜੇ 'ਚ ਪੰਜਾਬ ਦੀ ਕਿਸਾਨੀ ਨੂੰ ਦਰਸਾਉਂਦੇ ਬੁੱਤ ਅਤੇ ਸੰਦ ਲਗਾਏ ਗਏ ਹਨ। ਇਸ ਤੋਂ ਇਲਾਵਾ ਹੁਣ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਬਹੁਤ ਕੁਝ ਨਵਾਂ ਵੇਖਣ ਨੂੰ ਮਿਲੇਗਾ। ਤਾਲਾਬੰਦੀ ਤੋਂ ਪਹਿਲਾਂ ਭਾਰਤ ਵਾਲੇ ਪਾਸੇ 300 ਫੁੱਟ ਉੱਚੇ ਖੰਭੇ 'ਤੇ ਤਿਰੰਗਾ ਝੂਲਦਾ ਨਜ਼ਰ ਆਉਂਦਾ ਸੀ, ਪਰ ਤਾਲਾਬੰਦੀ ਤੋਂ ਕੁਝ ਦਿਨਾਂ ਬਾਅਦ ਝੰਡਾ ਉਤਾਰ ਦਿੱਤਾ ਗਿਆ। ਇਸੇ ਤਰ੍ਹਾਂ ਹੀ ਦੂਰੋਂ ਵੇਖਣ ਤੋਂ ਪਾਕਿਸਤਾਨ ਦੇ ਖੰਭੇ 'ਤੇ ਵੀ ਝੰਡਾ ਦਿਖਾਈ ਨਹੀਂ ਦਿੰਦਾ।

# ਗੁਰਦਾਸ ਸਿੰਘ ਬਾਦਲ ਦਾ ਦੇਹਾਂਤ

**ਲੰਬੀ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਪਿਤਾ ਅਤੇ ਸਾਬਕਾ ਸੰਸਦ ਮੈਂਬਰ ਗੁਰਦਾਸ ਸਿੰਘ ਬਾਦਲ (90) ਦਾ ਮੁਹਾਲੀ ਦੇ ਫੋਰਟਿਸ ਹਸਪਤਾਲ 'ਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਪਿੰਡ ਬਾਦਲ 'ਚ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦਾ ਅੰਤਿਮ ਸਸਕਾਰ ਦਰ ਦਿੱਤਾ ਗਿਆ।

ਸਪੁੱਤਰ ਮਨਪ੍ਰੀਤ ਸਿੰਘ ਬਾਦਲ ਅਤੇ ਭਤੀਜੇ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦੀ ਚਿਖਾ ਨੂੰ ਅਗਨੀ ਦਿੱਤੀ। ਇਸ ਤੋਂ ਪਹਿਲਾਂ ਦੋਵੇਂ ਭਰਾਵਾਂ ਨੇ ਉਨ੍ਹਾਂ ਦੀ ਅਰਥੀ ਨੂੰ ਮੋਢਾ ਦਿੱਤਾ। ਜ਼ਿਕਰਯੋਗ ਹੈ ਕਿ ਮਾਰਚ 'ਚ ਉਨ੍ਹਾਂ ਦੀ ਪਤਨੀ ਹਰਮਿੰਦਰ ਕੌਰ ਦਾ ਦੇਹਾਂਤ ਹੋ ਗਿਆ ਸੀ। ਅੰਤਿਮ ਸਸਕਾਰ ਮੌਕੇ ਵੱਡੇ ਭਰਾ ਪ੍ਰਕਾਸ਼ ਸਿੰਘ ਬਾਦਲ ਵੀ ਮੌਜੂਦ ਸਨ। ਇਸ ਮੌਕੇ ਮਹੇਸ਼ਇੰਦਰ ਸਿੰਘ ਬਾਦਲ, ਹਰਦੀਪਇੰਦਰ ਸਿੰਘ ਬਾਦਲ, ਮੇਜਰ ਭੁਪਿੰਦਰ ਸਿੰਘ ਬਾਦਲ, ਲਾਲੀ ਬਾਦਲ, ਹਰਸਿਮਰਤ ਬਾਦਲ, ਵੀਨੂੰ ਬਾਦਲ, ਅਰਜੁਨ ਬਾਦਲ, ਰੀਆ ਬਾਦਲ, ਸੰਜਮ ਬਾਦਲ, ਬਾਵਾ ਬਾਦਲ, ਬੌਬੀ ਬਾਦਲ, ਜੋਜੋ ਜੌਹਲ ਅਤੇ ਹਨੀ ਫੱਤਣਵਾਲਾ ਵੀ ਮੌਜੂਦ



ਸਨ। ਗੁਰਦਾਸ ਸਿੰਘ ਬਾਦਲ ਪਿਛਲੇ ਕਰੀਬ ਇਕ ਮਹੀਨੇ ਤੋਂ ਫੋਰਟਿਸ ਵਿਚ ਦਾਖਲ ਸਨ। ਸ਼ੂਗਰ ਦੀ ਬਿਮਾਰੀ ਕਾਰਨ ਉਨ੍ਹਾਂ ਦੇ ਗੁਰਦਿਆਂ ਅਤੇ ਦਿਲ 'ਤੇ ਕਾਫੀ ਅਸਰ ਪਿਆ ਸੀ ਅਤੇ ਛਾਤੀ 'ਚ ਦਰਦ ਕਰਕੇ ਉਨ੍ਹਾਂ ਨੂੰ ਇਥੇ ਦਾਖਲ ਕਰਵਾਇਆ ਗਿਆ ਸੀ।

ਪਾਸ ਵਜੋਂ ਜਾਣੇ ਜਾਂਦੇ ਪ੍ਰਕਾਸ਼ ਸਿੰਘ ਬਾਦਲ ਦਾ ਛੋਟੇ ਭਰਾ ਦਾਸ ਪ੍ਰਤੀ ਮੋਹ ਵੀ ਦੇਖਣ ਨੂੰ ਮਿਲਿਆ। ਉਹ ਦਾਸ ਦੀ ਦੇਹ ਉਪਰ ਸਿਰ ਰੱਖ ਕੇ ਵਿਰਲਾਪ ਕਰਨ ਲੱਗ ਪਏ। ਉਨ੍ਹਾਂ ਕਿਹਾ ਕਿ ਜ਼ਿੰਦਗੀ 'ਚ ਅਜਿਹਾ ਇਕੱਲਾਪਣ ਕਦੇ ਮਹਿਸੂਸ ਨਹੀਂ ਹੋਇਆ ਹੈ। ਉਨ੍ਹਾਂ ਕਿਹਾ,"ਦਾਸ ਜੀ ਮੈਨੂੰ ਰਾਜਨੀਤੀ ਵਿਚ ਇਥੋਂ ਤੱਕ ਪਹੁੰਚਾ ਕੇ ਹੁਣ ਬਿਨਾਂ ਮਿਲੇ ਹੀ ਚਲਾ ਗਿਆ।"

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਸੰਸਦ ਮੈਂਬਰ ਗੁਰਦਾਸ ਸਿੰਘ ਬਾਦਲ ਦੇ ਦੇਹਾਂਤ 'ਤੇ ਅਫਸੋਸ ਜ਼ਾਹਰ ਕਰਦਿਆਂ ਉਨ੍ਹਾਂ ਦੇ ਸਪੁੱਤਰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨਾਲ ਦੁੱਖ ਸਾਂਝਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਪਰਿਵਾਰ ਅਤੇ ਸਨੇਹੀਆਂ ਲਈ ਵੱਡਾ ਘਾਟਾ ਹੈ। ਇਸੇ ਤਰ੍ਹਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ, ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਤੋਂ ਇਲਾਵਾ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ, ਸਾਧੂ ਸਿੰਘ ਧਰਮਸੋਤ, ਚਰਨਜੀਤ ਸਿੰਘ ਚੰਨੀ, ਰਜ਼ੀਆ ਸੁਲਤਾਨਾ, ਓਮ ਪ੍ਰਕਾਸ਼ ਸੋਨੀ, ਰਾਣਾ ਗੁਰਮੀਤ ਸਿੰਘ ਸੋਢੀ, ਗੁਰਪ੍ਰੀਤ ਸਿੰਘ ਕਾਂਗੜ, ਸੁਖਬਿੰਦਰ ਸਿੰਘ ਸਰਕਾਰੀਆ, ਬਲਬੀਰ ਸਿੰਘ ਸਿੱਧੂ, ਸੁੰਦਰ ਸ਼ਾਮ ਅਰੋੜਾ ਅਤੇ ਭਾਰਤ ਭੂਸ਼ਣ ਆਸ਼ੂ ਨੇ ਵੀ ਗੁਰਦਾਸ ਸਿੰਘ ਬਾਦਲ ਦੇ ਦੇਹਾਂਤ ਉਤੇ ਅਫਸੋਸ ਜ਼ਾਹਰ ਕੀਤਾ ਹੈ।

# ਵਾਦੀ 'ਚ ਮੁਸਲਮਾਨਾਂ ਨੇ ਨਿਭਾਈਆਂ ਸਿੱਖ ਦੇ ਸਸਕਾਰ ਦੀਆਂ ਰਸਮਾਂ

**ਸ੍ਰੀਨਗਰ:** ਕੋਰੋਨਾ ਵਾਇਰਸ ਕਾਰਨ ਤਾਲਾਬੰਦੀ ਦੌਰਾਨ ਮੁਸਲਮਾਨਾਂ ਨੇ ਜੰਮੂ-ਕਸ਼ਮੀਰ ਦੇ ਗੰਦਰਬਲ ਜ਼ਿਲ੍ਹੇ ਵਿਚ ਇਕ ਸਿੱਖ ਦਾ ਅੰਤਿਮ ਸੰਸਕਾਰ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਰਣਵੀਰ ਸਿੰਘ, ਜੋ ਪੰਜਾਬ ਦਾ ਵਸਨੀਕ ਸੀ, ਕੇਂਦਰੀ ਕਸ਼ਮੀਰ ਦੇ ਗੰਦਰਬਲ ਜ਼ਿਲ੍ਹੇ ਦੇ ਵਕੁਰਾ ਖੇਤਰ ਵਿਚ ਲੱਕੜ ਦਾ ਕੰਮ ਕਰਦਾ ਸੀ।

ਕੁਝ ਦਿਨ ਪਹਿਲਾਂ ਉਸ ਦੀ ਮੌਤ ਹੋ ਗਈ। ਉਹ ਇਥੋਂ ਤਕਰੀਬਨ 35 ਕਿਲੋਮੀਟਰ ਦੀ ਦੂਰੀ ਪਿੰਡ ਵਿਚ ਕਿਰਾਏ ਦੇ ਮਕਾਨ 'ਤੇ ਕੁਝ ਸਾਥੀਆਂ ਨਾਲ ਰਹਿ ਰਿਹਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਉਸ ਦੀ ਮੌਤ ਦੀ ਖਬਰ ਫੈਲਣ ਤੋਂ ਤੁਰਤ ਬਾਅਦ ਸਥਾਨਕ ਲੋਕਾਂ ਨੇ ਪੁਲਿਸ ਨੂੰ ਸੂਚਿਤ ਕੀਤਾ ਅਤੇ ਉਸ ਦੇ ਅੰਤਿਮ ਸੰਸਕਾਰ ਕਰਨ ਦੇ ਪ੍ਰਬੰਧ ਕੀਤੇ। ਵਕੁਰਾ ਦੇ ਤਹਿਸੀਲਦਾਰ ਗੁਲਾਮ ਮੁਹੰਮਦ ਭੱਟ ਨੇ ਦੱਸਿਆ ਕਿ ਸਸਕਾਰ ਸਮੇਂ ਸਿਵਲ ਅਤੇ ਪੁਲੀ ਅਧਿਕਾਰੀ ਹਾਜ਼ਰ ਸਨ। ਸਥਾਨਕ ਲੋਕਾਂ ਸਸਕਾਰ ਲਈ ਸਾਰੇ ਪ੍ਰਬੰਧ ਕੀਤੇ। ਉਨ੍ਹਾਂ ਨੇ ਕੁਝ ਪੈਸੇ ਮਰਹੂਮ ਦੀ ਪਤਨੀ ਦੇ ਬੈਂਕ ਖਾਤੇ ਵਿਚ ਵੀ ਜਮ੍ਹਾ ਕਰਵਾਏ। ਸਥਾਨਕ ਨਿਵਾਸੀ ਅਬਦੁੱਲ ਰਹਿਮਾਨ ਨੇ ਕਿਹਾ, "ਸਾਡਾ ਫਰਜ਼ ਹੈ ਕਿ ਉਹ ਗੁਆਂਢੀਆਂ ਦੀ ਮਦਦ ਕੀਤੀ ਜਾਵੇ, ਚਾਹੇ ਉਹ ਕਿਸੇ ਵੀ ਧਰਮ ਦੇ ਹੋਣ।...ਬਾਹਰੋਂ ਬਹੁਤ ਸਾਰੇ ਲੋਕ ਕਈ ਸਾਲਾਂ ਤੋਂ ਇਸ ਖੇਤਰ 'ਚ ਕੰਮ ਕਰ ਰਹੇ ਹਨ। ਉਨ੍ਹਾਂ ਵਿਚੋਂ ਬਹੁਤੇ ਸਰਦੀਆਂ ਵਿਚ ਵਾਦੀ ਛੱਡ ਜਾਂਦੇ ਹਨ, ਮੌਸਮ ਖੁੱਲ੍ਹਣ ਉਤੇ ਵਾਪਸ ਆ ਜਾਂਦੇ ਹਨ।"

# ਮੰਗੂ ਮੱਠ: ਸ਼੍ਰੋਮਣੀ ਕਮੇਟੀ ਸੁਪਰੀਮ ਕੋਰਟ ਤੱਕ ਪਹੁੰਚ ਕਰੇਗੀ

**ਅੰਮ੍ਰਿਤਸਰ:** ਉੜੀਸਾ 'ਚ ਜਗਨਨਾਥ ਪੁਰੀ ਸਥਿਤ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਸਥਾਨ ਮੰਗੂ ਮੱਠ ਦਾ ਪ੍ਰਬੰਧ ਹਾਸਲ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਦੋਹਰੀ ਨੀਤੀ ਤਿਆਰ ਕੀਤੀ ਹੈ, ਜਿਸ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਇਕ ਪਾਸੇ ਉੜੀਸਾ ਸਰਕਾਰ ਨਾਲ ਗੱਲਬਾਤ ਕੀਤੀ ਜਾਵੇਗੀ ਤੇ ਦੂਜੇ ਪਾਸੇ ਇਸ ਸਬੰਧੀ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਜਾਵੇਗੀ।



ਇਸ ਸਬੰਧੀ ਗਠਿਤ ਕੀਤੀ ਸਬ-ਕਮੇਟੀ ਦੀ ਇਕੱਤਰਤਾ ਵੀਡੀਓ ਕਾਨਫਰੰਸ ਰਾਹੀਂ ਹੋਈ, ਜਿਸ ਵਿਚ ਵੱਖ-ਵੱਖ ਥਾਵਾਂ ਤੋਂ ਕਮੇਟੀ ਮੈਂਬਰਾਂ ਨੇ ਆਪਣੇ ਸੁਝਾਅ ਦਿੱਤੇ ਹਨ। ਇਹ ਵੀਡੀਓ ਕਾਨਫਰੰਸ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਤੋਂ ਕੀਤੀ ਗਈ। ਇਸ ਦੌਰਾਨ ਸਬ ਕਮੇਟੀ ਦੇ ਮੈਂਬਰਾਂ ਨੇ ਸਹਿਮਤੀ ਦਿੱਤੀ ਹੈ ਕਿ ਇਤਿਹਾਸਕ ਅਸਥਾਨ ਦਾ ਪ੍ਰਬੰਧ ਪ੍ਰਾਪਤ ਕਰਨ ਲਈ ਉੜੀਸਾ ਸਰਕਾਰ ਨਾਲ ਗੱਲਬਾਤ ਜਾਰੀ ਰੱਖੀ ਜਾਵੇ ਪਰ ਇਸ ਦੇ ਨਾਲ ਹੀ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰਨ ਲਈ ਵੀ ਦਸਤਾਵੇਜ਼ ਤਿਆਰ ਕੀਤੇ ਜਾਣ। ਇਸ ਕੇਸ ਦੀ ਪੈਰਵੀ ਵਾਸਤੇ ਸੀਨੀਅਰ ਵਕੀਲ ਬ੍ਰਿਜਿੰਦਰ ਸਿੰਘ ਲੂੰਬਾ ਦੀਆਂ ਸੇਵਾਵਾਂ ਲਈਆਂ ਜਾਣਗੀਆਂ।

ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਇਸ ਕਾਨਫਰੰਸ ਸਮੇਂ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਤੇ ਕੋਆਰਡੀਨੇਟਰ ਸਕੱਤਰ ਸਿੰਘ ਮੀਤ ਸਕੱਤਰ ਵੀ ਹਾਜ਼ਰ ਸਨ। ਮੈਂਬਰਾਂ ਨੇ ਸਹਿਮਤੀ ਪ੍ਰਗਟਾਈ ਕਿ ਮੰਗੂ ਮੱਠ ਦਾ ਪ੍ਰਬੰਧ ਪ੍ਰਾਪਤ ਕਰਨ ਲਈ ਉੜੀਸਾ ਦੇ ਮੁੱਖ ਮੰਤਰੀ ਨਾਲ ਗੱਲਬਾਤ ਤੋਂ ਇਲਾਵਾ ਸੁਪਰੀਮ ਕੋਰਟ ਵਿਖੇ ਪਟੀਸ਼ਨ ਦਾਇਰ ਕੀਤੀ ਜਾਵੇ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਇਸ ਸਬੰਧੀ ਉੜੀਸਾ ਸਰਕਾਰ ਨਾਲ ਕਈ ਵਾਰ ਰਾਬਤਾ ਕੀਤਾ ਜਾ ਚੁੱਕਾ ਹੈ। ਸ਼੍ਰੋਮਣੀ ਕਮੇਟੀ ਚਾਹੁੰਦੀ ਹੈ ਕਿ ਇਸ ਧਰਮ ਅਸਥਾਨ ਦਾ ਪ੍ਰਬੰਧ ਸਿੱਖ ਕੌਮ ਖੁਦ ਕਰੇ, ਪਰ ਅਜੇ ਤੱਕ ਮਾਮਲਾ ਕਿਸੇ ਪਾਸੇ ਨਹੀਂ ਲੱਗਾ ਹੈ। ਸ਼੍ਰੋਮਣੀ ਕਮੇਟੀ ਇਸ ਦਾ ਪ੍ਰਬੰਧ ਪ੍ਰਾਪਤ ਕਰਨ ਲਈ ਚਾਰਾਜੋਈ ਜਾਰੀ ਰੱਖੇਗੀ।

## ਸ਼ਹੀਦੀ ਪੁਰਬ: ਪਾਕਿ ਨਹੀਂ ਜਾ ਸਕਣਗੇ ਸਿੱਖ ਸ਼ਰਧਾਲੂ

**ਅੰਮ੍ਰਿਤਸਰ:** ਕੋਰੋਨਾ ਮਹਾਮਾਰੀ ਕਾਰਨ ਪਹਿਲਾਂ ਵਿਸਾਖੀ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਨਹੀਂ ਜਾ ਸਕਿਆ ਅਤੇ ਹੁਣ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਵੀ ਸਿੱਖ ਸ਼ਰਧਾਲੂਆਂ ਦੇ ਦੋ ਜਥੇ ਪਾਕਿਸਤਾਨ ਨਹੀਂ ਜਾ ਸਕਣਗੇ। ਸ਼ਹੀਦੀ ਪੁਰਬ ਮੌਕੇ 27 ਮਈ ਨੂੰ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ 28 ਜੂਨ ਨੂੰ ਵੀ ਸਿੱਖ ਸ਼ਰਧਾਲੂਆਂ ਦੇ ਜਥੇ ਪਾਕਿਸਤਾਨ ਨਹੀਂ ਜਾ ਸਕਣਗੇ। ਸ਼੍ਰੋਮਣੀ ਕਮੇਟੀ ਦੇ ਮੁਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਕੋਰੋਨਾ ਮਹਾਮਾਰੀ ਕਾਰਨ ਦੇਸ਼ ਹੀ ਨਹੀਂ ਸਗੋਂ ਵਿਸ਼ਵ ਵਿਚ ਹਾਲਾਤ ਨਾਜ਼ੁਕ ਬਣੇ ਹੋਏ ਹਨ। ਇਸੇ ਕਾਰਨ ਸਿੱਖ ਸ਼ਰਧਾਲੂਆਂ ਦੇ ਤਿੰਨ ਜਥੇ ਇਸ ਵਾਰ ਪਾਕਿਸਤਾਨ ਨਹੀਂ ਜਾ ਸਕਣਗੇ।

## ਹਜ਼ੂਰ ਸਾਹਿਬ ਤੋਂ ਪਰਤ ਰਹੇ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

**ਮਾਨਸਾ:** ਪਿੰਡ ਆਹਲੂਪੁਰ 'ਚ ਹੋਏ ਸੜਕ ਹਾਦਸੇ ਵਿਚ ਗੁਰਵਿੰਦਰ ਸਿੰਘ (33) ਪੁੱਤਰ ਹਰਦੇਵ ਸਿੰਘ ਵਾਸੀ ਪਿੰਡ ਸਾਹੋਕੇ ਦੀ ਮੌਤ ਹੋ ਗਈ। ਉਹ ਸਾਹੋਕੇ ਤੋਂ ਹਜ਼ੂਰ ਸਾਹਿਬ ਵਿਖੇ ਕੰਬਾਈਨ ਚਾਲਕ ਵਜੋਂ ਗਿਆ ਸੀ ਤੇ ਲੌਕਡਾਊਨ ਕਾਰਨ ਉਹ ਉੱਥੋਂ ਸਾਈਕਲ ਉਤੇ ਘਰ ਵਾਪਸ ਆ ਰਿਹਾ ਸੀ। ਜਦੋਂ ਉਹ ਰਸਤੇ ਵਿਚ ਆਰਾਮ ਕਰ ਰਿਹਾ ਸੀ ਤਾਂ ਕਿਸੇ ਅਣਪਛਾਤੇ ਵਾਹਨ ਦੀ ਲਪੇਟ ਵਿਚ ਆਉਣ ਕਾਰਨ ਉਸ ਦੀ ਮੌਤ ਹੋ ਗਈ। ਸਰਦੂਲਗੜ੍ਹ ਦੇ ਡੀ.ਐਸ.ਪੀ. ਸੰਜੀਵ ਗੋਇਲ ਘਟਨਾ ਸਥਾਨ 'ਤੇ ਪੁੱਜੇ।

# ਦੁੱਧ ਖਪਤ ਘਟੀ, ਉਤਪਾਦਕਾਂ ਨੂੰ ਪਈ ਵੱਡੀ ਮਾਰ

**ਜਲੰਧਰ:** ਪੰਜਾਬ 'ਚ ਕਰਫਿਊ ਕਾਰਨ ਸਭ ਤੋਂ ਵੱਡੀ ਸੱਟ ਪੰਜਾਬ ਦੇ ਦੁੱਧ ਉਤਪਾਦਕਾਂ ਉੱਪਰ ਪਈ ਹੈ। ਸਾਰਾ ਕੰਮਕਾਜ ਠੱਪ ਹੋਣ ਕਾਰਨ ਦੁੱਧ ਦੀ ਖਪਤ ਇਕ ਦਮ ਘੱਟ ਗਈ। ਇਸ ਕਾਰਨ ਕਿਸਾਨ ਬਹੁਤ ਘੱਟ ਕੀਮਤ ਉੱਪਰ ਦੁੱਧ ਵੇਚਣ ਲਈ ਮਜਬੂਰ ਹੋਏ। ਗਰਮੀ ਸ਼ੁਰੂ ਹੋਣ ਦੇ ਬਾਵਜੂਦ ਦੁੱਧ ਦਾ ਭਾਅ ਵਧਣ ਦੀ ਥਾਂ ਘਟ ਗਿਆ ਹੈ। ਮਿਲਕਫੈੱਡ ਵਲੋਂ ਪਿਛਲੇ ਸਮੇਂ ਦੌਰਾਨ ਫੈਟ ਦਾ ਭਾਅ ਘੱਟ ਕਰਨ ਕਰ ਕੇ ਇਸ ਵੇਲੇ ਗਾਂ ਦਾ ਦੁੱਧ 5 ਰੁਪਏ ਤੇ ਮੱਝ ਦਾ ਦੁੱਧ 7 ਰੁਪਏ ਲੀਟਰ ਘਟਾ ਦਿੱਤਾ ਗਿਆ ਹੈ। ਰਾਜ ਵਿਚ ਦੁੱਧ ਦਾ ਭਾਅ ਕਰੀਬ ਉਹੀ ਚੱਲਦਾ ਹੈ ਜੋ ਮਿਲਕਫੈੱਡ ਤੈਅ ਕਰ ਦੇਵੇ। ਦੁੱਧ ਦੇ ਭਾਅ ਡਿਗ ਪੈਣ ਉਤੇ ਉਤਪਾਦਕਾਂ ਦੀ ਹਾਲਤ ਡਗਮਗਾ ਗਈ ਹੈ।



ਡੇਅਰੀ ਕਾਰੋਬਾਰ ਮੁਨਾਫੇ ਵਾਲਾ ਧੰਦਾ ਨਾ ਰਹਿਣ ਕਾਰਨ ਕਿਸਾਨ ਇਸ ਧੰਦੇ ਨੂੰ ਛੱਡਣ ਲੱਗੇ ਹਨ। ਪਸ਼ੂਧਨ ਬਾਰੇ ਕਰਵਾਏ ਸਰਕਾਰੀ ਸਰਵੇਖਣ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਵਿਚ 40 ਫੀਸਦੀ ਮੱਝਾਂ ਘਟ ਗਈਆਂ ਹਨ। ਪੰਜਾਬ ਵਿਚ ਔਸਤਨ ਦੁੱਧ ਉਤਪਾਦਨ ਰੋਜ਼ਾਨਾ 3 ਕਰੋੜ ਲੀਟਰ ਤੋਂ ਵੱਧ ਹੁੰਦਾ ਹੈ ਪਰ ਇਸ ਵੇਲੇ ਖਪਤ ਘਟਣ ਕਾਰਨ ਸਾਰੇ ਕਿਸਾਨ ਦੋਧੀਆਂ ਜਾਂ ਠੇਕੇਦਾਰ ਨੂੰ ਘੱਟ ਕੀਮਤ ਉੱਪਰ ਦੁੱਧ ਵੇਚਣ ਲਈ ਮਜਬੂਰ ਹਨ।

ਕਰਫਿਊ ਕਾਰਨ ਪਸ਼ੂ ਖੁਰਾਕ ਬਹੁਤ ਮਹਿੰਗੀ ਹੋ ਗਈ ਹੈ। ਹਰਿਆਣਾ ਸਰਕਾਰ ਨੇ ਦੁੱਧ ਉਤਪਾਦਕਾਂ ਦਾ ਸਹਾਰਾ ਬਣਦਿਆਂ ਇਕ ਲੀਟਰ ਦੁੱਧ ਦੀ ਵਿਕਰੀ ਉੱਪਰ 5 ਰੁਪਏ ਕਿਸਾਨਾਂ ਨੂੰ ਬੋਨਸ ਦਿੱਤਾ ਹੈ। ਪ੍ਰੋਗ੍ਰੈਸਿਵ ਡੇਅਰੀ ਫਾਰਮਰਜ਼ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਪੇਂਡੂ ਆਰਥਿਕਤਾ ਨੂੰ ਮਜ਼ਬੂਤ ਰੱਖਣ ਲਈ ਹਰਿਆਣਾ ਦੀ ਤਰਜ਼ ਉੱਪਰ ਉਤਪਾਦਕਾਂ ਨੂੰ ਬੋਨਸ ਦੇਵੇ ਅਤੇ ਦੁੱਧ ਉਤਪਾਦਨ ਨੂੰ ਸਮੇਟਣ ਵਾਲੇ ਸਭ ਤੋਂ ਵੱਡੇ ਅਦਾਰੇ ਮਿਲਕਫੈੱਡ ਨੂੰ ਪੈਰਾਂ ਸਿਰ ਕਰਨ ਲਈ ਉਸ ਨੂੰ ਵੱਡਾ ਆਰਥਿਕ ਪੈਕੇਜ ਦੇਵੇ।

# ਮੂਸੇਵਾਲਾ ਦੀਆਂ ਮੁਸ਼ਕਲਾਂ ਵਧੀਆਂ




**ਸੰਗਰੂਰ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਅਤੇ ਮੁਅੱਤਲ ਪੁਲਿਸ ਮੁਲਾਜ਼ਮਾਂ ਦੀ ਮੁਸੀਬਤ ਵਧ ਗਈ ਹੈ। ਸੰਗਰੂਰ ਅਤੇ ਬਰਨਾਲਾ ਪੁਲਿਸ ਨੇ ਮੂਸੇਵਾਲਾ ਅਤੇ ਮੁਅੱਤਲ ਪੰਜ ਪੁਲਿਸ ਮੁਲਾਜ਼ਮਾਂ ਖਿਲਾਫ ਦਰਜ ਦੋਵਾਂ ਐਫ.ਆਈ.ਆਰਜ਼. ਵਿਚ ਆਰਮਜ਼ ਐਕਟ ਦੀ ਧਾਰਾ 25 ਅਤੇ 30 ਨੂੰ ਵੀ ਜੋੜ ਦਿੱਤਾ ਹੈ।

ਐਸ.ਐਸ.ਪੀ. ਸੰਗਰੂਰ ਸੰਦੀਪ ਗਰਗ ਨੇ ਕਿਹਾ ਕਿ ਐਫ.ਆਈ.ਆਰ. ਵਿਚ ਆਰਮਜ਼ ਐਕਟ ਦੀਆਂ ਧਾਰਾਵਾਂ ਜੋੜਨ ਨਾਲ ਹੁਣ ਇਹ ਗੈਰ ਜ਼ਮਾਨਤੀ ਅਪਰਾਧ ਹੋ ਗਿਆ ਹੈ, ਜਦੋਂ ਕਿ ਪਹਿਲਾਂ ਇਹ ਜ਼ਮਾਨਤੀ ਅਪਰਾਧ ਸੀ। ਕਾਬਲੇਗੌਰ ਹੈ ਕਿ 4 ਮਈ ਨੂੰ ਬੱਬਰ ਵਿਚਲੀ ਇਕ ਫਾਇਰਿੰਗ ਰੇਂਜ ਵਿਚ ਗੀਤ ਦੀ ਸ਼ੂਟਿੰਗ ਦੌਰਾਨ ਮੂਸੇਵਾਲਾ ਵੱਲੋਂ ਫਾਇਰਿੰਗ ਕਰਨ ਦਾ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋਣ ਤੋਂ ਬਾਅਦ, ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਉਤੇ ਪੁਲਿਸ ਨੇ ਮੂਸੇਵਾਲਾ ਤੇ ਪੰਜ ਪੁਲਿਸ ਮੁਲਾਜ਼ਮਾਂ ਖਿਲਾਫ ਕੇਸ ਦਰਜ ਕੀਤਾ ਸੀ।

## ਸਿਰਫ ਟਿਊਸ਼ਨ ਫੀਸ ਲੈ ਸਕਣਗੇ ਸਕੂਲ

**ਚੰਡੀਗੜ੍ਹ:** ਸਿੱਖਿਆ ਮੰਤਰੀ ਪੰਜਾਬ ਵਿਜੈ ਇੰਦਰ ਸਿੰਗਲਾ ਨੇ ਮਾਪਿਆਂ ਨੂੰ ਰਾਹਤ ਦਾ ਐਲਾਨ ਕਰਦੇ ਹੋਏ ਕਿਹਾ ਕਿ ਲੌਕਡਾਊਨ ਦੇ ਸਮੇਂ ਦੌਰਾਨ ਆਨਲਾਈਨ ਸਿੱਖਿਆ ਮੁਹੱਈਆ ਕਰ ਰਹੇ ਸਕੂਲਾਂ ਨੂੰ ਸਿਰਫ ਟਿਊਸ਼ਨ ਫੀਸ ਲੈਣ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਸਕੂਲ ਪ੍ਰਬੰਧਕਾਂ ਨੂੰ ਵੀ ਕਿਹਾ ਕਿ ਉਹ ਸੰਕਟ ਦੇ ਮੱਦੇਨਜ਼ਰ ਅਕਾਦਮਿਕ ਸੈਸ਼ਨ ਦੌਰਾਨ ਫੀਸ ਜਾਂ ਕਿਸੇ ਹੋਰ ਖਰਚਿਆਂ ਵਿਚ ਕਿਸੇ ਵੀ ਤਰ੍ਹਾਂ ਦੇ ਵਾਧੇ ਤੋਂ ਗੁਰੇਜ਼ ਕਰਨ। ਜ਼ਿਲ੍ਹਾ ਸਿੱਖਿਆ ਅਫਸਰ ਇਹ ਯਕੀਨੀ ਬਣਾਉਣਗੇ ਕਿ ਕੋਈ ਵੀ ਸਕੂਲ ਟਿਊਸ਼ਨ ਫੀਸ ਤੋਂ ਇਲਾਵਾ ਕੋਈ ਟਰਾਂਸਪੋਰਟ ਫੀਸ, ਮੈੱਸ ਖਰਚਾ, ਇਮਾਰਤ ਖਰਚਾ ਜਾਂ ਕੋਈ ਵਾਧੂ ਖਰਚਾ ਨਹੀਂ ਲਵੇਗਾ। ਮਾਪੇ ਵੀ ਆਪਣੇ ਬੱਚਿਆਂ ਦੀ ਟਿਊਸ਼ਨ ਫੀਸ ਤਿਮਾਹੀ ਦੀ ਥਾਂ ਮਹੀਨਾਵਾਰ ਭਰਵਾ ਸਕਦੇ ਹਨ। ਸਿੱਖਿਆ ਮੰਤਰੀ ਨੇ ਆਖਿਆ ਕਿ ਕਿਸੇ ਵੀ ਹਾਲਤ ਵਿਚ ਸਕੂਲ ਆਪਣੇ ਅਧਿਆਪਕਾਂ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਨਹੀਂ ਰੋਕ ਸਕਣਗੇ ਹਨ ਅਤੇ ਨਾ ਹੀ ਘਟਾ ਸਕਦੇ ਹਨ।

# ਪਾਕਿਸਤਾਨ ਵਿਚ ਘਰੇਲੂ ਉਡਾਣਾਂ ਸ਼ੁਰੂ




**ਇਸਲਾਮਾਬਾਦ:** ਪਾਕਿਸਤਾਨ ਨੇ ਪੜਾਅਵਾਰ ਤਰੀਕੇ ਨਾਲ ਘਰੇਲੂ ਉਡਾਣਾਂ ਸ਼ੁਰੂ ਕਰ ਦਿੱਤੀਆਂ ਹਨ। ਦੇਸ਼ ਦੇ ਪੰਜ ਵੱਡੇ ਹਵਾਈ ਅੱਡਿਆਂ ਤੋਂ ਘਰੇਲੂ ਉਡਾਣ ਸੇਵਾ ਮੁੜ ਤੋਂ ਸ਼ੁਰੂ ਹੋਈ ਹੈ। ਪਾਕਿਸਤਾਨ ਦੀ ਪਹਿਲੀ ਉਡਾਣ ਕਰਾਚੀ ਤੋਂ ਬਾਅਦ ਦੁਪਹਿਰ 1 ਵਜੇ ਲਾਹੌਰ ਲਈ ਰਵਾਨਾ ਹੋਈ। ਦੇਸ਼ ਵਿਚ ਜਿਨ੍ਹਾਂ ਪੰਜ ਹਵਾਈ ਅੱਡਿਆਂ ਨੂੰ ਹਵਾਈ ਉਡਾਣਾਂ ਦੀ ਇਜਾਜ਼ਤ ਦਿੱਤੀ ਗਈ ਹੈ, ਉਨ੍ਹਾਂ ਵਿਚ ਕਰਾਚੀ ਦਾ ਜਿਨਾਹ ਕੌਮਾਂਤਰੀ ਹਵਾਈ ਅੱਡਾ, ਲਾਹੌਰ ਦਾ ਅੱਲਾਮਾ ਇਕਬਾਲ ਕੌਮਾਂਤਰੀ ਹਵਾਈ ਅੱਡਾ, ਇਸਲਾਮਾਬਾਦ ਕੌਮਾਂਤਰੀ ਹਵਾਈ ਅੱਡਾ (ਆਈ.ਆਈ.ਏ.ਪੀ.), ਕੋਇਟਾ ਕੌਮਾਂਤਰੀ ਹਵਾਈ ਅੱਡਾ ਅਤੇ ਪਿਸ਼ਾਵਰ ਦਾ ਬਚਾ ਖਾਨ ਕੌਮਾਂਤਰੀ ਹਵਾਈ ਅੱਡਾ ਸ਼ਾਮਲ ਹਨ। ਦੇਸ਼ ਵਿਚ ਕੌਮਾਂਤਰੀ ਉਡਾਣਾਂ ਉਤੇ 31 ਮਈ ਤੱਕ ਪਾਬੰਦੀ ਲੱਗੀ ਹੋਈ ਹੈ।

# ਕਰੋਨਾ ਰੋਗੀਆਂ ਦੀ ਪਛਾਣ ਲਈ ਕੁੱਤਿਆਂ ਦੀ ਪਰਖ ਸ਼ੁਰੂ

**ਲੰਡਨ:** ਇੰਗਲੈਂਡ ਸਰਕਾਰ ਨੇ ਇਕ ਨਵੀਂ ਖੋਜ ਦੇ ਹਿੱਸੇ ਵਜੋਂ ਵਿਸ਼ੇਸ਼ ਤੌਰ ਉਤੇ ਸਿਖਾਏ ਕੁੱਤਿਆਂ ਦੀ ਪਰਖ ਸ਼ੁਰੂ ਕੀਤੀ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਕੁੱਤੇ ਲੱਛਣ ਨਜ਼ਰ ਆਉਣ ਤੋਂ ਪਹਿਲਾਂ ਹੀ ਕਰੋਨਾ ਵਾਇਰਸ ਤੋਂ ਪੀੜਤ ਮਰੀਜ਼ਾਂ ਦੀ ਪਛਾਣ ਕਰਨਗੇ।

ਭਵਿੱਖ ਵਿਚ ਕਰੋਨਾ ਵਾਇਰਸ ਤੋਂ ਅਗਾਊਂ ਬਚਾਅ ਕਰਨ ਹਿੱਤ ਇਨ੍ਹਾਂ ਕੁੱਤਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਸਿਹਤ ਵਿਭਾਗ ਅਨੁਸਾਰ ਪੰਜ ਲੱਖ ਪੌਂਡ ਦੀ ਸਰਕਾਰੀ ਮਦਦ ਨਾਲ ਲੰਡਨ ਸਕੂਲ ਆਫ ਹਾਈਜੀਨ ਅਤੇ ਟਰੌਪੀਕਲ ਮੈਡੀਸਿਨ ਦੇ ਖੋਜੀਆਂ ਨੇ ਟਰਾਇਲ ਦਾ ਪਹਿਲਾ ਪੜਾਅ ਸ਼ੁਰੂ ਕੀਤਾ ਹੈ। ਪਹਿਲੇ ਪੜਾਅ ਅਨੁਸਾਰ ਇਹ ਖੋਜੀ ਕੁੱਤੇ ਸਰੀਰ ਵਿਚਲ ਗੰਧ ਤੋਂ ਰੋਗੀਆਂ ਦੀ ਪਛਾਣ ਕਰਨਗੇ। ਇਸ ਖੋਜ ਵਿਚ ਮੈਡੀਕਲ ਡਿਟੈਕਸ਼ਨ ਡਾਗਜ਼ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਹੈ, ਜੋ ਹੁਣ ਤਕ ਕੁੱਤਿਆਂ ਨੂੰ ਕੈਂਸਰ ਤੇ ਮਲੇਰੀਆ ਸਣੇ ਹੋਰ ਬਿਮਾਰੀਆਂ ਦੀ ਪਛਾਣ ਬਾਰੇ ਟਰੇਨਿੰਗ ਦੇ ਚੁੱਕੀ ਹੈ। ਮੰਤਰੀ ਲਾਰਡ ਬੈਥਲ ਦਾ ਕਹਿਣਾ ਹੈ ਕਿ ਉਮੀਦ ਹੈ ਕਿ ਸਰਕਾਰ ਦੀ ਵੱਡੇ ਪੱਧਰ ਉਤੇ ਟੈਸਟਿੰਗ ਨੀਤੀ ਲਈ ਇਹ ਕੁੱਤੇ ਸਹਾਈ ਸਿੱਧ ਹੋਣਗੇ।

# ਹੱਤਿਆ ਤੋਂ ਸੱਤ ਸਾਲ ਬਾਅਦ ਸਿੱਖ ਨੌਜਵਾਨ ਦਾ ਕਾਤਲ ਗ੍ਰਿਫਤਾਰ

**ਵਾਸ਼ਿੰਗਟਨ:** ਐਫ.ਬੀ.ਆਈ. ਤੇ ਲਾਸ ਵੇਗਸ ਪੁਲਿਸ ਨੇ ਸੱਤ ਸਾਲ ਪਹਿਲਾਂ ਕੈਲੀਫੋਰਨੀਆ ਦੇ ਗੈਸ ਸਟੇਸ਼ਨ 'ਤੇ ਭਾਰਤੀ ਮੂਲ ਦੇ 27 ਸਾਲਾ ਕਾਮੇ ਦੀ ਕਥਿਤ ਗੋਲੀਆਂ ਮਾਰ ਕੇ ਹੱਤਿਆ ਨਾਲ ਸਬੰਧਤ ਕੇਸ ਵਿਚ ਸੀਨ ਡੋਨੋਹੋਏ (34) ਨੂੰ ਗ੍ਰਿਫਤਾਰ ਕੀਤਾ ਹੈ। ਪੰਜਾਬ ਦੇ ਫਤਿਹਗੜ੍ਹ ਜ਼ਿਲ੍ਹੇ ਦੇ ਪਿੰਡ ਮਾਜਰੀ ਕਿਸ਼ਨੇਵਾਲੀ ਨਾਲ ਸਬੰਧਤ ਮਨਪ੍ਰੀਤ ਸਿੰਘ ਘੁੰਮਣ ਕੈਲੀਫੋਰਨੀਆ ਦੇ ਸਾਊਥ ਲੇਕ ਟਾਹੋ ਦੇ ਗੈਸ ਸਟੇਸ਼ਨ ਵਿਚ ਕੰਮ ਕਰਦਾ ਸੀ। 6 ਅਗਸਤ 2013 ਨੂੰ ਅਣਪਛਾਤੇ ਹਮਲਾਵਰ ਨੇ ਗੋਲੀਆਂ ਮਾਰ ਕੇ ਉਸ ਨੂੰ ਹਲਾਕ ਕਰ ਦਿੱਤਾ।

# ਕੋਵਿਡ-19 ਦੀ ਮੌਜੂਦਗੀ ਵਿਚ ਸਾਡਾ ਵਰਤਮਾਨ ਤੇ ਭਵਿੱਖ

**ਹਰਜਿੰਦਰ ਸਿੰਘ ਗੁਲਪੁਰ**

ਅਜੇ ਇਹ ਕਹਿਣਾ ਬਹੁਤ ਮੁਸ਼ਕਿਲ ਹੈ ਕਿ ਜਦੋਂ ਕੋਵਿਡ-19 ਦੀ ਸੁਰੰਗ ਵਿਚੋਂ ਨਿਕਲਾਂਗੇ ਤਾਂ ਦੁਨੀਆਂ ਕਿਹੋ ਜਿਹੀ ਦਿਖਾਈ ਦੇਵੇਗੀ! ਇਸ ਸਮੇਂ ਤਾਂ ਇਹ ਵੀ ਨਹੀਂ ਪਤਾ ਕਿ ਕੋਈ ਦਵਾਈ ਮਿਲ ਜਾਵੇਗੀ ਜਾਂ ਨਹੀਂ? ਜੇ ਨੇੜ ਭਵਿੱਖ ਵਿਚ ਇਸ ਵਾਇਰਸ ਦਾ ਕੋਈ ਤੋੜ ਨਹੀਂ ਮਿਲਦਾ ਤਾਂ ਸਮਾਜਕ ਦੂਰੀ ਅਤੇ ਕੰਮ ਕਾਜ ਵਿਚ ਤਾਲਮੇਲ ਬਣਾਉਣ ਦਾ ਢੰਗ ਤਰੀਕਾ ਸਿੱਖਣਾ ਹੀ ਪਵੇਗਾ। ਇਸ ਤੋਂ ਬਿਨਾ ਵਰਤਮਾਨ ਅਤੇ ਭਵਿੱਖ ਵਿਚ ਗੁਜ਼ਾਰਾ ਕਰਨਾ ਨਾ ਮੁਮਕਿਨ ਹੈ। ਹੁਣ ਤੱਕ ਹੋਏ 2 ਵਿਸ਼ਵ ਯੁਧਾਂ ਅਤੇ ਅਨੇਕਾਂ ਮਹਾਮਾਰੀਆਂ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਅਜਿਹੀਆਂ ਬਿਪਤਾਵਾਂ ਦੇਸ਼ਾਂ ਦੇ ਹਾਲਾਤ ਉਲਟ-ਪੁਲਟ ਕਰ ਦਿੰਦੀਆਂ ਹਨ। ਜੇਤੂ ਹਾਰ ਜਾਂਦੇ ਹਨ ਅਤੇ ਹਾਰੇ ਹੋਏ ਅਗਲੀਆਂ ਸਫਾਂ ਵਿਚ ਆ ਜਾਂਦੇ ਹਨ। ਫੇਰ ਵੀ ਅਨਿਸ਼ਚਿਤਤਾ ਦੇ ਇਸ ਦੌਰ ਵਿਚ ਵਰਤਮਾਨ ਅਤੇ ਭਵਿੱਖ ਵਾਰੇ ਸੋਚਣਾ ਚਾਹੀਦਾ ਹੈ। ਵਿਸ਼ਵ ਦੇ ਲੋਕ ਇਹ ਆਸ ਕਰਦੇ ਹਨ ਕਿ ਦੁਨੀਆਂ ਦੀ ਅਰਥ ਵਿਵਸਥਾ ਨੂੰ ਲੀਹ 'ਤੇ ਲਿਆਉਣ ਲਈ ਉਸ ਦੇ ਹਿੱਸੇਦਾਰ ਦੇਸ਼ ਅਜਿਹੀ ਰਣਨੀਤੀ ਬਣਾਉਣ ਕਿ ਲੋਕਾਂ ਨੂੰ ਬੇਲੋੜੀ ਤਕਲੀਫ ਨਾ ਝੱਲਣੀ ਪਵੇ।

ਇਸ ਰਹੱਸਮਈ ਸਥਿਤੀ ਦਾ ਟਾਕਰਾ ਕਰਨ ਲਈ ਵੱਖ ਵੱਖ ਦੇਸ਼ਾਂ ਦੀਆਂ ਅਰਥ ਵਿਵਸਥਾਵਾਂ ਦੇ ਸ਼ੁਰੂਆਤੀ ਲੱਛਣ ਦੇਖ ਕੇ ਕੁਝ ਸੁਝਾਅ ਦਿੱਤੇ ਜਾ ਸਕਦੇ ਹਨ। ਮਿਸਾਲ ਵਜੋਂ ਜੇ ਸੰਭਵ ਹੋਵੇ ਤਾਂ ਇਸ ਵਕਤ ਤਮਾਮ ਮੱਤਭੇਦਾਂ ਨੂੰ ਲਾਂਭੇ ਰੱਖ ਕੇ ਇਸ ਚਣੌਤੀ ਦਾ ਮੁਕਾਬਲਾ ਇੱਕ ਜੁੱਟ ਹੋ ਕੇ ਕਰਨਾ ਚਾਹੀਦਾ ਹੈ। ਵਾਇਰਸ ਦੇ ਪ੍ਰਕੋਪ ਦੀ ਰੋਕਥਾਮ ਅਤੇ ਅਰਥ ਵਿਵਸਥਾ ਨੂੰ ਚੱਲਦਾ ਰੱਖਣ ਦੇ ਦਰਮਿਆਨ ਸੰਤੁਲਿਤ ਬਿਠਾਉਣ ਦੀ ਵੱਡੀ ਚੁਣੌਤੀ ਸਭ ਦੇ ਸਾਹਮਣੇ ਹੈ। ਵਾਇਰਸ ਨੂੰ ਰੋਕਣ ਦੀ ਕੀਮਤ ਤੇ ਗਰੀਬਾਂ, ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਜ਼ਿੰਦਗੀਆਂ ਨੂੰ ਦਾਅ 'ਤੇ ਨਹੀਂ ਲਾਇਆ ਜਾ ਸਕਦਾ। ਨਾ ਹੀ ਅਰਥ ਵਿਵਸਥਾ ਦੀ ਨੀਂਹ ਇੰਨੀ ਕਮਜ਼ੋਰ ਹੋਣ ਦਿੱਤੀ ਜਾ ਸਕਦੀ ਹੈ ਕਿ ਮਹਾਮਾਰੀ ਤੋਂ ਉਭਰਨ ਪਿਛੋਂ ਆਰਥਕ ਮਲਵੇ ਦੇ ਢੇਰ 'ਤੇ ਬੈਠੇ ਹੋਈਏ।




ਕਰੋਨਾ ਦੀ ਰੋਕਥਾਮ ਸਬੰਧੀ ਤੁਰੰਤ ਕਦਮ ਚੁੱਕਣ ਲਈ ਭਾਰਤ ਦੀ ਸਰਾਹਨਾ ਹੋਈ ਹੈ। ਵਿਸ਼ਵ ਦੇ ਮੁਕਾਬਲੇ ਭਾਰਤ ਕੋਵਿਡ-19 ਨਾਲ ਨਿਪਟਣ ਦੀ ਬਿਹਤਰ ਸਥਿਤੀ ਵਿਚ ਹੈ। ਇੱਕ ਕਰੋੜ ਲੋਕਾਂ ਪਿਛੇ ਭਾਰਤ ਵਿਚ ਕੇਵਲ 5 ਲੋਕਾਂ ਦੀ ਜਾਨ ਗਈ ਹੈ। ਬੈਲਜੀਅਮ ਇੱਕ ਕਰੋੜ ਪਿੱਛੇ 5180 ਜਾਨਾਂ ਗਵਾ ਚੁਕਾ ਹੈ। ਅਮਰੀਕਾ ਵਿਚ ਇਹ ਅਨੁਪਾਤ 1370, ਸਪੇਨ ਵਿਚ 4550, ਇਟਲੀ ਵਿਚ 4080 ਅਤੇ ਇੰਗਲੈਂਡ ਵਿਚ 2550 ਹੈ। ਇਸ ਅਨੁਪਾਤ ਵਿਚ ਸਿਰਫ ਭਾਰਤ ਹੀ ਅਲੱਗ ਨਹੀਂ, ਹੋਰ ਦੇਸ਼ ਵੀ ਹਨ। ਬੰਗਲਾ ਦੇਸ਼ ਵਿਚ ਇਹ ਅਨੁਪਾਤ 7, ਸ਼੍ਰੀ ਲੰਕਾ ਵਿਚ 3, ਪਾਕਿਸਤਾਨ ਵਿਚ 9, ਤਨਜ਼ਾਨੀਆ ਵਿਚ 2, ਨਾਇਜੀਰੀਆ ਵਿਚ 1 ਅਤੇ ਇਥੋਪੀਆ ਵਿਚ 0.3 ਹੈ।

ਯੂਰਪ, ਅਮਰੀਕਾ ਅਤੇ ਦੱਖਣੀ ਏਸ਼ੀਆ ਤੇ ਅਫਰੀਕਾ ਦਰਮਿਆਨ ਅਨੁਪਾਤ ਦਾ ਇਹ ਫਰਕ ਹੈਰਾਨੀਜਨਕ ਹੈ। ਇਸ ਦਾ ਕਾਰਨ ਇਹ ਵੀ ਨਹੀਂ ਹੋ ਸਕਦਾ ਕਿ ਇਹ ਦੇਸ਼ ਅਲੱਗ ਥਲੱਗ ਹਨ। ਬੰਗਲਾ ਦੇਸ਼ੀ ਦੁਨੀਆਂ ਭਰ ਵਿਚ ਸਭ ਤੋਂ ਵੱਧ ਫੈਲੇ ਹੋਏ ਹਨ ਅਤੇ ਇਥੋਪੀਆ ਦੀ ਚੀਨ ਨਾਲ ਆਮਦ ਰਾਫਤ ਕਾਫੀ ਹੈ। ਇਸ ਦੇ ਬਾਵਜੂਦ ਇਨ੍ਹਾਂ ਦੇਸ਼ਾਂ ਵਿਚ ਮੌਤ ਦਰ ਕਾਫੀ ਘੱਟ ਹੈ। ਆਖਰ ਅਜਿਹਾ ਕਿਉਂ ਹੈ? ਇਸ ਦਾ ਕੋਈ ਵੀ ਵਿਗਿਆਨਕ ਕਾਰਨ ਸਾਹਮਣੇ ਨਹੀਂ ਆਇਆ।

ਸਾਨੂੰ ਵਾਇਰਸ ਦੀ ਲਾਗ 'ਤੇ ਕਾਬੂ ਪਾਉਣ ਲਈ ਸਾਰੇ ਵਾਜਬ ਕਦਮ ਉਠਾਉਣੇ ਪੈਣਗੇ। ਸਭ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਜੀਵਨ ਵਿਚ ਕੁਝ ਪ੍ਰਾਪਤ ਕਰਨ ਲਈ ਜੋਖਮ ਉਠਾਉਣਾ ਹੀ ਪੈਂਦਾ ਹੈ। ਵਾਇਰਸ ਨੂੰ ਹਰਾਉਣ ਲਈ ਸਾਡਾ ਮਕਸਦ ਇਸ ਦੀ ਪੈਦਾ ਹੋਣ ਦੀ ਦਰ ਜਾਂ ਆਰ. ਓ. ਨੂੰ ਇੱਕ ਤੋਂ ਥੱਲੇ ਲਿਆਉਣ ਦਾ ਹੋਣਾ ਚਾਹੀਦਾ ਹੈ। ਆਰ. ਓ. ਦਾ ਮਤਲਬ ਹੈ, ਲਾਗ ਦੇ ਸ਼ਿਕਾਰ ਇੱਕ ਵਿਅਕਤੀ ਤੋਂ ਔਸਤ ਕਿੰਨੇ ਲੋਕਾਂ ਨੂੰ ਲਾਗ ਹੋ ਸਕਦੀ ਹੈ। ਮਾਹਿਰਾਂ ਅਨੁਸਾਰ ਕਿਸੇ ਵੀ ਇਲਾਕੇ ਵਿਚ ਜੇ ਆਰ. ਓ. ਇੱਕ ਤੋਂ ਹੇਠ ਆ ਜਾਂਦਾ ਹੈ, ਜਿਵੇਂ ਕੇਰਲ ਵਿਚ ਹੋਇਆ ਹੈ, ਤਾਂ ਮੰਨਿਆ ਜਾ ਸਕਦਾ ਹੈ ਕਿ ਸਬੰਧਿਤ ਇਲਾਕੇ ਵਿਚ ਬਿਮਾਰੀ ਖਤਮ ਹੋਣ ਲੱਗ ਪਈ ਹੈ। ਲੌਕਡਾਊਨ ਖੋਲ੍ਹਣ ਸਮੇਂ ਸਾਵਧਾਨੀ ਅਤੇ ਫੁਰਤੀ ਤੋਂ ਕੰਮ ਲੈਣਾ ਪਵੇਗਾ।

ਆਕਸਫੋਰਡ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਦੇ ਇੱਕ ਅਧਿਐਨ ਅਨੁਸਾਰ ਦੁਨੀਆਂ ਦੇ 73 ਦੇਸ਼ਾਂ ਵਿਚ ਲਾਗੂ ਸਖਤ ਲੌਕਡਾਊਨ ਦੇ ਮਾਮਲੇ ਵਿਚ ਭਾਰਤ ਸਭ ਤੋਂ ਉਪਰ ਹੈ। ਥੋੜ੍ਹੇ ਸਮੇਂ ਲਈ ਤਾਂ ਇਹ ਫਾਇਦੇਮੰਦ ਹੋ ਸਕਦਾ ਹੈ, ਪਰ ਸਖਤੀ ਦੇ ਸਹਾਰੇ ਇਸ ਨੂੰ ਬਹੁਤੀ ਦੇਰ ਲਾਗੂ ਰੱਖਣ ਦਾ ਨਤੀਜਾ ਗਰੀਬਾਂ ਦੀ ਬਰਬਾਦੀ ਵਿਚ ਨਿਕਲੇਗਾ। ਇਸ ਨਾਲ ਆਰਥਕ ਸੰਭਾਵਨਾਵਾਂ ਨੂੰ ਵੀ ਨੁਕਸਾਨ ਪਹੁੰਚੇਗਾ। ਇਸ ਸਮੇਂ ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ 24 ਫੀਸਦੀ ਹੈ, ਜੋ ਹੁਣ ਤੱਕ ਦੀ ਸਭ ਤੋਂ ਜ਼ਿਆਦਾ ਹੈ। ਇੱਕ ਅੰਦਾਜ਼ੇ ਅਨੁਸਾਰ ਮਾਰਚ ਦੇ ਮਹੀਨੇ ਵਿਚ 15 ਲੱਖ ਡਾਲਰ ਦੇਸ਼ ਵਿਚੋਂ ਬਾਹਰ ਚਲੇ ਗਏ ਹਨ। ਇਹ ਦੁਨੀਆਂ ਦੀ ਕਿਸੇ ਵੀ ਉਭਰਦੀ ਅਰਥ ਵਿਵਸਥਾ ਵਿਚੋਂ ਸਭ ਤੋਂ ਵੱਡਾ ਪੂੰਜੀ ਪਲਾਇਨ ਹੈ। ਵਿਸ਼ਵ ਪੱਧਰੀ ਆਰਥਕਤਾ ਨੂੰ ਬਰੇਕ ਲੱਗ ਜਾਣ ਕਾਰਨ ਭਾਰਤ ਦੀ ਕਰੰਸੀ ਕਮਜ਼ੋਰ ਹੋਈ ਹੈ। ਇਸ ਸਮੇਂ ਇਹ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਹੈ। ਕੁਝ ਆਰਜੀ ਤੇ ਸੁਭਾਵਿਕ ਸਮੱਸਿਆਵਾਂ ਨਾਲ ਤਾਂ ਭਾਰਤ ਨਿਪਟ ਸਕਦਾ ਹੈ, ਪਰ ਜੇ ਇਹ ਲੰਬਾ ਸਮਾਂ ਰਹਿੰਦੀਆਂ ਹਨ ਤਾਂ ਵਿਸ਼ਵ ਵਪਾਰ, ਨਿਰਯਾਤ ਅਤੇ ਕਾਰੋਬਾਰ ਦੇ ਮੌਕੇ ਭਾਰਤ ਹੱਥੋਂ ਨਿਕਲ ਕੇ ਹੋਰ ਦੇਸ਼ਾਂ ਦੇ ਹੱਥ ਵਿਚ ਜਾ ਸਕਦੇ ਹਨ। ਇਸ ਤੋਂ ਇਲਾਵਾ ਕੰਮਕਾਜੀ ਲੋਕ ਬਹੁਤ ਦੁਰਗਮ ਪ੍ਰਸਥਿਤੀਆਂ ਵਿਚ ਘਿਰ ਜਾਣਗੇ। ਕੇਂਦਰ ਸਰਕਾਰ ਨੇ ਲੌਕਡਾਊਨ ਦੀ ਮਿਆਦ ਕੁਝ ਕੁ ਛੋਟਾਂ ਨਾਲ ਵਧਾਉਣ ਦਾ ਫੈਸਲਾ ਕੀਤਾ ਹੈ, ਜਿਸ ਦੀ ਰੌਸ਼ਨੀ ਵਿਚ ਕੇਂਦਰ ਸਰਕਾਰ ਨੂੰ ਨਿਜੀ ਖੇਤਰ, ਖਾਸ ਕਰ ਅਨਉਪਚਾਰਕ ਧੰਦੇ ਅਤੇ ਛੋਟੇ ਉਦਯੋਗ ਸ਼ੁਰੂ ਕਰਨ ਦੀ ਇਜਾਜ਼ਤ ਦੇ ਦੇਣੀ ਚਾਹੀਦੀ ਹੈ। ਸੀਮਤ ਲੌਕਡਾਊਨ ਦੌਰਾਨ ਵਿਚਰਨ ਦੇ ਢੰਗ ਤਰੀਕੇ, ਜਿਵੇਂ ਸਮਾਜਕ ਦੂਰੀ, ਮਾਸਕ ਪਹਿਨਣਾ, ਹੱਥਾਂ ਦੀ ਸਾਫ ਸਫਾਈ ਦੇ ਨਿਯਮ ਤੈਅ ਕਰਨੇ ਪੈਣਗੇ। ਇਸ ਤੋਂ ਇਲਾਵਾ ਮਜ਼ਦੂਰਾਂ ਨੂੰ ਕੰਮ ਦੀ ਥਾਂ 'ਤੇ ਭੇਜਣ ਅਤੇ ਵਾਪਸ ਘਰਾਂ ਤੱਕ ਲਿਆਉਣ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਨਾ ਪਵੇਗਾ। ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨਿਕ ਸਖਤੀ ਦੀ ਥਾਂ ਸਮੂਹ ਦੀ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨਾ ਪਵੇਗਾ।

ਭਾਰਤ ਵਿਚ ਪਰਮਿਟ ਜਾਂ ਇੰਸਪੈਕਟਰੀ ਰਾਜ ਦਾ ਲੰਬਾ ਇਤਿਹਾਸ ਰਿਹਾ ਹੈ, ਜਿਸ ਵਿਚ ਸਾਰੇ ਕਾਰੋਬਾਰ ਅਫਸਰਸ਼ਾਹੀ ਦੀ ਮਰਜ਼ੀ 'ਤੇ ਨਿਰਭਰ ਕਰਦੇ ਸਨ। ਇਸ ਪਰਮਿਟ ਰਾਜ ਦੌਰਾਨ ਵੱਡੀਆਂ ਵੱਡੀਆਂ ਕੰਪਨੀਆਂ ਨੇ ਜਨਤਕ ਅਦਾਰਿਆਂ ਨੂੰ ਖੂੰਜੇ ਲਾ ਕੇ ਆਪਣੇ ਪੈਰ ਜਮਾਏ ਸਨ। ਉਸ ਸਮੇਂ ਦੇਸ਼ ਅੰਦਰ ਇੱਕ ਤਰ੍ਹਾਂ ਦੀ ਆਰਥਕ ਖੜੋਤ ਆ ਗਈ ਸੀ, ਜਿਸ ਤੋਂ ਸਰਕਾਰ ਨੂੰ ਬਚਣਾ ਚਾਹੀਦਾ ਹੈ। ਭਾਰਤ ਸਮੇਤ ਪੂਰਾ ਵਿਸ਼ਵ ਇਸ ਸਮੇਂ ਦੋਰਾਹੇ 'ਤੇ ਖੜ੍ਹਾ ਹੈ। ਇਸ ਸਮੇਂ ਕੀਤੀ ਕੋਈ ਵੀ ਅਣਗਹਿਲੀ ਐਨੀ ਭਾਰੀ ਪੈ ਸਕਦੀ ਹੈ ਕਿ ਜਿਸ ਨੂੰ ਠੀਕ ਨਹੀਂ ਕੀਤਾ ਜਾ ਸਕੇਗਾ। ਕੇਂਦਰ ਸਰਕਾਰ ਨੂੰ ਆਪੇ ਪੈਦਾ ਕੀਤੀਆਂ ਸਮੱਸਿਆਵਾਂ ਤੋਂ ਮੂੰਹ ਮੋੜ ਕੇ ਸਾਰਾ ਧਿਆਨ ਇਸ ਮਹਾਮਾਰੀ ਤੋਂ ਨਿਜਾਤ ਪਾਉਣ ਵੱਲ ਦੇਣਾ ਚਾਹੀਦਾ ਹੈ।

# ਪੂਤਿਨਸ਼ਾਹੀ

***ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅੱਜ ਸੰਸਾਰ ਦੇ ਚੋਟੀ ਦੇ ਲੀਡਰਾਂ ਵਿਚ ਸ਼ੁਮਾਰ ਹੁੰਦਾ ਹੈ। ਸਾਲ 2000 ਤੋਂ ਬਾਅਦ ਜਦੋਂ ਤੋਂ ਉਸ ਨੇ ਮੁਲਕ ਦੀ ਕਮਾਨ ਸੰਭਾਲੀ ਹੈ, ਕੁਝ ਲੀਹੋਂ ਪਾੜਵੀਆਂ ਗੱਲਾਂ ਕਰ ਕੇ ਡਿਗਦੇ-ਢਹਿੰਦੇ ਮੁਲਕ ਨੂੰ ਮੁੜ ਲੀਹਾਂ 'ਤੇ ਪਾਇਆ। ਪੱਤਰਕਾਰ/ਕਹਾਣੀਕਾਰ ਸੁਕੀਰਤ ਨੇ ਇਸ ਸ਼ਖਸ ਦੇ ਸਫਰ ਬਾਰੇ ਟਿੱਪਣੀ ਆਪਣੇ ਇਸ ਲੇਖ ਵਿਚ ਕੀਤੀ ਹੈ। ਕਈ ਦਹਾਕੇ ਪਹਿਲਾਂ ਸੋਵੀਅਤ ਰੂਸ ਬਾਰੇ ਛਪੀ ਉਸ ਕਿਤਾਬ 'ਬਾਤ ਇਕ ਬੀਤੇ ਦੀ' ਸੋਵੀਅਤ ਰੂਸ ਬਾਰੇ ਵੱਖਰੀ ਤਰ੍ਹਾਂ ਦੀ ਕਿਤਾਬ ਸੀ। -ਸੰਪਾਦਕ***

2024 ਵਿਚ ਖੇਤਰਫਲ ਪੱਖੋਂ ਦੁਨੀਆਂ ਦੇ ਸਭ ਤੋਂ ਵੱਡੇ ਦੇਸ਼ ਰੂਸ ਦੇ ਅਜੋਕੇ ਮੁਖੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਉਥੇ ਲਗਾਤਾਰ ਰਾਜ ਕਰਦਿਆਂ 25 ਵਰ੍ਹੇ ਹੋ ਜਾਣਗੇ। 1917 ਵਿਚ ਰੂਸ ਵਿਚ ਜ਼ਾਰਸ਼ਾਹੀ ਦਾ ਤਖਤਾ ਪਲਟਣ ਪਿਛੋਂ ਜੋਜ਼ਫ ਸਟਾਲਿਨ ਤੋਂ ਇਲਾਵਾ ਕੋਈ ਵੀ ਹੋਰ ਨੇਤਾ ਏਨਾ ਲੰਮਾ ਸਮਾਂ ਉਥੇ ਸਿਰਮੌਰ ਆਗੂ ਨਹੀਂ ਰਿਹਾ-ਨਾ ਸੋਵੀਅਤ ਸਮਿਆਂ ਵਿਚ, ਨਾ ਉਸ ਦੌਰ ਤੋਂ ਮਗਰੋਂ। ਛੋਟੇ ਮੋਟੇ ਦੇਸ਼ਾਂ ਵਿਚ ਏਨੇ ਲੰਮੇ ਸਮੇਂ ਤੋਂ ਰਾਜ-ਪ੍ਰਬੰਧ ਨੂੰ ਜੱਫਾ ਮਾਰੀ ਬੈਠੇ ਆਗੂਆਂ/ਤਾਨਾਸ਼ਾਹਾਂ ਦੀਆਂ ਮਿਸਾਲਾਂ ਭਾਵੇਂ ਹੋਰ ਵੀ ਲੱਭ ਜਾਂਦੀਆਂ ਹਨ, ਪਰ 21ਵੀਂ ਸਦੀ ਵਿਚ ਦੁਨੀਆਂ ਦੇ ਕਿਸੇ ਵੀ ਅਹਿਮ ਦੇਸ਼ ਵਿਚ ਏਨੇ ਸਾਲਾਂ ਤੋਂ ਲਗਾਤਾਰ ਸੱਤਾ ਉਤੇ ਕਾਬਜ਼ ਕਿਸੇ ਹੋਰ ਆਗੂ ਦੀ ਮਿਸਾਲ ਨਹੀਂ ਮਿਲਦੀ। ਪੂਤਿਨ ਅਜੋਕੇ ਦੌਰ ਦਾ ਇਕੋ ਇਕ ਆਗੂ ਹੈ, ਜਿਸ ਨੇ ਪੱਛਮ ਦੇ ਰਾਜਨੀਤੀ ਸ਼ਾਸਤਰੀਆਂ ਨੂੰ 'ਪੂਤਿਨਵਾਦ' ਨਾਂ ਦੀ ਨਵੀਂ ਕੈਟਗਰੀ ਘੜਨ ਵੱਲ ਧੱਕਿਆ ਹੈ। 'ਪੂਤਿਨਵਾਦ' ਯਾਨਿ ਰੂਸ ਵਿਚ ਪੂਤਿਨ ਦੀ ਅਗਵਾਈ ਹੇਠ ਸਥਾਪਤ ਹੋਇਆ ਨਵਾਂ ਸਿਆਸੀ ਤੰਤਰ, ਜੋ ਪ੍ਰਚਲਿਤ ਸਿਆਸੀ ਪ੍ਰਣਾਲੀਆਂ ਦੀ ਦਰਜਾਬੰਦੀ ਤੋਂ ਹੀ ਬਾਹਰਾ ਹੈ।



ਸੁਕੀਰਤ

ਇਕ ਪਾਸੇ ਇਸ ਮਹੱਤਵ ਵਾਲੇ ਦੇਸ਼ ਦੇ ਸਭ ਤੋਂ ਅਹਿਮ ਆਗੂ ਨੂੰ ਤਾਨਾਸ਼ਾਹ ਤੋਂ ਲੈ ਕੇ ਡਕੈਤ ਤਕ ਗਰਦਾਨਣ ਵਾਲੇ ਸਿਆਸੀ ਸਮੀਖਿਆਕਾਰਾਂ ਦੀ ਵੀ ਘਾਟ ਨਹੀਂ, ਪਰ ਦੂਜੇ ਪਾਸੇ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਰਥਕ ਅਤੇ ਵਿਦਿਅਕ ਪੱਧਰ ਤੋਂ ਚੋਖੇ ਵਿਕਸਿਤ ਮੁਲਕ ਰੂਸ ਦੀ ਜਨਤਾ ਨੇ ਵਾਰ ਵਾਰ ਇਸੇ ਆਗੂ ਨੂੰ ਚੁਣਿਆ ਹੈ ਅਤੇ ਇਸ ਵੇਲੇ ਉਸ ਦਾ ਕੋਈ ਹੋਰ ਬਦਲ ਵੀ ਨਜ਼ਰ ਨਹੀਂ ਆਉਂਦਾ। ਕਿਹੜੇ ਕਾਰਨ ਹਨ, ਜੋ ਪੂਤਿਨ ਨੂੰ ਏਨੇ ਵਰ੍ਹਿਆਂ ਤੋਂ ਇਸ ਹੱਦ ਤਕ ਮਕਬੂਲ ਬਣਾਈ ਰੱਖਣ ਵਿਚ ਸਹਾਈ ਹੋਏ ਹਨ?

ਪੂਤਿਨ ਦੇ ਇਸ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਉਸ ਦੇ ਜੀਵਨ-ਵੇਰਵੇ ਉਤੇ ਉਡਦੀ ਝਾਤ ਮਾਰਨੀ ਜ਼ਰੂਰੀ ਹੈ। ਉਸ ਦਾ ਜਨਮ 1952 ਵਿਚ ਲੈਨਿਨਗ੍ਰਾਦ (ਜੋ ਹੁਣ ਸੇਂਟ ਪੀਟਰਜ਼ਬਰਗ ਹੈ) ਵਿਚ ਆਮ ਮੱਧ ਵਰਗੀ ਸੋਵੀਅਤ ਸ਼ਹਿਰੀਆਂ ਦੇ ਘਰ ਹੋਇਆ। 1975 ਵਿਚ ਉਸ ਨੇ ਲੈਨਿਨਗ੍ਰਾਦ ਯੂਨੀਵਰਸਿਟੀ ਤੋਂ ਕਾਨੂੰਨ ਵਿਚ ਡਿਗਰੀ ਹਾਸਲ ਕੀਤੀ ਅਤੇ ਸੋਵੀਅਤ ਸਮਿਆਂ ਦੀ ਰਾਜ ਸੁਰੱਖਿਆ ਕਮੇਟੀ ਕੇ.ਜੀ.ਬੀ. ਵਿਚ ਭਰਤੀ ਹੋ ਗਿਆ। ਅਗਲੇ 16 ਸਾਲ ਤਕ ਉਹ ਇਸੇ ਸੰਸਥਾ ਵਿਚ ਰਿਹਾ ਅਤੇ ਇਸ ਦੌਰਾਨ 1985 ਤੋਂ 1990 ਤਕ ਉਸ ਨੇ ਬਤੌਰ ਵਿਦੇਸ਼ੀ ਖੁਫੀਆ ਅਧਿਕਾਰੀ ਪੂਰਬੀ ਜਰਮਨੀ ਵਿਚ ਲੰਮਾ ਸਮਾਂ ਕੰਮ ਕੀਤਾ। 1991 ਵਿਚ ਜਦੋਂ ਗਰਬਾਚੋਵ ਦੀ ਅਗਵਾਈ ਹੇਠਲਾ ਸੋਵੀਅਤ ਸੰਘ ਆਪਣੀ ਹੋਂਦ ਦੇ ਆਖਰੀ ਸਾਲ ਵਿਚ ਸੀ, ਉਸ ਨੇ ਕੇ. ਜੀ. ਬੀ. ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਲੈਨਿਨਗ੍ਰਾਦ ਵਿਚ ਆਪਣਾ ਸਿਆਸੀ ਜੀਵਨ ਸ਼ੁਰੂ ਕੀਤਾ। ਉਹ ਉਥੋਂ ਦੇ ਵੇਲੇ ਦੇ ਮੇਅਰ ਅਨਾਤੋਲੀ ਸਬਚਾਕ ਦਾ ਪਹਿਲੋਂ ਸਹਾਇਕ ਅਤੇ 1994 ਤੋਂ ਮਗਰੋਂ ਉਸ ਦਾ ਡਿਪਟੀ ਵੀ ਰਿਹਾ। 1996 ਵਿਚ ਸਬਚਾਕ ਦੇ ਚੋਣ ਹਾਰ ਜਾਣ ਪਿਛੋਂ ਉਹ ਲੈਨਿਨਗ੍ਰਾਦ ਛੱਡ ਕੇ ਮਾਸਕੋ ਆ ਗਿਆ, ਜਿਥੇ 1998 ਵਿਚ ਉਸ ਨੂੰ ਸੋਵੀਅਤ ਵੇਲਿਆਂ ਵਾਲੀ ਸੰਸਥਾ ਕੇ. ਜੀ. ਬੀ. ਦੀ ਥਾਂ ਬਣਾਈ ਐਫ. ਐਸ. ਬੀ. (ਫੈਡਰਲ ਸੁਰੱਖਿਆ ਸੇਵਾ) ਦਾ ਡਾਇਰੈਕਟਰ ਥਾਪਿਆ ਗਿਆ।

ਅਗਸਤ 1999 ਵਿਚ ਰੂਸ ਦੇ ਰਾਸ਼ਟਰਪਤੀ ਬੋਰਿਸ ਯੇਲਤਸਿਨ ਨੇ ਆਪਣੇ ਅਧੀਨ ਕੰਮ ਕਰ ਰਹੇ ਪੂਤਿਨ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਦੇ ਦਿੱਤਾ। ਇਸ ਤੋਂ ਕੁਝ ਹੀ ਮਹੀਨੇ ਪਿਛੋਂ 1999 ਦੇ ਅੰਤਲੇ ਦਿਨਾਂ ਵਿਚ ਬੋਰਿਸ ਯੇਲਤਸਿਨ ਨੇ ਅਚਾਨਕ ਅਸਤੀਫਾ ਦੇ ਦਿੱਤਾ ਤੇ ਨਾਲ ਹੀ ਪੂਤਿਨ ਨੂੰ ਕਾਰਜਕਾਰੀ ਰਾਸ਼ਟਰਪਤੀ ਥਾਪ ਦਿੱਤਾ। ਕਿਹਾ ਜਾ ਸਕਦਾ ਹੈ ਕਿ ਪੂਤਿਨ ਛੜੱਪੇ ਮਾਰ-ਮਾਰ ਕੇ ਸਿਆਸੀ ਅਹੁਦਿਆਂ ਦੀਆਂ ਪੌੜੀਆਂ ਚੜ੍ਹਦਾ ਰਿਹਾ। ਉਸ ਵੇਲੇ ਤਕ ਪੂਤਿਨ ਦੇ ਖੁਫੀਆ ਏਜੰਸੀਆਂ ਨਾਲ ਜੁੜੇ ਪਿਛੋਕੜ ਕਾਰਨ, ਉਸ ਦੇ ਪਿਛਲੇ ਜੀਵਨ ਬਾਰੇ ਕੋਈ ਖਾਸ ਜਾਣਕਾਰੀ ਵੀ ਨਹੀਂ ਸੀ ਲੱਭਦੀ ਅਤੇ ਨਾ ਹੀ ਬਾਹਰਲੀ ਦੁਨੀਆਂ ਵਿਚ ਬਹੁਤੇ ਲੋਕ ਉਸ ਨੂੰ ਜਾਣਦੇ ਸਨ। ਮਾਰਚ 2000 ਵਿਚ ਰਾਸ਼ਟਰਪਤੀ ਦੀ ਚੋਣ ਵਿਚ 11 ਉਮੀਦਵਾਰ ਖੜੋਤੇ ਪਰ 53% ਵੋਟਾਂ ਲੈ ਕੇ ਪੂਤਿਨ ਜੇਤੂ ਰਿਹਾ। ਯੇਲਤਸਿਨ ਦੇ ਰਾਜ ਕਾਲ ਦੇ ਦੌਰ ਵਿਚ ਸੋਵੀਅਤ ਸੰਘ ਦੇ ਟੁੱਟਣ ਪਿਛੋਂ ਤੇਜ਼ੀ ਨਾਲ ਉਭਰੀ ਧਨਾਢ-ਜੁੰਡਲੀ (ਔਲੀਗਾਰਕੀ) ਹੀ ਅਸਲੀ ਸੱਤਾਧਾਰੀ ਬਣੀ ਰਹੀ ਅਤੇ ਪੂਤਿਨ ਨੂੰ ਉਦੋਂ ਚੋਣਾਂ ਜਿਤਾਉਣ ਵਿਚ ਵੀ ਇਨ੍ਹਾਂ ਲੋਕਾਂ ਦਾ ਹੀ ਵੱਡਾ ਹੱਥ ਰਿਹਾ।

7 ਮਈ 2000 ਨੂੰ ਪੂਤਿਨ ਨੇ ਪਹਿਲੀ ਵਾਰ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ। ਇਨ੍ਹਾਂ ਪਹਿਲੇ ਸਾਲਾਂ ਵਿਚ ਰੂਸ ਦੀ ਸਭ ਤੋਂ ਵੱਡੀ ਪ੍ਰਾਈਵੇਟ ਤੇਲ ਕੰਪਨੀ ਯੂਕੋਸ ਦੀ ਪਿਛਲੀ ਕਾਰਗੁਜ਼ਾਰੀ ਦੀ ਪੜਤਾਲ ਸ਼ੁਰੂ ਕਰਾ ਕੇ ਧਨਾਢ-ਜੁੰਡਲੀ ਦੇ ਬਾਕੀ ਸਰਗਣਿਆਂ ਨੂੰ ਚਿਤਾਵਨੀ ਦੇ ਦਿੱਤੀ ਗਈ ਕਿ ਉਹ ਚੌਕੰਨੇ ਹੋ ਜਾਣ, ਕੱਲ੍ਹ ਨੂੰ ਸਰਕਾਰੀ ਦਖਲ-ਅੰਦਾਜ਼ੀ ਦੀ ਬਿਜਲੀ ਕਿਸੇ 'ਤੇ ਵੀ ਡਿੱਗ ਸਕਦੀ ਹੈ। 2003 ਵਿਚ ਯੂਕੋਸ ਦੇ ਮਾਲਕ ਮਿਖਾਈਲ ਖਦਰਕੋਵਸਕੀ ਨੂੰ ਧੋਖਾਧੜੀ ਅਤੇ ਕਰ ਚੋਰੀ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਗਿਆ। ਖਦਰਕੋਵਸਕੀ ਉਸ ਵੇਲੇ ਰੂਸ ਦਾ ਸਭ ਤੋਂ ਅਮੀਰ ਆਦਮੀ ਹੀ ਨਹੀਂ ਸੀ, ਯੇਲਤਸਿਨ ਦੌਰ ਵਿਚ ਰਾਸ਼ਟਰਪਤੀ ਦਾ ਆਰਥਕ ਸਲਾਹਕਾਰ ਵੀ ਰਹਿ ਚੁਕਾ ਸੀ। ਚਾਰ ਸਾਲਾਂ ਦੇ ਇਸ ਪਹਿਲੇ ਦੌਰ ਵਿਚ ਪੂਤਿਨ ਨੇ ਇਸ ਜੁੰਡਲੀ ਦੇ ਕੁਝ ਲੋਕਾਂ ਨੂੰ ਗੁੱਠੇ ਲਾ ਦਿੱਤਾ ਅਤੇ ਕੁਝ ਹੋਰਨਾਂ ਨੂੰ ਪੱਕੀ ਤਰ੍ਹਾਂ ਆਪਣੇ ਨਾਲ ਜੋੜ ਲਿਆ।

ਦੂਜੇ ਪਾਸੇ, ਏਸੇ ਦੌਰ ਵਿਚ ਪੂਤਿਨ ਦੇ ਕੁਝ ਨੇੜਲੇ ਲੋਕ ਵੀ ਇਸ ਧਨਾਢ-ਜੁੰਡਲੀ ਵਿਚ ਆਣ ਜੁੜੇ। ਯੇਲਤਸਿਨ ਦੇ ਰਾਜ ਦੌਰਾਨ ਮੁਲਕ ਵਿਚ ਪਲਰਦੀ ਰਹੀ ਅਰਾਜਕਤਾ ਨੂੰ ਮੁਕਾਉਣ ਦੀਆਂ ਕੋਸ਼ਿਸ਼ਾਂ ਹਿਤ ਜ਼ਮੀਨ ਦੀ ਮਾਲਕੀ ਅਤੇ ਕਰ ਸਬੰਧਤ ਮਾਮਲਿਆਂ ਲਈ ਨਵੇਂ ਕਾਨੂੰਨ ਵੀ ਘੜੇ ਤੇ ਲਾਗੂ ਕੀਤੇ ਗਏ। ਨਾਲ ਦੀ ਨਾਲ ਪੂਤਿਨ ਨੇ ਰੂਸ ਦੀ ਕੇਂਦਰੀ ਸੱਤਾ ਨੂੰ ਪੱਕਿਆਂ ਕਰਨ ਅਤੇ ਫੈਡਰਲ ਢਾਂਚੇ ਨੂੰ ਲਾਗੂ ਕਰਨ ਲਈ ਇਕ ਡਿਕਰੀ ਰਾਹੀਂ ਸਾਰੇ ਦੇਸ਼ ਨੂੰ ਸੱਤ ਫੈਡਰਲ ਹਿੱਸਿਆਂ ਵਿਚ ਵੰਡ ਦਿੱਤਾ, ਜਿਨ੍ਹਾਂ ਦੇ ਨਿਗਰਾਨ ਰਾਸ਼ਟਰਪਤੀ ਦੇ ਥਾਪੇ ਨੁਮਾਇੰਦੇ ਹੋਣਗੇ। ਰੂਸ ਵਿਚ ਦ੍ਰਿੜ ਕੇਂਦਰੀ ਸਰਕਾਰ ਦੀ ਹੋਂਦ ਦਾ ਮਾਹੌਲ ਪੈਦਾ ਕੀਤਾ ਜਾ ਚੁਕਾ ਸੀ।

ਮਾਰਚ 2004 ਦੀਆਂ ਅਗਲੀਆਂ ਚੋਣਾਂ ਵਿਚ ਪੂਤਿਨ 71% ਵੋਟਾਂ ਲੈ ਕੇ ਦੂਜੀ ਵਾਰ ਰਾਸ਼ਟਰਪਤੀ ਚੁਣਿਆ ਗਿਆ।

ਇਸ ਕਾਰਜਕਾਲ ਵਿਚ ਹੋਈਆਂ ਕੁਝ ਗੱਲਾਂ ਦਾ ਜ਼ਿਕਰ ਜ਼ਰੂਰੀ ਹੈ। ਕਈ ਪੜਤਾਲਾਂ ਰਾਹੀਂ ਯੂਕੋਸ ਕੰਪਨੀ ਦੀਆਂ ਧਾਂਦਲੀਆਂ ਦਾ ਪਰਦਾਫਾਸ਼ ਕਰ ਕੇ ਇਸ ਕੰਪਨੀ ਨੂੰ ਨਿਲਾਮ ਕਰ ਦਿੱਤਾ ਗਿਆ। ਨਿਲਾਮੀ ਪਿੱਛੋਂ ਇਸ ਦੇ ਵੱਡੇ ਹਿੱਸੇ ਦੀ ਮਾਲਕੀ ਰੂਸ ਦੀ ਕੌਮੀ ਤੇਲ ਕੰਪਨੀ ਰੋਸਨੇਫਤ ਹੇਠ ਆ ਗਈ। ਇਸ ਨਾਲ ਸਰਕਾਰੀ ਆਮਦਨ ਦੇ ਵਸੀਲਿਆਂ ਵਿਚ ਚੋਖਾ ਵਾਧਾ ਹੋਇਆ। ਰੂਸ ਵਿਚ ਖੁੰਬਾਂ ਵਾਂਗ ਉਗ ਆਏ ਹੋਰ ਕਾਰਪੋਰੇਟਾਂ ਉਤੇ ਵੀ ਸ਼ਿਕੰਜਾ ਕੱਸਿਆ ਗਿਆ ਅਤੇ ਉਨ੍ਹਾਂ ਹੇਠਲੀਆਂ ਕੰਪਨੀਆਂ ਵਿਚ ਸਰਕਾਰੀ ਦਖਲਅੰਦਾਜ਼ੀ ਵਧਾ ਦਿੱਤੀ ਗਈ।

2005 ਤੋਂ ਰੂਸ ਵਿਚ ਸਿਹਤ ਸੇਵਾਵਾਂ, ਵਿਦਿਆ ਪ੍ਰਬੰਧ, ਲੋਕ-ਵਸੇਬੇ ਅਤੇ ਜ਼ਰਾਇਤੀ ਮਸਲਿਆਂ ਨੂੰ ਸੁਧਾਰਨ ਲਈ ਕੌਮੀ ਤਰਜੀਹ ਪ੍ਰਾਜੈਕਟ ਸ਼ੁਰੂ ਕੀਤੇ ਗਏ। 90ਵਿਆਂ ਦੇ ਯੇਲਤਸਿਨ ਦੌਰ ਵਿਚ ਇਨ੍ਹਾਂ ਸਾਰੇ ਖੇਤਰਾਂ ਵਿਚ ਚੋਖਾ ਨਿਘਾਰ ਆਇਆ ਸੀ ਅਤੇ ਸੋਵੀਅਤ ਸਮਿਆਂ ਦਾ ਪ੍ਰਬੰਧਕੀ ਢਾਂਚਾ ਉਦੋਂ ਤੀਕ ਤਹਿਸ ਨਹਿਸ ਹੋ ਚੁਕਾ ਸੀ। 2006 ਵਿਚ ਸਿਹਤ ਅਤੇ ਵਿਦਿਆ ਖੇਤਰਾਂ ਨਾਲ ਜੁੜੇ ਕਾਮਿਆਂ ਦੀਆਂ ਤਨਖਾਹਾਂ ਵਿਚ ਵੀ ਚੋਖਾ ਵਾਧਾ ਕੀਤਾ ਗਿਆ।

ਪਰ ਇਨ੍ਹਾਂ ਹੀ ਸਾਲਾਂ ਵਿਚ ਮੀਡੀਏ ਉਤੇ ਕਸਦੇ ਜਾ ਰਹੇ ਸ਼ਿਕੰਜੇ ਦੇ ਪਰਛਾਵੇਂ ਵੀ ਸੰਘਣੇ ਹੋਣ ਲੱਗੇ। ਮੀਡੀਏ ਨਾਲ ਜੁੜੀ ਉਸ ਦੌਰ ਦੀ ਸਭ ਤੋਂ ਚਰਚਿਤ ਘਟਨਾ ਅਕਤੂਬਰ 2006 ਵਿਚ ਆਨਾ ਪਲਿਤਕੋਵਸਕਾਇਆ ਦਾ ਕਤਲ ਸੀ, ਜੋ ਨਾ ਸਿਰਫ ਪੂਤਿਨ ਦੀ ਕਾਰਜ-ਸ਼ੈਲੀ ਦੀ ਤਿੱਖੀ ਆਲੋਚਕ ਸੀ, ਸਗੋਂ ਪੂਤਿਨ ਦੀ ਅਗਵਾਈ ਹੇਠ ਲੜੀ ਗਈ ਦੂਜੀ ਚੇਚਨੀਆ ਲੜਾਈ ਸਮੇਂ ਰੂਸੀ ਫੌਜ ਵਿਚਲੇ ਭ੍ਰਿਸ਼ਟਾਚਾਰ ਅਤੇ ਚੇਚਨੀਆ ਵਿਚ ਵਰਤੇ ਗਏ ਹਥਕੰਡਿਆਂ ਨੂੰ ਬੇਨਕਾਬ ਕਰਨ ਵਿਚ ਵੀ ਉਸ ਨੇ ਅਹਿਮ ਭੂਮਿਕਾ ਨਿਭਾਈ ਸੀ। ਪੂਤਿਨ ਦੀ 'ਤਾਨਾਸ਼ਾਹੀ' ਰਾਜ-ਸ਼ੈਲੀ ਕਾਰਨ ਰੂਸ ਵਿਚ ਕੁਝ ਹੋਰ ਵਿਰੋਧੀ ਸੁਰ ਵੀ ਉਭਰਨ ਲੱਗੇ, ਜਿਨ੍ਹਾਂ ਦਾ ਪ੍ਰਗਟਾਵਾ 2007 ਵਿਚ ਰੂਸ ਦੇ ਕਈ ਸ਼ਹਿਰਾਂ ਵਿਚ 'ਅਸਹਿਮਤੀ ਮਾਰਚਾਂ' ਰਾਹੀਂ ਹੋਇਆ।

ਸਤੰਬਰ 2007 ਵਿਚ ਪੂਤਿਨ ਨੇ ਸਰਕਾਰ ਭੰਗ ਕਰ ਦਿੱਤੀ। 2007 ਦੀਆਂ ਪਾਰਲੀਮਾਨੀ ਚੋਣਾਂ ਵਿਚ ਪੂਤਿਨ ਦੀ ਸਮਰਥਕ 'ਸੰਯੁਕਤ ਰੂਸ' ਪਾਰਟੀ 64% ਵੋਟਾਂ ਹਾਸਲ ਕਰਕੇ ਜੇਤੂ ਰਹੀ। ਪੂਤਿਨ ਦੇ ਆਪਹੁਦਰੇਪਣ ਕਾਰਨ ਉਸ ਦੇ ਆਲੋਚਕਾਂ ਦੀ ਤਾਦਾਦ ਵਧ ਰਹੀ ਸੀ, ਪਰ ਪਿਛਲੇ ਕੁਝ ਸਾਲਾਂ ਤੋਂ ਰੂਸੀ ਅਰਥਚਾਰੇ ਦਾ ਮੁੜ ਹੋਇਆ ਵਿਕਾਸ ਪੂਤਿਨ ਦੀ ਲੋਕਪ੍ਰਿਯਤਾ ਨੂੰ ਬਰਕਰਾਰ ਰੱਖਣ ਵਿਚ ਸਹਾਈ ਹੋਇਆ। ਰੂਸੀ ਸੰਵਿਧਾਨ ਮੁਤਾਬਿਕ ਪੂਤਿਨ ਲਗਾਤਾਰ ਤੀਜੀ ਵਾਰ ਰਾਸ਼ਟਰਪਤੀ ਨਹੀਂ ਸੀ ਚੁਣਿਆ ਜਾ ਸਕਦਾ। ਮਈ 2008 ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਹੋਈਆਂ ਚੋਣਾਂ ਵਿਚ ਪੂਤਿਨ ਨੇ ਆਪਣੇ ਸਮਰਥਕ ਮੈਦਵੇਦੇਵ ਨੂੰ ਰਾਸ਼ਟਰਪਤੀ ਚੁਣਵਾ ਲਿਆ ਅਤੇ ਅਗਲੇ ਹੀ ਦਿਨ ਆਪ ਪ੍ਰਧਾਨ ਮੰਤਰੀ ਚੁਣਿਆ ਗਿਆ। ਰੂਸੀ ਸੰਵਿਧਾਨ ਮੁਤਾਬਿਕ ਉਚਤਮ ਅਤੇ ਅਸਲੀ ਤਾਕਤ ਵਾਲਾ ਅਹੁਦਾ ਭਾਵੇਂ ਰਾਸ਼ਟਰਪਤੀ ਦਾ ਹੈ, ਪਰ ਇਸ ਪੈਂਤੜੇ ਰਾਹੀਂ ਪੂਤਿਨ ਸੱਤਾ 'ਤੇ ਫੇਰ ਵੀ ਕਾਬਜ਼ ਰਿਹਾ।

ਅਗਲਾ ਵਰ੍ਹਾ ਭਾਵ 2008 ਸੰਸਾਰ ਪੱਧਰ 'ਤੇ ਆਰਥਕ ਮੰਦੀ ਸ਼ੁਰੂ ਹੋਣ ਦਾ ਸਾਲ ਸੀ ਪਰ ਪਿਛਲੇ ਕੁਝ ਵਰ੍ਹਿਆਂ ਵਿਚ ਤੇਲ ਕੀਮਤਾਂ ਵਿਚ ਵਾਧੇ ਦੌਰਾਨ ਤੇਲ ਦੇ ਵੱਡੇ ਉਤਪਾਦਕ ਦੇਸ਼ ਰੂਸ ਕੋਲ ਚੋਖੀ ਆਰਥਕ ਪੂੰਜੀ ਜਮ੍ਹਾਂ ਹੋ ਚੁਕੀ ਸੀ। ਇਸ ਧਨ ਰਾਸ਼ੀ ਅਤੇ ਦ੍ਰਿੜ੍ਹ ਪ੍ਰਬੰਧਕੀ ਕੰਟਰੋਲ ਦੀ ਬਦੌਲਤ ਰੂਸ ਦੀ ਆਰਥਕਤਾ ਅਤੇ ਰੂਸੀ ਜਨਤਾ ਨੂੰ ਬਹੁਤੀ ਮਾਰ ਨਾ ਸਹਿਣੀ ਪਈ ਅਤੇ 2009 ਦੇ ਮੱਧ ਤੋਂ ਆਰਥਕ ਵਿਕਾਸ ਨੇ ਮੁੜ ਰਫਤਾਰ ਫੜ ਲਈ। ਇਸੇ ਦੌਰ ਵਿਚ ਸੋਵੀਅਤ ਸਮਿਆਂ ਪਿਛੋਂ ਰੂਸ ਦੀ ਘਟਦੀ ਜਾਂਦੀ ਆਬਾਦੀ ਵਿਚ ਵੀ ਸਥਿਰਤਾ ਆਉਣ ਲੱਗੀ। 2011 ਵਿਚ 'ਸੰਯੁਕਤ ਰੂਸ' ਪਾਰਟੀ ਦੇ ਸਮਾਗਮ ਦੌਰਾਨ, ਅਗਲੇ ਸਾਲ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਰਾਸ਼ਟਰਪਤੀ ਮੈਦਵੇਦੇਵ ਨੇ ਆਪ ਹੀ ਤਜਵੀਜ਼ ਰੱਖੀ ਕਿ 2012 ਵਿਚ ਪੂਤਿਨ ਹੀ ਰਾਸ਼ਟਰਪਤੀ ਪਦ ਦਾ ਉਮੀਦਵਾਰ ਹੋਵੇ।

ਇਸ ਤਜਵੀਜ਼ ਨੂੰ ਪੂਤਿਨ ਨੇ ਤਾਂ ਸਵੀਕਾਰ ਕਰ ਲਿਆ, ਪਰ ਚੋਣ ਪ੍ਰਚਾਰ ਦੌਰਾਨ ਉਸ ਵਿਰੁੱਧ ਮੁਜਾਹਰੇ ਜਾਰੀ ਰਹੇ, ਜਿਨ੍ਹਾਂ ਵਿਚੋਂ ਸਭ ਤੋਂ ਅਹਿਮ 21 ਫਰਵਰੀ ਨੂੰ ਹੋਇਆ। ਰੂਸ ਵਿਚ ਚੋਣ ਘਪਲਿਆਂ ਕਾਰਨ ਵਧ ਰਹੀ ਬੇਵਿਸਾਹੀ ਅਤੇ ਥਾਂ ਥਾਂ ਰੋਸ ਮੁਜਾਹਰਿਆਂ ਦੇ ਬਾਵਜੂਦ 63% ਵੋਟਾਂ ਲੈ ਕੇ ਮਾਰਚ 2012 'ਚ ਉਹ ਮੁੜ ਰਾਸ਼ਟਰਪਤੀ ਚੁਣਿਆ ਗਿਆ। 7 ਮਈ ਨੂੰ ਉਸ ਦੇ ਅਹੁਦਾ ਸੰਭਾਲਣ ਤੋਂ ਇਕ ਦਿਨ ਪਹਿਲਾਂ ਵੀ ਮਾਸਕੋ ਵਿਖੇ 12 ਤੋਂ 15 ਹਜ਼ਾਰ ਲੋਕਾਂ ਨੇ ਮੁਜਾਹਰਾ ਕੀਤਾ, ਜਿਸ ਵਿਚ 80 ਲੋਕ ਫੱਟੜ ਹੋਏ ਅਤੇ 600 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ।

ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਪੂਤਿਨ ਨੇ ਬਤੌਰ ਰਾਸ਼ਟਰਪਤੀ 14 ਨਿਰਦੇਸ਼ ਜਾਰੀ ਕੀਤੇ, ਜਿਨ੍ਹਾਂ ਵਿਚ ਰੂਸ ਦੇ ਅਰਥਚਾਰੇ, ਵਿਦਿਅਕ ਪਸਾਰ, ਵਸੇਬੇ, ਮੁਹਾਰਤੀ ਕਾਮਿਆਂ ਦੀ ਸਿਖਲਾਈ ਅਤੇ ਯੂਰਪੀ ਯੂਨੀਅਨ ਨਾਲ ਸਬੰਧਾਂ ਦੀ ਸੇਧ ਉਲੀਕੀ ਗਈ। ਇਸੇ ਕਾਰਜ ਕਾਲ ਦੌਰਾਨ ਯੂਕਰੇਨ ਵਿਚ ਚੱਲ ਰਹੀ ਸਿਆਸੀ ਉਥਲ-ਪੁਥਲ ਸਮੇਂ ਫਰਵਰੀ-ਮਾਰਚ 2014 ਵਿਚ ਰੂਸੀ ਫੌਜੀ ਕਾਰਵਾਈ ਰਾਹੀਂ ਕ੍ਰੀਮੀਆ ਦਾ ਇਲਾਕਾ ਯੂਕਰੇਨ ਕੋਲੋਂ ਹਥਿਆ ਲਿਆ। ਕੌਮਾਂਤਰੀ ਪਿੜ ਵਿਚ ਇਸ ਕਾਰਵਾਈ ਦੀ ਚੋਖੀ ਅਤੇ ਲਗਾਤਾਰ ਆਲੋਚਨਾ ਦੇ ਬਾਵਜੂਦ ਰੂਸ ਦੀ ਬਹੁਤੀ ਜਨਤਾ ਨੇ ਇਸ ਦਾ ਸਮਰਥਨ ਕੀਤਾ। ਇਨ੍ਹਾਂ ਵਰ੍ਹਿਆਂ 'ਚ ਪੂਤਿਨ (ਤੇ ਰੂਸ) ਕੌਮਾਂਤਰੀ ਪਿੜ ਵਿਚ ਤਾਕਤਵਰ ਅਤੇ ਗੌਲਣਯੋਗ ਧਿਰ ਵਜੋਂ ਉਭਰੇ। ਸੀਰੀਆ ਵਿਚ ਜਾਰੀ ਘਰੇਲੂ ਜੰਗ ਦੇ ਮਾਮਲੇ 'ਚ ਵੀ ਰੂਸ ਉਨ੍ਹਾਂ ਵਰ੍ਹਿਆਂ ਤੋਂ ਹੀ ਅਮਰੀਕਾ ਦੇ ਮੁਕਾਬਲੇ ਵਾਲੀ ਧਿਰ ਵਿਚ ਖੜੋਤਾ ਤੁਰਿਆ ਆ ਰਿਹਾ ਹੈ ਅਤੇ ਬਸ਼ਰ ਅਲ-ਅਸਦ ਦੀ ਹਕੂਮਤ ਦੇ ਨਾਲ ਹੈ।



***ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਪੂਤਿਨ ਨੇ ਬਤੌਰ ਰਾਸ਼ਟਰਪਤੀ 14 ਨਿਰਦੇਸ਼ ਜਾਰੀ ਕੀਤੇ, ਜਿਨ੍ਹਾਂ ਵਿਚ ਰੂਸ ਦੇ ਅਰਥਚਾਰੇ, ਵਿਦਿਅਕ ਪਸਾਰ, ਵਸੇਬੇ, ਮੁਹਾਰਤੀ ਕਾਮਿਆਂ ਦੀ ਸਿਖਲਾਈ ਅਤੇ ਯੂਰਪੀ ਯੂਨੀਅਨ ਨਾਲ ਸਬੰਧਾਂ ਦੀ ਸੇਧ ਉਲੀਕੀ ਗਈ। ਇਸੇ ਕਾਰਜ ਕਾਲ ਦੌਰਾਨ ਯੂਕਰੇਨ ਵਿਚ ਚੱਲ ਰਹੀ ਸਿਆਸੀ ਉਥਲ-ਪੁਥਲ ਸਮੇਂ ਫਰਵਰੀ-ਮਾਰਚ 2014 ਵਿਚ ਰੂਸੀ ਫੌਜੀ ਕਾਰਵਾਈ ਰਾਹੀਂ ਕ੍ਰੀਮੀਆ ਦਾ ਇਲਾਕਾ ਯੂਕਰੇਨ ਕੋਲੋਂ ਹਥਿਆ ਲਿਆ। ਕੌਮਾਂਤਰੀ ਪਿੜ ਵਿਚ ਇਸ ਕਾਰਵਾਈ ਦੀ ਚੋਖੀ ਅਤੇ ਲਗਾਤਾਰ ਆਲੋਚਨਾ ਦੇ ਬਾਵਜੂਦ ਰੂਸ ਦੀ ਬਹੁਤੀ ਜਨਤਾ ਨੇ ਇਸ ਦਾ ਸਮਰਥਨ ਕੀਤਾ। ਇਨ੍ਹਾਂ ਵਰ੍ਹਿਆਂ ਵਿਚ ਪੂਤਿਨ (ਤੇ ਰੂਸ) ਕੌਮਾਂਤਰੀ ਪਿੜ ਵਿਚ ਤਾਕਤਵਰ ਅਤੇ ਗੌਲਣਯੋਗ ਧਿਰ ਵਜੋਂ ਉਭਰੇ।***



ਮਾਰਚ 2018 ਦੀ ਚੋਣ ਪੂਤਿਨ ਨੇ ਆਜ਼ਾਦ ਉਮੀਦਵਾਰ ਵਜੋਂ ਲੜੀ, ਪਰ ਉਸ ਨੂੰ 14 ਦਲਾਂ ਦੀ ਹਮਾਇਤ ਪ੍ਰਾਪਤ ਸੀ। ਉਹ 76% ਵੋਟਾਂ ਲੈ ਕੇ ਚੌਥੀ ਵਾਰ ਰਾਸ਼ਟਰਪਤੀ ਚੁਣਿਆ ਗਿਆ। ਉਸ ਦਾ ਇਹ ਕਾਰਜਕਾਲ 2024 ਤਕ ਚਲਣਾ ਹੈ। ਦੇਖਿਆ ਜਾਵੇ ਤਾਂ ਹਰ ਨਵੀਂ ਚੋਣ ਨਾਲ ਪੂਤਿਨ ਦਾ ਸੱਤਾ ਉਤੇ ਗਲਬਾ ਪਕੇਰਾ ਹੁੰਦਾ ਗਿਆ ਹੈ ਤੇ ਪੱਛਮੀ ਸਿਆਸੀ ਸ਼ਬਦਾਵਲੀ ਵਿਚ 'ਪੂਤਿਨਵਾਦ' ਦਾ ਨਵਾਂ ਸ਼ਬਦ ਆਣ ਰਲਿਆ ਹੈ। ਪੂਤਿਨਵਾਦ ਨਾਂ ਰੂਸ ਵਿਚ ਸਥਾਪਤ ਹੋਏ ਉਸ ਸਿਆਸੀ ਪ੍ਰਬੰਧ ਨੂੰ ਦਿੱਤਾ ਗਿਆ ਹੈ, ਜਿਸ ਵਿਚ ਸਾਰੀ ਸਿਆਸੀ ਅਤੇ ਆਰਥਕ ਤਾਕਤ ਹੁਣ ਦੀਆਂ ਅਤੇ ਸਾਬਕਾ ਸੁਰੱਖਿਆ ਏਜੰਸੀਆਂ ਨਾਲ ਜੁੜੇ ਲੋਕਾਂ ਜਾਂ 'ਸੀਲਾਵਿਕੀ' ਦੇ ਹੱਥਾਂ ਵਿਚ ਕੇਂਦ੍ਰਿਤ ਹੈ। ਰੂਸੀ ਸ਼ਬਦ 'ਸੀਲਾਵਿਕੀ' ਦਾ ਸ਼ਾਬਦਕ ਅਰਥ ਤਾਕਤਵਰ ਲੋਕ ਹੈ, ਪਰ ਰੂਸੀ ਸਿਆਸੀ ਸ਼ਬਦਾਵਲੀ 'ਚ ਇਹ ਉਨ੍ਹਾਂ ਲੋਕਾਂ ਲਈ ਵਰਤਿਆ ਜਾਂਦਾ ਹੈ, ਜੋ ਸਿਆਸਤ ਵਿਚ ਆਉਣ ਤੋਂ ਪਹਿਲਾਂ ਸੁਰੱਖਿਆ, ਫੌਜੀ ਜਾਂ ਖੁਫੀਆ ਏਜੰਸੀਆਂ ਵਿਚ ਕੰਮ ਕਰਦੇ ਰਹੇ (ਪੂਤਿਨ ਆਪ ਇਸ ਦੀ ਮਿਸਾਲ ਹੈ)। ਇਹ ਸਾਰੇ ਪਹਿਲਾਂ ਤੋਂ ਹੀ ਪੂਤਿਨ ਨਾਲ ਨੇੜਿਓਂ ਜੁੜੇ ਹੋਏ ਸਨ ਜਾਂ ਹੌਲੀ-ਹੌਲੀ ਜੁੜ ਚੁਕੇ ਹਨ। ਇਹ ਲੋਕ ਰੂਸ ਦੀ ਅਜਿਹੀ ਮੁੱਖ ਧਨਾਢ-ਜੁੰਡਲੀ ਹਨ, ਜਿਸ ਦੇ ਹੱਥਾਂ ਵਿਚ ਰੂਸੀ ਰਾਜ ਦੇ ਵਿੱਤੀ, ਪ੍ਰਬੰਧਕੀ ਅਤੇ ਮੀਡੀਆ ਸਰੋਤਾਂ ਦੀ ਕਮਾਨ ਹੈ। ਮੰਨਿਆ ਜਾਂਦਾ ਹੈ ਕਿ ਰੂਸ ਦੀ ਅਜੋਕੀ ਪ੍ਰਣਾਲੀ ਵਿਚ ਜਮਹੂਰੀ ਤੇ ਮਨੁੱਖੀ ਅਧਿਕਾਰ ਸੀਮਤ ਹੋ ਚੁਕੇ ਹਨ ਅਤੇ ਹੁਣ ਪੂਤਿਨ ਇਸ ਧਨਾਢ-ਜੁੰਡਲੀ ਦੀ ਮਦਦ ਰਾਹੀਂ ਮੁਲਕ ਉਤੇ ਪੂਰੀ ਤਰ੍ਹਾਂ ਕਾਬਜ਼ ਹੈ। ਬਹੁਤਾ ਕਰ ਕੇ ਇਹ ਲੋਕ ਚੰਗੀ ਵਿਦਿਆ ਪ੍ਰਾਪਤ ਅਤੇ ਵਣਜ ਮਾਮਲਿਆਂ ਵਿਚ ਤਜਰਬੇਕਾਰ ਹਨ, ਜੋ ਆਪਣੇ ਆਪ ਨੂੰ ਵਿਚਾਰਧਾਰਾ-ਮੁਕਤ ਦਰਸਾਉਂਦੇ ਹਨ, ਪਰ ਅਜਿਹੇ ਸ਼ਕਤੀਸ਼ਾਲੀ ਰੂਸੀ ਰਾਜ ਦੇ ਸਮਰਥਕ ਹਨ, ਜਿਸ ਵਿਚ ਅਰਾਜਕਤਾ ਦੀ ਕੋਈ ਗੁੰਜਾਇਸ਼ ਨਾ ਹੋਵੇ। ਇਨ੍ਹਾਂ ਗੱਲਾਂ ਦੇ ਆਧਾਰ ਉਤੇ ਕੁਝ ਟਿੱਪਣੀਕਾਰ ਕਹਿਣ ਲੱਗ ਪਏ ਹਨ ਕਿ ਰੂਸ ਹੁਣ 'ਫੈਡਰਲ ਸੁਰੱਖਿਆ ਏਜੰਸੀ' ਦੇ ਰਾਜ ਵਿਚ ਤਬਦੀਲ ਹੋ ਚੁਕਾ ਹੈ।

ਇਨ੍ਹਾਂ ਗੱਲਾਂ ਨੂੰ ਇਕ ਵੱਢਿਓਂ ਨਕਾਰਿਆ ਵੀ ਨਹੀਂ ਜਾ ਸਕਦਾ, ਪਰ ਪੂਤਿਨ ਦੇ ਵਰਤਾਰੇ ਜਾਂ ਲੰਮੇ ਸਮੇਂ ਤੋਂ ਰੂਸ ਜਿਹੇ ਵਿਸ਼ਾਲ ਦੇਸ਼ ਉਤੇ ਉਸ ਦੇ ਗਲਬੇ ਨੂੰ ਨਿਰੋਲ ਇਨ੍ਹਾਂ ਤੱਥਾਂ ਦੇ ਆਧਾਰ ਉਤੇ ਸਮਝਿਆ ਵੀ ਨਹੀਂ ਜਾ ਸਕਦਾ। ਸੰਭਵ ਹੈ ਕਿ ਰੂਸ ਵਿਚ ਚੋਣਾਂ ਸਮੇਂ ਥੋੜ੍ਹੀ-ਬਹੁਤ ਧਾਂਦਲੀ ਹੁੰਦੀ ਹੋਵੇ, ਪਰ ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਰੂਸੀ ਲੋਕਾਂ ਦੀ ਵੱਡੀ ਗਿਣਤੀ ਅਜੇ ਵੀ ਉਸ ਦੇ ਨਾਲ ਹੈ।

ਕਰੀਬ 100% ਸਾਖਰਤਾ ਹੀ ਨਹੀਂ, ਉਚੇਰੀ ਵਿਦਿਆ ਪ੍ਰਾਪਤ ਸ਼ਹਿਰੀਆਂ ਦੀ ਭਾਰੀ ਗਿਣਤੀ ਵਾਲੇ ਇਸ ਵਿਕਸਿਤ ਅਤੇ ਬਹੁ-ਕੌਮੀ ਦੇਸ਼ ਵਿਚ ਪੂਤਿਨ ਜਿਹੇ ਆਗੂ ਦੀ ਲੰਮੇ ਸਮੇਂ ਤੋਂ ਤੁਰੀ ਚੋਖੀ ਸਾਖ ਦਾ ਕੀ ਰਾਜ਼ ਹੈ? ਕਹਿੰਦੇ ਹਨ, ਕਿਸੇ ਵੀ ਦੇਸ਼ ਦੀ ਸਿਆਸਤ ਨੂੰ ਸਮਝਣ ਲਈ ਉਸ ਦੇ ਇਤਿਹਾਸ 'ਤੇ ਨਜ਼ਰ ਮਾਰਨੀ ਬਹੁਤ ਜ਼ਰੂਰੀ ਹੈ, ਤੇ ਰੂਸ ਵੀ ਇਸ ਗੱਲ ਦਾ ਅਪਵਾਦ ਨਹੀਂ।

20ਵੀਂ ਸਦੀ ਵਿਚ ਰੂਸ ਜਿਹੇ ਵਿਸ਼ਾਲ ਦੇਸ਼ ਨੂੰ ਦੋ ਵਾਰ ਢਹਿ ਢੇਰੀ ਹੋ ਜਾਣ ਅਤੇ ਪ੍ਰਬੰਧ ਤੰਤਰ ਦੀ ਸੰਪੂਰਨ ਟੁੱਟ-ਭੱਜ ਵਿਚੋਂ ਲੰਘਣਾ ਪਿਆ। ਪਹਿਲੀ ਵਾਰ 1917 ਵਿਚ ਅਕਤੂਬਰ ਇਨਕਲਾਬ ਸਮੇਂ ਜ਼ਾਰਸ਼ਾਹੀ ਦਾ ਤਖਤਾ ਪਲਟਣ ਸਮੇਂ ਅਤੇ ਦੂਜੀ ਵਾਰ 1991 ਵਿਚ ਸੋਵੀਅਤ ਸੰਘ ਦੇ ਖੇਰੂੰ-ਖੇਰੂੰ ਹੋਣ ਸਮੇਂ। ਸਾਡੀਆਂ ਵਿਚਾਰਧਾਰਕ ਐਨਕਾਂ ਜਿਸ ਮਰਜ਼ੀ ਰੰਗ ਦੀਆਂ ਹੋਣ, ਇਸ ਗੱਲ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਦੋਵੇਂ ਵਾਰ ਇਸ ਮੁਲਕ ਨੇ ਆਪਣੀ ਪਿਛਲੀ 'ਪ੍ਰਭੂਸੱਤਾ' ਗਵਾਈ ਅਤੇ ਵਿਸ਼ਵ ਪੱਧਰ ਉਤੇ ਉਸ ਦੀ ਵੇਲੇ ਦੀ ਬਣੀ ਹੋਈ ਸਾਖ ਵੀ ਲੱਖੋਂ ਕੱਖ ਹੋਈ, ਜਿਸ ਨੂੰ ਬਹਾਲ ਕਰਨ 'ਚ ਦੋਵੇਂ ਵਾਰੀ ਹੀ ਕਈ ਵਰ੍ਹੇ ਲੰਘੇ। ਦੋਵੇਂ ਵਾਰ ਹੀ ਦੇਸ਼ ਦੀ ਜਨਤਾ ਨੂੰ ਡਾਢੀਆਂ ਦੁਸ਼ਵਾਰੀਆਂ ਵਿਚੋਂ ਲੰਘਣਾ ਪਿਆ, ਉਸ ਦੇ ਪਿਛਲੇ ਜੀਵਨ ਵਿਚ ਵੱਡੇ ਪੱਧਰ 'ਤੇ ਉਥਲ-ਪੁਥਲ ਹੋਈ ਅਤੇ ਉਸ ਨੂੰ ਆਪਣਾ ਜੀਵਨ ਅਸਲੋਂ ਨਵੇਂ ਹਾਲਾਤ ਮੁਤਾਬਿਕ ਢਾਲਣਾ ਪਿਆ।

20ਵੀਂ ਸਦੀ ਦੇ ਆਖਰੀ ਦਹਾਕੇ ਦੇ ਸ਼ੁਰੂ, ਯਾਨਿ 1991 ਵਿਚ ਗਰਬਾਚੋਵ ਦੌਰ ਦੇ ਭੁਆਂਟਣੀਆਂ ਦਿੰਦੇ ਤਜਰਬਿਆਂ ਦੇ ਦੌਰ ਤੋਂ ਬਾਅਦ, ਜਦੋਂ ਸੋਵੀਅਤ ਸੰਘ ਟੋਟੇ-ਟੋਟੇ ਹੋ ਕੇ

(ਬਾਕੀ ਅਗਲੇ ਸਫੇ 'ਤੇ)

# ਕਰੋਨਾ ਦੇ ਹੁੰਦਿਆਂ ਵੀ ਜਿਉਣ ਦਾ ਵੱਲ ਸਿੱਖਣਾ ਪੈ ਜਾਣੈ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਨੂੰ ਸਭ ਨੂੰ ਇੱਕੀਵੀਂ ਸਦੀ ਦੇ ਚੜ੍ਹਨ ਦੀ ਬੜੀ ਤੀਬਰਤਾ ਨਾਲ ਉਡੀਕ ਸੀ। ਕਈ ਲੋਕ ਉਦੋਂ ਏਨੇ ਕਾਹਲੇ ਦਿਖਾਈ ਦਿੰਦੇ ਸਨ ਕਿ ਵੱਸ ਦੀ ਗੱਲ ਹੁੰਦੀ ਤਾਂ ਅੱਗਲਵਾਂਢੀ ਇੱਕੀਵੀਂ ਸਦੀ ਨੂੰ ਮਿਲਣ ਲਈ ਉਹ ਜੁੱਤੀ ਚੁੱਕ ਕੇ ਦੌੜਨ ਲੱਗ ਜਾਂਦੇ ਜਾਂ ਕੈਲੰਡਰ ਦੇ ਵਰਕੇ ਪਲਟ ਕੇ ਨਵੀਂ ਸਦੀ ਛੇਤੀ ਸ਼ੁਰੂ ਕਰਨ ਦੀ ਸੋਚ ਲੈਂਦੇ। ਇਹ ਕੁਝ ਸੰਭਵ ਨਹੀਂ ਸੀ ਤੇ ਇਹ ਗੱਲ ਵੀ ਕਿਸੇ ਨੇ ਨਹੀਂ ਸੀ ਸੋਚੀ ਕਿ ਨਵੀਂ ਸਦੀ ਸਾਡੇ ਇਸ ਸੰਸਾਰ ਲਈ ਕਿਹੋ ਜਿਹਾ ਸਮਾਂ ਲਿਆਵੇਗੀ। ਜੋ ਕਰੋਨਾ ਵਾਇਰਸ ਪਿਛਲੀ ਸਦੀ ਦੇ ਅੱਧ ਦੇ ਅੱਗੇ-ਪਿੱਛੇ ਬਣਿਆ ਅਤੇ ਪਛਾਣਿਆ ਦੱਸਿਆ ਜਾਂਦਾ ਸੀ, ਨਵੀਂ ਸਦੀ ਵਿਚ ਉਹ ਪਹਿਲੇ ਵੀਹਾਂ ਸਾਲਾਂ ਵਿਚ ਤਿੰਨ ਵਾਰੀ ਆਪਣੇ ਡੰਗ ਦਾ ਅਹਿਸਾਸ ਕਰਵਾ ਚੁਕਾ ਹੈ। ਹਰ ਵਾਰੀ ਨਵੇਂ ਨਾਂ ਦੇ ਨਾਲ ਜਾਣਿਆ ਗਿਆ ਇਹ ਵਾਇਰਸ ਇਸ ਵਾਰੀ ਪਿਛਲੇ ਦਸੰਬਰ ਵਿਚ ਉਭਰਿਆ ਹੋਣ ਕਾਰਨ ਇਸ ਨੂੰ 'ਕੋਵਿਡ-19' ਦਾ ਨਾਂ ਦਿੱਤਾ ਗਿਆ। ਇਸ ਦੀ ਮਾਰ ਪਿਛਲੇ ਕਿਸੇ ਵੀ ਸਮੇਂ ਦੇ ਫਲੂ ਜਾਂ ਹੋਰ ਵਾਇਰਸ ਤੋਂ ਵੱਧ ਨਿਕਲੀ ਹੈ।

ਜਦੋਂ ਇਹ ਆਪਣੇ ਕਹਿਰ ਦਾ ਮੁਢਲਾ ਅਹਿਸਾਸ ਕਰਵਾਉਣ ਲੱਗਾ ਤਾਂ ਚੀਨ ਦੇ ਵੂਹਾਨ ਸ਼ਹਿਰ ਵਿਚ ਹਰ ਪਾਸਿਓਂ ਹਰ ਤਰ੍ਹਾਂ ਦਾ ਆਉਣ-ਜਾਣ ਰੋਕ ਕੇ ਲੌਕਡਾਊਨ ਕਰਨ ਦੀ ਕਾਰਵਾਈ ਬਾਕੀ ਸੰਸਾਰ ਲਈ ਹੈਰਾਨੀ ਵਾਲੀ ਸੀ। ਉਸ ਪਿੱਛੋਂ ਜਦੋਂ ਇਹ ਬਾਕੀ ਦੇਸ਼ਾਂ ਵਿਚ ਵੀ ਉਭਰਨ ਲੱਗਾ ਤਾਂ ਉਥੋਂ ਦੇ ਲੋਕਾਂ ਨੂੰ ਲੌਕਡਾਊਨ ਦੀ ਸਮਝ ਪਈ ਤੇ ਅਗਲੇ ਪੜਾਅ ਵਿਚ ਬਹੁਤੇ ਦੇਸ਼ਾਂ ਨੇ ਆਪਣੇ ਲੋਕਾਂ ਨੂੰ ਬਚਾਉਣ ਲਈ ਕਰਫਿਊ ਜਾਂ ਲੌਕਡਾਊਨ ਦਾ ਐਲਾਨ ਇਸ ਤਰ੍ਹਾਂ ਕਾਹਲੀ ਵਿਚ ਕਰਨਾ ਸ਼ੁਰੂ ਕੀਤਾ ਕਿ ਲੋਕ ਬੌਂਦਲ ਜਿਹੇ ਗਏ। ਬਹੁਤੇ ਲੋਕਾਂ ਨੂੰ ਇਹ ਕਦਮ ਠੀਕ ਜਾਪਦਾ ਸੀ, ਪਰ ਕੁਝ ਵਿਰੋਧੀ ਸੁਰਾਂ ਵੀ ਕੱਢਦੇ ਰਹੇ। ਉਹ ਕਹਿੰਦੇ ਸਨ ਕਿ ਇਸ ਤੋਂ ਬਿਨਾ ਵੀ ਕੋਈ ਰਾਹ ਨਿਕਲ ਸਕਦਾ ਹੈ। ਪਾਸੇ ਬੈਠੇ ਲੋਕ ਏਦਾਂ ਦੇ ਫਾਰਮੂਲੇ ਬਹੁਤ ਦੱਸ ਸਕਦੇ ਹਨ, ਪਰ ਜ਼ਿੰਮੇਵਾਰੀ ਨਿਭਾਉਣ ਵਾਲੇ ਦੀ ਨੁਕਤਾਚੀਨੀ ਕਰਨ ਦਾ ਹੱਕ ਸਿਰਫ ਸਾਡੇ ਕੋਲ ਨਹੀਂ ਹੁੰਦਾ, ਕੁਝ ਹੋਰ ਲੋਕ ਸਾਡੇ ਤੋਂ ਵੱਖਰੀ ਸੋਚ ਵਾਲੇ ਵੀ ਹੁੰਦੇ ਹਨ। ਵੱਖਰੀ ਸੋਚ ਵਾਲੇ ਉਨ੍ਹਾਂ ਲੋਕਾਂ ਨੇ ਫਿਰ ਇਹ ਕਹਿਣਾ ਸੀ ਕਿ ਸਰਕਾਰ ਚਲਾਉਣ ਵਾਲਿਆਂ ਨੇ ਲੌਕਡਾਊਨ ਲਾਉਣ ਦੀ ਅਕਲ ਨਹੀਂ ਕੀਤੀ ਅਤੇ ਮੁਲਕ ਦੇ ਲੋਕ ਮਰਵਾ ਦਿੱਤੇ ਹਨ। ਜ਼ਿੰਮੇਵਾਰੀ ਦੀ ਪੰਡ ਚੁੱਕਣ ਵਾਲੇ ਨੂੰ ਦੋਹਾਂ ਤਰ੍ਹਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ।

ਪਿਛਲੇ ਦੋ ਮਹੀਨਿਆਂ ਦਾ ਤਜਰਬਾ ਸਾਡੀ ਨਜ਼ਰ ਵਿਚ ਇਹ ਕਹਿੰਦਾ ਹੈ ਕਿ ਉਸ ਵੇਲੇ ਅਚਾਨਕ ਪਈ ਔਕੜ ਬਾਰੇ ਲੋਕਾਂ ਨੂੰ ਸਮਝ ਵੀ ਨਹੀਂ ਸੀ ਤੇ ਜੇ ਉਦਾਂ ਇਹ ਕਿਹਾ ਜਾਂਦਾ ਕਿ ਆਹ ਸਾਵਧਾਨੀਆਂ ਵਰਤਣੀਆਂ ਹਨ ਤਾਂ ਲੋਕਾਂ ਨੇ ਉਹ ਛੇਤੀ ਮੰਨਣੀਆਂ ਵੀ ਨਹੀਂ ਸਨ। ਆਮ ਲੋਕ ਅਜੇ ਤੱਕ ਵੀ ਜ਼ਰਾ ਕੁ ਮੌਕਾ ਮਿਲੇ ਤਾਂ ਮਜਬੂਰੀ ਵਿਚ ਜਾਂ ਮਨ ਦੀ ਮੌਜ ਵਿਚ ਵੀ ਕਈ ਥਾਂ ਭੀੜਾਂ ਜੋੜਨ ਤੋਂ ਨਹੀਂ ਹਟਦੇ। ਸਰਕਾਰੀ ਡੰਡੇ ਦੇ ਡਰ ਨਾਲ ਵਿਆਹ ਜ਼ਰੂਰ ਥੋੜ੍ਹੇ ਬੰਦਿਆਂ ਨਾਲ ਹੋਣ ਲੱਗ ਪਏ ਹਨ, ਬਾਕੀ ਗੱਲਾਂ ਵਿਚ ਅਜੇ ਵੀ ਸਾਡੇ ਲੋਕ ਹਰ ਪਾਸੇ ਭੀੜ ਕਰੀ ਜਾਂਦੇ ਹਨ। ਉਂਜ ਕੁਝ ਹੱਦ ਤੱਕ ਇਹ ਗੱਲ ਆਮ ਲੋਕਾਂ ਦੀ ਸਮਝ ਦਾ ਹਿੱਸਾ ਬਣਨ ਲੱਗ ਪਈ ਹੈ ਕਿ ਇੱਕ ਦੂਜੇ ਤੋਂ ਫਾਸਲਾ ਰੱਖਣਾ ਸਾਡੇ ਸਭ ਦੇ ਆਪਣੇ ਹੀ ਭਲੇ ਵਿਚ ਹੈ। ਕਿਉਂਕਿ ਸਦਾ ਲਈ ਲੌਕਡਾਊਨ ਲਾ ਕੇ ਨਹੀਂ ਸਾਰਿਆ ਜਾ ਸਕਦਾ, ਇਸ ਲਈ ਅਗਲੇ ਦਿਨਾਂ ਵਿਚ ਲੋਕਾਂ ਦੀ ਅਜਿਹੀ ਸਮਝਦਾਰੀ ਹੀ ਸਮਾਜ ਨੂੰ ਕਰੋਨਾ ਵਾਇਰਸ ਦੀ ਇਸ ਮਹਾਮਾਰੀ ਤੋਂ ਬਚਾ ਸਕਦੀ ਹੈ।

ਅਸੀਂ ਇਹ ਗੱਲ ਕੋਈ ਦੋ ਹਫਤੇ ਪਹਿਲਾਂ ਕਹਿ ਦਿੱਤੀ ਸੀ ਤੇ ਕਈ ਲੋਕਾਂ ਨੂੰ ਗਲਤ ਵੀ ਲੱਗੀ ਸੀ ਕਿ ਏਡਜ਼ ਦੀ ਬਿਮਾਰੀ ਉਠੀ ਤਾਂ ਕਿਹਾ ਗਿਆ ਸੀ ਕਿ ਇਹ ਮਨੁੱਖਤਾ ਨੂੰ ਮਾਰ ਦੇਵੇਗੀ, ਪਰ ਉਹ ਮਾਰ ਨਹੀਂ ਸੀ ਸਕੀ। ਇਸ ਦੀ ਥਾਂ ਬਹੁਤ ਸਾਰੇ ਲੋਕਾਂ ਨੇ ਐਚ. ਆਈ. ਵੀ. ਪਾਜ਼ੇਟਿਵ ਹੁੰਦਿਆਂ ਵੀ ਜਿਉਣਾ ਸਿੱਖ ਲਿਆ ਸੀ। ਇਸੇ ਤਰ੍ਹਾਂ ਕਰੋਨਾ ਵਾਇਰਸ ਦੇ ਹੁੰਦਿਆਂ ਵੀ ਲੋਕਾਂ ਨੇ ਜਿਉਣ ਦਾ ਕੁਝ ਵੱਲ ਸਿੱਖ ਹੀ ਲੈਣਾ ਹੈ। ਅਸੀਂ ਇਸ ਮੌਕੇ ਇੱਕ ਵਿਅਕਤੀ ਬਾਰੇ ਦੱਸਣ ਦੀ ਲੋੜ ਸਮਝਦੇ ਹਾਂ, ਜੋ ਏਡਜ਼ ਰੋਗ ਨਾਲ ਅੱਜ ਤੱਕ ਸਭ ਤੋਂ ਵੱਧ ਸਮੇਂ ਤੋਂ ਜਿੰਦਾ ਹੈ। ਪੁਰਤਗਾਲ ਦੇ ਵਸਨੀਕ, ਜਿਸ ਦਾ ਅਸਲ ਨਾਂ ਦੱਸਣ ਦੀ ਮਨਾਹੀ ਹੈ ਅਤੇ ਉਸ ਨੂੰ 'ਲਿਸਬਨ ਪੇਸ਼ੈਂਟ' ਕਿਹਾ ਜਾਂਦਾ ਹੈ, ਨੂੰ ਸੋਲਾਂ ਕੁ ਸਾਲ ਪਹਿਲਾਂ ਕਿਸੇ ਕਾਰਨ ਹਸਪਤਾਲ ਜਾਣਾ ਪਿਆ ਤਾਂ ਉਥੇ ਜਾਣ ਤੱਕ ਉਹ ਠੀਕ ਸੀ, ਪਰ ਅਗਲੇ ਦਿਨ ਟੈਸਟ ਰਿਪੋਰਟਾਂ ਵਿਚ ਉਹ ਏਡਜ਼ ਦੀ ਇਨਫੈਕਸ਼ਨ ਵਾਲਾ ਮਰੀਜ਼ ਐਚ. ਆਈ. ਵੀ. ਪਾਜ਼ੇਟਿਵ ਬਣ ਗਿਆ। ਉਦੋਂ ਉਹ ਚੁਰਾਸੀ ਸਾਲਾਂ ਦਾ ਸੀ, ਪਰ ਉਸ ਨੇ ਹਿੰਮਤ ਨਹੀਂ ਹਾਰੀ ਤੇ ਉਸ ਨੂੰ ਸਿਹਤ ਸੰਭਾਲ ਲਈ ਹਰ ਕਿਸਮ ਦੀ ਸਲਾਹ ਦੇਣ ਤੱਕ ਦੀ ਡਾਕਟਰੀ ਮਦਦ ਵੀ ਮਿਲਦੀ ਰਹੀ। ਏਨੀ ਉਮਰ ਦੇ ਲੋਕ ਹੌਸਲਾ ਛੱਡ ਬੈਠਦੇ ਹਨ, ਪਰ ਇਸ ਕੇਸ ਵਾਲੇ ਚੁਰਾਸੀ ਸਾਲ ਉਮਰ ਦੇ ਵਿਅਕਤੀ ਨੇ ਹੌਸਲਾ ਨਹੀਂ ਛੱਡਿਆ ਅਤੇ ਨਤੀਜਾ ਇਹ ਹੋਇਆ ਕਿ ਪਿਛਲੇ ਸਾਲ ਸਤੰਬਰ ਦੀ 19 ਤਰੀਕ ਨੂੰ ਉਸ ਨੇ ਆਪਣਾ ਸੌਵਾਂ ਸਾਲ ਪੂਰਾ ਕਰ ਲਿਆ ਹੈ। ਏਡਜ਼ ਦੇ ਵਿਸ਼ਾਣੂੰ ਐਚ. ਆਈ. ਵੀ. ਤੋਂ ਪਾਜ਼ੇਟਿਵ ਸਾਬਤ ਹੋਣ ਪਿੱਛੋਂ ਸਭ ਤੋਂ ਵੱਧ ਸਮਾਂ ਜਿਉਣ ਦਾ ਰਿਕਾਰਡ ਅੱਜ ਉਸ ਬਜ਼ੁਰਗ ਦੇ ਨਾਂ ਹੈ। ਉਹ ਬਾਕੀ ਲੋਕਾਂ ਲਈ ਇੱਕ ਮਿਸਾਲ ਬਣ ਗਿਆ ਹੈ। ਏਡਜ਼ ਦੀ ਬਿਮਾਰੀ ਦੇ ਨਾਲ ਜੇ ਉਹ ਏਨਾ ਲੰਮਾ ਸਮਾਂ ਜਿੰਦਾ ਰਹਿ ਸਕਦਾ ਹੈ ਤਾਂ ਸਾਨੂੰ ਵੀ ਕਰੋਨਾ ਨਾਲ ਰਹਿਣ ਦਾ ਵੱਲ ਸਿੱਖਣਾ ਪਵੇਗਾ।

ਕਰੋਨਾ ਵਾਇਰਸ ਦੇ ਨਾਲ ਜਿਉਣ ਦਾ ਵੱਲ ਸਿੱਖਣ ਦੀ ਗੱਲ ਅਸੀਂ ਇਸ ਲਈ ਕਹੀ ਹੈ ਕਿ ਪਹਿਲਾਂ ਜਦੋਂ ਏਡਜ਼ ਦੇ ਹੁੰਦਿਆਂ ਜਿੰਦਾ ਰਹਿਣ ਵਾਲੀ ਗੱਲ ਅਸੀਂ ਦੱਸੀ ਤਾਂ ਕਈ ਲੋਕਾਂ ਨੂੰ ਗਲਤ ਲੱਗਾ ਸੀ। ਅੱਜ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਅਤੇ ਸੰਸਾਰ ਸਿਹਤ ਸੰਗਠਨ (ਡਬਲਿਊ. ਐਚ. ਓ.) ਵਾਲੇ ਲੋਕ ਵੀ ਇਹੋ ਕਹਿ ਰਹੇ ਹਨ। ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਲੰਘੀ 13 ਮਈ ਨੂੰ ਆਪਣੇ ਦੇਸ਼ ਵਿਚ ਲੌਕਡਾਊਨ ਵਿਚ ਢਿੱਲਾਂ ਦਾ ਐਲਾਨ ਕਰਦੇ ਸਮੇਂ ਕਿਹਾ ਹੈ, ਆਸ ਹੈ ਕਿ ਕਰੋਨਾ ਵਾਇਰਸ ਦਾ ਇਲਾਜ ਲੱਭ ਪਵੇਗਾ, ਪਰ ਇਹ ਵੀ ਹੋ ਸਕਦਾ ਹੈ ਕਿ ਇਹ ਇਲਾਜ ਕਦੇ ਲੱਭੇ ਹੀ ਨਾ, ਫਿਰ ਵੀ ਜ਼ਿੰਦਗੀ ਨੇ ਚੱਲਦੇ ਰਹਿਣਾ ਹੈ। ਉਸ ਨੇ ਕਿਹਾ ਕਿ ਅਸੀਂ ਇਲਾਜ ਦਾ ਕੋਈ ਟੀਕਾ ਲੱਭਣ ਦੀ ਆਸ ਵਿਚ ਬੈਠੇ ਨਹੀਂ ਰਹਿ ਸਕਦੇ, ਲੋਕਾਂ ਨੂੰ ਕੁਝ ਢਿੱਲਾਂ ਦੇਣੀਆਂ ਪੈਣੀਆਂ ਹਨ।

ਇਹ ਬਿਆਨ ਉਸ ਬੋਰਿਸ ਜਾਨਸਨ ਨੇ ਦਿੱਤਾ ਹੈ, ਜੋ ਖੁਦ ਕੋਵਿਡ-19 ਦਾ ਮਰੀਜ਼ ਬਣਿਆ ਅਤੇ ਆਖਰੀ ਹੱਦ ਤੱਕ ਜਾ ਕੇ ਜਾਨ ਬਚੀ ਹੈ। ਉਸ ਨੇ ਖੁਦ ਦੱਸਿਆ ਕਿ ਇੱਕ ਵੇਲੇ ਤਾਂ ਉਸ ਦੀ ਮੌਤ ਦਾ ਐਲਾਨ ਕਰਨ ਦੀ ਤਿਆਰੀ ਵੀ ਹੋ ਗਈ ਸੀ। ਅਜਿਹਾ ਕੌੜਾ ਸੱਚ ਭੁਗਤ ਚੁਕਾ ਆਗੂ ਜਦੋਂ ਇਹ ਗੱਲ ਕਹਿੰਦਾ ਹੈ ਤਾਂ ਹਵਾਈ ਸ਼ੁਸ਼ਾ ਨਹੀਂ ਛੱਡ ਰਿਹਾ, ਉਹ ਜੀਵਨ ਦੀ ਹਕੀਕਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਬੋਲ ਰਿਹਾ ਹੈ। ਸੱਚਾਈ ਵੀ ਇਹੋ ਹੈ ਕਿ ਇਲਾਜ ਪਤਾ ਨਹੀਂ ਲੱਭੇਗਾ ਕਿ ਨਾ, ਪਰ ਜ਼ਿੰਦਗੀ ਧੜਕਦੇ ਰਹਿਣਾ ਮੰਗਦੀ ਹੈ। ਇਸ ਨੂੰ ਧੜਕਦੇ ਰੱਖਣ ਦੀ ਹਿੰਮਤ ਕਰਨੀ ਪੈਣੀ ਹੈ।

ਸਾਰੀ ਦੁਨੀਆਂ ਇਸ ਵਾਇਰਸ ਦੇ ਨਾਲ-ਨਾਲ ਜਿਉਣ ਲਈ ਮਾਨਸਿਕ ਪੱਖੋਂ ਤਿਆਰ ਹੁੰਦੀ ਪਈ ਹੈ ਤਾਂ ਅਸੀਂ ਸਮਝਦੇ ਹਾਂ ਕਿ ਮਨੁੱਖੀ ਮਾਨਸਿਕਤਾ ਦੀ ਇਸ ਤਿਆਰੀ ਦੇ ਅਸਰ ਹੇਠ ਮਨੁੱਖੀ ਸਰੀਰ ਵੀ ਅੰਦਰੋ-ਅੰਦਰ ਇਸ ਵਾਇਰਸ ਨੂੰ ਆਪਣੇ ਕਿਸੇ ਖੂੰਜੇ ਵਿਚ ਟੰਗ ਕੇ ਆਪਣੇ ਅੰਦਰੋਂ ਹੀ ਇਸ ਨਾਲ ਲੜਨ ਦੀ ਸਮਰੱਥਾ ਦਾ ਨਵਾਂ ਰੂਪ ਵਿਕਸਿਤ ਕਰਨ ਲੱਗ ਜਾਏਗਾ। ਬਹੁਤ ਸਾਰੇ ਖਤਰਿਆਂ ਦੇ ਨਾਲ ਜੂਝਦੀ ਮਨੁੱਖਤਾ ਜੇ ਅੱਜ ਵਾਲੇ ਪੜਾਅ ਤੱਕ ਆ ਪਹੁੰਚੀ ਹੈ ਤਾਂ ਇਥੋਂ ਅੱਗੇ ਵੀ ਹਾਰ ਨਹੀਂ ਮੰਨਣ ਲੱਗੀ। ਜ਼ਿੰਦਗੀ ਹਾਰ ਨਹੀਂ ਮੰਨੇਗੀ।

# ਪੂਤਿਨਸ਼ਾਹੀ

*(ਪਿਛਲੇ ਸਫੇ ਦੀ ਬਾਕੀ)*

ਮੁੱਕਿਆ ਤਾਂ ਉਸ ਵੇਲੇ ਵੀ ਇਹ ਦੁਨੀਆਂ ਦਾ ਸਭ ਤੋਂ ਵੱਡਾ ਦੇਸ਼ ਸੀ। ਇਸ ਕੋਲ ਵਿਸ਼ਾਲ ਕੁਦਰਤੀ ਭੰਡਾਰਾਂ ਤੋਂ ਇਲਾਵਾ ਸਨਅਤੀ ਅਤੇ ਸਮਾਜਕ ਅਦਾਰਿਆਂ ਦਾ ਤੰਤਰ ਜਾਲ ਸੀ, ਬਹੁਤ ਵੱਡੀ ਫੌਜ ਸੀ, ਉਚ ਵਿਦਿਆ ਪ੍ਰਾਪਤ ਮਾਹਰ ਲੋਕਾਂ ਦੀ ਵੱਡੀ ਗਿਣਤੀ ਸੀ ਅਤੇ ਦੋ-ਧੁਰੀ ਦੁਨੀਆਂ ਵਿਚ ਇਹ ਤਾਕਤ ਦੇ ਸੰਤੁਲਨ ਦਾ ਇਕ ਸਿਰਾ ਸੀ। ਆਪਣੇ ਆਖਰੀ ਦਿਨਾਂ ਤਕ ਇਹ ਮਹਾਸ਼ਕਤੀ ਵਜੋਂ ਜਾਣਿਆ ਜਾਂਦਾ ਸੀ।

ਜਦੋਂ ਤਕ ਇਹ ਦਹਾਕਾ ਮੁੱਕਿਆ ਅਤੇ ਦੁਨੀਆਂ 21ਵੀਂ ਸਦੀ ਵਿਚ ਪੈਰ ਧਰ ਰਹੀ ਸੀ, ਉਤਰ-ਸੋਵੀਅਤ ਸਮਿਆਂ ਵਿਚ ਰੂਸ ਦੇ ਪਹਿਲੇ ਰਾਸ਼ਟਰਪਤੀ ਯੇਲਤਸਿਨ ਦੀ ਅਗਵਾਈ ਹੇਠ, ਅਰਾਜਕਤਾ ਪੂਰੀ ਤਰ੍ਹਾਂ ਘਰ ਕਰ ਚੁਕੀ ਸੀ। ਯੇਲਤਸਿਨ ਨੇ ਆਪਣੇ ਕਾਰਜ ਕਾਲ ਵਿਚ ਰੂਸ ਦੇ ਪਿਛਲੇ ਇਤਿਹਾਸਕ ਨਿਜ਼ਾਮ (ਸੋਵੀਅਤ ਸੰਘ) ਉਤੇ ਵਾਰ-ਵਾਰ ਇਹੋ ਜਿਹੇ ਵਾਰ ਕੀਤੇ ਕਿ ਦਹਾਕਿਆਂ ਤੋਂ ਉਸਾਰੀ ਗਈ ਸੋਵੀਅਤ ਅਰਥ-ਵਿਵਸਥਾ ਦੇ ਪਰਖਚੇ ਉਡ ਗਏ। ਕ੍ਰੈਮਲਿਨ ਯਾਨਿ ਰੂਸੀ ਰਾਜ-ਸੱਤਾ ਦੀ ਗੱਦੀ ਨਾਲ ਨੇੜਿਓਂ ਜੁੜੇ ਗਿਣਤੀ ਦੇ ਧਨਾਢਾਂ ਨੇ ਉਨ੍ਹਾਂ ਸਾਲਾਂ ਵਿਚ ਅੰਨ੍ਹੀ ਲੁੱਟ ਮਚਾਈ। ਸਾਰੇ ਵੱਡੇ ਸਰਕਾਰੀ ਅਦਾਰੇ ਅਤੇ ਸਨਅਤਾਂ ਇਨ੍ਹਾਂ ਲੋਕਾਂ ਨੇ ਕੁਝ ਤਾਂ ਭੰਗ ਦੇ ਭਾੜੇ ਖਰੀਦ ਕੇ, ਤੇ ਕੁਝ ਨਿਰੋਲ ਧੋਖਾਧੜੀ ਰਾਹੀਂ ਆਪਣੇ ਕਬਜ਼ੇ ਹੇਠ ਕਰ ਲਈਆਂ। ਰੂਸ ਦੀ ਦੋ-ਤਿਹਾਈ ਜਨਤਾ ਗਰੀਬੀ ਅਤੇ ਦੁਰਦਸ਼ਾ ਵਲ ਧੱਕੀ ਗਈ। ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਉਹ ਲੋਕ ਵੀ ਸ਼ਾਮਲ ਸਨ, ਜੋ ਸੋਵੀਅਤ ਸਮਿਆਂ ਦਾ ਮੁਹਾਰਤ-ਸ਼ੁਦਾ, ਉਚ ਵਿਦਿਆ ਪ੍ਰਾਪਤ ਮੱਧ-ਵਰਗ ਸੀ। ਮੁਲਕ ਵਿਚ ਥਾਂ ਥਾਂ ਮਾਫੀਏ ਪੈਦਾ ਹੋ ਗਏ, ਫਿਰੌਤੀਆਂ ਅਤੇ ਦਿਨ ਦਿਹਾੜੇ ਕਤਲ ਹੋਣੇ ਆਮ ਵਰਤਾਰਾ ਹੋ ਗਿਆ। 1996 ਵਿਚ ਚੋਣਾਂ ਜਿੱਤਣ ਖਾਤਰ ਯੇਲਤਸਿਨ ਨੇ ਇਨ੍ਹਾਂ ਮਾਫੀਆ-ਨੁਮਾ ਧਨਾਢਾਂ ਦਾ ਹੀ ਸਹਾਰਾ ਲਿਆ। ਰੂਸ ਵਿਚ ਜਨਮ ਦਰ ਤੇਜ਼ੀ ਨਾਲ ਘਟਣੀ ਸ਼ੁਰੂ ਹੋਈ, ਨਿਰਾਸ਼ਾ ਦੇ ਮਾਰੇ ਹੁਨਰੀ ਨੌਜਵਾਨਾਂ-ਡਾਕਟਰਾਂ ਤੇ ਵਿਗਿਆਨੀਆਂ ਦੀਆਂ ਹੇੜਾਂ ਨੇ ਪੱਛਮੀ ਦੇਸ਼ਾਂ ਵੱਲ ਹਿਜਰਤ ਸ਼ੁਰੂ ਕਰ ਦਿੱਤੀ।

ਅਜਿਹੇ ਦੌਰ ਵਿਚ ਪੂਤਿਨ ਰੂਸ ਦੀ ਸਿਆਸੀ ਸਟੇਜ 'ਤੇ ਦਾਖਲ ਹੋਇਆ। ਪਿੱਛਲਝਾਤ ਮਾਰਿਆਂ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਸੋਵੀਅਤ ਸਮਿਆਂ ਵਿਚ ਪ੍ਰਵਾਨ ਚੜ੍ਹੇ ਇਸ ਸਾਬਕਾ ਕੇ. ਜੀ. ਬੀ. ਅਫਸਰ ਦਾ ਤਜਰਬਾ ਅਤੇ ਸਿਖਲਾਈ ਵੀ ਉਸ ਦੇ ਕੰਮ ਆਏ। ਇਕ ਪਾਸੇ ਪੂਰਬੀ ਜਰਮਨੀ ਵਿਚ ਬਤੌਰ ਖੁਫੀਆ ਏਜੰਸੀ ਅਧਿਕਾਰੀ ਕੰਮ ਕਰਨ ਦੇ ਸਮੇਂ ਨੇ ਉਸ ਨੂੰ ਜਰਮਨ ਜ਼ਬਾਨ ਦੀ ਮੁਹਾਰਤ ਵੀ ਦਿੱਤੀ ਅਤੇ ਲੋੜੀਂਦਾ ਕੌਮਾਂਤਰੀ ਨਜ਼ਰੀਆ ਵੀ। ਦੂਜੇ ਪਾਸੇ ਮੱਧ ਵਰਗੀ ਸੋਵੀਅਤ ਪਰਿਵਾਰ ਵਿਚ ਪੈਦਾ ਹੋਏ ਪੂਤਿਨ ਕੋਲ ਸੋਵੀਅਤ ਜੀਵਨ ਦਾ ਜ਼ਾਤੀ ਤਜਰਬਾ ਵੀ ਸੀ ਅਤੇ ਆਪਣੇ ਮੁਲਕ ਦੇ ਇਤਿਹਾਸ ਬਾਰੇ ਤਿੱਖੀ ਸੂਝ ਵੀ।

ਮਿਸਾਲ ਵਜੋਂ ਉਹ ਇਹ ਗੱਲ ਚੰਗੀ ਤਰ੍ਹਾਂ ਸਮਝਦਾ ਹੈ ਕਿ ਰੂਸ ਦੇ ਲੱਖਾਂ ਲੋਕ ਅਜੇ ਵੀ ਸੋਵੀਅਤ ਸਮਿਆਂ ਨੂੰ ਨਿੱਘ ਨਾਲ ਚੇਤੇ ਕਰਦੇ ਹਨ। ਉਸ ਨੇ ਕਈ ਵਾਰ ਸੋਵੀਅਤ ਸਮਿਆਂ ਦੀਆਂ ਵਧੀਕੀਆਂ ਅਤੇ ਉਸ ਦੇ ਪ੍ਰਬੰਧ ਵਿਚਲੇ ਵਿਕਾਰਾਂ ਦੀ ਆਲੋਚਨਾ ਕੀਤੀ ਹੈ; ਲੈਨਿਨ ਅਤੇ ਸਟਾਲਿਨ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਹੈ, ਪਰ ਸੋਵੀਅਤ ਸਮਿਆਂ ਵਿਚ ਵਿਗਸੀ ਆਪਣੀ ਪੀੜ੍ਹੀ ਦੇ ਬਹੁਤੇ ਲੋਕਾਂ ਵਾਂਗ ਪੂਤਿਨ ਦੀ ਸ਼ਖਸੀਅਤ ਦਾ ਇਕ ਹਿੱਸਾ ਅਜੇ ਵੀ ਸੋਵੀਅਤ ਖਾਸੇ ਵਾਲਾ ਹੈ। 2010 ਵਿਚ ਉਸ ਦੀ ਕਹੀ ਇਕ ਗੱਲ ਸਿਰਫ ਉਸ ਦੀ ਹੀ ਨਹੀਂ, ਅਜੋਕੇ ਰੂਸ ਦੇ ਹੋਰ ਬਹੁਤ ਸਾਰੇ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਉਸ ਨੇ ਕਿਹਾ ਸੀ, "ਜਿਸ ਕਿਸੇ ਨੂੰ ਸੋਵੀਅਤ ਸੰਘ ਦੇ ਟੁੱਟ ਜਾਣ ਦਾ ਦੁੱਖ ਨਹੀਂ, ਉਸ ਦੇ ਅੰਦਰ ਦਿਲ ਨਹੀਂ ਹੈ; ਤੇ ਜਿਹੜਾ ਵੀ ਇਸ ਦੇ ਪਹਿਲਾਂ ਵਾਲੇ ਹੀ ਰੂਪ ਵਿਚ ਇਸ ਦਾ ਪੁਨਰ ਜਨਮ ਲੋਚਦਾ ਹੈ, ਉਸ ਕੋਲ ਦਿਮਾਗ ਨਹੀਂ ਹੈ।" ਅਜਿਹੀ ਗੱਲ ਕਹਿਣ ਲਈ ਤੁਹਾਨੂੰ ਕਮਿਊਨਿਸਟ ਵਿਚਾਰਧਾਰਾ ਨੂੰ ਪ੍ਰਨਾਏ ਹੋਣ ਦੀ ਲੋੜ ਨਹੀਂ, ਸੋਵੀਅਤ ਸੰਘ ਪ੍ਰਤੀ ਸੰਵੇਦਨਸ਼ੀਲਤਾ ਹੀ ਕਾਫੀ ਹੈ।

ਬਤੌਰ ਰਾਸ਼ਟਰਪਤੀ ਪੂਤਿਨ ਦੇ ਪਹਿਲੇ ਕਾਰਜ ਕਾਲ ਵਿਚ ਰੂਸੀ ਅਰਥਚਾਰਾ ਪਹਿਲੇ 8 ਸਾਲ ਲਗਾਤਾਰ ਵਿਕਾਸ ਕਰਦਾ ਰਿਹਾ। ਲੋਕਾਂ ਦੀ ਖਰੀਦ-ਸ਼ਕਤੀ ਵਿਚ 72% ਵਾਧਾ ਹੋਇਆ। ਨਾਗਰਿਕ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ 2000 ਵਿਚ ਜਦੋਂ ਉਸ ਨੇ ਕਮਾਨ ਸੰਭਾਲੀ ਤਾਂ 75% ਰੂਸੀ ਗਰੀਬੀ ਦਾ ਜੀਵਨ ਜਿਊ ਰਹੇ ਸਨ। ਸੋਵੀਅਤ ਸਮਿਆਂ ਵਿਚ ਮਿਲਦੀਆਂ ਸਹੂਲਤਾਂ-ਮੁਫਤ ਸਿਹਤ ਤੇ ਵਿਦਿਆ ਪ੍ਰਬੰਧ, ਪੈਨਸ਼ਨਾਂ, ਉਨ੍ਹਾਂ ਵੇਲਿਆਂ ਦੀ ਜੁੜੀ ਹੋਈ ਨਿਗੂਣੀ ਪੂੰਜੀ, ਨੌਕਰੀਆਂ ਸਭ ਕੁਝ ਹਵਾ ਹੋ ਚੁਕਾ ਸੀ। ਮਰਦਾਂ ਦੀ ਔਸਤ ਉਮਰ 60 ਸਾਲ ਤੋਂ ਵੀ ਹੇਠਾਂ ਪਹੁੰਚ ਚੁਕੀ ਸੀ। ਰੂਬਲ ਦੀ ਕੀਮਤ ਰੋਜ਼ਾਨਾ ਡਿੱਗ ਰਹੀ ਸੀ ਅਤੇ ਲੋਕਾਂ ਦਾ ਦੇਸ਼ ਦੀ ਕਰੰਸੀ ਵਿਚ ਯਕੀਨ ਬਿਲਕੁਲ ਮੁੱਕ ਚੁਕਾ ਸੀ। ਦੁਕਾਨਾਂ ਵਿਚ ਕੀਮਤਾਂ ਤਕ ਡਾਲਰਾਂ ਵਿਚ ਲਿਖੀਆਂ ਜਾਂਦੀਆਂ ਸਨ। ਪੂਤਿਨ ਤੇ ਉਸ ਦੀ ਟੀਮ ਆਪਣੀਆਂ ਸੁਘੜ ਆਰਥਕ ਅਤੇ ਵਿੱਤੀ ਨੀਤੀਆਂ ਸਦਕਾ ਇਸ ਹਾਲਤ ਨੂੰ ਮੋੜਾ ਦੇਣ ਵਿਚ ਸਫਲ ਹੋਏ। ਦੇਸ਼ ਯੇਲਤਸਿਨ ਦੌਰ ਦੀ ਮੰਦੀ ਤੋਂ ਉਭਰਿਆ ਤੇ ਲੋਕਾਂ ਦੇ ਜੀਵਨ ਪੱਧਰ ਵਿਚ ਤਬਦੀਲੀ ਆਈ। ਰੂਸ ਵਿਚ ਆਰਥਕ ਨਿਵੇਸ਼ ਸ਼ੁਰੂ ਹੋਇਆ ਅਤੇ ਜਿਵੇਂ ਪਹਿਲੋਂ ਦੱਸਿਆ ਗਿਆ ਹੈ, ਉਨ੍ਹਾਂ ਸਾਲਾਂ ਵਿਚ ਤੇਲ ਦੀਆਂ ਵਧੀਆਂ ਕੀਮਤਾਂ ਨਾਲ ਰੂਸ ਕੋਲ ਅਜਿਹਾ ਵਿੱਤੀ ਜ਼ਖੀਰਾ ਵੀ ਕਾਇਮ ਹੋ ਗਿਆ ਕਿ 2008 ਦੀ ਵਿਸ਼ਵ ਆਰਥਕ ਮੰਦੀ ਤੋਂ ਉਠਣ ਲਈ ਉਸ ਨੂੰ ਬਹੁਤਾ ਸਮਾਂ ਨਾ ਲੱਗਾ।



ਬੋਰਿਸ ਯੇਲਤਸਿਨ ਅਤੇ ਮਿਖਾਈਲ ਗੋਰਬਾਚੇਵ

ਦੂਜੇ ਪਾਸੇ, 1990ਵਿਆਂ ਵਿਚ ਯੇਲਤਸਿਨ ਦੇ ਚੇਚਨੀਆ ਨਾਲ ਜੰਗ ਵਿਚ ਕਈ ਸਾਲ ਖਰਾਬ ਕਰ ਲੈਣ ਪਿੱਛੋਂ ਪੂਤਿਨ ਦੇ ਕਾਰਜਕਾਲ ਦੇ ਪਹਿਲੇ ਦੌਰ ਵਿਚ ਚੇਚਨੀਆ ਨਾਲ ਦੂਜੀ ਜੰਗ ਜਿੱਤ ਲਏ ਜਾਣਾ, ਰੂਸੀ ਜਨਤਾ ਦੇ ਮਾਨਸਿਕ ਰੌਂ ਨੂੰ ਤਕੜਿਆਂ ਕਰਨ ਤੇ ਪੂਤਿਨ ਨੂੰ ਵੱਡਾ ਅਤੇ ਫੈਸਲਾਕੁਨ ਆਗੂ ਸਥਾਪਤ ਕਰਨ ਵਿਚ ਸਹਾਈ ਹੋਇਆ। ਰੂਸ ਵਿਚ ਤਾਕਤ ਹਮੇਸ਼ਾ ਤਕੜੀਆਂ ਸ਼ਖਸੀਅਤਾਂ ਦੇ ਹੱਥ ਦੇਖੀ ਅਤੇ ਸਮਝੀ ਜਾਂਦੀ ਰਹੀ ਹੈ, ਸੰਸਥਾਵਾਂ ਕਦੇ ਵੀ ਤਾਕਤ ਦਾ ਧੁਰਾ ਨਹੀਂ ਬਣੀਆਂ। ਪੂਤਿਨ ਦਾ ਆਪਣੇ ਦੇਸ਼ ਅਤੇ ਇਸ ਦੀ ਇਤਿਹਾਸਕ ਭੂਮਿਕਾ ਬਾਰੇ ਨਜ਼ਰੀਆ, ਸੋਵੀਅਤ ਸੰਘ ਦੇ ਟੁੱਟਣ ਪਿੱਛੋਂ ਆਪਣੇ ਆਪ ਨੂੰ ਨਿਮਾਣਾ ਮਹਿਸੂਸ ਕਰਨ ਲੱਗੇ ਨਾਗਰਿਕਾਂ ਦਾ ਮਨੋਬਲ ਵਧਾਉਣ ਵਿਚ ਸਹਾਈ ਹੋਇਆ। ਪੂਤਿਨ ਦੇ ਰਾਸ਼ਟਰਪਤੀ ਵਜੋਂ ਹੁਣ ਦੇ ਦੂਜੇ ਦੌਰ ਵਿਚ ਫੌਜੀ ਕਾਰਵਾਈ ਰਾਹੀਂ ਯੂਕਰੇਨ ਦੇ ਅਧਿਕਾਰ ਹੇਠਲੇ ਕ੍ਰੀਮੀਆ ਇਲਾਕੇ ਨੂੰ ਮੁੜ ਰੂਸ ਨਾਲ ਜੋੜ ਲੈਣ ਅਤੇ ਸੀਰੀਆ ਦੇ ਗ੍ਰਹਿ ਯੁੱਧ ਵਿਚ ਅਮਰੀਕਾ ਦੇ ਟਾਕਰੇ ਦੀ ਧਿਰ ਬਣ ਕੇ ਹਿੱਸਾ ਲੈਣ ਦੇ ਅਹਿਮ ਪਰ ਜੋਖਮ ਭਰਪੂਰ ਫੈਸਲਿਆਂ ਨੇ ਵੀ ਰੂਸੀ ਜਨਤਾ ਵਿਚ ਉਸ ਦੀ ਲੋਕਪ੍ਰਿਅਤਾ ਨੂੰ ਵਧਾਇਆ ਹੀ; ਬਾਕੀ ਦੁਨੀਆਂ ਵਿਚ ਇਨ੍ਹਾਂ ਕਾਰਵਾਈਆਂ ਕਾਰਨ ਹੋਈ ਤਿੱਖੀ ਆਲੋਚਨਾ ਦੇ ਬਾਵਜੂਦ ਘਟਾਇਆ ਨਾ।

ਬਹੁਤੇ ਰੂਸੀ ਇਸ ਗੱਲੋਂ ਇਨਕਾਰੀ ਨਹੀਂ ਕਿ ਪੂਤਿਨ ਦਬਦਬੇ ਵਾਲਾ ਆਗੂ ਹੈ, ਜੋ ਕਿਸੇ ਕਿਸਮ ਦੀ ਵਿਰੋਧੀ ਧਿਰ ਨੂੰ ਸਿਰ ਨਹੀਂ ਚੁੱਕਣ ਦਿੰਦਾ ਅਤੇ ਅਜੋਕੇ ਰੂਸ ਵਿਚ ਉਸ ਦੇ ਨੇੜਲਿਆਂ ਦੀ ਧਨਾਢ-ਜੁੰਡਲੀ ਹੀ ਸਾਰੇ ਅਰਥਚਾਰੇ ਉਤੇ ਕਾਬਜ਼ ਹੈ। ਨਾਲ ਹੀ ਉਹ ਇਹ ਵੀ ਆਖਦੇ ਹਨ ਕਿ ਇਹ ਜੁੰਡਲੀ 'ਭ੍ਰਿਸ਼ਟਾਚਾਰੀ' ਤਾਂ ਹੋ ਸਕਦੀ ਹੈ, ਪਰ ਪੂਤਿਨ ਅਤੇ ਉਸ ਦੀ ਟੀਮ ਰੂਸ ਦੇ ਅਰਥਚਾਰੇ ਨੂੰ ਪੱਕੇ ਪੈਰੀਂ ਕਰਨ ਅਤੇ ਕਾਇਮ ਰੱਖਣ ਵਿਚ ਕਾਮਯਾਬ ਜ਼ਰੂਰ ਰਹੀ ਹੈ। ਅਜਿਹਾ ਪ੍ਰਬੰਧ ਤੰਤਰ ਪੂਤਿਨ ਨੇ ਨਹੀਂ, ਯੇਲਤਸਿਨ ਨੇ ਸ਼ੁਰੂ ਕੀਤਾ ਸੀ, ਪਰ ਯੇਲਤਸਿਨ ਦੇ ਸਮਿਆਂ 'ਚ ਜੁੰਡਲੀ ਰਾਸ਼ਟਰਪਤੀ ਉਤੇ ਗਾਲਬ ਸੀ, ਜਦੋਂਕਿ ਹੁਣ ਫੈਸਲਾਕੁਨ ਰਾਸ਼ਟਰਪਤੀ ਇਸ ਜੁੰਡਲੀ ਉਤੇ ਗਾਲਬ ਹੈ ਤੇ ਉਨ੍ਹਾਂ ਨੂੰ ਮਨਮਾਨੀਆਂ ਨਹੀਂ ਕਰਨ ਦਿੰਦਾ, ਸਗੋਂ ਦੇਸ਼ ਦੇ ਹਿਤ ਵਿਚ ਵਰਤਦਾ ਹੈ।

ਪੂਤਿਨ ਦੀ ਅਗਵਾਈ ਹੇਠਲੇ ਅਜੋਕੇ ਰੂਸ ਦੇ ਕੁਝ ਖਾਸ ਲੱਛਣ ਇਹ ਕਹੇ ਜਾ ਸਕਦੇ ਹਨ: ਦੇਸ਼ ਦੇ ਵੱਕਾਰ ਜਾਂ ਪੁਰਾਣੀ ਪ੍ਰਭੁਸੱਤਾ ਦੀ ਬਹਾਲੀ ਉਤੇ ਜ਼ੋਰ, ਇਸ ਆਧਾਰ ਉਤੇ ਫੈਸਲਾਕੁਨ ਅਤੇ ਦੋ-ਟੁਕ ਗੱਲ ਕਰਨ ਵਾਲੇ ਆਗੂ ਦੀ ਲੋੜ ਉਤੇ ਜ਼ੋਰ, ਗਿਣਤੀ ਦੇ ਕਾਰਪੋਰੇਟਾਂ ਦਾ ਅਰਥਚਾਰੇ ਤੇ ਮੀਡੀਆ 'ਤੇ ਕਬਜ਼ਾ, ਰਵਾਇਤੀ ਸਮਾਜਕ ਕਦਰਾਂ ਕੀਮਤਾਂ ਅਤੇ ਦੇਸ਼-ਭਗਤੀ ਆਧਾਰਿਤ ਲੱਫਾਜ਼ੀ ਉਤੇ ਜ਼ੋਰ ਅਤੇ ਆਗੂ ਦੇ ਵਿਰੋਧ ਨੂੰ ਦੇਸ਼-ਵਿਰੋਧੀ ਵਿਚਾਰਧਾਰਾ ਕਰਾਰ ਦੇਣ ਦੇ ਹਥਕੰਡੇ।

ਇਸ ਪੱਖੋਂ ਦੇਖਿਆ ਜਾਵੇ ਤਾਂ ਪੂਤਿਨ ਜਾਂ ਪੂਤਿਨਵਾਦ ਸਿਰਫ ਰੂਸ ਦੇ ਇਤਿਹਾਸਕ ਹਾਲਾਤ ਦੀ ਪੈਦਾਵਾਰ ਨਹੀਂ। ਸੰਸਾਰ ਪੱਧਰ 'ਤੇ ਵੀ ਅਸੀਂ ਅਜਿਹੇ ਦੌਰ ਵਿਚੋਂ ਲੰਘ ਰਹੇ ਹਾਂ, ਜਦੋਂ ਪੂੰਜੀਵਾਦ ਅਜਿਹੇ ਪੜਾਅ ਉਤੇ ਆਣ ਖੜੋਤਾ ਹੈ ਕਿ ਪਿਛਲੇ ਨਿਜ਼ਾਮਾਂ ਦੀਆਂ ਵਧੀਕੀਆਂ ਜਾਂ ਕਮਜ਼ੋਰੀਆਂ ਨੇ ਆਮ ਜਨਤਾ ਨੂੰ ਇਹੋ ਜਿਹੇ 'ਫੈਸਲਾਕੁਨ' ਆਗੂਆਂ ਵੱਲ ਧੱਕਿਆ ਹੈ। ਅਮਰੀਕਾ ਵਿਚ ਟਰੰਪ ਹੋਵੇ ਜਾਂ ਬਰਤਾਨੀਆ ਵਿਚ ਬੋਰਿਸ ਜੌਨਸਨ, ਟਰਕੀ ਵਿਚ ਐਰਦੋਜਨ ਹੋਵੇ ਜਾਂ ਹੰਗਰੀ ਵਿਚ ਓਰਬਾਨ, ਤੇ ਜਾਂ ਫਿਰ ਸਾਡੇ ਆਪਣੇ ਦੇਸ਼ ਵਿਚ ਨਰਿੰਦਰ ਮੋਦੀ; ਸੰਸਾਰ ਦਾ ਸਿਆਸੀ ਪਿੜ ਅਜਿਹੇ ਘੱਟ ਜਾਂ ਵੱਧ 'ਫੈਸਲਾਕੁਨ ਤੇ ਦੋ-ਟੁਕ ਗੱਲ ਕਰਨ ਵਾਲੇ' ਅਤੇ ਆਪਣੇ ਦੇਸ਼ ਦੀ ਜਨਤਾ ਅੰਦਰਲੇ ਰੋਹ ਨੂੰ ਆਪਣੀ ਸੱਤਾ-ਕਾਇਮੀ ਲਈ ਮੋੜਾ ਦੇ ਸਕਣ ਵਾਲੇ ਆਗੂਆਂ ਨਾਲ ਇਸ ਵੇਲੇ ਅੱਟਿਆ ਪਿਆ ਹੈ। ਬੇਸ਼ੱਕ, ਹਰ ਦੇਸ਼ ਦੀਆਂ ਸਮੱਸਿਆਵਾਂ ਵੀ ਆਪੋ-ਆਪਣੀ ਕਿਸਮ ਦੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਆਗੂਆਂ ਦੀ ਸਮਰੱਥਾ ਵੀ; ਫਿਰ ਵੀ ਪੂਤਿਨ ਇਨ੍ਹਾਂ ਸਾਰਿਆਂ ਵਿਚੋਂ ਸਿਰਕੱਢ ਹੈ, ਆਪਣੇ ਸਭ ਤੋਂ ਲੰਮੇ ਰਾਜ ਕਾਲ ਅਤੇ ਸਭ ਤੋਂ ਵੱਧ ਸਮੱਸਿਆਵਾਂ ਨਾਲ ਸਫਲ ਰਹਿ ਕੇ ਸਿੱਝਣ ਦੇ ਹਾਲੇ ਤਕ ਦੇ ਇਤਿਹਾਸ ਕਾਰਨ।

ਉਸ ਦੇ ਮੌਜੂਦਾ ਕਾਰਜ ਕਾਲ ਦੇ ਚਾਰ ਸਾਲ ਅਜੇ ਵੀ ਬਾਕੀ ਹਨ। ਪਿਛਲੇ ਤਜਰਬੇ ਦੇ ਆਧਾਰ ਉਤੇ ਬਹੁਤੇ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਵੇਂ ਅਜੋਕੇ ਰੂਸੀ ਸੰਵਿਧਾਨ ਮੁਤਾਬਿਕ ਉਹ 2024 ਵਿਚ ਮੁੜ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਨਹੀਂ ਹੋ ਸਕਦਾ, ਉਹ ਇਸ ਦਾ ਵੀ ਕੋਈ ਨਾ ਕੋਈ ਹੱਲ ਲੱਭ ਹੀ ਲਵੇਗਾ। ਇਸ ਲਈ ਅਜੋਕੇ ਪੜਾਅ ਉਤੇ ਪੂਤਿਨ ਦੀ ਦੇਣ ਜਾਂ ਉਸ ਦੇ ਕਾਰਜਕਾਲ ਦੀ ਬਹੁ-ਪੱਖੀ ਅਤੇ ਨਿਗਰ ਪੜਚੋਲ ਕਰਨ ਦਾ ਸਮਾਂ ਅਜੇ ਭਵਿਖ ਦੀ ਕੁੱਖ ਵਿਚ ਹੈ। ਰੂਸੀ ਲੋਕਾਂ ਵਿਚ ਇਹ ਮੁਹਾਵਰਾ ਪ੍ਰਚਲਿਤ ਹੈ, 'ਇਤਿਹਾਸ ਨੂੰ ਹੀ ਫੈਸਲਾ ਕਰਨ ਦਿਓ।' ਸਿਰਫ ਰੂਸ ਹੀ ਨਹੀਂ, ਸੰਸਾਰ ਦੀ ਸਿਆਸੀ ਸਟੇਜ ਉਤੇ ਇਸ ਵੇਲੇ ਛਾਏ ਹੋਏ ਪੂਤਿਨ ਨਾਂ ਦੇ ਇਸ ਵਰਤਾਰੇ ਅਤੇ ਉਸ ਦੀ ਭੂਮਿਕਾ ਬਾਰੇ ਅੰਤਿਮ ਫੈਸਲਾ ਵੀ ਇਤਿਹਾਸ ਹੀ ਕਰੇਗਾ; ਇਸ ਵੇਲੇ ਤਾਂ ਉਸ ਦੇ ਲੰਮੇ ਸਮੇਂ ਤੋਂ ਤੁਰੇ ਆਉਂਦੇ ਜਬ੍ਹੇ ਦੇ ਆਧਾਰ ਨੂੰ ਸਮਝਣ ਦੀ ਕੋਸ਼ਿਸ਼ ਹੀ ਕੀਤੀ ਜਾ ਸਕਦੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 23 ਮਈ 2020*

## ਤਾਨਾਸ਼ਾਹ ਭਾਰਤ

ਸਾਲ 2014 ਤੋਂ ਜਦੋਂ ਤੋਂ ਭਾਰਤ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਬਣੀ ਹੈ, ਕੁਝ ਹਲਕਿਆਂ ਵਲੋਂ ਇਸ ਨੂੰ ਤਾਨਾਸ਼ਾਹੀ ਨਾਲ ਜੋੜਿਆ ਜਾ ਰਿਹਾ ਹੈ। ਨਰਿੰਦਰ ਮੋਦੀ ਦੀ ਅਗਵਾਈ ਵਿਚ ਜਿਸ ਤਰ੍ਹਾਂ ਦੇ ਫੈਸਲੇ ਪਿਛਲੇ ਛੇ ਸਾਲਾਂ ਦੌਰਾਨ ਕੀਤੇ ਗਏ ਅਤੇ ਬਹੁਤ ਸਾਰੇ ਅਹਿਮ ਮੁੱਦਿਆਂ ਬਾਰੇ ਜਿਸ ਤਰ੍ਹਾਂ ਖਾਮੋਸ਼ੀ ਧਾਰਨ ਕੀਤੀ ਗਈ, ਉਸ ਦੇ ਹਵਾਲੇ ਨਾਲ ਕੁਝ ਵਿਦਵਾਨਾਂ ਨੇ ਤਾਂ ਇਸ ਸਰਕਾਰ ਨੂੰ ਫਾਸ਼ੀਵਾਦ ਨਾਲ ਵੀ ਜੋੜਿਆ ਹੈ। ਉਂਜ, ਪਿਛਲੇ ਕੁਝ ਮਹੀਨਿਆਂ ਤੋਂ ਕਰੋਨਾ ਵਾਇਰਸ ਕਾਰਨ ਪੈਦਾ ਹੋਏ ਸੰਸਾਰ ਪੱਧਰੀ ਸੰਕਟ ਦੌਰਾਨ ਜੋ ਵਿਹਾਰ ਮੋਦੀ ਸਰਕਾਰ ਦਾ ਸਾਹਮਣੇ ਆਇਆ ਹੈ, ਉਸ ਨੇ ਇਸ ਬਾਰੇ ਹੁਣ ਸ਼ਾਇਦ ਕੋਈ ਭਰਮ-ਭੁਲੇਖਾ ਵੀ ਨਹੀਂ ਰਹਿਣ ਦਿੱਤਾ ਕਿ ਇਹ ਸਰਕਾਰ ਕੇਂਦਰਵਾਦੀ ਸੱਤਾ ਦੇ ਹੱਕ ਵਿਚ ਹੈ ਅਤੇ ਇਕ-ਇਕ ਕਰਕੇ ਸੂਬਿਆਂ ਤੋਂ ਸਾਰੇ ਹੱਕ ਖੋਹ ਲੈਣਾ ਚਾਹੁੰਦੀ ਹੈ। ਅਸਲ ਵਿਚ ਇਹ ਹੱਕ ਖੋਹਣ ਲਈ ਇਹ ਸਰਕਾਰ ਕਰੋਨਾ ਸੰਕਟ ਨੂੰ ਬਹਾਨੇ ਵਜੋਂ ਵਰਤ ਰਹੀ ਹੈ। ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਨੇ ਹਾਲੀਆ ਬਿਆਨ ਵਿਚ ਕੇਂਦਰ ਸਰਕਾਰ ਵਲੋਂ ਕਰੋਨਾ ਸੰਕਟ ਲਈ ਦਿੱਤੀ ਰਾਹਤ ਨੂੰ ਕਰਜ਼ਾ ਆਖਿਆ ਹੈ; ਭਾਵ ਕੇਂਦਰ ਸਰਕਾਰ ਨੇ ਸੂਬਿਆਂ ਲਈ ਜੋ ਰਾਹਤ ਪੈਕੇਜ ਐਲਾਨਿਆ ਹੈ, ਉਹ ਅਸਲ ਵਿਚ ਮਦਦ ਨਹੀਂ, ਬਲਕਿ ਕੇਂਦਰ ਸਰਕਾਰ ਨੇ ਇਵਜ਼ ਵਿਚ ਕੁਝ ਨਾ ਕੁਝ ਹਾਸਲ ਕਰਨਾ ਹੈ। ਪ੍ਰੈਸ ਕਾਨਫਰੰਸ ਵਿਚ ਇਸ ਬਾਰੇ ਉਹ ਭਾਵੇਂ ਕੋਈ ਠੁੱਕਦਾਰ ਅੰਕੜੇ ਤਾਂ ਨਹੀਂ ਪੇਸ਼ ਕਰ ਸਕੇ, ਪਰ ਇਕ ਗੱਲ ਤਾਂ ਐਨ ਸਪਸ਼ਟ ਹੈ ਕਿ ਮੋਦੀ ਸਰਕਾਰ ਨੇ ਜਿਸ ਤਰ੍ਹਾਂ ਦਾ ਪੈਕੇਜ ਐਲਾਨਿਆ ਹੈ, ਉਸ ਅੰਦਰ ਬੇਇਮਾਨੀ ਦੇ ਸਿੱਧੇ ਝਲਕਾਰੇ ਪੈ ਰਹੇ ਹਨ। ਖੇਤੀ ਦਾ ਹੀ ਮਸਲਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤੇ 20 ਲੱਖ ਕਰੋੜ ਰੁਪਏ ਦੇ ਪੈਕੇਜ ਵਿਚ ਖੇਤੀ ਲਈ ਇੱਕ ਲੱਖ ਕਰੋੜ ਰੁਪਏ ਦੇਣ ਦਾ ਦਾਅਵਾ ਕੀਤਾ ਹੈ, ਪਰ ਇਸ ਦੇ ਨਾਲ ਹੀ ਚਲਾਕੀ ਵੀ ਕੀਤੀ ਹੈ। ਜ਼ਰੂਰੀ ਵਸਤੂਆਂ ਬਾਰੇ ਕਾਨੂੰਨ-1955 ਵਿਚ ਸੋਧ ਕਰ ਕੇ ਇਸ ਵਿਚੋਂ ਦਾਲਾਂ, ਖਾਣ ਵਾਲੇ ਤੇਲ, ਤੇਲ ਬੀਜ, ਅਨਾਜ, ਪਿਆਜ਼, ਆਲੂ ਆਦਿ ਨੂੰ ਬਾਹਰ ਕੱਢ ਕੇ ਡੀਰੈਗੂਲੇਟ ਕਰਨ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਇਹੀ ਨਹੀਂ, ਕੌਮੀ ਮੰਡੀ ਵਾਲੇ ਵਿਚਾਰ ਦੀ ਪੈਰਵੀ ਕਰਦਿਆਂ ਫਸਲਾਂ ਦੀ ਅੰਤਰ-ਰਾਜੀ ਆਵਾਜਾਈ ਨੂੰ ਕੇਂਦਰ ਅਧੀਨ ਲਿਆਉਣ ਬਾਰੇ ਕਾਨੂੰਨ ਬਣਾਉਣ ਦਾ ਫੈਸਲਾ ਕਰ ਲਿਆ ਹੈ। ਰਹਿੰਦੀ ਕਸਰ ਜਿਣਸਾਂ ਦੇ ਵਾਜਬ ਮੁੱਲ ਅਤੇ ਗੁਣਵੱਤਾ ਯਕੀਨੀ ਬਣਾਉਣ ਦੇ ਨਾਮ 'ਤੇ ਕੇਂਦਰੀ ਕਾਨੂੰਨ ਮੜ੍ਹਨ ਬਾਰੇ ਕਹਿ ਦਿੱਤਾ ਗਿਆ ਹੈ। ਮੋਦੀ ਸਰਕਾਰ ਨੇ ਇਹ ਸ਼ਿਕੰਜਾ ਕੱਸਣ ਲਈ ਦੋ ਸਾਲ ਪਹਿਲਾਂ ਵੀ ਕੋਸ਼ਿਸ਼ ਕੀਤੀ ਸੀ, ਪਰ ਕਾਮਯਾਬ ਨਹੀਂ ਸੀ ਹੋ ਸਕੀ, ਕਿਉਂਕਿ ਸੰਵਿਧਾਨਕ ਤੌਰ 'ਤੇ ਖੇਤੀ, ਜ਼ਮੀਨ ਅਤੇ ਮੰਡੀ ਪ੍ਰਬੰਧ ਸੂਬੇ ਵਾਲੀ ਸੂਚੀ ਵਿਚ ਆਉਂਦਾ ਹੈ ਤੇ ਇਸ ਸਬੰਧੀ ਕੋਈ ਵੀ ਕਾਨੂੰਨ ਸਬੰਧਤ ਸੂਬਿਆਂ ਦੀਆਂ ਵਿਧਾਨ ਸਭਾਵਾਂ ਹੀ ਬਣਾ ਸਕਦੀਆਂ ਹਨ। ਹੁਣ ਜਿਹੜਾ ਕਾਨੂੰਨ ਬਣਾਇਆ ਜਾ ਰਿਹਾ ਹੈ, ਉਸ ਤਹਿਤ ਕੇਂਦਰ ਸਰਕਾਰ ਮੰਡੀ ਦਾ ਸਮੁੱਚਾ ਤਾਣਾ-ਬਾਣਾ ਖੁਦ ਕੰਟਰੋਲ ਕਰੇਗੀ। ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਤੋਂ ਹੱਥ ਪਿਛਾਂਹ ਖਿੱਚਣ ਬਾਰੇ ਪਹਿਲਾਂ ਹੀ ਸਪਸ਼ਟ ਕਰ ਚੁਕੀ ਹੈ। ਜਾਹਰ ਹੈ ਕਿ ਆਉਣ ਵਾਲੇ ਸਾਲਾਂ ਵਿਚ ਖੇਤੀ ਖੇਤਰ ਦਾ ਮੂੰਹ-ਮਹਾਂਦਰਾ ਮੁੱਢੋਂ-ਸੁੱਢੋਂ ਬਦਲਣ ਵਾਲਾ ਹੈ ਅਤੇ ਇਸ ਖੇਤਰ ਵਿਚ ਕਾਰਪੋਰੇਟ ਜਗਤ ਪੈਰ ਪਸਾਰ ਲਵੇਗਾ।

ਅਸਲ ਵਿਚ ਇਹੀ ਉਹ ਨੁਕਤਾ ਹੈ ਕਿ ਜੋ ਆਮ ਆਦਮੀ ਪਾਰਟੀ ਦਾ ਆਗੂ ਭਗਵੰਤ ਮਾਨ ਸਹੀ ਢੰਗ ਨਾਲ ਸਮਝਾ ਨਹੀਂ ਸਕਿਆ। ਹੋਰ ਪਾਰਟੀਆਂ ਦੇ ਆਗੂਆਂ ਦਾ ਹਾਲ ਤਾਂ ਇਹ ਹੈ ਕਿ ਉਨ੍ਹਾਂ ਨੂੰ ਇਸ ਮਸਲੇ ਦੀ ਗੰਭੀਰਤਾ ਦਾ ਅਜੇ ਅਹਿਸਾਸ ਹੀ ਨਹੀਂ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅੱਗੇ ਗੋਡੀ ਟੇਕੀ ਬੈਠਾ ਹੈ। ਸਿਤਮਜ਼ਰੀਫੀ ਦੇਖੋ, ਕਿਸੇ ਵਕਤ ਸ਼੍ਰੋਮਣੀ ਅਕਾਲੀ ਦਲ ਸੂਬਿਆਂ ਲਈ ਵੱਧ ਹੱਕ ਮੰਗਣ ਵਾਲੇ ਸੂਬਿਆਂ ਦੀ ਸੂਚੀ ਵਿਚ ਸਭ ਤੋਂ ਅੱਗੇ ਹੁੰਦਾ ਸੀ। ਇਕ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਅਕਾਲੀ ਦਲ ਦੀ ਸਿਆਸਤ ਦਾ ਧੁਰਾ ਹੀ ਇਹ ਨੁਕਤਾ ਸੀ, ਪਰ ਹੁਣ ਜਦੋਂ ਮੋਦੀ ਸਰਕਾਰ ਸੂਬਿਆਂ ਦੇ ਹੱਕਾਂ ਉਤੇ ਕਾਨੂੰਨਾਂ ਰਾਹੀਂ ਡਾਕਾ ਮਾਰਨ ਲਈ ਘਾਤ ਲਾਈ ਬੈਠੀ ਹੈ ਤਾਂ ਇਸ ਦੀ ਲੀਡਰਸ਼ਿਪ ਖਾਮੋਸ਼ ਹੈ ਅਤੇ ਸਾਰੇ ਮਸਲਿਆਂ 'ਤੇ ਅੱਖਾਂ ਮੀਚ ਕੇ ਸਰਕਾਰ ਦੀ ਹਾਂ ਵਿਚ ਹਾਂ ਮਿਲਾ ਰਹੀ ਹੈ। ਕਾਂਗਰਸ ਦੇ ਤਾਂ ਕਹਿਣੇ ਹੀ ਕੀ ਹਨ! ਹਰ ਛੇ ਮਹੀਨੇ ਬਾਅਦ ਪੰਜਾਬ ਵਿਚ ਇਸ ਦਾ ਸਿਆਸੀ ਸੰਕਟ ਸਿਖਰ 'ਤੇ ਪਹੁੰਚ ਜਾਂਦਾ ਹੈ ਅਤੇ ਫਿਰ ਪਾਰਟੀ ਅੰਦਰ ਹੋ ਰਹੀਆਂ ਮੋਰੀਆਂ ਮੁੰਦਣ 'ਤੇ ਹੀ ਸਾਰਾ ਜ਼ੋਰ ਲੱਗ ਜਾਂਦਾ ਹੈ। ਹਾਲਾਂਕਿ ਪੰਜਾਬ, ਦੇਸ਼ ਵਿਚ ਅਜਿਹਾ ਸੂਬਾ ਹੈ, ਜੋ ਮੋਦੀ ਸਰਕਾਰ ਦੀਆਂ ਮਾਰੂ ਨੀਤੀਆਂ ਖਿਲਾਫ ਇਕ ਮਿਸਾਲ ਬਣ ਕੇ ਉਭਰ ਸਕਦਾ ਹੈ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਆਪਣੀ ਰਾਜਨੀਤੀ ਅਤੇ ਰਣਨੀਤੀ ਹੈ। ਬਹੁਤ ਵਾਰ ਤਾਂ ਉਹ ਅਜਿਹੇ ਫੈਸਲੇ ਕਰਦਾ ਹੈ ਕਿ ਕਾਂਗਰਸ ਦੀ ਪੰਜਾਬ ਇਕਾਈ ਅਤੇ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਵਿਚਾਲੇ ਕੋਈ ਫਰਕ ਹੀ ਨਜ਼ਰ ਨਹੀਂ ਆਉਂਦਾ। ਪਿਛਲੇ ਸਮਿਆਂ ਦੌਰਾਨ ਪਾਕਿਸਤਾਨ ਨਾਲ ਭਾਰਤ ਦੇ ਰਿਸ਼ਤਿਆਂ ਅਤੇ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਉਸ ਦਾ ਜੋ ਵਿਹਾਰ ਸਾਹਮਣੇ ਆਉਂਦਾ ਰਿਹਾ ਹੈ, ਉਹ ਨਾ ਸੂਬੇ ਅਤੇ ਨਾ ਹੀ ਦੇਸ਼ ਦੀ ਸਿਆਸਤ ਲਈ ਚੰਗੇਰਾ ਹੈ। ਉਸ ਦਾ ਵਿਰੋਧ ਕਰਨ ਵਾਲੇ ਆਪਣੀ ਸਿਆਸਤ ਖੇਡ ਰਹੇ ਹਨ। ਇਸ ਸੌੜੀ ਸਿਆਸਤ ਨਾਲ ਨੁਕਸਾਨ ਸੂਬੇ ਦੇ ਲੋਕਾਂ ਦਾ ਹੋ ਰਿਹਾ ਹੈ। ਸਪਸ਼ਟ ਹੈ ਕਿ ਇਸ ਵਕਤ ਖੇਤਰੀ ਸਿਆਸਤ ਬਹੁਤ ਊਣੀ ਚੱਲ ਰਹੀ ਹੈ। ਹੁਣ ਜਦੋਂ ਮੋਦੀ, ਕੇਂਦਰਵਾਦੀ ਸੱਤਾ ਦੀ ਜਕੜ ਮਜ਼ਬੂਤ ਕਰ ਰਿਹਾ ਹੈ ਤਾਂ ਸਿਆਸਤੀ ਤਵਾਜ਼ਨ ਲਈ ਅਜਿਹੀ ਸਿਆਸਤ ਦੀ ਬਹੁਤ ਜ਼ਿਆਦਾ ਲੋੜ ਸੀ। ਇਸ ਨੁਕਤੇ ਤੋਂ ਵਿਚਾਰਿਆਂ ਜਾਪਦਾ ਹੈ ਕਿ ਆਉਣ ਵਾਲੇ ਸਮਿਆਂ ਵਿਚ ਸੱਤਾਵਾਦੀ ਸਿਆਸਤ ਦਾ ਸ਼ਿਕੰਜਾ ਹੋਰ ਕੱਸਿਆ ਜਾਣਾ ਹੈ ਅਤੇ ਲੋਕਪੱਖੀ ਸਿਆਸਤ ਕਮਜ਼ੋਰ ਪੈ ਜਾਣ ਦਾ ਖਦਸ਼ਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਿਰ ਜੋੜ ਵੇ ਲੋਕਾ!*

ਲੜੀ ਟੁੱਟੇ ਨਾ ਅਜੇ ਕਰੋਨਿਆਂ ਦੀ, ਸੁਰ ਸਰਕਾਰ ਵੀ ਵਿਚੇ ਮਿਲਾਈ ਜਾਵੇ।
ਸ਼ਿਕੰਜਾ ਕੱਸ ਕੇ ਆਮ ਲੋਕਾਈ ਉਤੇ, ਹਰ ਪਾਸੇ ਪੱਧਰ ਹੀ ਪਾਈ ਜਾਵੇ।
ਹਮਾਤੜ ਦੇਖਦਾ ਰਹਿ ਗਿਆ ਸਭ ਚਾਲਾਂ, ਅੰਦਰ ਵੜੇ ਨੂੰ ਈ ਲੁੱਟ ਲਿਆ ਏ।
ਆਵੇ ਸਮਝ ਨਾ ਕਰੀਏ ਕੀ ਹੀਲਾ, ਪੱਜ ਨਾਲ ਹੀ ਰੱਜ ਕੇ ਕੁੱਟ ਲਿਆ ਏ।
ਸਿਰ ਜੋੜੋ ਵੇ ਲੋਕੋ ਤੇ ਕਰੋ ਸੋਚਾਂ, ਕਾਇਮ ਕਰੋ ਹੁਣ ਰਤਾ ਕੁ ਤੋਰ ਸੱਜਣਾ।
ਸੰਕਟ ਮੁੱਕਦਾ-ਮੁੱਕਦਾ ਮੁੱਕ ਜਾਣਾ, ਕਿਤੇ ਮੁੱਕੇ ਨਾ ਲੜਨ ਦੀ ਲੋਰ ਸੱਜਣਾ।

# ਪੇਂਡੂ ਸਾਂਝ ਦੀਆਂ ਜਾਤੀ ਅਤੇ ਜਮਾਤੀ ਦਰਾੜਾਂ

***ਧਰਮ, ਖਿੱਤਾ ਅਤੇ ਕਿੱਤਾ ਵੱਖ ਹੋ ਸਕਦਾ ਹੈ ਪਰ ਮਜ਼ਦੂਰ ਨੂੰ ਗੁਲਾਮ ਤੇ ਬੰਧੂਆ ਬਣਾ ਕੇ ਰੱਖਣ ਦੀ ਸੋਚ ਵਿਚ ਮਾਸਾ ਫਰਕ ਵੀ ਨਹੀਂ। ਮੁਨਾਫਾ ਕਮਾਉਣ ਜਾਂ ਲਾਗਤ ਘੱਟ ਕਰਨ ਲਈ ਮਜ਼ਦੂਰਾਂ ਦੇ ਕੰਮ ਦਾ ਸਮਾਂ ਅਤੇ ਸਥਾਨ ਕਾਬੂ ਕਰਨਾ ਅਤਿ ਜ਼ਰੂਰੀ ਹੈ।... ਪੰਜਾਬ ਦੇ ਜੱਟ/ਸਿੱਖ/ਕਿਸਾਨ/ਚੌਧਰੀਆਂ ਦੇ ਫਰਮਾਨ ਅਤੇ ਪ੍ਰਾਈਵੇਟ ਕੰਪਨੀਆਂ ਤੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿਚ ਲੱਗੀ ਸਰਕਾਰ ਦੀ ਸੁਰ ਸਾਂਝੀ ਹੈ; ਭਾਵੇਂ ਇਨ੍ਹਾਂ ਵਿਚੋਂ ਬਥੇਰਿਆਂ ਨੇ ਸਰਕਾਰਾਂ ਦੇ ਅਜਿਹੇ ਫੈਸਲਿਆਂ ਦਾ ਤਿੱਖਾ ਵਿਰੋਧ ਕੀਤਾ ਹੋਵੇਗਾ।***

ਪੰਜਾਬ ਦੇ ਪਿੰਡਾਂ ਵਿਚਲੀ ਕਿਸਾਨ-ਮਜ਼ਦੂਰ 'ਸਾਂਝ' ਬਾਰੇ ਫਿਰ ਚਰਚਾ ਛਿੜੀ ਹੈ। ਕਾਰਨ ਝੋਨੇ ਦੀ ਲਵਾਈ ਦੇ ਰੇਟ ਬਾਰੇ ਦੋਵੇਂ ਧਿਰਾਂ ਦਾ ਆਪਸੀ ਟਕਰਾਅ ਹੈ। ਖੇਤੀ ਪੈਦਾਵਾਰ ਦੌਰਾਨ ਦਲਿਤ/ਮਜ਼ਦੂਰ ਅਤੇ ਜੱਟ/ਕਿਸਾਨ ਦੇ ਸਮਾਜਿਕ ਰਿਸ਼ਤਿਆਂ ਵਿਚਲੀ ਇਸ ਆਪਸੀ 'ਸਾਂਝ' ਦੀ ਤਾਸੀਰ ਕੀ ਹੈ, ਜ਼ਰਾ ਇਸ ਬਾਰੇ ਚਰਚਾ ਕਰਦੇ ਹਾਂ। ਪੈਦਾਵਾਰੀ ਰਿਸ਼ਤੇ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਤੇ ਨਿਰਭਰ ਕਰਦੇ ਹਨ। ਨਿੱਜੀ ਮਾਲਕੀ ਵਾਲੇ ਸਮਾਜ ਵਿਚ ਮਨੁੱਖਾਂ, ਤਬਕਿਆਂ, ਜਮਾਤਾਂ ਤੇ ਜਾਤਾਂ ਦੇ ਆਮ ਜ਼ਿੰਦਗੀਆਂ ਵਿਚ ਸੁਹਾਰਦ, ਸਦਭਾਵਨਾ ਤੇ ਸਮਾਨਤਾ ਰੂਪੀ ਦਿਸਣ ਵਾਲੇ ਆਪਸੀ ਸਬੰਧ ਪੈਦਾਵਾਰੀ ਪ੍ਰਕਿਰਿਆ ਦੌਰਾਨ ਮਾਲਕ ਅਤੇ ਮਜ਼ਦੂਰ ਵਾਲੇ ਹੋ ਜਾਂਦੇ ਹਨ। ਇਸ ਪ੍ਰਕਿਰਿਆ ਦੌਰਾਨ ਸਿਰਜੇ ਰਿਸ਼ਤੇ ਬਾਕੀ ਚੱਲ ਰਹੀ ਜ਼ਿੰਦਗੀ ਤੇ ਵੀ ਅਸਰਅੰਦਾਜ਼ ਹੁੰਦੇ ਹਨ। ਜੇ ਪੈਦਾਵਾਰ ਵਾਲੀ ਥਾਂ (ਫੈਕਟਰੀ ਜਾਂ ਖੇਤ) ਦੋ ਧਿਰਾਂ ਦਾ ਮਾਲਕ ਤੇ ਮਜ਼ਦੂਰ ਵਾਲਾ ਰਿਸ਼ਤਾ ਹੈ ਤਾਂ ਇਹ ਅਣਸੁਖਾਵਾਂ ਰਹੇਗਾ।



ਜਤਿੰਦਰ ਸਿੰਘ
ਫੋਨ: +91-97795-30032

ਮਾਲਕ ਦਾ ਮੁੱਖ ਮਕਸਦ ਲਾਗਤ ਨੂੰ ਘੱਟ ਤੋਂ ਘੱਟ ਕਰਨਾ ਤੇ ਮੁਨਾਫਾ ਵੱਧ ਤੋਂ ਵੱਧ ਕਮਾਉਣਾ ਹੁੰਦਾ ਹੈ। ਲਾਗਤ ਤੇ ਖਰਚ ਹੋਣ ਵਾਲੀ ਪੂੰਜੀ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਵੇ ਤਾਂ ਇੱਕ ਹਿੱਸਾ ਬੀਜ, ਖਾਦ, ਡੀਜ਼ਲ ਆਦਿ ਨਿਰਜੀਵ ਵਸਤਾਂ ਤੇ ਖਰਚ ਹੁੰਦਾ ਹੈ ਜਿਸ ਦਾ ਮੁੱਲ ਪ੍ਰਾਈਵੇਟ ਕੰਪਨੀਆਂ ਜਾਂ ਸਰਕਾਰਾਂ ਤੈਅ ਕਰਦੀਆਂ ਹਨ। ਕਿਸਾਨਾਂ ਨੂੰ ਤੈਅ ਰੇਟ ਤੇ ਹੀ ਇਨ੍ਹਾਂ ਨੂੰ ਖਰੀਦਣਾ ਪਵੇਗਾ। ਦੂਜਾ ਹਿੱਸਾ ਸਜੀਵ ਮਜ਼ਦੂਰ ਵਰਗ ਨੂੰ ਖੇਤਾਂ ਵਿਚ ਕੰਮ ਕਰਨ ਦੀ ਮਜ਼ਦੂਰੀ ਦੇ ਰੂਪ ਵਿਚ ਦੇਣਾ ਹੁੰਦਾ ਹੈ। ਸੋ ਹੱਡ-ਭੰਨਵੀਂ ਮਿਹਨਤ ਕਰਨ ਵਾਲੇ ਹੱਡ-ਮਾਸ ਦੇ ਬਣੇ ਮਜ਼ਦੂਰ ਨੂੰ ਮਜ਼ਦੂਰੀ ਜਿੰਨੀ ਘੱਟ ਦਿੱਤੀ ਜਾਵੇ, ਲਾਗਤ ਓਨੀ ਹੀ ਘੱਟ ਹੋਵੇਗੀ। ਮਜ਼ਦੂਰੀ ਘੱਟ ਦੇਣ ਦੇ ਕਾਰਨਾਂ ਦੀ ਫਹਿਰਿਸਤ ਲੰਮੇਰੀ ਹੋ ਸਕਦੀ ਹੈ ਪਰ ਇਸ ਤੱਥ ਨੂੰ ਕਿਸ ਖਾਤੇ ਪਾਈਏ ਕਿ ਭੂਮੀਹੀਣ ਖੇਤ ਮਜ਼ਦੂਰਾਂ ਦੇ ਆਰਥਿਕ ਹਾਲਾਤ ਜ਼ਮੀਨ ਮਾਲਕ ਕਿਸਾਨੀ ਨਾਲੋਂ ਤਾਂ ਮਾੜੇ ਹੀ ਰਹਿਣਗੇ। ਪੈਦਾਵਰੀ ਸਾਧਨਾਂ ਦੀ ਨਿੱਜੀ ਮਲਕੀਅਤ ਮਾਲਕਾਂ ਨੂੰ ਮੁਨਾਫਾਖ਼ੋਰੀ ਵੱਲ ਧੱਕਦੀ ਹੈ।

ਇਨ੍ਹਾਂ ਹਾਲਾਤ ਵਿਚ ਆਪਸੀ ਰਿਸ਼ਤਿਆਂ ਅੰਦਰ ਖਿੱਚੋਤਾਣ ਬਰਕਰਾਰ ਰਹੇਗੀ। ਖੇਤੀਬਾੜੀ ਦਾ ਹਰ ਕੰਮ ਜਿਸ ਵਿਚ ਇੱਕ ਤਬਕੇ ਦੀ ਮਜ਼ਦੂਰ ਅਤੇ ਦੂਜੇ ਤਬਕੇ ਦੀ ਮਾਲਕ ਦੇ ਰੂਪ ਵਿਚ ਸ਼ਮੂਲੀਅਤ ਹੋਵੇਗੀ, ਉਥੇ ਇਹ ਤਣਾਅ ਮੌਜੂਦ ਹੋਵੇਗਾ। ਐਲਾਨੀ ਆਰਥਿਕ ਮੰਦਹਾਲੀ ਜਾਂ ਸੰਕਟ ਮੌਕੇ ਇਹ ਤਣਾਅ ਟਕਰਾਓ ਦੀ ਹਾਲਤ ਵਿਚ ਪਹੁੰਚ ਜਾਂਦਾ ਹੈ। ਪੈਦਾਵਾਰੀ ਰਿਸ਼ਤਿਆਂ ਵਿਚ ਨਾ-ਬਰਾਬਰੀ, ਆਮ ਜ਼ਿੰਦਗੀ ਦੇ ਰਿਸ਼ਤਿਆਂ ਵਿਚ ਵੀ ਸਾਂਝ ਪੈਦਾ ਨਹੀਂ ਕਰ ਸਕਦੀ; ਕਹਿਣ ਨੂੰ ਭਾਵੇਂ ਕਹੀ ਜਾਈਏ ਕਿ ਕਿਸਾਨ-ਮਜ਼ਦੂਰ (ਪਹਿਲਾਂ ਜੱਟ-ਸੀਰੀ ਕਹਿੰਦੇ ਰਹੇ) ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਪੈਦਾਵਾਰ ਦੌਰਾਨ ਬਣੇ ਸਮਾਜਿਕ ਰਿਸ਼ਤਿਆਂ ਵਿਚਲੀ ਕੁੜੱਤਣ ਜ਼ਿੰਦਗੀ ਦੇ ਸੁਆਦ ਨੂੰ ਕੌੜਾ ਜ਼ਰੂਰ ਕਰਦੀ ਹੈ। ਦੋਨੇਂ ਧਿਰਾਂ ਨੂੰ ਭਾਵੇਂ ਕਿਰਤੀ ਕਹਿ ਲਈਏ ਪਰ ਇੱਕ ਕਿਰਤੀ ਭੂਮੀ ਦਾ ਮਾਲਕ ਅਤੇ ਦੂਜਾ ਕਿਰਤੀ ਭੂਮੀਹੀਣ ਮਜ਼ਦੂਰ ਹੈ। ਦੋਨ੍ਹਾਂ ਦਾ ਰਿਸ਼ਤਾ ਸਦਾ ਅਸਾਵਾਂ ਤੇ ਨਾ-ਬਰਾਬਰੀ ਵਾਲਾ ਹੀ ਰਹੇਗਾ। ਸਾਧਨ-ਸੰਪਨ ਤੇ ਸਾਧਨ-ਹੀਣ ਜਮਾਤਾਂ, ਤਬਕਿਆਂ ਜਾਂ ਜਾਤਾਂ ਦੇ ਆਪਸੀ ਰਿਸ਼ਤੇ ਨਾ ਕੇਵਲ ਆਰਥਿਕ ਪਰ ਸਮਾਜਿਕ, ਸਿਆਸੀ ਤੇ ਮਾਨਸਿਕ (ਮਨੋਵਿਗਿਆਨਕ) ਨਾ-ਬਰਾਬਰੀ ਵਾਲੇ ਹੁੰਦੇ ਹਨ।

ਹਾਂ, ਫਰਕ ਕਿਸੇ ਮਾਲਕ ਦੀ ਮਾਲਕੀ (ਏਕੜਾਂ ਦੇ ਹਿਸਾਬ) ਜਾਂ ਨਿੱਜੀ ਵਿਹਾਰ ਦਾ ਹੋ ਸਕਦਾ ਹੈ; ਕਿਸੇ ਜੱਟ/ਕਿਸਾਨ ਪਰਿਵਾਰ ਦੀਆਂ ਵਧੀਕੀਆਂ, ਮਾਰ-ਕੁੱਟ ਜਾਂ ਕਤਲ ਖ਼ਿਲਾਫ਼ ਲੜਾਈ ਵਿਚ ਕਿਸਾਨ ਜਥੇਬੰਦੀਆਂ ਦੀ ਸ਼ਮੂਲੀਅਤ ਦਾ ਹੋ ਸਕਦਾ ਹੈ। ਕਈ ਜਗ੍ਹਾ ਮਜ਼ਦੂਰਾਂ ਦੇ ਜਥੇਬੰਦ ਹੋ ਕੇ ਕੀਤੀ ਲੜਾਈ ਵਿਚੋਂ ਹਾਸਿਲ ਕੀਤੇ ਹੌਂਸਲੇ ਦਾ ਹੋ ਸਕਦਾ ਹੈ ਜਿਸ ਕਾਰਨ ਉਹ ਆਪਣੇ ਆਪ ਨੂੰ ਹੀਣ ਮੰਨਣ ਤੋਂ ਇਨਕਾਰੀ ਹੋ ਗਏ ਹੋਣ। ਇਹ ਸਾਰੀਆਂ ਮਿਸਾਲਾਂ ਢਾਂਚਾਗਤ ਅਸਾਵੇਂਪਣ ਨੂੰ ਨਹੀਂ ਢਕ ਸਕਦੀਆਂ; ਇਸ ਤੱਥ ਨੂੰ ਨਹੀਂ ਲੁਕੋ ਸਕਦੀਆਂ ਕਿ ਪੇਂਡੂ ਦਲਿਤ ਭਾਈਚਾਰਾ ਭੂਮੀਹੀਣ ਹੈ। ਇਸ ਇਤਿਹਾਸਕ ਸੱਚ ਉਤੇ ਵੀ ਪਰਦਾ ਨਹੀਂ ਪਾ ਸਕਦੀਆਂ ਕਿ ਸਦੀਆਂ ਤੋਂ ਚੱਲ ਰਿਹਾ ਭੋਇੰ-ਮਾਲਕੀ ਦਾ ਅਸਾਵਾਂਪਣ ਕੋਈ ਕੁਦਰਤੀ ਵਰਤਾਰਾ ਨਹੀਂ ਹੈ। ਇਸ ਜਮਾਤੀ ਵੰਡ ਨੂੰ ਜਾਤੀ ਵੰਡ ਨੇ ਪੱਕਿਆਂ ਕੀਤਾ। ਭਾਰਤੀ ਪ੍ਰਸੰਗ ਵਿਚ ਪੈਦਾਵਾਰੀ ਸਬੰਧ ਬੁਣਨ ਬਿਚ ਜਾਤੀ ਵਿਵਸਥਾ ਦੀ ਵੱਡੀ ਭੂਮਿਕਾ ਨੂੰ ਨਕਾਰਿਆ ਨਹੀਂ ਜਾ ਸਕਦਾ।

ਜਾਇਦਾਦ ਦੀ ਕਾਣੀ-ਵੰਡ (ਫੈਕਟਰੀਆਂ ਹੋਣ ਜਾਂ ਜ਼ਮੀਨਾਂ) ਦਾਬੇ ਅਤੇ ਹਿੰਸਾ ਦੇ ਲੰਮੇ ਚੱਕਰ ਤੋਂ ਬਿਨਾਂ ਆਪਣੀ ਹੋਂਦ ਬਚਾ ਕੇ ਨਹੀਂ ਰੱਖ ਸਕਦੀ। ਇਸ ਜਾਤੀ ਅਤੇ ਜਮਾਤੀ ਹਿੰਸਾ ਨੂੰ ਬਾ-ਦਸਤੂਰ ਜਾਰੀ ਰੱਖਣ ਵਿਚ ਸਿਆਸੀ ਸੱਤਾ, ਭਾਵ ਨਿਜ਼ਾਮ/ ਰਾਜਤੰਤਰ/ ਸਟੇਟ/ ਸਰਕਾਰਾਂ ਨੇ ਅਹਿਮ ਰੋਲ ਹੈ। ਪ੍ਰਾਚੀਨ ਤੋਂ ਮੱਧਕਾਲ ਦੇ ਰਾਜੇ-ਮਹਾਰਾਜਿਆਂ ਨੇ ਸਮਾਜਿਕ ਵਿਵਸਥਾ ਦਰੁਸਤ ਰੱਖਣ ਦੇ ਬਹਾਨੇ ਜਮਾਤੀ ਅਤੇ ਜਾਤੀ ਵੰਡ ਕਾਇਮ ਕੀਤੀ, ਅੰਗਰੇਜ਼ਾਂ ਨੇ ਦਲਿਤਾਂ ਨੂੰ ਗੈਰ-ਕਾਸ਼ਤਕਾਰ ਮੰਨ ਕੇ ਕਾਨੂੰਨੀ ਰੂਪ ਵਿਚ ਖੇਤੀਯੋਗ ਜ਼ਮੀਨ ਖ਼ਰੀਦਣ ਦਾ ਹੱਕ ਖੋਹ ਲਿਆ। 1947 ਤੋਂ ਬਾਅਦ ਵੀ ਜ਼ਮੀਨੀ ਸੁਧਾਰਾਂ ਨੂੰ ਹਕੀਕੀ ਰੂਪ ਦੇਣ ਦਾ ਤਰੱਦਦ ਨਹੀਂ ਕੀਤਾ। ਪੰਜਾਬ ਅੰਦਰ 1948 ਤੋਂ 1955 ਤੱਕ ਜ਼ਮੀਨੀ ਸੁਧਾਰਾਂ ਬਾਰੇ 13 ਕਾਨੂੰਨ ਬਣੇ। ਸਾਰੇ ਕਾਨੂੰਨ ਦਲਿਤ/ਮਜ਼ਦੂਰ ਤਬਕੇ ਨੂੰ ਵਾਹੀਯੋਗ ਜ਼ਮੀਨ ਵੰਡਣ ਦੇ ਸਵਾਲ ਤੇ ਮੁਰਦਾ ਸ਼ਾਂਤੀ ਵਾਲੇ ਹਨ।

ਮੌਜੂਦਾ ਹਾਲਾਤ ਵਿਚ ਸਰਕਾਰ, ਨੌਕਰਸ਼ਾਹਾਂ ਅਤੇ ਖੇਤੀਬਾੜੀ ਯੂਨੀਵਰਸਿਟੀ ਨੂੰ ਚਾਅ ਚੜ੍ਹਿਆ ਹੋਇਆ ਕਿ ਉਨ੍ਹਾਂ ਦੀ ਝੋਨੇ ਦੀ ਬਿਜਾਈ ਕਰਨ ਵਾਲੀ ਮਸ਼ੀਨਰੀ ਦੀ ਵੁਕਅਤ ਹੁਣ ਪਵੇਗੀ। ਸਰਕਾਰੀ-ਤੰਤਰ ਅਤੇ ਮਸ਼ੀਨੀਕਰਨ ਦੇ ਹੱਕ ਵਿਚ ਖੜ੍ਹਾ ਤੰਤਰ ਇਸ ਸੰਕਟ ਕਾਲ ਨੂੰ ਸੁਨਿਹਰੀ ਮੌਕੇ ਵਜੋਂ ਦੇਖ ਰਿਹਾ ਹੈ। ਖੇਤੀਬਾੜੀ ਖੇਤਰ ਦੇ ਮਸ਼ੀਨੀਕਰਨ ਦੇ ਹੱਕ ਵਿਚ ਖੜ੍ਹਨ ਵਾਲੀਆਂ ਧਿਰਾਂ ਭਾਵੇਂ ਸਰਕਾਰ ਹੋਵੇ ਜਾਂ ਜੱਟ/ਕਿਸਾਨ, ਸਭ ਖੇਤ ਮਜ਼ਦੂਰ ਵਿਰੋਧੀ ਹਨ। ਮਸ਼ੀਨਾਂ ਤੇ ਮਜ਼ਦੂਰਾਂ (ਸਨਅਤੀ, ਖੇਤੀ ਜਾਂ ਕਿਸੇ ਹੋਰ ਖੇਤਰ ਵਿਚ ਕੰਮ ਕਰਦੇ) ਦਾ ਅੰਕੜਾ ਸਦਾ ਛੱਤੀ ਵਾਲਾ ਰਿਹਾ ਹੈ। ਜਿਥੇ ਮਸ਼ੀਨ ਪੈਰ ਧਰਦੀ ਹੈ, ਉੱਥੇ ਮਜ਼ਦੂਰ ਦੇ ਪੈਰ ਉਖੜ ਜਾਂਦੇ ਹਨ।

ਇਸ ਕਾਰਨ ਇੱਕਾ-ਦੁੱਕਾ ਪਰਿਵਾਰ ਜਾਂ ਜੱਟ/ਕਿਸਾਨ ਨਿੱਜੀ ਉਦਾਹਰਨਾਂ ਦੇ ਕੇ ਉਨ੍ਹਾਂ ਦੇ ਤਬਕੇ ਵਲੋਂ ਦਲਿਤ ਭਾਈਚਾਰੇ ਤੇ ਕੀਤੀ, ਤੇ ਲਗਾਤਾਰ ਕੀਤੀ ਜਾ ਰਹੀ ਸਮੂਹਿਕ ਹਿੰਸਾ (ਜਿਸ ਵਿਚ ਸਟੇਟ ਤੇ ਸਮਾਜ ਦੋਨੋਂ ਸ਼ਾਮਿਲ ਹਨ) ਤੋਂ ਆਪਣਾ ਪੱਲਾ ਨਹੀਂ ਛੁਡਾ ਸਕਦੇ। ਇਹ ਮਸਲਾ ਸਿਰਫ ਨਿੱਜੀ ਦਾਬੇ ਜਾਂ ਹਿੰਸਾ ਦਾ ਨਹੀਂ ਸਗੋਂ ਸਮੂਹਿਕਤਾ ਦਾ ਹੈ ਜਿਸ ਵਿਚ ਕੁਝ ਸ਼ਖ਼ਸ ਹਿੰਸਾ ਕਰਦੇ ਹਨ ਤੇ ਬਾਕੀ ਤਬਕਾ (ਕਿਸੇ ਵੀ ਕਾਰਨ) ਚੁੱਪ ਰਹਿਣ ਦਾ ਫੈਸਲਾ ਕਰਦਾ ਹੈ। ਨਿੱਜੀ ਸਵਾਰਥ ਜਾਂ ਡਰ ਕਾਰਨ ਪ੍ਰਵਾਨ ਕੀਤੀ ਹਿੰਸਾ ਸਮਾਜਿਕ ਵਰਤਾਰੇ ਦਾ ਰੂਪ ਧਾਰ ਲੈਂਦੀ ਹੈ। ਇਉਂ ਨਿੱਜੀ ਤੌਰ 'ਤੇ ਕੀਤੀ ਹਿੰਸਾ ਸਮਾਜਿਕ ਢਾਂਚੇ ਦਾ ਅੰਗ ਬਣ ਜਾਂਦੀ ਹੈ।

ਸ਼ਾਮਲਾਤ ਜ਼ਮੀਨ ਦੀ ਬੋਲੀ ਦੇਣ ਦੇ ਕਾਨੂੰਨੀ ਹਕੂਕ ਤੋਂ ਦਲਿਤਾਂ ਨੂੰ ਰੋਕਣਾ, ਸਮਾਜਿਕ ਬਾਈਕਾਟ ਆਦਿ ਵਰਤਾਰੇ ਸਮਾਜਿਕ ਤੇ ਸਮੂਹਿਕ ਹਿੰਸਾ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਕਰੋਨਾ ਮਹਾਮਾਰੀ ਦਾ ਬਹਾਨਾ ਬਣਾ ਕੇ ਇਨ੍ਹੀਂ ਦਿਨੀਂ ਕਈ ਪਿੰਡਾਂ ਵਿਚ ਪਾਏ ਮਤੇ ਇਸ ਹਿੰਸਕ ਰੁਝਾਨ ਦਾ ਹਿੱਸਾ ਹਨ। ਕਈ ਪਿੰਡਾਂ ਵਿਚ ਪੰਚਾਇਤਾਂ ਇਨ੍ਹਾਂ ਮਤਿਆਂ ਦਾ ਹਿੱਸਾ ਬਣੀਆਂ ਹਨ। ਸੋ, ਜਮਹੂਰੀਅਤ ਦੀ ਮੁਢਲੀ ਇਕਾਈ, ਜਮਹੂਰੀਅਤ ਦੇ ਘਾਣ ਵਿਚ ਸ਼ਾਮਿਲ ਹੈ। ਇਨ੍ਹਾਂ ਮਤਿਆਂ ਰਾਹੀਂ ਐਲਾਨ ਹੋਇਆ ਕਿ 'ਦਲਿਤ/ਮਜ਼ਦੂਰਾਂ ਨੂੰ ਝੋਨੇ ਦੀ ਲਵਾਈ ਦੀ ਮਜ਼ਦੂਰੀ ਜੱਟ/ਕਿਸਾਨ ਮਾਲਕਾਂ ਦੇ ਆਪ ਤੈਅ ਕੀਤੇ ਰੇਟ ਅਨੁਸਾਰ ਦਿੱਤੀ ਜਾਵੇਗੀ। ਪਿੰਡ ਦੇ ਮਜ਼ਦੂਰਾਂ ਨੂੰ ਕਿਸੇ ਹੋਰ ਪਿੰਡ ਝੋਨੇ ਦੀ ਲਵਾਈ ਲਈ ਜਾਣ ਦੀ ਖੁੱਲ੍ਹ ਨਹੀਂ ਹੋਵੇਗੀ। ਮਜ਼ਦੂਰਾਂ ਨੂੰ ਹੁਕਮ-ਅਦੂਲੀ ਕਰਨ 'ਤੇ ਜੁਰਮਾਨਾ ਲਾਇਆ ਜਾਵੇਗਾ ਤੇ ਸਮੂਹ ਪਿੰਡ ਪੂਰਨ ਬਾਈਕਾਟ ਕਰੇਗਾ।' ਪੂਰਨ ਬਾਈਕਾਟ ਦਾ ਮਤਲਬ, ਹਰ ਉਹ ਕੰਮ ਜਿਸ ਨਾਲ ਦਲਿਤ/ਮਜ਼ਦੂਰਾਂ ਦਾ ਜੀਵਨ-ਨਿਰਬਾਹ ਹੁੰਦਾ ਹੋਵੇ, ਠੱਪ ਕਰ ਦੇਣਾ। ਇਨ੍ਹਾਂ ਮਤਿਆਂ ਦੀ ਸੰਵਿਧਾਨਿਕਤਾ, ਸਾਰਥਿਕਤਾ, ਨੈਤਿਕਤਾ, ਆਦਿ ਤੇ ਬਹਿਸਾਂ ਹੋ ਸਕਦੀਆਂ ਹਨ ਪਰ ਇਹ ਮੌਜੂਦਾ ਆਰਥਿਕ ਢਾਂਚੇ ਅੰਦਰ ਜੱਟ/ਕਿਰਸਾਨੀ ਤੇ ਦਲਿਤ/ਮਜ਼ਦੂਰ ਦੇ ਆਪਸੀ ਰਿਸ਼ਤਿਆਂ ਵਿਚਕਾਰਲੀ ਸੱਚਾਈ ਨੂੰ ਬਿਆਨ ਕਰਦੇ ਹਨ।

ਇਹ ਮਤੇ ਦਲਿਤ ਮਜ਼ਦੂਰਾਂ ਨਾਲ ਤਾਂ ਨਹੀਂ ਸਗੋਂ ਸੱਤਾ ਉੱਤੇ ਕਾਬਜ਼ ਧਿਰਾਂ ਨਾਲ ਸਾਂਝ-ਭਿਆਲੀ ਦੀ ਬਾਤ ਪਾਉਂਦੇ ਹਨ। ਕੁਝ ਦਿਨ ਪਹਿਲਾਂ ਕਰਨਾਟਕ ਵਿਚ ਭਾਜਪਾ ਦੀ ਸਰਕਾਰ ਨੇ ਉੱਥੇ ਕੰਮ ਕਰ ਰਹੇ ਮਜ਼ਦੂਰਾਂ ਨੂੰ ਆਪਣੇ ਪਿੱਤਰੀ ਰਾਜਾਂ ਵਿਚ ਨਾ ਭੇਜਣ ਦਾ ਫੈਸਲਾ ਕੀਤਾ; ਫਿਰ ਤਿੱਖੇ ਵਿਰੋਧ ਕਾਰਨ ਵਾਪਸ ਲੈਣਾ ਪਿਆ। ਸਰਕਾਰਾਂ ਮਜ਼ਦੂਰਾਂ ਨੂੰ ਰਾਜਾਂ ਦੀਆਂ ਹੱਦਾਂ ਟੱਪਣ ਨਹੀਂ ਦੇਣਾ ਚਾਹੁੰਦੀਆਂ ਤੇ ਅਜਿਹੇ ਮਤੇ ਖੇਤ ਮਜ਼ਦੂਰਾਂ ਨੂੰ ਪਿੰਡਾਂ ਦੀ ਜੂਹ ਟੱਪਣ ਨਹੀਂ ਦੇਣਾ ਚਾਹੁੰਦੇ। ਇਹ ਦੋਵੇਂ ਵਰਤਾਰੇ ਇੱਕ-ਦੂਜੇ ਨਾਲੋਂ ਰੱਤੀ ਭਰ ਵੀ ਅੱਡ ਨਹੀਂ।

ਪੰਜਾਬ ਦੇ ਜੱਟ/ਸਿੱਖ/ਕਿਸਾਨ/ਚੌਧਰੀਆਂ ਦੇ ਫਰਮਾਨ ਅਤੇ ਪ੍ਰਾਈਵੇਟ ਕੰਪਨੀਆਂ ਤੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿਚ ਲੱਗੀ ਸਰਕਾਰ ਦੀ ਸੁਰ ਸਾਂਝੀ ਹੈ; ਭਾਵੇਂ ਇਨ੍ਹਾਂ ਵਿਚੋਂ ਬਥੇਰਿਆਂ ਨੇ ਸਰਕਾਰਾਂ ਦੇ ਅਜਿਹੇ ਫੈਸਲਿਆਂ ਦਾ ਤਿੱਖਾ ਵਿਰੋਧ ਕੀਤਾ ਹੋਵੇਗਾ। ਧਰਮ, ਖਿੱਤਾ ਅਤੇ ਕਿੱਤਾ ਵੱਖ ਹੋ ਸਕਦਾ ਹੈ ਪਰ ਮਜ਼ਦੂਰ ਨੂੰ ਗੁਲਾਮ ਤੇ ਬੰਧੂਆ ਬਣਾ ਕੇ ਰੱਖਣ ਦੀ ਸੋਚ ਵਿਚ ਮਾਸਾ ਫਰਕ ਵੀ ਨਹੀਂ। ਮੁਨਾਫਾ ਕਮਾਉਣ ਜਾਂ ਲਾਗਤ ਘੱਟ ਕਰਨ ਲਈ ਮਜ਼ਦੂਰਾਂ ਦੇ ਕੰਮ ਦਾ ਸਮਾਂ ਅਤੇ ਸਥਾਨ ਕਾਬੂ ਕਰਨਾ ਅਤਿ ਜ਼ਰੂਰੀ ਹੈ। ਰਾਜ ਸਰਕਾਰਾਂ ਦੁਆਰਾ ਕਿਰਤ ਕਾਨੂੰਨ ਮਨਸੂਖ਼ ਕਰ ਕੇ ਜਾਂ ਬਦਲ ਕੇ ਮਜ਼ਦੂਰਾਂ ਦੀ ਲੁੱਟ ਦਾ ਰਾਹ ਮੋਕਲਾ ਕਰਨਾ ਅਤੇ ਪਿੰਡਾਂ ਦੇ ਇਨ੍ਹਾਂ ਮਤਿਆਂ ਵਿਚਲੀ ਤਾਸੀਰ ਇੱਕ ਹੈ। ਸਰਕਾਰਾਂ ਨੂੰ ਸਨਅਤਾਂ ਲਈ ਅਤੇ ਕਿਸਾਨਾਂ ਨੂੰ ਖੇਤੀ ਲਈ ਸਸਤੀ ਲੇਬਰ (ਕਿਰਤ ਸ਼ਕਤੀ) ਚਾਹੀਦੀ ਹੈ। ਅਜਿਹੇ ਆਰਥਿਕ ਢਾਂਚੇ ਤਹਿਤ ਜਾਤਾਂ ਅਤੇ ਜਮਾਤਾਂ ਅੰਦਰ ਵੰਡੇ ਪੇਂਡੂ ਸਮਾਜ ਦੀ 'ਸਾਂਝ' ਦਾ ਕੱਦੂ ਹੋਣਾ ਤੈਅ ਹੈ।

# ਕਿਰਤ ਕਾਨੂੰਨਾਂ 'ਚ ਫੇਰਬਦਲ ਅਤੇ ਕਿਰਤੀ ਕਾਮੇ

ਮਹਾਮਾਰੀ ਦਾ ਲਾਹਾ ਲੈ ਕੇ ਆਰ.ਐਸ.ਐਸ.-ਭਾਜਪਾ ਕਿਰਤ ਕਾਨੂੰਨਾਂ ਦਾ ਭੋਗ ਪਾਉਣ ਦਾ ਆਪਣਾ ਚਿਰੋਕਣਾ ਏਜੰਡਾ ਲਾਗੂ ਕਰ ਰਹੀ ਹੈ। ਵਿੱਤੀ ਪੈਕੇਜਾਂ ਵਿਚ ਆਮ ਲੋਕਾਂ ਅਤੇ ਛੋਟੇ ਕਾਰੋਬਾਰੀਆਂ ਲਈ ਕੋਈ ਠੋਸ ਰਾਹਤ ਨਹੀਂ। ਭੁੱਖੇ ਮਰ ਰਹੇ ਪਰਵਾਸੀਆਂ ਨੂੰ ਵਾਪਸ ਜਾਣ ਲਈ ਮਜਬੂਰ ਕਰਕੇ ਅਤੇ ਛੋਟੇ ਤੇ ਦਰਮਿਆਨੇ ਕਾਰੋਬਾਰਾਂ ਨੂੰ ਕਿਰਤ ਸ਼ਕਤੀ ਤੋਂ ਵਾਂਝੇ ਕਰਕੇ ਵੱਡੇ ਕਾਰਪੋਰੇਟ ਕਾਰੋਬਾਰਾਂ ਦੇ ਬੇਰੋਕ-ਟੋਕ ਫੈਲਾਅ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਉਪਰੋਂ ਮਜ਼ਦੂਰਾਂ ਅਤੇ ਆਮ ਲੋਕਾਂ ਦੇ ਹੱਕਾਂ ਅਤੇ ਸਮੂਹਿਕ ਹਿਤਾਂ ਉਪਰ ਹਮਲੇ ਕੀਤੇ ਜਾ ਰਹੇ ਹਨ। ਕਿਰਤ ਕਾਨੂੰਨਾਂ ਵਿਚ ਹਾਲੀਆ ਰੱਦੋਬਦਲ ਪਿਛਲੇ ਸਾਲ ਮੋਦੀ ਸਰਕਾਰ ਵਲੋਂ ਲਿਆਂਦੇ 'ਚਾਰ ਕੋਡ' ਦੀ ਲਗਾਤਾਰਤਾ ਹੈ ਜਿਨ੍ਹਾਂ ਤਹਿਤ 44 ਕਿਰਤ ਕਾਨੂੰਨਾਂ ਨੂੰ ਵੱਢ-ਟੁੱਕ ਕੇ ਚਾਰ ਲੇਬਰ ਕੋਡ ਬਣਾ ਦਿੱਤੇ ਗਏ ਤਾਂ ਜੋ ਸਰਮਾਏਦਾਰਾਂ ਲਈ ਕਾਰੋਬਾਰ ਕਰਨਾ ਸੌਖਾ ਹੋ ਜਾਵੇ। ਉਸੇ ਨੂੰ ਅੱਗੇ ਵਧਾਉਂਦੇ ਹੋਏ ਯੂ.ਪੀ., ਗੁਜਰਾਤ ਅਤੇ ਮੱਧ ਪ੍ਰਦੇਸ਼ ਦੀਆਂ ਸਰਕਾਰਾਂ ਨੇ ਤਿੰਨ ਸਾਲ ਲਈ ਲਗਭਗ ਸਾਰੇ ਕਿਰਤ ਕਾਨੂੰਨ ਜਾਮ ਕਰ ਦਿੱਤੇ ਹਨ। ਲੌਕਡਾਊਨ ਦੌਰਾਨ ਪੰਜਾਬ ਸਮੇਤ ਅੱਠ ਰਾਜ ਸਰਕਾਰਾਂ ਨੇ ਕੇਂਦਰ ਸਰਕਾਰ ਦੀ ਤਜਵੀਜ਼ ਅਨੁਸਾਰ ਸਰਕਾਰੀ ਫਰਮਾਨ ਜਾਰੀ ਕਰਕੇ ਕੰਮ ਦੇ ਘੰਟੇ 8 ਤੋਂ ਵਧਾ ਕੇ 12 ਕਰ ਦਿੱਤੇ ਜੋ ਫੈਕਟਰੀਜ਼ ਐਕਟ ਦੀ ਉਲੰਘਣਾ ਹੈ। ਹਾਲ ਦੀ ਘੜੀ ਯੂ.ਪੀ. ਸਰਕਾਰ ਨੇ ਕਾਨੂੰਨੀ ਪੈਰਵਾਈ ਦੇ ਦਬਾਓ ਕਾਰਨ ਇਹ ਕਦਮ ਵਾਪਸ ਲੈ ਲਿਆ ਹੈ।

**ਬੂਟਾ ਸਿੰਘ**
ਫੋਨ: +91-94634-74342

ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਪਰਵਾਸੀ ਮਜ਼ਦੂਰਾਂ ਤੋਂ ਗੈਰਕਾਨੂੰਨੀ ਤੌਰ 'ਤੇ ਕੰਮ ਕਰਵਾਉਂਦੇ ਰਹਿਣ ਦੀ ਤਾਜ਼ਾ ਮਿਸਾਲ ਅਰਿਹੰਤ ਸਪਿਨਿੰਗ ਮਿੱਲ ਮਲੇਰਕੋਟਲਾ ਦੀ ਹੈ। ਲੌਕਡਾਊਨ ਦੌਰਾਨ ਵੀ ਇਹ ਮਿੱਲ ਸੱਤ ਹਫਤੇ ਚੱਲਦੀ ਰਹੀ। ਮਜ਼ਦੂਰਾਂ ਨੂੰ ਅੰਦਰ ਡੱਕ ਕੇ ਕੰਮ ਵੀ ਮਨਮਰਜ਼ੀ ਨਾਲ ਕਰਵਾਇਆ, ਪੂਰੀ ਤਨਖਾਹ ਵੀ ਨਹੀਂ ਦਿੱਤੀ ਅਤੇ ਲੋੜ ਦਾ ਸਮਾਨ ਵੀ ਮਿੱਲ ਦੇ ਅੰਦਰ ਦੁੱਗਣੇ-ਤਿੱਗਣੇ ਭਾਅ ਵੇਚਿਆ। ਆਖਿਰਕਾਰ ਬੇਤਹਾਸ਼ਾ ਸ਼ੋਸ਼ਣ ਦਾ ਸ਼ਿਕਾਰ ਮਜ਼ਦੂਰਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਇਹ ਲਾਕਾਨੂੰਨੀ ਕਿਸੇ ਤਰ੍ਹਾਂ ਲੀਕ ਹੋਣ 'ਤੇ ਪੁਲਿਸ-ਪ੍ਰਸ਼ਾਸਨ ਅਤੇ ਮਿੱਲ ਮਾਲਕਾਂ ਨੇ ਮਿਲ ਕੇ ਨਾਬਰ ਮਜ਼ਦੂਰਾਂ ਉਪਰ ਤਸ਼ੱਦਦ ਕੀਤਾ। ਲੌਕਡਾਊਨ ਦੀਆਂ ਧੱਜੀਆਂ ਉਡਾਉਣ ਵਾਲੇ ਮਿੱਲ ਮਾਲਕਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ, ਲੌਕਡਾਊਨ ਦੀ ਉਲੰਘਣਾ ਦੇ ਪਰਚੇ ਮਜ਼ਦੂਰਾਂ ਉਪਰ ਦਰਜ ਕੀਤੇ। ਆਖਿਰਕਾਰ ਪੁਲਿਸ-ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਅਸਲ ਮਾਮਲਾ ਦਬਾ ਦਿੱਤਾ। ਜੇ ਕਿਰਤ ਕਾਨੂੰਨਾਂ ਦੇ ਹੁੰਦਿਆਂ ਮਜ਼ਦੂਰਾਂ ਨੂੰ ਬੇਕਿਰਕੀ ਨਾਲ ਦਬਾਇਆ ਜਾ ਸਕਦਾ ਹੈ ਤਾਂ ਕਿਰਤ ਕਾਨੂੰਨਾਂ ਨੂੰ ਜਾਮ ਕੀਤੇ ਜਾਣ ਦੀ ਸੂਰਤ 'ਚ ਉਨ੍ਹਾਂ ਦੇ ਕੰਮ ਦੇ ਹਾਲਾਤ ਅਤੇ ਅਸੁਰੱਖਿਆ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ। ਇੱਕੋ ਝਟਕੇ ਨਾਲ ਮਜ਼ਦੂਰਾਂ ਦੀ ਨਾਮਾਤਰ ਕਾਨੂੰਨੀ ਸੁਰੱਖਿਆ ਦਾ ਖਾਤਮਾ ਮੁਲਕ ਨੂੰ ਡੇਢ ਸਦੀ ਪਹਿਲਾਂ ਦੇ ਬਸਤੀਵਾਦ ਦੌਰ ਵਿਚ ਵਾਪਸ ਲਿਜਾਣ ਵਾਲਾ ਪਿਛਲਮੋੜਾ ਹੈ। ਬੇਸ਼ੱਕ ਇਹ ਰੱਦੋਬਦਲ ਸੰਕਟਕਾਲੀ ਸਥਿਤੀ ਨਾਲ ਨਜਿੱਠਣ ਲਈ ਆਰਡੀਨੈਂਸਾਂ ਦੇ ਰੂਪ 'ਚ ਕੀਤੀ ਗਈ ਹੈ, ਲੇਕਿਨ ਜਮਹੂਰੀ ਹੱਕਾਂ ਪ੍ਰਤੀ ਭਾਰਤੀ ਰਾਜ ਦੇ ਰਵੱਈਏ ਨੂੰ ਦੇਖਦਿਆਂ ਇਹ ਸਮਝਣਾ ਮੁਸ਼ਕਲ ਨਹੀਂ ਕਿ ਇਸ ਨੂੰ ਸਥਾਈ ਵਿਵਸਥਾ ਬਣਾਇਆ ਜਾਵੇਗਾ।

ਯੂ.ਪੀ. ਵਿਚ ਮਹੰਤ ਅਦਿਤਿਆਨਾਥ ਦੀ ਸਰਕਾਰ ਨੇ 'ਖਾਸ ਕਿਰਤ ਕਾਨੂੰਨਾਂ ਤੋਂ ਆਰਜ਼ੀ ਛੋਟ ਦੇਣ ਲਈ ਉਤਰ ਪ੍ਰਦੇਸ਼ ਆਰਡੀਨੈਂਸ-2020' ਜਾਰੀ ਕਰਕੇ 38 ਵਿਚੋਂ 35 ਕਿਰਤ ਕਾਨੂੰਨਾਂ ਉਪਰ ਅਮਲ ਤਿੰਨ ਸਾਲ ਲਈ ਰੋਕ ਦਿੱਤਾ ਹੈ। ਉਨੀ-ਇੱਕੀ ਦੇ ਫਰਕ ਨਾਲ ਇਸੇ ਤਰ੍ਹਾਂ ਦੇ ਆਰਡੀਨੈਂਸ ਬਾਕੀ ਦੋ ਸਰਕਾਰਾਂ ਨੇ ਜਾਰੀ ਕੀਤੇ ਹਨ। ਕੇਂਦਰੀ ਕਿਰਤ ਅਤੇ ਰੁਜ਼ਗਾਰ ਮੰਤਰਾਲੇ ਨੇ ਹੋਰ ਰਾਜ ਸਰਕਾਰਾਂ ਨੂੰ ਵੀ ਇਸੇ ਤਰਜ਼ ਦੇ ਕਦਮ ਚੁੱਕਣ ਦੀਆਂ 'ਸਲਾਹਾਂ' ਦਿੱਤੀਆਂ।

ਕਿਰਤ ਕਾਨੂੰਨ ਜਾਮ ਕਰਨ ਦੇ ਕੰਮ ਦੇ ਹਾਲਾਤ ਉਪਰ ਕੀ ਅਸਰ ਪੈਣਗੇ, ਇਸ ਨੂੰ ਮੁੱਖ ਕਾਨੂੰਨਾਂ ਦੇ ਹਵਾਲੇ ਨਾਲ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ। ਹੁਣ ਸਿਰਫ ਪੇਮੈਂਟ ਆਫ ਵੇਜਿਜ਼ ਐਕਟ 1934 ਦਾ ਸੈਕਸ਼ਨ 5, ਕੰਸਟਰਕਸ਼ਨ ਵਰਕਰਜ਼ ਐਕਟ 1996, ਕੰਪੈਂਸੇਸ਼ਨ ਐਕਟ 1993 ਅਤੇ ਬੰਧੂਆ ਮਜ਼ਦੂਰੀ ਐਕਟ 1976 ਹੀ ਲਾਗੂ ਰਹਿਣਗੇ। ਟਰੇਡ ਯੂਨੀਅਨ ਐਕਟ, ਫੈਕਟਰੀਜ਼ ਐਕਟ, ਇੰਡਸਟਰੀਅਲ ਡਿਸਪਿਊਟ ਐਕਟ, ਕਿੱਤਾ ਸੇਫਟੀ ਅਤੇ ਹੈਲਥ ਬਾਬਤ ਐਕਟ, ਕਾਂਟਰੈਕਟ ਲੇਬਰ ਐਕਟ, ਇੰਟਰ-ਸਟੇਟ ਮਾਈਗ੍ਰੇਸ਼ਨ ਲੇਬਰ ਐਕਟ, ਇਕੂਅਲ ਰੀਮਿਊਨਰੇਸ਼ਨ ਐਕਟ, ਮੈਟਰਨਿਟੀ ਬੈਨੀਫਿਟ ਐਕਟ, ਪੇਮੈਂਟ ਆਫ ਗਰੈਚਿਊਟੀ ਐਕਟ, ਇੰਪਲਾਈਜ਼ ਪ੍ਰਾਵੀਡੈਂਟ ਫੰਡਜ਼ ਅਤੇ ਮਿਸਲੇਨੀਅਸ ਪ੍ਰਾਵਿਜ਼ਨਜ਼ ਐਕਟ ਆਦਿ ਲਾਗੂ ਕੀਤੇ ਜਾਣ ਤੋਂ ਛੋਟ ਦੇ ਦਿੱਤੀ ਗਈ ਹੈ। ਇਹ ਸਾਰੇ ਐਕਟ ਦੁਨੀਆ ਭਰ ਦੇ ਕਿਰਤੀਆਂ ਦੇ ਲਹੂ ਡੋਲ੍ਹਵੇਂ ਸੰਘਰਸ਼ਾਂ ਦਾ ਹਾਸਲ ਸਨ ਅਤੇ ਇਨ੍ਹਾਂ ਦੇ ਤਹਿਤ ਹੀ ਸਰਮਾਏਦਾਰ ਕਾਰੋਬਾਰੀ ਅਤੇ ਸਨਅਤਕਾਰ ਉਨ੍ਹਾਂ ਨੂੰ ਘੱਟੋ-ਘੱਟ ਉਜਰਤਾਂ ਦੇਣ, ਕੰਮ ਦੇ ਹਾਲਾਤ/ਮਾਹੌਲ ਨੂੰ ਸੁਰੱਖਿਅਤ ਬਣਾਉਣ ਅਤੇ ਰੁਜ਼ਗਾਰ ਦੀ ਸੁਰੱਖਿਆ ਦੇਣ ਲਈ ਕਾਨੂੰਨੀ ਤੌਰ 'ਤੇ ਪਾਬੰਦ ਸਨ। ਹੁਣ ਉਨ੍ਹਾਂ ਉਪਰ ਕੋਈ ਕਾਨੂੰਨ ਲਾਗੂ ਨਹੀਂ ਰਿਹਾ ਅਤੇ ਉਹ ਮਨਮਾਨੀਆਂ ਕਰਨ ਲਈ ਆਜ਼ਾਦ ਹਨ। ਕਾਰੋਬਾਰੀ/ਮਾਲਕ ਕਾਮਿਆਂ ਨੂੰ ਆਪਣੀ ਮਰਜ਼ੀ ਨਾਲ ਕੰਮ 'ਤੇ ਰੱਖਣਗੇ ਅਤੇ ਮਰਜ਼ੀ ਨਾਲ ਕੱਢ ਸਕਣਗੇ। ਸਰਮਾਏਦਾਰ ਕਾਰੋਬਾਰੀਆਂ ਦੀਆਂ ਧੱਕੇਸ਼ਾਹੀਆਂ ਅਤੇ ਮਨਮਾਨੀਆਂ ਦੀਆਂ ਸ਼ਿਕਾਇਤਾਂ ਕਰਨ ਦੀ ਮਨਾਹੀ ਕਰ ਦਿੱਤੀ ਗਈ ਹੈ ਅਤੇ ਹੁਣ ਮਜ਼ਦੂਰਾਂ ਨੂੰ ਆਪਣੇ ਹਿਤ ਦਾ ਕੋਈ ਮੁੱਦਾ ਉਠਾਉਣ ਦਾ ਹੱਕ ਨਹੀਂ ਹੋਵੇਗਾ। ਗਰੈਚਿਊਟੀ ਦੇ ਭੁਗਤਾਨ ਤੋਂ ਬਚਣ ਅਤੇ ਵੱਧ ਤੋਂ ਵੱਧ ਮੁਨਾਫੇ ਕਮਾਉਣ ਲਈ ਸਰਮਾਏਦਾਰ ਠੇਕੇਦਾਰੀ ਲੇਬਰ ਨੂੰ ਤਰਜੀਹ ਦੇਣਗੇ। ਠੇਕੇਦਾਰਾਂ



ਨੂੰ 49 ਦੀ ਗਿਣਤੀ ਤੱਕ ਮਜ਼ਦੂਰ ਸਪਲਾਈ ਕਰਨ ਲਈ ਕੋਈ ਲਾਇਸੈਂਸ ਨਹੀਂ ਲੈਣਾ ਪਵੇਗਾ ਅਤੇ ਉਨ੍ਹਾਂ ਉਪਰ ਕੋਈ ਰੈਗੂਲੇਸ਼ਨ ਅਤੇ ਕੰਟਰੋਲ ਨਹੀਂ ਹੋਵੇਗਾ। ਕਿਰਤ ਕਾਨੂੰਨ ਲਾਗੂ ਕਰਾਉਣ ਵਾਲੀ ਸਮੁੱਚੀ ਮਸ਼ੀਨਰੀ, ਜੋ ਪਹਿਲਾਂ ਹੀ ਨਾਮਨਿਹਾਦ ਜਾਂ ਮਾਲਕਾਂ ਨਾਲ ਮਿਲ ਕੇ ਕੰਮ ਕਰਦੀ ਸੀ, ਉਹ ਪੂਰੀ ਤਰ੍ਹਾਂ ਠੱਪ ਰਹੇਗੀ ਅਤੇ ਕੋਈ ਇੰਸਪੈਕਸ਼ਨ ਨਹੀਂ ਕੀਤੀ ਜਾਵੇਗੀ। ਕਾਰੋਬਾਰੀਆਂ ਨੂੰ ਰਜਿਸਟਰ ਬਣਾ ਕੇ ਫੈਕਟਰੀ/ਕਾਰੋਬਾਰ ਦਾ ਕੋਈ ਰਿਕਾਰਡ ਨਹੀਂ ਰੱਖਣਾ ਪਵੇਗਾ, ਉਨ੍ਹਾਂ ਦੀ ਮਰਜ਼ੀ ਹੀ ਕਾਨੂੰਨ ਹੋਵੇਗੀ। ਕਾਰੋਬਾਰੀ ਮਾਲਕ ਆਪਣੀ ਮਰਜ਼ੀ ਅਨੁਸਾਰ ਕੰਮ ਦੀਆਂ ਸ਼ਿਫਟਾਂ ਵਿਚ ਰੱਦੋ-ਬਦਲ ਕਰ ਸਕਣਗੇ ਅਤੇ ਇਸ ਨਾਲ ਮਜ਼ਦੂਰਾਂ ਤੋਂ ਉਨ੍ਹਾਂ ਦੀ ਇੱਛਾ ਵਿਰੁਧ ਬਿਨਾਂ ਛੁੱਟੀ ਜਬਰੀ ਕੰਮ ਕਰਾਉਣ ਦਾ ਰਾਹ ਖੁੱਲ੍ਹ ਗਿਆ ਹੈ। ਮੱਧ ਪ੍ਰਦੇਸ਼ ਸਰਕਾਰ ਨੇ ਸ਼ਾਪ ਐਂਡ ਇਸਟੈਬਲਿਸ਼ਮੈਂਟ ਐਕਟ ਵਿਚ ਸੋਧ ਕਰਕੇ ਸਵੇਰੇ 6 ਵਜੇ ਤੋਂ 12 ਵਜੇ ਰਾਤ ਤੱਕ ਯਾਨੀ 18 ਘੰਟੇ ਸ਼ਾਪਾਂ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਹੈ।

ਜਿਥੇ ਪਹਿਲਾਂ 100 ਜਾਂ ਇਸ ਤੋਂ ਵੱਧ ਮਜ਼ਦੂਰ ਕੰਮ ਕਰਦੇ ਸਨ, ਉਹ ਸਨਅਤਾਂ/ਕਾਰੋਬਾਰ ਬੰਦ ਕਰਨ ਤੋਂ ਪਹਿਲਾਂ ਕਾਮਿਆਂ ਦਾ ਪੱਖ ਸੁਣਨ ਅਤੇ ਮਨਜ਼ੂਰੀ ਲੈਣ ਦਾ ਪ੍ਰਬੰਧ ਸੀ, ਉਹ ਹੁਣ ਖਤਮ ਹੋ ਜਾਵੇਗਾ। ਸੰਖੇਪ 'ਚ ਇਸ ਦਾ ਭਾਵ ਇਹ ਹੈ ਕਿ ਉਜਰਤਾਂ, ਕੰਮ ਦੇ ਹਾਲਾਤ, ਮੁਆਵਜ਼ਾ, ਸੇਫਟੀ, ਰੁਜ਼ਗਾਰ ਦੀ ਸੁਰੱਖਿਆ ਆਦਿ ਬੁਨਿਆਦੀ ਹੱਕ ਅਤੇ ਇਨ੍ਹਾਂ ਦੀ ਜ਼ਾਮਨੀ ਦਿੰਦੇ ਤਮਾਮ ਕਾਨੂੰਨ ਪੂਰੀ ਤਰ੍ਹਾਂ ਨਕਾਰਾ ਬਣਾ ਦਿੱਤੇ ਗਏ ਹਨ। ਸਭ ਤੋਂ ਘਾਤਕ ਹਮਲਾ ਮਜ਼ਦੂਰਾਂ ਦੀ ਹੱਕ-ਜਤਾਈ ਉਪਰ ਕੀਤਾ ਗਿਆ ਹੈ। ਹੁਣ ਟਰੇਡ ਯੂਨੀਅਨ ਦੀ ਕਾਨੂੰਨੀ ਤੌਰ 'ਤੇ ਕੋਈ ਵੁੱਕਤ ਨਹੀਂ ਹੋਵੇਗੀ, ਇਸ ਨਾਲ ਸਮੂਹਿਕ ਹੱਕ-ਜਤਾਈ ਬੁਰੀ ਤਰ੍ਹਾਂ ਕਮਜ਼ੋਰ ਕਰ ਦਿੱਤੀ ਜਾਵੇਗੀ।

ਇਨ੍ਹਾਂ ਕਾਨੂੰਨਾਂ ਨੂੰ ਜਾਮ ਕਰਨ ਲਈ ਕਰੋਨਾ ਮਹਾਮਾਰੀ ਨਾਲ ਪੈਦਾ ਹੋਈ ਸਥਿਤੀ ਨੂੰ ਬਹਾਨਾ ਬਣਾਇਆ ਗਿਆ ਹੈ ਕਿ ਕਾਰੋਬਾਰਾਂ ਨੂੰ ਬਹਾਲ ਕਰਨ ਲਈ 'ਕਾਰੋਬਾਰ ਕਰਨ ਵਿਚ ਸੌਖ' ਦਾ ਮਾਹੌਲ ਮੁਹੱਈਆ ਕਰਾਉਣਾ ਜ਼ਰੂਰੀ ਹੈ। ਦਲੀਲ ਇਹ ਦਿੱਤੀ ਗਈ ਹੈ ਕਿ ਕਾਨੂੰਨੀ ਬੰਦਸ਼ਾਂ ਵਿਚ ਢਿੱਲ ਦੇ ਕੇ ਉਨ੍ਹਾਂ ਅਮਰੀਕਨ, ਜਪਾਨੀ ਕਾਰਪੋਰੇਟਾਂ ਨੂੰ ਭਾਰਤ ਵਿਚ ਪੂੰਜੀ-ਨਿਵੇਸ਼ ਕਰਨ ਲਈ ਆਕਰਸ਼ਿਤ ਕੀਤਾ ਜਾ ਸਕਦਾ ਹੈ ਜੋ ਚੀਨ ਵਿਚੋਂ ਕਾਰੋਬਾਰ ਸਮੇਟ ਰਹੇ ਹਨ। ਸੌਖ ਦੀ ਫਿਕਰਮੰਦੀ ਸਿਰਫ ਕਾਰਪੋਰੇਟ ਕਾਰੋਬਾਰੀਆਂ/ਮਾਲਕਾਂ ਪ੍ਰਤੀ ਹੈ, ਮਜ਼ਦੂਰਾਂ ਦੇ ਹਿਤ ਇਸ ਵਿਚੋਂ ਪੂਰੀ ਤਰ੍ਹਾਂ ਮਨਫੀ ਹਨ। ਵੈਸੇ ਵੀ ਇੱਥੇ ਮਜ਼ਦੂਰ ਹਿਤਾਂ ਨੂੰ ਬਾਹਰ ਰੱਖਣ ਕੇ ਸੋਚਣ ਅਤੇ ਫੈਸਲੇ ਲੈਣ ਦਾ ਦਸਤੂਰ ਹੈ। ਪ੍ਰੋਜੈਕਟ ਨੂੰ ਮਨਜ਼ੂਰੀ ਦੇਣ ਸਮੇਂ ਵਾਤਾਵਰਨ ਅਤੇ ਪੌਣਪਾਣੀ ਦੇ ਸਰੋਕਾਰਾਂ ਨੂੰ ਬੇਪ੍ਰਵਾਹੀ ਨਾਲ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਨਵੀਂ ਇੰਡਸਟਰੀ ਲਈ ਰਜਿਸਟ੍ਰੇਸ਼ਨ ਆਨਲਾਈਨ ਕਰਕੇ ਕਾਰੋਬਾਰੀਆਂ ਲਈ ਸੌਖ ਯਕੀਨੀ ਬਣਾਈ ਗਈ ਹੈ, ਹੁਣ ਉਹ 30 ਦਿਨ ਦੀ ਪ੍ਰਕਿਰਿਆ ਵਿਚੋਂ ਲੰਘਣ ਦੀ ਬਜਾਏ ਇਕ ਦਿਨ ਵਿਚ ਰਜਿਸਟ੍ਰੇਸ਼ਨ ਕਰਵਾ ਸਕਣਗੇ। ਇੱਥੇ ਦਰਅਸਲ ਸੱਤਾਧਾਰੀਆਂ ਦਾ ਮਨੋਰਥ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ ਸਰਲ ਬਣਾਉਣਾ ਨਹੀਂ ਸਗੋਂ ਉਨ੍ਹਾਂ ਨੂੰ ਕਾਇਦੇ-ਕਾਨੂੰਨਾਂ ਤੋਂ ਮੁਕਤ ਕਰਨਾ ਹੈ।

ਭੋਪਾਲ ਗੈਸ ਕਾਂਡ (1984) ਤੋਂ ਬਾਅਦ ਭਾਰਤੀ ਰਾਜ ਨੂੰ ਇੰਡਸਟ੍ਰੀਅਲ ਸੇਫਟੀ ਉਪਾਵਾਂ ਵੱਲ ਥੋੜ੍ਹਾ ਧਿਆਨ ਦੇਣਾ ਪਿਆ ਸੀ। ਲੇਕਿਨ, 1990ਵਿਆਂ ਦੇ ਢਾਂਚਾ-ਢਲਾਈ ਪ੍ਰੋਗਰਾਮ ਤਹਿਤ ਕਾਰੋਬਾਰਾਂ ਨੂੰ ਬੇਤਹਾਸ਼ਾ ਛੋਟਾਂ ਅਤੇ ਰਿਆਇਤਾਂ ਨਾਲ ਪੁੱਠੀ ਗਿਣਤੀ ਸ਼ੁਰੂ ਕਰ ਦਿੱਤੀ ਗਈ। ਕਾਰਪੋਰੇਟ ਕਾਰੋਬਾਰੀਆਂ ਪ੍ਰਤੀ ਹੇਜ ਦੀ ਮਿਸਾਲ ਮਈ 2018 'ਚ ਤਾਮਿਲਨਾਡੂ ਵਿਚ ਹੋਇਆ ਤੂਤੀਕੋਰਿਨ ਕਾਂਡ ਸੀ ਜਿਥੇ ਵੇਦਾਂਤ ਸਮੂਹ ਦੇ ਕਾਪਰ ਪਲਾਂਟ ਦੇ ਪ੍ਰਦੂਸ਼ਣ ਨੂੰ ਰੋਕਣ ਦੀ ਮੰਗ ਕਰ ਰਹੇ ਲੋਕਾਂ ਉਪਰ ਪੁਲਿਸ ਅਤੇ ਕਾਰਪੋਰੇਟ ਗੁੰਡਿਆਂ ਨੇ ਗੋਲੀਆਂ ਚਲਾ ਕੇ 13 ਲੋਕਾਂ ਦੀ ਹੱਤਿਆ ਕਰ ਦਿੱਤੀ ਸੀ। ਹੁਣ ਐਨਵਾਇਰਮੈਂਟ ਇੰਪੈਕਟ ਅਸੈੱਸਮੈਂਟ-2020 ਦਾ ਖਰੜਾ ਵਿਚਾਰ-ਅਧੀਨ ਹੈ ਜਿਸ ਸਾਰ-ਤੱਤ ਇਹ ਹੈ ਕਿ ਪ੍ਰੋਜੈਕਟਾਂ ਦੀ ਉਸਾਰੀ ਲਈ ਅਗੇਤੀ ਵਾਤਾਵਰਨ ਕਲੀਰੈਂਸ ਲੈਣੀ ਲਾਜ਼ਮੀ ਨਹੀਂ ਹੋਣੀ ਚਾਹੀਦੀ। ਉਸਾਰੀ ਪਹਿਲਾਂ ਸ਼ੁਰੂ ਕਰ ਲਈ ਜਾਵੇ, ਕਲੀਰੈਂਸ ਬਾਅਦ ਵਿਚ ਹੁੰਦੀ ਰਹੇਗੀ। ਹੁਕਮਰਾਨ ਜ਼ਮੀਨਾਂ ਐਕਵਾਇਰ ਕਰਨ ਵਿਚ ਸਥਾਨਕ ਵਸੋਂ ਦੇ ਹਿਤਾਂ ਦੀ ਸੁਣਵਾਈ ਦੀ ਰਸਮੀ ਵਿਵਸਥਾ ਪੂਰੀ ਤਰ੍ਹਾਂ ਖਤਮ ਕਰਨੀ ਚਾਹੁੰਦੇ ਹਨ। ਇਸ ਤਮਾਮ ਕਾਨੂੰਨੀ ਰੱਦੋ-ਬਦਲ ਦੇ ਮੱਦੇਨਜ਼ਰ ਇਹ ਸਮਝਣਾ ਮੁਸ਼ਕਲ ਨਹੀਂ ਕਿ ਜੇ ਇਕ ਸੀਮਤ ਸੇਫਟੀ ਵਿਵਸਥਾ ਦੇ ਹੁੰਦਿਆਂ ਭਿਆਨਕ ਹਾਦਸੇ ਵਾਪਰ ਰਹੇ ਹਨ, (ਜਿਵੇਂ ਹਾਲ ਹੀ ਵਿਚ ਵਿਸ਼ਾਖਾਪਟਨਮ (ਆਂਧਰਾ ਪ੍ਰਦੇਸ਼) ਦੇ ਪੈਟਰੋਕੈਮੀਕਲ ਪਲਾਂਟ ਵਿਚ ਜ਼ਹਿਰੀਲੀ ਗੈਸ ਰਿਸਣ ਨਾਲ 11 ਲੋਕਾਂ ਦੀ ਮੌਤ ਹੋ ਗਈ, ਇਸੇ ਤਰ੍ਹਾਂ ਰਾਏਗੜ੍ਹ (ਛੱਤੀਸਗੜ੍ਹ) ਦੀ ਪੇਪਰ ਮਿੱਲ ਅਤੇ ਇਸੇ ਦਿਨ ਨਾਸਿਕ (ਮਹਾਂਰਾਸ਼ਟਰ) ਦੀ ਇਕ ਫੈਕਟਰੀ ਅਤੇ ਤਾਮਿਲਨਾਡੂ ਦੇ ਪਾਵਰ ਪਲਾਂਟ ਵਿਚ ਵਾਪਰੇ ਹਾਦਸੇ), ਤਾਂ ਕਾਇਦੇ-ਕਾਨੂੰਨਾਂ ਦੀ ਅਣਹੋਂਦ ਵਿਚ ਕੀ ਵਾਪਰੇਗਾ। ਮਹਾਮਾਰੀ ਦੇ ਮੱਦੇਨਜ਼ਰ ਕਿਰਤੀਆਂ ਦੀ ਥੁੜ ਦੇ ਬਹਾਨੇ ਸਰਕਾਰਾਂ ਕਿਰਤ ਕਾਨੂੰਨਾਂ ਦਾ ਭੋਗ ਪਾ ਕੇ ਕੰਮ ਦੀਆਂ ਹਾਲਤਾਂ ਨੂੰ ਹੋਰ ਵੀ ਖਤਰਨਾਕ ਬਣਾ ਰਹੀਆਂ ਹਨ। ਗੈਰਰਸਮੀ ਖੇਤਰ ਵਿਚ ਕੰਮ ਕਰਨ ਵਾਲੀ 92 ਫੀਸਦੀ ਕਿਰਤ-ਸ਼ਕਤੀ ਨੂੰ ਪਹਿਲਾਂ ਹੀ ਕਿਰਤ ਕਾਨੂੰਨਾਂ ਦੀ ਸੁਰੱਖਿਆ ਨਹੀਂ ਸੀ, ਹੁਣ ਰਸਮੀ ਖੇਤਰ ਦੇ ਮਜ਼ਦੂਰਾਂ ਨੂੰ ਵੀ ਇਸ ਸੁਰੱਖਿਆ ਤੋਂ ਵਾਂਝੇ ਕਰ ਦਿੱਤਾ ਗਿਆ ਹੈ।

ਇਸ ਹਮਲੇ ਦਾ ਮਨੋਰਥ ਮਜ਼ਦੂਰਾਂ ਨੂੰ ਹੱਕਾਂ ਤੋਂ ਵਾਂਝੀ, ਅੰਗਰੇਜ਼ੀ ਰਾਜ ਦੇ ਜ਼ਮਾਨੇ ਵਾਲੀ ਬੰਧੂਆ ਮਜ਼ਦੂਰੀ ਦੀ ਹਾਲਤ ਵਿਚ ਲਿਜਾਣਾ ਹੈ। ਪੂਰੇ ਮੁਲਕ ਦੇ ਉਦਯੋਗਿਕ ਖੇਤਰ ਅੰਦਰ 18ਵੀਂ-19ਵੀਂ ਸਦੀ ਦੌਰਾਨ ਆਸਾਮ ਦੇ ਚਾਹ ਦੇ ਬਾਗਾਂ ਦੇ ਕੰਮ ਦੇ ਬਸਤੀਵਾਦੀ ਹਾਲਾਤ ਮੁੜ ਵਾਪਸ ਲਿਆਂਦੇ ਜਾ ਰਹੇ ਹਨ। ਜਿੱਥੇ ਮਜ਼ਦੂਰਾਂ ਲਈ ਉਜਰਤਾਂ, ਸੇਫਟੀ, ਸਿਹਤ, ਸਮਾਜੀ ਸੁਰੱਖਿਆ ਅਤੇ ਕਿਸੇ ਤਰ੍ਹਾਂ ਦੇ ਮਨੁੱਖੀ ਮਾਣ-ਸਨਮਾਨ ਦੀ ਕੋਈ ਕਾਨੂੰਨੀ ਜ਼ਾਮਨੀ ਨਹੀਂ ਹੋਵੇਗੀ ਸਗੋਂ ਉਨ੍ਹਾਂ ਦੀ ਕੀਮਤ 'ਤੇ ਵੱਧ ਤੋਂ ਵੱਧ ਮੁਨਾਫੇ ਨਿਚੋੜਨ ਦੇ ਦਸਤੂਰ ਦਾ ਬੋਲਬਾਲਾ ਹੋਵੇਗਾ। ਯਾਦ ਰਹੇ, ਇਹ ਜਮਹੂਰੀ ਅਤੇ ਮਨੁੱਖੀ ਹੱਕ ਖੋਹਣ ਦੇ ਲੰਮੇ-ਚੌੜੇ ਫਾਸ਼ੀਵਾਦੀ ਏਜੰਡੇ ਦਾ ਹਿੱਸਾ ਹੈ। ਇਸੇ ਨਜ਼ਰੀਏ ਨਾਲ ਇਸ ਨੂੰ ਹਰਾਉਣ ਲਈ ਪੂਰਾ ਤਾਣ ਲਗਾ ਕੇ ਲੜਨ ਦੀ ਜ਼ਰੂਰਤ ਹੈ।

# ਸਰਮਾਏਦਾਰੀ ਦੇ ਇੰਜਣ

ਅੱਜ ਜਦ ਸਮੁੱਚੀ ਮਨੁੱਖੀ ਨਸਲ ਥੋੜ੍ਹੇ ਸਮੇਂ ਲਈ ਆਪਣੇ ਘਰਾਂ ਵਿਚ ਕੈਦ ਹੈ ਤਾਂ ਧਰਤੀ ਨੇ ਖੁਦ ਹੀ ਆਪਣੇ ਜ਼ਖਮ ਭਰਨ ਦੀ ਸਮਰੱਥਾ ਸਾਨੂੰ ਦਿਖਾ ਦਿੱਤੀ ਹੈ। ਅਸੀਂ ਜੋ ਬਿਮਾਰ ਹਾਂ, ਬਿਮਾਰੀ ਅਤੇ ਨੁਕਸਾਨ ਦੀ ਇਸ ਹਾਲਤ ਵਿਚ ਕੋਈ ਓਹੜ-ਪੋਹੜ ਕਰਨ ਤੋਂ ਅਸਮਰੱਥ ਹਾਂ। ਬਸ ਡੌਰ-ਭੌਰ ਹੋਏ ਕੁਦਰਤ ਨੂੰ ਇੰਜ ਕਰਦਿਆਂ ਦੇਖ ਸਕਦੇ ਹਾਂ।

ਲੇਕਿਨ ਇਸ ਦਾ ਖਾਤਮਾ ਕਿਵੇਂ ਕੀਤਾ ਜਾਵੇ, ਇਸ ਨੂੰ ਲੈ ਕੇ ਵਿਉਂਤਬੰਦੀ ਜ਼ੋਰਾਂ 'ਤੇ ਹੈ। ਮਸਲਨ, ਭਾਰਤ 'ਚ ਪਿਛਲੇ ਥੋੜ੍ਹੇ ਦਿਨਾਂ ਦੇ ਵਿਚ ਹੀ ਟਾਈਗਰ ਰਿਜ਼ਰਵ ਦੇ ਰਾਖਵੇਂ ਖੇਤਰ ਦੇ ਵੱਡੇ ਹਿੱਸੇ ਨੂੰ ਵਿਸ਼ਾਲ ਧਾਰਮਿਕ ਇਕੱਠ 'ਕੁੰਭ ਮੇਲੇ' ਲਈ ਤਕਰੀਬਨ ਤਿਆਰ ਕਰ ਲਿਆ ਗਿਆ ਹੈ ਜਿਸ ਵਿਚ ਕਰੋੜਾਂ ਦੀ ਤਾਦਾਦ 'ਚ ਹਿੰਦੂ ਤੀਰਥ ਯਾਤਰੀ ਸ਼ਾਮਲ ਹੁੰਦੇ ਹਨ। ਅਸਾਮ ਵਿਚ ਹਾਥੀਆਂ ਲਈ ਰਾਖਵੇਂ ਜੰਗਲੀ ਇਲਾਕੇ ਨੂੰ ਕੋਲਾ ਖਾਣ ਸ਼ੁਰੂ ਕਰਨ ਲਈ ਚੁਣ ਲਿਆ ਹੈ। ਇਸੇ ਤਰ੍ਹਾਂ, ਅਰੁਣਾਚਲ ਪ੍ਰਦੇਸ਼ ਵਿਚ ਹਿਮਾਲਿਆ ਦੇ ਪੁਰਾਤਨ ਜੰਗਲਾਂ ਦੀ ਹਜ਼ਾਰਾਂ ਏਕੜ ਜ਼ਮੀਨ ਹਾਈਡਰੋਇਲੈਕ ਡੈਮ ਬਣਾਉਣ ਲਈ ਚੁਣ ਲਈ ਹੈ ਜਿਸ ਨਾਲ ਇਹ ਇਲਾਕਾ ਪਾਣੀ ਵਿਚ ਡੁੱਬ ਜਾਵੇਗਾ। ਫਿਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਕਿਉਂ ਪਿੱਛੇ ਰਹੇ, ਉਸ ਨੇ ਚੰਦ ਉਪਰ ਖਾਣਾਂ ਖੋਦਣ ਦੀ ਇਜਾਜ਼ਤ ਦੇਣ ਦੇ ਪ੍ਰਸ਼ਾਸਨਿਕ ਹੁਕਮਾਂ ਉਪਰ ਸਹੀ ਪਾ ਦਿੱਤੀ ਹੈ।

**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ**

ਜਿਵੇਂ ਕਰੋਨਾ ਵਾਇਰਸ ਮਨੁੱਖੀ ਦੇਹਾਂ ਵਿਚ ਘੁਸ ਕੇ ਉਨ੍ਹਾਂ ਦੀਆਂ ਪਹਿਲੀਆਂ ਬਿਮਾਰੀਆਂ ਨੂੰ ਜ਼ਰਬਾਂ ਦੇ ਦਿੰਦਾ ਹੈ, ਐਨ ਉਸੇ ਤਰ੍ਹਾਂ ਇਸ ਵਾਇਰਸ ਨੇ ਵੱਖ-ਵੱਖ ਮੁਲਕਾਂ ਤੇ ਸਮਾਜਾਂ ਵਿਚ ਘਰ ਕਰਕੇ ਉਨ੍ਹਾਂ ਦੀਆਂ ਢਾਂਚਾਗਤ ਕਮਜ਼ੋਰੀਆਂ ਤੇ ਬਿਮਾਰੀਆਂ ਨੂੰ ਜ਼ਰਬਾਂ ਦੇ ਦਿੱਤੀਆਂ ਹਨ। ਇਸ ਨੇ ਅਨਿਆਂ, ਫਿਰਕਾਪ੍ਰਸਤੀ, ਨਸਲਵਾਦ, ਜਾਤੀਵਾਦ ਅਤੇ ਇਨ੍ਹਾਂ ਸਾਰਿਆਂ ਤੋਂ ਜ਼ਿਆਦਾ ਨਾਬਰਾਬਰੀ ਨੂੰ ਹੋਰ ਵਧਾ ਦਿੱਤਾ ਹੈ।

ਸੱਤਾ ਦੀਆਂ ਉਹ ਤਮਾਮ ਸੰਸਥਾਵਾਂ, ਜਿਨ੍ਹਾਂ ਦਾ ਗ਼ਰੀਬਾਂ ਦੇ ਦੁੱਖ-ਤਕਲੀਫਾਂ ਪ੍ਰਤੀ ਵਤੀਰਾ ਬੇਪ੍ਰਵਾਹੀ ਵਾਲਾ ਰਿਹਾ ਹੈ ਜੋ ਦਰਅਸਲ ਉਨ੍ਹਾਂ ਦੇ ਸੰਤਾਪ ਨੂੰ ਵਧਾਉਣ ਲਈ ਹੀ ਕੰਮ ਕਰਦੀਆਂ ਰਹੀਆਂ ਹਨ, ਹੁਣ ਇਸ ਸੋਚ ਨਾਲ ਹਾਲਤ ਨੂੰ ਕਾਬੂ ਕਰਨ ਵਿਚ ਜੁੱਟੀਆਂ ਹੋਈਆਂ ਹਨ ਕਿ ਜੇ ਗਰੀਬਾਂ ਵਿਚ ਬਿਮਾਰੀ ਫੈਲ ਗਈ ਤਾਂ ਇਹ ਅਮੀਰਾਂ ਲਈ ਖਤਰਾ ਬਣ ਜਾਵੇਗੀ।

ਇਸ ਬਿਮਾਰੀ ਤੋਂ ਬਚਾਅ ਲਈ ਕੋਈ ਸੁਰੱਖਿਆ ਦੀਵਾਰ ਨਹੀਂ, ਲੇਕਿਨ ਛੇਤੀ ਹੀ ਕੋਈ ਨਾ ਕੋਈ ਬਣਾ ਲਈ ਜਾਵੇਗੀ, ਸ਼ਾਇਦ ਇਹ ਵੈਕਸੀਨ ਦੀ ਸ਼ਕਲ ਵਿਚ ਹੋਵੇ। ਹਮੇਸ਼ਾ ਵਾਂਗ ਡਾਢੇ ਲੋਕ ਬਾਕੀਆਂ ਨੂੰ ਪਾਸੇ ਧੱਕ ਕੇ ਇਸ ਉਪਰ ਕਬਜ਼ਾ ਕਰ ਲੈਣਗੇ। ਮੁੜ ਉਹੀ ਪੁਰਾਣੀ ਖੇਡ ਸ਼ੁਰੂ ਹੋ ਜਾਵੇਗੀ ਕਿ ਜੋ ਸਭ ਤੋਂ ਅਮੀਰ ਹੈ, ਉਸ ਦੇ ਜ਼ਿੰਦਾ ਰਹਿਣ ਦੀ ਗੁੰਜਾਇਸ਼ ਵੀ ਸਭ ਤੋਂ ਵਧੇਰੇ ਹੋਵੇਗੀ। ਇਹ ਮੈਂ ਕੌਮਾਂਤਰੀ ਕਿਰਤ ਦਿਹਾੜੇ ਉਪਰ ਲਿਖ ਰਹੀ ਹਾਂ, ਅੱਠ ਘੰਟੇ ਦੀ ਕੰਮ ਦਿਹਾੜੀ ਲਈ ਕਿਰਤੀਆਂ ਦੇ ਸੰਘਰਸ਼ ਦੌਰਾਨ ਸ਼ਿਕਾਗੋ ਦੀ ਹੇਅ ਮਾਰਕਿਟ ਵਿਚ ਹੋਏ ਕਤਲੇਆਮ ਤੋਂ ਇਕ ਸੌ ਇੱਕੀ ਸਾਲ ਬਾਅਦ। ਹੁਣ ਭਾਰਤੀ ਸਨਅਤੀ ਕਾਰੋਬਾਰੀ ਸਰਕਾਰ ਉਪਰ ਦਬਾਓ ਪਾ ਰਹੇ ਹਨ ਕਿ ਕਿਰਤੀਆਂ ਦੇ ਹੱਕਾਂ ਦੀ ਜੋ ਵੀ ਰਹਿੰਦ-ਖੂੰਹਦ ਬਚੀ ਹੈ, ਉਸ ਦਾ ਟੈਂਟਾ ਮੁਕਾ ਦਿੱਤਾ ਜਾਵੇ ਅਤੇ ਬਾਰਾਂ ਘੰਟੇ ਕੰਮ ਕਰਵਾਉਣ ਦੀ ਖੁੱਲ੍ਹ ਦੇ ਦਿੱਤੀ ਜਾਵੇ।

ਸੱਤਾ ਦੇ ਅੰਗ, ਜੋ ਸਦਾ ਮਨੁੱਖ ਦੇ ਵਿਨਾਸ਼ ਨੂੰ ਹੀ ਤਰੱਕੀ ਤੇ ਤਹਿਜ਼ੀਬ ਮੰਨ ਕੇ ਚੱਲਦੇ ਰਹੇ ਹਨ, ਉਹ ਦੇਖ ਲਓ ਇਸ ਵਕਤ ਕਿਵੇਂ ਵਾਇਰਸ ਵਲੋਂ ਮਚਾਈ ਤਬਾਹੀ ਨੂੰ ਰੋਕਣ ਦੀ ਕਵਾਇਦ ਵਿਚ ਜੁੱਟੇ ਹੋਏ ਹਨ। ਪਰਮਾਣੂ, ਰਸਾਇਣਕ ਅਤੇ ਜੈਵਿਕ ਹਥਿਆਰਾਂ ਦੇ ਅੰਬਾਰ ਲਾਉਣ ਪਿੱਛੇ ਉਨ੍ਹਾਂ ਦੀ ਇਹੀ ਤਬਾਹੀ ਦੀ ਸੋਚ ਕੰਮ ਕਰਦੀ ਰਹੀ ਹੈ। ਤਬਾਹੀ ਦੇ ਇਸ ਰੂਪ ਨੂੰ ਉਹ ਉਸੇ ਤਰ੍ਹਾਂ ਸਹਿਜੇ ਹੀ ਅੰਜਾਮ ਦਿੰਦੇ ਰਹੇ ਹਨ, ਜਿਵੇਂ ਉਹ ਅਣਚਾਹੇ ਨਿਜ਼ਾਮਾਂ ਵਾਲੇ ਮੁਲਕਾਂ ਵਿਰੁਧ ਆਰਥਕ ਪਾਬੰਦੀਆਂ ਲਗਾ ਕੇ ਉਥੋਂ ਦੀ ਪੂਰੀ ਵਸੋਂ ਨੂੰ ਹੀ ਜੀਵਨ-ਰੱਖਿਅਕ ਦਵਾਈਆਂ ਤੋਂ ਵਿਰਵੇ ਕਰ ਦਿੰਦੇ ਹਨ। ਇਸ ਧਰਤੀ ਨੂੰ ਤਬਾਹ ਅਤੇ ਬਰਬਾਦ ਕਰਨ ਦੇ ਅਮਲ ਨੂੰ ਜ਼ਰਬਾਂ ਦੇਣ ਸਮੇਂ ਵੀ ਉਹ ਇਹ ਸੋਚ ਅਪਨਾ ਕੇ ਚੱਲਦੇ ਹਨ। ਇਸ ਤਬਾਹੀ ਨੂੰ ਦੇਖਦਿਆਂ ਕੋਵਿਡ-19 ਵਲੋਂ ਦੁਨੀਆ ਭਰ ਵਿਚ ਜੋ ਤਬਾਹੀ ਮਚਾਈ ਜਾਣ ਵਾਲੀ ਹੈ, ਉਹ ਤਾਂ ਮਹਿਜ਼ ਬੱਚਿਆਂ ਦੀ ਖੇਡ ਹੀ ਹੋਵੇਗੀ (ਸੱਚ ਤਾਂ ਇਹ ਹੈ ਕਿ ਉਹ ਤਬਾਹੀ ਪਹਿਲਾਂ ਹੀ ਹੋ ਚੁੱਕੀ ਹੈ, ਭਾਵੇਂ ਟੈਲੀਵਿਜ਼ਨ ਉੱਪਰ ਉਸ ਨੂੰ ਦਿਖਾਇਆ ਨਹੀਂ ਗਿਆ)।

ਹੁਣ ਜਦ ਅਸੀਂ ਲੌਕਡਾਊਨ ਤਹਿਤ ਘਰਾਂ ਵਿਚ ਕੈਦ ਹਾਂ ਤਾਂ ਉਹ ਆਪਣੀਆਂ ਸ਼ਤਰੰਜੀ ਚਾਲਾਂ ਨੂੰ ਬਹੁਤ ਤੇਜ਼ੀ ਨਾਲ ਅੰਜਾਮ ਦੇ ਰਹੇ ਹਨ। ਕਰੋਨਾ ਵਾਇਰਸ ਤਾਂ ਤਾਨਾਸ਼ਾਹ ਸਰਕਾਰਾਂ ਲਈ ਤੋਹਫਾ ਬਣ ਕੇ ਆਇਆ ਹੈ। ਮਹਾਮਾਰੀ ਫੈਲਣਾ ਕੋਈ ਨਵੀਂ ਗੱਲ ਨਹੀਂ ਹੈ, ਲੇਕਿਨ ਡਿਜੀਟਲ ਯੁਗ ਵਿਚ ਇਹ ਪਹਿਲੀ ਵਾਰ ਹੋਇਆ ਹੈ। ਅਸੀਂ ਕੌਮੀ ਪੱਧਰ ਦੇ ਤਾਨਾਸ਼ਾਹ ਹਿਤਾਂ ਅਤੇ ਕੌਮਾਂਤਰੀ ਪੱਧਰ 'ਤੇ ਆਫਤਾਂ ਤੋਂ ਮੁਨਾਫੇ ਬਟੋਰਨ ਵਾਲੇ ਹਿਤਾਂ ਅਤੇ ਡੇਟਾ ਸੰਗ੍ਰਹਿ ਕਰਨ ਵਾਲਿਆਂ ਨੂੰ ਜੋਟੀ ਪਾ ਕੇ ਕੰਮ ਕਰਦੇ ਦੇਖ ਰਹੇ ਹਾਂ। ਭਾਰਤ ਵਿਚ ਇਹ ਅਮਲ ਹੋਰ ਵੀ ਤੇਜ਼ੀ ਨਾਲ ਵਾਪਰ ਰਿਹਾ ਹੈ। ਫੇਸਬੁੱਕ ਨੇ ਭਾਰਤ ਦੇ ਸਭ ਤੋਂ ਵੱਡੇ ਫੋਨ ਨੈੱਟਵਰਕ ਜੀਓ ਨਾਲ ਸਮਝੌਤਾ ਕੀਤਾ ਹੈ, ਜਿਸ ਜ਼ਰੀਏ ਇਹ ਆਪਣੇ 40 ਕਰੋੜ ਵ੍ਹਟਸਐਪ ਵਰਤੋਂਕਾਰਾਂ ਦੇ ਬੇਸ ਨੂੰ ਉਨ੍ਹਾਂ ਨਾਲ ਸਾਂਝਾ ਕਰੇਗਾ। ਬਿਲ ਗੇਟਸ ਵੀ ਜ਼ਿਆਦਾ ਤੋਂ ਜ਼ਿਆਦਾ ਮੁਨਾਫੇ ਬਟੋਰਨ ਦੀ ਆਸ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੋਹਲੇ ਗਾਉਂਦਾ ਨਹੀਂ ਥੱਕਦਾ।

ਨਰਿੰਦਰ ਮੋਦੀ ਦੀ ਸਿਫਾਰਸ਼ 'ਤੇ ਨਿਗਰਾਨੀ/ਸਿਹਤ ਸਬੰਧੀ ਐਪ 'ਆਰੋਗਯ ਸੇਤੂ' ਨੂੰ ਹੁਣ ਤੱਕ 6 ਕਰੋੜ ਤੋਂ ਜ਼ਿਆਦਾ ਲੋਕ ਡਾਊਨਲੋਡ ਕਰ ਚੁੱਕੇ ਹਨ। ਸਰਕਾਰੀ ਮੁਲਾਜ਼ਮਾਂ ਲਈ ਇਸ ਐਪ ਨੂੰ ਡਾਊਨਲੋਡ ਕਰਨਾ ਲਾਜ਼ਮੀ ਬਣਾ ਦਿੱਤਾ ਗਿਆ ਹੈ। ਸਰਕਾਰੀ ਮੁਲਾਜ਼ਮਾਂ ਲਈ ਇਹ ਵੀ ਲਾਜ਼ਮੀ ਬਣਾ ਦਿੱਤਾ ਗਿਆ ਹੈ ਕਿ ਉਹ ਪੀ.ਐਮ. ਕੇਅਰ ਫੰਡ ਵਿਚ ਆਪਣੀ ਇਕ ਦਿਨ ਦੀ ਤਨਖਾਹ ਦਾ ਯੋਗਦਾਨ ਪਾਉਣਗੇ ਜਿਸ ਬੁਝਾਰਤ ਦਾ ਕਦੇ ਕੋਈ ਜਨਤਕ ਲੇਖਾ-ਜੋਖਾ ਨਹੀਂ ਹੋਵੇਗਾ।

ਕਰੋਨਾ ਤੋਂ ਪਹਿਲਾਂ ਅਸੀਂ ਬਿਨਾਂ ਸੋਚੇ-ਸਮਝੇ ਨਿਗਰਾਨੀ ਸਟੇਟ ਦੀ ਜਕੜ ਵਿਚ ਫਸਦੇ ਜਾਂਦੇ ਸੀ, ਹੁਣ ਅਸੀਂ ਮਹਾਮਾਰੀ ਤੋਂ ਸਹਿਮ ਕੇ ਸੁਪਰ ਸਰਵੇਲੈਂਸ ਸਟੇਟ ਦੇ ਸ਼ਿਕੰਜੇ ਵਿਚ ਫਸਣ ਲਈ ਵਾਹੋਦਾਹੀ ਭੱਜੇ ਜਾ ਰਹੇ ਹਾਂ, ਜਿਥੇ ਸਾਨੂੰ ਆਪਣਾ ਸਭ ਕੁਝ ਸਟੇਟ ਦੇ ਹਵਾਲੇ ਕਰ ਦੇਣ ਲਈ ਕਿਹਾ ਜਾ ਰਿਹਾ ਹੈ, ਸਾਡੀ ਨਿੱਜਤਾ, ਸਾਡਾ ਮਾਣ-ਸਨਮਾਨ, ਸਾਡੀ ਆਜ਼ਾਦੀ ਅਤੇ ਸਾਡੇ ਸਵੈ ਨੂੰ ਕੰਟਰੋਲ ਕਰ ਲੈਣ ਅਤੇ ਬਾਰੀਕੀ ਨਾਲ ਸੱਤਾ ਦੀ ਮਰਜ਼ੀ ਅਨੁਸਾਰ ਸਾਡੀਆਂ ਜ਼ਿੰਦਗੀਆਂ ਦਾ ਸੰਚਾਲਨ ਕਰਨ ਦੀ ਸਹਿਮਤੀ ਦੇਣ ਸਮੇਤ ਸਭ ਕੁਛ। ਲੌਕਡਾਊਨ ਹਟਾਏ ਜਾਣ ਤੋਂ ਬਾਅਦ ਵੀ ਜੇ ਅਸੀਂ ਇਸ ਵਿਚੋਂ ਨਿਕਲਣ ਲਈ ਹੰਭਲਾ ਨਾ ਮਾਰਿਆ ਤਾਂ ਸਮਝ ਲਓ ਅਸੀਂ ਸਦਾ ਲਈ ਕੈਦ ਹੋ ਜਾਵਾਂਗੇ। ... ਇਸ ਇੰਜਣ ਨੂੰ ਅਸੀਂ ਸਦਾ ਲਈ ਬੰਦ ਕਿਵੇਂ ਕਰੀਏ? ਇਹੀ ਸਾਡੇ ਸਾਹਮਣੇ ਅਸਲ ਕਾਰਜ ਹੈ।

# ਪੰਜਾਬ ਦੀ ਡੁੱਬਦੀ ਆਰਥਕਤਾ ਲਈ ਵਾਰਸ ਬਣਿਆ ਤੇਰ੍ਹਵਾਂ ਰਤਨ

ਸ਼ਰਾਬ ਨੂੰ ਸਰਕਾਰਾਂ ਨਸ਼ਾ ਨਹੀਂ ਮੰਨਦੀਆਂ, ਆਪ ਲਾਇਸੈਂਸ ਦੇ ਕੇ ਵਿਕਾਉਂਦੀਆਂ ਹਨ ਤੇ ਕਰੋਨਾ ਵਾਇਰਸ ਦੇ ਕਹਿਰ ਦੇ ਸਮੇਂ ਵੀ ਸ਼ਰਾਬ ਤੋਂ ਹੋਣ ਵਾਲੀ ਆਮਦਨ ਦੀ ਤੀਬਰਤਾ ਨਾਲ ਉਡੀਕ ਕਰ ਰਹੀਆਂ ਸਨ। ਹਰ ਸਾਲ ਵਾਂਗ ਇਸ ਸਾਲ ਵੀ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ/ਲਾਟਰੀ ਡਰਾਅ ਪਿਛੋਂ ਪੰਜਾਬ ਵਿਚ ਪਹਿਲੀ ਅਪਰੈਲ ਤੋਂ ਨਵੇਂ ਸਾਲ ਲਈ ਸ਼ਰਾਬ ਦੀ ਵਿਕਰੀ ਸ਼ੁਰੂ ਹੋਣੀ ਸੀ। ਬਹੁਤੇ ਠੇਕੇ ਪਿਛਲੇ ਸਾਲ ਤੋਂ 12 ਫੀਸਦੀ ਵਧਾ ਕੇ ਠੇਕੇਦਾਰਾਂ ਨੂੰ ਦੇ ਦਿਤੇ ਗਏ ਸਨ। ਅਜੇ ਕਰੀਬ 20 ਪ੍ਰਤੀਸ਼ਤ ਠੇਕੇ ਵੇਚਣ ਵਾਲੇ ਰਹਿੰਦੇ ਸਨ, ਪਰ 22 ਮਾਰਚ 2020 ਤੋਂ ਲੌਕਡਾਊਨ ਹੋਣ



**ਰਵਿੰਦਰ ਚੋਟ, ਫਗਵਾੜਾ**
**ਫੋਨ: 91-98726-73703**


ਕਰਕੇ ਸਭ ਕੁਝ ਉਥਲ ਪੁਥਲ ਹੋ ਗਿਆ। ਠੇਕੇਦਾਰਾਂ ਨੇ ਮਾਰਚ ਦੇ ਅਖੀਰਲੇ ਹਫਤੇ ਵਿਚ ਆਪਣਾ ਬਚਿਆ ਸ਼ਰਾਬ ਦਾ ਕੋਟਾ ਰੇਟ ਘੱਟ ਕਰਕੇ ਕੱਢਣਾ ਹੁੰਦਾ ਹੈ, ਪਰ ਕਰਫਿਊ ਲਗਾਤਾਰ 17 ਮਈ ਤਕ ਵਧਾ ਦਿਤਾ ਗਿਆ ਸੀ।

ਚਾਰ ਮਈ ਨੂੰ ਕੇਂਦਰ ਸਰਕਾਰ ਨੇ ਲੌਕਡਾਊਨ ਵਿਚ ਕੁਝ ਖੁਲ੍ਹ ਦਿੱਤੀ ਤਾਂ ਪੰਜਾਬ ਸਰਕਾਰ ਨੇ 7 ਮਈ ਤੋਂ ਸ਼ਰਾਬ ਦੇ ਠੇਕੇ ਖੋਲ੍ਹਣ ਦੇ ਹੁਕਮ ਕਰ ਦਿਤੇ, ਪਰ ਠੇਕੇਦਾਰਾਂ ਨੇ ਸ਼ਰਤ ਰੱਖੀ ਕਿ ਪਹਿਲਾਂ ਸਰਕਾਰ ਬੰਦ ਦੇ 45 ਦਿਨਾਂ ਦੌਰਾਨ ਹੋਏ ਸਾਡੇ ਨੁਕਸਾਨ ਦੀ ਭਰਪਾਈ ਬਾਰੇ ਰਾਹਤ ਦੇਵੇ। ਉਨ੍ਹਾਂ ਨੇ ਇਹ ਵੀ ਮੰਗ ਰੱਖੀ ਕਿ ਸਾਰੇ ਵਪਾਰਕ ਅਦਾਰੇ ਜਿਵੇਂ ਮਾਲਜ਼, ਸਿਨੇਮਾ, ਮੈਰਿਜ਼ ਪੈਲੇਸ, ਸ਼ਰਾਬ ਦੇ ਅਹਾਤੇ, ਜੰਜਘਰ, ਰੈਸਟੋਰੈਂਟ ਅਤੇ ਬੀਅਰ ਬਾਰਾਂ ਸਭ ਬੰਦ ਪਏ ਹਨ ਤਾਂ ਅਸੀਂ ਜਿਸ ਰੇਟ 'ਤੇ ਠੇਕੇ ਲਏ ਹਨ, ਉਸ ਦਾ ਮਾਲੀਆ ਕਿਵੇਂ ਜਮ੍ਹਾਂ ਕਰਾ ਸਕਾਂਗੇ? ਦੂਜਾ, ਮਜ਼ਦੂਰ ਤਬਕਾ ਸਾਰਾ ਆਪਣੇ ਪਿਤਰੀ ਪਿੰਡਾਂ-ਸ਼ਹਿਰਾਂ ਭਾਵ ਯੂ. ਪੀ., ਬਿਹਾਰ ਨੂੰ ਚਲਾ ਗਿਆ ਹੈ, ਉਨ੍ਹਾਂ ਦੇ ਸਿਰ 'ਤੇ ਹੀ ਦੇਸੀ ਸ਼ਰਾਬ ਦਾ ਕੋਟਾ ਵਿਕਦਾ ਸੀ।

ਇਸ ਵਿਵਾਦ ਨੂੰ ਸੁਲਝਾਉਣ ਲਈ ਰੱਖੀ ਗਈ ਕੈਬਨਿਟ ਮੀਟਿੰਗ ਵਿਚ ਕੁਝ ਸੀਨੀਅਰ ਮੰਤਰੀਆਂ ਨੇ ਇਸ ਨੀਤੀ ਵਿਚ ਸੁਧਾਰ ਕਰਨ ਦੇ ਸੁਝਾਅ ਵੀ ਦਿਤੇ ਅਤੇ ਕੁਝ ਸਵਾਲ ਵੀ ਖੜੇ ਕੀਤੇ ਕਿ ਪਿਛਲੇ ਸਾਲਾਂ ਵਿਚ ਪੰਜਾਬ ਸ਼ਰਾਬ ਤੋਂ ਘਾਟਾ ਕਿਉਂ ਖਾ ਰਿਹਾ ਹੈ, ਜਦੋਂ ਕਿ ਦੇਸ਼ ਦੇ ਹੋਰ ਸੂਬੇ ਇਸ ਤੋਂ ਪੰਜ-ਛੇ ਗੁਣਾਂ ਵੱਧ ਕਮਾਈ ਕਰ ਰਹੇ ਹਨ, ਪਰ ਚੀਫ ਸੈਕਟਰੀ ਪੰਜਾਬ ਕਰਨ ਅਵਤਾਰ ਸਿੰਘ, ਮੁੱਖ ਮੰਤਰੀ ਦੇ ਮੁੱਖ ਸਕੱਤਰ ਸੁਰੇਸ਼ ਕੁਮਾਰ ਅਤੇ ਆਬਕਾਰੀ ਕਮਿਸ਼ਨਰ ਵਿਵੇਕ ਪ੍ਰਤਾਪ ਸਿੰਘ ਵਲੋਂ ਸ਼ਰਾਬ ਦੀ ਨੀਤੀ ਵਿਚ ਕੀਤੀਆਂ ਸੋਧਾਂ ਨੂੰ ਲੈ ਕੇ ਮੰਤਰੀਆਂ ਤੇ ਪ੍ਰਸ਼ਾਸਨ ਵਿਚ ਤਕਰਾਰ ਪੈਦਾ ਹੋ ਗਿਆ। ਗੱਲ ਜ਼ਾਤੀ ਦੂਸ਼ਣਬਾਜ਼ੀ ਤਕ ਪਹੁੰਚ ਗਈ। ਇਹ ਸੰਵੇਦਨਸ਼ੀਲ ਵਿਸ਼ਾ ਗੰਭੀਰ ਹੁੰਦਾ ਗਿਆ, ਕਿਉਂਕਿ ਆਬਕਾਰੀ ਆਮਦਨ ਸੂਬਾ ਸਰਕਾਰ ਦੀ ਅਹਿਮ ਆਮਦਨ ਹੈ ਅਤੇ ਸਰਕਾਰ ਦੇ ਬਹੁਤ ਜਰੂਰੀ ਖਰਚੇ ਇਸ 'ਤੇ ਹੀ ਟਿਕੇ ਹੁੰਦੇ ਹਨ, ਖਾਸ ਕਰਕੇ ਕੋਵਿਡ-19 ਦੇ ਪ੍ਰਕੋਪ ਦੌਰਾਨ ਜਦੋਂ ਸਰਕਾਰ ਨੂੰ ਪੈਸੇ ਪੈਸੇ ਦੀ ਲੋੜ ਹੋਵੇ। ਇਸ ਲਈ ਆਬਕਾਰੀ ਨੀਤੀ ਅਤੇ ਇਸ ਦੇ ਅਹਿਮ ਪਹਿਲੂਆਂ ਬਾਰੇ ਜਾਣਨਾ ਜਰੂਰੀ ਹੈ।

ਜੇ ਪਿਛਲੇ ਪੰਜ ਕੁ ਸਾਲ ਪਹਿਲਾਂ ਦੇ ਆਬਕਾਰੀ ਆਮਦਨ 'ਤੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਸਾਲ 2014-15 ਵਿਚ 4550.64 ਕਰੋੜ ਦਾ ਟੀਚਾ ਰੱਖਿਆ ਗਿਆ, ਜੋ ਇਸ ਤੋਂ ਪਹਿਲੇ ਸਾਲ ਨਾਲੋਂ 550.86 ਕਰੋੜ ਵੱਧ ਸੀ। ਸਾਲ 2015-16 ਵਿਚ ਆਮਦਨ ਦਾ ਟੀਚਾ 4843.73 ਕਰੋੜ ਰੁਪਏ ਰੱਖਿਆ ਗਿਆ, ਜੋ ਪਿਛਲੇ ਸਾਲ ਨਾਲੋਂ 292.82 ਕਰੋੜ ਵੱਧ ਸੀ। ਸਾਲ 2016-17 ਵਿਚ ਚੰਗੀ ਗੱਲ ਕਰਦਿਆਂ ਪਿਛਲੇ ਸਾਲ ਨਾਲੋਂ 437.73 ਕਰੋੜ ਘਟਾ ਕੇ ਟੀਚਾ 4405.69 ਰੱਖਿਆ ਗਿਆ। ਇਸ ਸਾਲ ਸਿਆਣੇ ਲੋਕਾਂ ਨੂੰ ਖੁਸ਼ੀ ਹੋਈ ਕਿ ਲੋਕਾਂ ਦੀ ਸਿਹਤ ਦਾ ਧਿਆਨ ਕਰਦਿਆਂ ਸਰਕਾਰ ਨੇ ਆਪਣਾ ਸ਼ਰਾਬ ਦਾ ਮਾਲੀਆ ਘਟਾ ਕੇ ਚੰਗੀ ਪਿਰਤ ਪਾਈ ਹੈ, ਪਰ ਇਸ ਤੋਂ ਅਗਲੇ ਸਾਲ 5135.69 ਟੀਚਾ ਰੱਖਦਿਆਂ ਮਾਲੀਏ ਵਿਚ ਵਾਧਾ 729.96 ਕਰ ਦਿੱਤਾ। ਅਗਲੇ ਸਾਲ ਵਾਧਾ ਸਿਰਫ 20.10 ਕਰੋੜ ਦਾ ਹੀ ਕੀਤਾ ਗਿਆ ਤੇ ਟੀਚਾ 5155.79 ਕਰੋੜ ਦਾ ਰੱਖਿਆ ਗਿਆ।

ਸਾਲ 2019-20 ਵਿਚ ਮਾਲੀਏ ਵਿਚ ਵਾਧਾ 520.21 ਕਰੋੜ ਦਾ ਕਰ ਕੇ ਟੀਚਾ 5676 ਕਰੋੜ ਦਾ ਰੱਖ ਦਿਤਾ ਗਿਆ। ਹੁਣ ਸਾਲ 2020-21 ਲਈ ਮਾਲੀਏ ਵਿਚ 574 ਕਰੋੜ ਦਾ ਵਾਧਾ ਕਰਕੇ ਸ਼ਰਾਬ ਤੋਂ ਆਮਦਨ ਦਾ ਟੀਚਾ 6250 ਕਰੋੜ ਰੁਪਏ ਰੱਖਿਆ ਗਿਆ ਹੈ। ਭਾਵੇਂ ਪਿਛਲੇ ਕਈ ਸਾਲਾਂ ਤੋਂ ਉਗਰਾਹੀ ਦੇ ਇਹ ਟੀਚੇ ਪੂਰੇ



ਨਹੀਂ ਹੁੰਦੇ ਰਹੇ, ਪਰ ਮਨੁੱਖੀ ਸਿਹਤ ਨੂੰ ਧਿਆਨ ਵਿਚ ਰੱਖਦਿਆਂ ਇਹ ਅੰਕੜੇ ਵਿਚਾਰਨ ਯੋਗ ਹਨ। ਉਪਰੋਕਤ ਅੰਕੜਿਆਂ ਨੂੰ ਵੇਖ ਕੇ ਇੰਜ ਲਗਦਾ ਹੈ ਕਿ ਸਰਕਾਰਾਂ ਚਲਾਉਣ ਲਈ ਮਨੁੱਖੀ ਸਿਹਤ ਨੂੰ ਅੱਖੋਂ ਪਰੋਖੇ ਕਰਕੇ ਹਰ ਸਾਲ ਪੰਜਾਬ ਦੇ ਲੋਕਾਂ ਨੂੰ 500 ਤੋਂ 700 ਕਰੋੜ ਦੀ ਸ਼ਰਾਬ ਪਿਛਲੇ ਸਾਲ ਨਾਲੋਂ ਵਧਾ ਕੇ ਪੇਸ਼ ਕੀਤੀ ਜਾਂਦੀ ਹੈ। ਇਹ ਹਾਲ ਸਿਰਫ ਪੰਜਾਬ ਦਾ ਹੀ ਨਹੀਂ ਹੈ, ਸਗੋਂ ਬਾਕੀ ਸੂਬੇ ਵੀ ਇਸੇ ਤਰ੍ਹਾਂ ਕਰਦੇ ਹਨ।

ਪੰਜਾਬ ਦੇ ਲੋਕਾਂ ਦੀ ਸਿਹਤ ਤੇ ਇਸ ਦੇ ਆਲੇ ਦੁਆਲੇ ਲਗਦੇ ਸੂਬਿਆਂ ਦੀ ਸ਼ਰਾਬ ਨੀਤੀ ਵੀ ਪ੍ਰਭਾਵ ਪਾਉਂਦੀ ਹੈ, ਜਿਵੇਂ ਕਿ ਇਸ ਸਾਲ ਚੰਡੀਗੜ੍ਹ ਕੇਂਦਰੀ ਪ੍ਰਾਂਤ ਨੇ 680 ਕਰੋੜ ਰੁਪਏ ਸ਼ਰਾਬ ਤੋਂ ਕਮਾਉਣ ਦਾ ਟੀਚਾ ਰੱਖਿਆ ਹੈ, ਜੋ ਪਿਛਲੇ ਸਾਲ ਨਾਲੋਂ 63 ਕਰੋੜ ਰੁਪਏ ਵੱਧ ਹੈ। ਹਿਮਾਚਲ ਪ੍ਰਦੇਸ਼ ਨੇ 1840 ਕਰੋੜ ਰੁਪਏ ਦਾ ਟੀਚਾ ਪਿਛਲੇ ਸਾਲ ਨਾਲੋਂ 215 ਕਰੋੜ ਵਧਾ ਕੇ ਰੱਖਿਆ ਹੈ। ਇਸੇ ਤਰ੍ਹਾਂ ਹਰਿਆਣਾ ਨੇ ਪਿਛਲੇ ਸਾਲ ਨਾਲੋਂ 800 ਕਰੋੜ ਰੁਪਏ ਵਧਾ ਕੇ 7500 ਕਰੋੜ ਜਨਤਾ ਦੀਆਂ ਜੇਬਾਂ ਵਿਚੋ ਸ਼ਰਾਬ ਵੇਚ ਕੇ ਕੱਢਣ ਦਾ ਮਨ ਬਣਾਇਆ ਹੈ।

ਦੁੱਖਦਾਈ ਗੱਲ ਇਹ ਹੈ ਕਿ ਹਰ ਸਾਲ ਇਹ ਸੂਬੇ ਸ਼ਰਾਬ ਦੇ ਰੇਟ ਪੰਜਾਬ ਨਾਲੋਂ ਘੱਟ ਰੱਖਦੇ ਹਨ, ਇਸ ਕਰਕੇ ਇਨ੍ਹਾਂ ਦੀ ਕਾਫੀ ਸ਼ਰਾਬ ਪੰਜਾਬ ਵਿਚ ਦੋ ਨੰਬਰ ਵਿਚ ਵਿਕਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਨਾਲ ਪੰਜਾਬ ਦੀ ਸਿਹਤ ਅਤੇ ਮਾਲੀਏ-ਦੋਹਾਂ ਦੇ ਨੁਕਸਾਨ ਦੀ ਸੰਭਾਵਨਾ ਵੀ ਹਰ ਵੇਲੇ ਬਣੀ ਰਹਿੰਦੀ ਹੈ। ਆਲੇ-ਦੁਆਲੇ ਤੋਂ ਸਸਤੀ ਸ਼ਰਾਬ ਪੰਜਾਬ ਵਲ ਤੁਰੀ ਰਹਿੰਦੀ ਹੈ।

ਇਹ ਤੱਥ ਬੜਾ ਸਪੱਸ਼ਟ ਹੈ ਕਿ ਸ਼ਰਾਬ ਦੇ ਠੇਕੇਦਾਰ ਸਿੱਧੇ-ਅਸਿੱਧੇ ਤੌਰ 'ਤੇ ਰਾਜਸੀ ਪਾਰਟੀਆਂ ਨਾਲ ਜੁੜੇ ਹੁੰਦੇ ਹਨ। ਉਹ ਰਾਜ ਕਰਦੀ ਪਾਰਟੀ ਅਤੇ ਵਿਰੋਧੀ ਪਾਰਟੀਆਂ ਵਿਚ ਵੀ ਚੰਗਾ ਰਸੂਖ ਰੱਖਦੇ ਹਨ। ਇਸ ਲਈ ਉਨ੍ਹਾਂ ਦੇ ਹਿੱਤਾਂ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਮੁੱਖ ਮੰਤਰੀ ਨੇ ਸ਼ਰਾਬ ਦੀ ਨੀਤੀ ਵਿਚ ਸਪਸ਼ਟ ਤੌਰ 'ਤੇ ਕੋਈ ਸੋਧ ਪ੍ਰਵਾਨ ਨਹੀਂ ਕੀਤੀ। 23 ਮਾਰਚ ਤੋਂ 6 ਮਈ ਤਕ ਜਦੋਂ ਠੇਕੇ ਬੰਦ ਰਹੇ ਹਨ, ਇਸ ਬਾਰੇ ਠੇਕੇਦਾਰਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਆਪਣੇ ਮੰਤਰੀਆਂ ਦੀ ਮੰਨਦਿਆਂ ਅਗਲੇ ਸਾਲ ਵਿਚ 36 ਵਾਧੂ ਦਿਨ ਦਾ ਸਮਾਂ ਵਧਾਉਣ ਦੀ ਮੱਦ ਨੂੰ ਰੱਦ ਕਰ ਦਿੱਤਾ ਹੈ। ਘਰ ਘਰ ਸ਼ਰਾਬ ਪਹੁੰਚਾਉਣ ਦੀ ਦਿੱਤੀ ਤਜਵੀਜ਼ ਵੀ ਠੇਕੇਦਾਰ ਨੇ ਰੱਦ ਕਰ ਦਿੱਤੀ ਹੈ। ਮੁੱਖ ਮੰਤਰੀ ਨੇ ਤਿੰਨ ਆਹਲਾ ਅਫਸਰਾਂ ਦੀ ਇਕ ਕਮੇਟੀ ਬਣਾਈ ਹੈ, ਜੋ ਠੇਕੇਦਾਰਾਂ ਦੇ ਅਸਲ ਨੁਕਸਾਨ ਦਾ ਸਰਵੇਖਣ ਕਰੇਗੀ। ਇਸ ਕਮੇਟੀ ਵਿਚ ਪ੍ਰਮੁੱਖ ਸਕੱਤਰ ਵਿੱਤ ਅਨੀਰੁਧ ਤਿਵਾੜੀ, ਪ੍ਰਮੁੱਖ ਸਕੱਤਰ ਊਰਜ਼ਾ ਏ. ਵੇਣੂਪ੍ਰਸ਼ਾਦ ਅਤੇ ਆਬਕਾਰੀ ਤੇ ਕਰ ਕਮਿਸ਼ਨਰ ਵਿਵੇਕ ਪ੍ਰਤਾਪ ਨੂੰ ਲਿਆ ਗਿਆ ਹੈ। ਇਨ੍ਹਾਂ ਦੀ ਰਿਪੋਰਟ ਮੁਤਾਬਕ ਹੀ ਠੇਕੇਦਾਰਾਂ ਨੂੰ ਕੋਈ ਮਦਦ ਮਿਲੇਗੀ।

ਕੈਬਨਿਟ ਦੀ ਮੀਟਿੰਗ ਵਿਚ ਸੀਨੀਅਰ ਮੰਤਰੀਆਂ ਨੇ ਕੋਵਿਡ-19 ਦੀ ਮਹਾਮਾਰੀ ਨੂੰ ਧਿਆਨ ਵਿਚ ਰੱਖਦਿਆਂ ਇਹ ਸੁਝਾਅ ਦਿਤਾ ਸੀ ਕਿ ਸ਼ਰਾਬ 'ਤੇ ਸੈਸ ਲਾ ਕੇ ਕੋਵਿਡ-19 ਦੇ ਮਰੀਜ਼ਾਂ ਦੇ ਇਲਾਜ ਲਈ ਪੈਸਾ ਇਕੱਠਾ ਕੀਤਾ ਜਾਵੇ, ਜਿਵੇਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ਰਾਬ 'ਤੇ 70 ਫੀਸਦੀ ਡਿਊਟੀ ਵਧਾ ਕੇ ਇਸ ਬੀਮਾਰੀ ਲਈ ਲੌਕਡਾਊਨ ਖੁੱਲ੍ਹਣ ਦੇ ਪਹਿਲੇ ਨੌਂ ਦਿਨਾਂ ਵਿਚ ਹੀ 84 ਕਰੋੜ ਰੁਪਏ ਸ਼ਰਾਬ ਤੋਂ ਇਕੱਠੇ ਕੀਤੇ ਹਨ, ਪਰ ਇਸ ਤਜਵੀਜ਼ ਦਾ ਠੇਕੇਦਾਰਾਂ ਨੇ ਵਿਰੋਧ ਕੀਤਾ ਹੈ। ਇਸ ਲਈ ਪੰਜਾਬ ਦੇ ਮੁੱਖ ਮੰਤਰੀ ਨੇ ਸੀਨੀਅਰ ਮੰਤਰੀਆਂ ਦੀ ਇਕ ਕਮੇਟੀ ਦਾ ਗਠਨ ਕੀਤਾ ਹੈ, ਜਿਸ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਸਿਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਅਤੇ ਸ਼ਹਿਰੀ ਵਿਭਾਗ ਮੰਤਰੀ ਸੁਖਵਿੰਦਰ ਸਿੰਘ ਸੁੱਖ ਸਰਕਾਰੀਆ ਨੂੰ ਲਿਆ ਗਿਆ ਹੈ। ਇਹ ਕਮੇਟੀ ਫੈਸਲਾ ਕਰੇਗੀ ਕਿ ਸੈਸ ਕਿੰਨੇ ਫੀਸਦੀ ਲਾਉਣਾ ਹੈ।

ਇਹ ਕਿਹਾ ਜਾਂਦਾ ਹੈ ਕਿ ਪੰਜਾਬ ਦੇ ਲੋਕ ਬਾਕੀ ਸੂਬਿਆਂ ਦੇ ਮੁਕਾਬਲੇ ਸ਼ਰਾਬ ਪੀਣ ਵਿਚ ਮੋਹਰੀ ਹਨ। ਸਰਕਾਰੀ ਸ਼ਰਾਬ ਦੇ ਨਾਲ ਨਾਲ ਬਹੁਤ ਸਾਰੀ ਘਰ ਦੀ ਕੱਢੀ ਹੋਈ ਅਤੇ ਨਾਜਾਇਜ਼ ਸ਼ਰਾਬ ਵੀ ਪੀਤੀ ਜਾਂਦੀ ਹੈ। ਇਸ ਗੱਲ ਨੇ ਹੈਰਾਨੀ ਪੈਦਾ ਕਰ ਦਿੱਤੀ ਕਿ ਜਿਸ ਦੇਸ਼ ਵਿਚ 19 ਕਰੋੜ ਲੋਕਾਂ ਨੂੰ ਦੋ ਵੇਲੇ ਦੀ ਰੋਟੀ ਨਸੀਬ ਨਾ ਹੁੰਦੀ ਹੋਵੇ, ਉਥੇ (ਖਬਰਾਂ ਮੁਤਾਬਕ) 4 ਮਈ 2020 ਨੂੰ ਜਦੋਂ ਬੰਦ ਪਿਛੋਂ ਸਾਰੇ ਭਾਰਤ ਵਿਚ ਠੇਕੇ ਖੋਲ੍ਹੇ ਗਏ ਤਾਂ ਇਕੋ ਦਿਨ ਵਿਚ 455 ਕਰੋੜ ਦੀ ਸ਼ਰਾਬ ਵਿੱਕ ਗਈ। ਹੁਣ ਭਾਵੇਂ ਪਹਿਲੀ ਅਪਰੈਲ ਤੋਂ 6 ਮਈ ਤਕ ਦਾ ਮਾਲੀਆ ਠੇਕੇਦਾਰਾਂ ਨੂੰ ਛੱਡ ਦੇਣ ਦਾ ਵਿਚਾਰ ਬਣ ਰਿਹਾ ਹੈ, ਜੋ 600 ਕਰੋੜ ਦੇ ਨੇੜੇ ਤੇੜੇ ਬਣਦਾ ਹੈ ਅਤੇ ਸਰਕਾਰੀ ਦਬਾਓ ਹੇਠ ਠੇਕੇ ਖੁੱਲ੍ਹ ਗਏ ਹਨ। ਦੇਸੀ ਸ਼ਰਾਬ ਦਾ ਕੋਟਾ 632.38 ਲੱਖ ਪਰੂਫ ਲਿਟਰ, ਅੰਗਰੇਜ਼ੀ ਸ਼ਰਾਬ ਦਾ ਕੋਟਾ 261.41 ਲੱਖ ਪਰੂਫ ਲਿਟਰ ਅਤੇ ਬੀਅਰ ਦਾ ਕੋਟਾ 298.61 ਲੱਖ ਪਰੂਫ ਲਿਟਰ ਹੀ ਰੱਖਿਆ ਗਿਆ ਹੈ। ਕੋਟੇ ਵਿਚ ਪਿਛਲੇ ਸਾਲ ਨਾਲੋਂ ਕੋਈ ਵਾਧਾ-ਘਾਟਾ ਨਹੀਂ ਕੀਤਾ ਗਿਆ।

ਸਵਾਲ ਹੈ, ਕੀ ਜਨ ਸਿਹਤ ਦੀ ਕੀਮਤ 'ਤੇ ਇਕੱਠਾ ਕੀਤਾ ਗਿਆ ਮਾਲੀਆ ਸਿਹਤ ਨਾਲੋਂ ਵੱਧ ਕਾਰਗਰ ਹੈ? ਕੁਝ ਵਿਧਾਇਕਾਂ ਅਤੇ ਮੰਤਰੀਆਂ ਦੀਆਂ ਪਤਨੀਆਂ ਨੇ ਨਾਰੀ ਜਾਤੀ ਦੀ ਪ੍ਰਤੀਨਿਧਤਾਂ ਕਰਦਿਆਂ ਅਵਾਜ਼ ਉਠਾਈ ਸੀ ਕਿ ਸ਼ਰਾਬ ਦੀ ਘਰ ਘਰ ਸਪਲਾਈ ਨਾ ਕਰਵਾਈ ਜਾਵੇ, ਕਿਉਂਕਿ ਇਸ ਨਾਲ ਘਰੇਲੂ ਕਲੇਸ਼ ਤੇ ਅਹਿੰਸਾ ਵਧ ਜਾਵੇਗੀ। ਕੁਝ ਹੱਦ ਤਕ ਇਸ ਵਿਚ ਸੱਚਾਈ ਵੀ ਹੈ। ਉਂਜ ਵੀ ਇਸ ਸਰਕਾਰ ਨੇ ਵੋਟਾਂ ਵੇਲੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਤਹੱਈਆ ਕੀਤਾ ਸੀ। ਸਰਕਾਰਾਂ ਨੂੰ ਆਉਣ ਵਾਲੇ ਸਮੇਂ ਵਿਚ ਸੋਚਣਾ ਪਵੇਗਾ ਕਿ ਸ਼ਰਾਬ ਤੋਂ ਆਉਂਦੇ ਮਾਲੀਏ ਦੇ ਬਦਲ ਕੀ ਹੋ ਸਕਦੇ ਹਨ? ਇਸ ਦੀ ਥਾਂ ਆਮਦਨ ਦੇ ਹੋਰ ਸਾਧਨ ਜੁਟਾਉਣੇ ਪੈਣਗੇ ਤਾਂ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਲੋਕਾਂ ਦਾ ਪੈਸਾ ਅਤੇ ਸਿਹਤ ਬਚਾਈ ਜਾ ਸਕੇ। ਸਰਕਾਰਾਂ ਨੂੰ ਚਾਹੀਦਾ ਹੈ ਕਿ ਹੌਲੀ ਹੌਲੀ ਸ਼ਰਾਬ ਦੀ ਆਮਦਨ ਨੂੰ ਘਟਾ ਕੇ ਹੋਰ ਸਾਧਨ ਲੱਭੇ ਜਾਣ। ਅਜੇ ਤਾਂ ਸਰਕਾਰਾਂ ਲਈ ਇਹ ਮਸਲਾ ਗਲੇ ਦੀ ਹੱਡੀ ਬਣਿਆ ਹੋਇਆ ਹੈ, ਕਿਉਂਕਿ ਫੌਰੀ ਤੌਰ 'ਤੇ ਇੰਨੇ ਵੱਡੇ ਮਾਲੀਏ ਦਾ ਬਦਲ ਲੱਭਣਾ ਕੋਈ ਖਾਲਾ ਜੀ ਵਾੜਾ ਨਹੀਂ ਹੈ। ਹਾਲ ਦੀ ਘੜੀ ਤਾਂ ਇਹ ਤੇਰ੍ਹਵਾਂ ਰਤਨ ਹੀ ਪੰਜਾਬ ਦੀ ਡੁੱਬਦੀ ਆਰਥਕਤਾ ਨੂੰ ਆਸਰਾ ਦੇ ਰਿਹਾ ਹੈ।

# ਕੈਪਟਨ ਸਰਕਾਰ ਨੂੰ ਸ਼ਰਾਬੀਆਂ ਤੋਂ ਆਸਾਂ

**ਚੰਡੀਗੜ੍ਹ:** ਕੋਰੋਨਾ ਮਹਾਂਮਾਰੀ ਕਰਕੇ ਵਪਾਰਕ ਤੇ ਸਨਅਤੀ ਖੇਤਰ ਨੂੰ ਵੱਡੇ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਪੰਜਾਬ ਵਿਚ ਸਨਅਤਕਾਰ ਸਰਕਾਰ ਤੋਂ ਰਾਹਤ ਦੀ ਆਸ ਲਾਈ ਬੈਠੇ ਹਨ। ਪਰ ਕੈਪਟਨ ਸਰਕਾਰ




ਸਿਰਫ ਸ਼ਰਾਬ ਕਾਰੋਬਾਰ ਅਤੇ ਪੈਟਰੋਲ ਡੀਜ਼ਲ ਉਤੇ ਸੈਸ ਆਸਰੇ ਹੀ ਸੂਬੇ ਦੀ ਆਰਥਿਕ ਗੱਡੀ ਲੀਹੇ ਪਾਉਣ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਸ਼ਰਾਬ ਕਾਰੋਬਾਰ ਅਤੇ ਪੈਟਰੋਲ ਡੀਜ਼ਲ ਜੀ.ਐਸ.ਟੀ. ਅਤੇ ਵੈਟ ਵਸੂਲੀ ਦਾ ਇਸ ਤਰ੍ਹਾਂ ਦੇ ਸਰੋਤ ਹਨ ਕਿ ਇਨ੍ਹਾਂ ਤੋਂ ਸਰਕਾਰ ਨੂੰ ਪੱਕੀ ਵਸੂਲੀ ਆ ਜਾਂਦੀ ਹੈ। ਪਿਛਲੇ ਸਾਲਾਂ ਤੋਂ ਰਾਜ ਦੀ ਸਨਅਤੀ ਖੇਤਰ ਨੂੰ ਹੁੰਗਾਰਾ ਨਾ ਮਿਲਣ ਕਰਕੇ ਸਨਅਤੀ ਇਕਾਈਆਂ 'ਚ ਨਿਰਾਸ਼ਾ ਫੈਲਦੀ ਰਹੀ ਹੈ। ਪੰਜਾਬ ਤੋਂ ਹੀ ਸਨਅਤੀ ਇਕਾਈਆਂ 10 ਸਾਲ ਪਹਿਲਾਂ ਹੀ ਕਾਫੀ ਗਿਣਤੀ 'ਚ ਚਲੀਆਂ ਗਈਆਂ ਸਨ। ਪੰਜਾਬ ਵਿਚ 30 ਸਾਲ ਤੋਂ ਜ਼ਿਆਦਾ ਸਮੇਂ ਤੋਂ ਫੋਕਲ ਪੁਆਇੰਟ ਨਹੀਂ ਕੱਟੇ ਗਏ ਹਨ।

ਦੱਸ ਦਈਏ ਕਿ ਕੈਪਟਨ ਸਰਕਾਰ ਨੇ ਲੌਕਡਾਊਨ ਦੌਰਾਨ ਸ਼ਰਾਬ ਦੇ ਠੇਕੇ ਖੁਲ੍ਹਵਾਉਣ ਲਈ ਪੂਰਾ ਟਿੱਲ ਲਾਇਆ ਸੀ ਤੇ ਇਸ ਨੂੰ ਵੱਡਾ ਵਿੱਤੀ ਨੁਕਸਾਨ ਦੱਸਦੇ ਹੋਏ ਕੇਂਦਰ ਕੋਲ ਕਈ ਵਾਰ ਪਹੁੰਚ ਕੀਤੀ। ਹੁਣ ਸ਼ਰਾਬ ਦੇ ਠੇਕੇ ਖੋਲ੍ਹਣ ਦੀ ਇਜਾਜ਼ਤ ਤਾਂ ਮਿਲ ਗਈ ਹੈ ਪਰ ਪੰਜਾਬ ਸਰਕਾਰ ਨੂੰ ਹੁਣ ਸ਼ਰਾਬ ਦੇ ਠੇਕਿਆਂ ਦਾ ਖਰੀਦਦਾਰ ਨਹੀਂ ਲੱਭ ਰਿਹਾ ਹੈ। ਪੰਜਾਬ 'ਚ ਸ਼ਰਾਬ ਦੇ ਠੇਕੇ ਮੁੜ ਖੁੱਲ੍ਹਣ ਮਗਰੋਂ ਵਿਕਰੀ ਉੱਠ ਨਹੀਂ ਰਹੀ ਹੈ। ਵੇਰਵਿਆਂ ਅਨੁਸਾਰ ਪੰਜਾਬ ਵਿਚ ਕਰੀਬ 5900 ਸ਼ਰਾਬ ਦੇ ਠੇਕੇ ਹਨ ਅਤੇ ਇਨ੍ਹਾਂ ਵਿਚੋਂ 4674 ਸ਼ਰਾਬ ਦੇ ਠੇਕੇ ਤਾਂ ਸਰਕਾਰ ਨੇ 12.5 ਫੀਸਦੀ ਦੇ ਵਾਧੇ ਨਾਲ ਪਹਿਲਾਂ ਹੀ ਰੀਨਿਊ ਕਰ ਦਿੱਤੇ ਸਨ। ਪੰਜਾਬ ਵਿਚ ਅਜਿਹੇ 91 ਗਰੁੱਪ ਹਨ ਜੋ ਕੋਵਿਡ ਕਰ ਕੇ ਨਿਲਾਮ ਹੋਣੋਂ ਰਹਿ ਗਏ ਸਨ, ਇਨ੍ਹਾਂ ਅਧੀਨ 1235 ਠੇਕੇ ਆਉਂਦੇ ਹਨ।

ਪਹਿਲਾਂ ਇਹ ਠੇਕੇ ਤਿੰਨ ਫੀਸਦੀ ਘਾਟੇ ਨਾਲ ਨਿਲਾਮ ਕਰਨੇ ਚਾਹੇ ਸਨ ਪਰ ਕੋਈ ਚਾਹਵਾਨ ਨਾ ਆਇਆ। ਲੰਘੇ ਹਫਤੇ ਪੰਜ ਫੀਸਦੀ ਘਾਟੇ ਨਾਲ ਪ੍ਰਕਿਰਿਆ ਵਿੱਢੀ ਸੀ ਪਰ ਫਿਰ ਵੀ ਠੇਕੇਦਾਰਾਂ ਨੇ ਕੋਈ ਰੁਚੀ ਨਹੀਂ ਦਿਖਾਈ। ਡਵੀਜ਼ਨਲ ਆਬਕਾਰੀ ਅਤੇ ਕਰ ਅਫਸਰ ਸ਼ਾਲਿਨ ਵਾਲੀਆ ਨੇ ਕਿਹਾ ਕਿ ਜਲੰਧਰ ਡਿਵੀਜ਼ਨ ਦੇ ਚਾਰ ਜ਼ਿਲ੍ਹਿਆਂ 'ਚ 21 ਗਰੁੱਪ ਨਿਲਾਮ ਕਰਨ ਵਾਸਤੇ ਰੱਖੇ ਡਰਾਅ 'ਚ ਕੋਈ ਚਾਹਵਾਨ ਨਹੀਂ ਪੁੱਜਿਆ।

ਪਟਿਆਲਾ ਡਿਵੀਜ਼ਨ ਵਿਚ ਰਹਿੰਦੇ 22 ਗਰੁੱਪਾਂ ਲਈ ਹੁਣ ਤਿੰਨ ਫੀਸਦੀ ਦੇ ਘਾਟੇ ਨਾਲ ਅਰਜ਼ੀਆਂ ਮੰਗੀਆਂ ਸਨ ਪਰ ਸਿਰਫ ਪੰਜ ਗਰੁੱਪ ਹੀ ਅਲਾਟ ਹੋ ਸਕੇ ਹਨ। ਲੁਧਿਆਣਾ ਡਿਵੀਜ਼ਨ 'ਚ 4 ਗਰੁੱਪ ਹਾਲੇ ਪਏ ਹਨ। ਵੇਰਵਿਆਂ ਅਨੁਸਾਰ ਫਿਰੋਜ਼ਪੁਰ ਡਿਵੀਜ਼ਨ ਵਿਚ ਬਕਾਇਆ 22 ਗਰੁੱਪਾਂ 'ਚੋਂ ਇਕ ਗਰੁੱਪ ਹੀ ਨਿਲਾਮ ਹੋ ਸਕਿਆ ਹੈ। ਪੰਜਾਬ 'ਚ ਏਦਾਂ ਪਹਿਲੀ ਦਫਾ ਹੋਇਆ ਹੈ ਕਿ ਕੋਈ ਠੇਕੇ ਲੈਣ ਨੂੰ ਤਿਆਰ ਨਹੀਂ। ਮਾਨਸਾ ਜ਼ਿਲ੍ਹੇ ਦੇ 19 ਗਰੁੱਪਾਂ 'ਚੋਂ ਤਿੰਨ ਗਰੁੱਪ ਹੀ ਵਿਕੇ ਸਨ। ਫਰੀਦਕੋਟ ਜ਼ਿਲ੍ਹੇ ਵਿਚ ਵੀ ਤਿੰਨ ਗਰੁੱਪ ਨਿਲਾਮ ਨਹੀਂ ਹੋ ਸਕੇ ਹਨ।

# ਨਸ਼ਾ ਤਸਕਰੀ ਮਾਮਲੇ 'ਚ 47 ਪੁਲਿਸ ਮੁਲਾਜ਼ਮ ਬਰਖਾਸਤ, 17 ਮੁਅੱਤਲ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰੀ ਰੋਕਣ ਲਈ ਕਾਇਮ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਦਾ ਦਾਅਵਾ ਹੈ ਕਿ ਅਪਰੈਲ 2017 ਤੋਂ ਲੈ ਕੇ 30 ਅਪਰੈਲ 2020 ਤੱਕ, ਕੁੱਲ 114 ਅਪਰਾਧਿਕ ਮਾਮਲੇ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿਚ 148 ਪੁਲਿਸ ਮੁਲਾਜ਼ਮਾਂ ਅਤੇ ਵਿਭਾਗੀ ਪੜਤਾਲਾਂ ਉਪਰੰਤ 61 ਪੁਲਿਸ ਮੁਲਾਜ਼ਮਾਂ ਖਿਲਾਫ ਕਾਰਵਾਈ ਆਰੰਭੀ ਗਈ ਹੈ। ਇਸ ਤੋਂ ਇਲਾਵਾ ਹੁਣ ਤੱਕ 47 ਪੁਲਿਸ ਮੁਲਾਜ਼ਮ ਬਰਖਾਸਤ ਕੀਤੇ ਗਏ ਹਨ ਅਤੇ 17 ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਸਾਲ 2017 ਵਿਚ 37 ਮਾਮਲਿਆਂ ਵਿਚ 18.46 ਕਰੋੜ ਰੁਪਏ, 2018 ਵਿਚ 37 ਮਾਮਲਿਆਂ ਵਿਚ 11.37 ਕਰੋੜ ਰੁਪਏ, ਸਾਲ 2019 ਵਿਚ 50 ਮਾਮਲਿਆਂ ਵਿਚ 37.69 ਕਰੋੜ ਰੁਪਏ ਅਤੇ 31.03.2020 ਤੱਕ ਦੇ 11 ਮਾਮਲਿਆਂ ਵਿਚ 1.68 ਕਰੋੜ ਰੁਪਏ ਦੀ ਸੰਪਤੀ ਜ਼ਬਤ ਕੀਤੀ ਹੈ। ਇਸ ਤੋਂ ਇਲਾਵਾ ਸਬੰਧਤ ਅਥਾਰਟੀ ਕੋਲ ਤਕਰੀਬਨ 20.5 ਕਰੋੜ ਰੁਪਏ ਦੀ ਜਾਇਦਾਦ ਦੀ ਕੁਰਕੀ ਵਾਲੇ 58 ਕੇਸ ਵਿਚਾਰ ਅਧੀਨ ਹਨ।

ਉਨ੍ਹਾਂ ਕਿਹਾ ਕਿ ਅਪਰੈਲ 2017 ਵਿੱਚ ਐਸ.ਟੀ.ਐਫ. ਵੱਲੋਂ ਕਾਰਵਾਈ ਸ਼ੁਰੂ ਕਰਨ ਮਗਰੋਂ ਲਾਅ ਇਨਫੋਰਸਮੈਂਟ ਏਜੰਸੀਆਂ ਨੇ 1376 ਕਿਲੋ ਹੈਰੋਇਨ, 1515 ਕਿਲੋ ਅਫੀਮ, 124728 ਕਿਲੋ ਭੁੱਕੀ, 6053 ਕਿਲੋ ਗਾਂਜਾ ਤੇ 2,74 33119 ਨਸ਼ੀਲੀਆਂ ਗੋਲੀਆਂ/ਕੈਪਸੂਲ ਸਮੇਤ ਕਈ ਕਰੋੜਾਂ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਐਸ.ਟੀ.ਐਫ. ਮੁਖੀ ਨੇ ਖੁਲਾਸਾ ਕੀਤਾ ਕਿ ਲਾਅ ਇਨਫੋਰਸਮੈਂਟ



ਏਜੰਸੀਆਂ ਨੇ 2017 ਤੋਂ 31 ਮਾਰਚ 2020 ਤੱਕ ਐਨ.ਡੀ.ਪੀ.ਐਸ. ਐਕਟ ਤਹਿਤ 580 ਭਗੌੜੇ, 1885 ਫਰਾਰ, 125 ਜ਼ਮਾਨਤ, ਪੈਰੋਲ ਉਤੇ 106 ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਰਫਿਊ ਮਗਰੋਂ ਵੀ ਨਸ਼ਾ ਤਸਕਰੀ ਦੇ ਕਪੂਰਥਲਾ, ਬਠਿੰਡਾ, ਪਟਿਆਲਾ ਵਿਚ ਚਾਰ ਅਜਿਹੇ ਮਾਮਲੇ ਦਰਜ ਕੀਤੇ ਗਏ ਹਨ, ਜਿਥੇ ਪੁਲਿਸ ਦੀ ਸ਼ਮੂਲੀਅਤ ਸਾਹਮਣੇ ਆਈ ਹੈ।

# ਖੇਤੀ ਸੁਧਾਰਾਂ ਦੇ ਬਹਾਨੇ ਰਾਜਾਂ ਤੋਂ ਹੱਕ ਖੋਹਣ ਦੀ ਚਾਲ

**ਹਮੀਰ ਸਿੰਘ**

ਕੈਨੇਡੀਅਨ ਲੇਖਕ ਨਿਓਮੀ ਕਲਾਈਨ ਨੇ ਆਪਣੀ ਪੁਸਤਕ 'ਸਦਮਾ ਸਿਧਾਂਤ' (ਦਿ ਸ਼ੌਕ ਡੌਕਟਰਿਨ) ਵਿਚ ਮੌਜੂਦਾ ਢਾਂਚੇ ਨੂੰ ਆਫਤ ਪੂੰਜੀਵਾਦ (ਡਿਜ਼ਾਸਟਰਸ ਕੈਪੀਟਲਿਜ਼ਮ) ਦਾ ਨਾਮ ਦਿੰਦਿਆਂ ਇਸ ਮਿੱਥ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਕਿ ਖੁੱਲ੍ਹੀ ਮੰਡੀ ਜਮਹੂਰੀ ਤਰੀਕੇ ਨਾਲ ਹੀ ਜੇਤੂ ਹੈਸੀਅਤ ਅਖਤਿਆਰ ਕਰ ਰਹੀ ਹੈ। ਦੁਨੀਆਂ ਭਰ ਵਿਚ ਸੁਧਾਰਾਂ ਦੇ ਨਾਮ 'ਤੇ ਹੋਣ ਵਾਲੀਆਂ ਤਬਦੀਲੀਆਂ ਨੂੰ ਉਸ ਨੇ ਪੈਸੇ ਅਤੇ ਕਠਪੁਤਲੀ ਸਰਕਾਰਾਂ ਦੇ ਆਪਸੀ ਸਬੰਧ ਨਾਲ ਜੋੜ ਕੇ ਪੇਸ਼ ਕੀਤਾ ਹੈ। ਵੱਡੀਆਂ ਆਫਤਾਂ ਮੌਕੇ ਜਦੋਂ ਹੋਰ ਦੇਸ਼ ਅਤੇ ਲੋਕ ਸਦਮੇ ਵਿਚ ਹੁੰਦੇ ਹਨ ਤਾਂ ਨੀਤੀਘਾੜੇ ਆਪਣੀ ਪਹਿਲਾਂ ਸੋਚੀ ਰਣਨੀਤੀ ਲਾਗੂ ਕਰਨ ਨੂੰ ਅੰਜਾਮ ਦਿੰਦੇ ਹਨ। ਕਰੋਨਾ ਵਾਇਰਸ ਦੇ ਇਸ ਦੌਰ ਨੂੰ ਭਾਰਤ ਸਰਕਾਰ ਆਫਤ ਤੋਂ ਡਰੇ ਸਹਿਮੇ ਲੋਕਾਂ ਦੀ ਮਾਨਸਿਕਤਾ ਦਾ ਲਾਹਾ ਲੈ ਕੇ ਪਹਿਲਾਂ ਹੀ ਸੰਵਿਧਾਨਕ ਤੌਰ ਉਤੇ ਕਮਜ਼ੋਰ ਸੰਘੀ ਢਾਂਚੇ ਦੀ ਹੋਰ ਸੰਘੀ ਘੁੱਟਣ ਅਤੇ ਕਾਰਪੋਰੇਟ ਕੰਪਨੀਆਂ ਦੇ ਕਬਜ਼ੇ ਲਈ ਖੇਤੀ ਖੇਤਰ ਵਿਚ ਰਾਹ ਮੋਕਲਾ ਕਰਨ ਅਤੇ ਕਿਰਤੀਆਂ ਦੀ ਹਿਫਾਜ਼ਤ ਲਈ ਲੰਮੀ ਜੱਦੋਜਹਿਦ ਤੋਂ ਬਾਅਦ ਬਣੇ ਕਾਨੂੰਨਾਂ ਨੂੰ ਰੱਦ ਕਰਨ ਲਈ ਵਰਤ ਰਹੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 20 ਲੱਖ ਕਰੋੜ ਰੁਪਏ ਦੇ ਪੈਕੇਜ ਵਿਚ ਖੇਤੀ ਖੇਤਰ ਦੇ ਬੁਨਿਆਦੀ ਢਾਂਚੇ ਲਈ ਇੱਕ ਲੱਖ ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ ਹੈ। ਇਸ ਦੇ ਨਾਲ ਹੀ ਜ਼ਰੂਰੀ ਵਸਤੂਆਂ ਸਬੰਧੀ ਕਾਨੂੰਨ-1955 ਵਿਚ ਸੋਧ ਕਰ ਕੇ ਇਸ ਵਿਚੋਂ ਦਾਲਾਂ, ਖਾਣ ਵਾਲੇ ਤੇਲ, ਤੇਲ ਬੀਜ, ਅਨਾਜ, ਪਿਆਜ਼, ਆਲੂ ਆਦਿ ਨੂੰ ਬਾਹਰ ਕੱਢ ਕੇ ਡੀਰੈਗੂਲੇਟ ਕਰਨ ਦਾ ਐਲਾਨ ਕੀਤਾ ਹੈ। ਈ-ਨੇਮ ਤਹਿਤ ਲਾਗੂ ਕੀਤੀ ਜਾ ਰਹੀ ਰਾਸ਼ਟਰੀ ਮੰਡੀ ਦੀ ਧਾਰਨਾ ਨੂੰ ਅੱਗੇ ਵਧਾਉਂਦਿਆਂ ਫਸਲਾਂ ਦੀ ਅੰਤਰ-ਰਾਜੀ ਆਵਾਜਾਈ ਨੂੰ ਕੇਂਦਰੀ ਕਾਨੂੰਨ ਅਧੀਨ ਲਿਆਉਣ ਅਤੇ ਫਸਲਾਂ ਦੇ ਉਤਪਾਦ ਦਾ ਵਾਜਬ ਮੁੱਲ ਤੇ ਗੁਣਵੱਤਾ ਯਕੀਨੀ ਬਣਾਉਣ ਦੇ ਨਾਮ ਉਤੇ ਕੇਂਦਰੀ ਕਾਨੂੰਨ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ।

ਇਹ ਸਮਝਣਾ ਜ਼ਰੂਰੀ ਹੈ ਕਿ ਤਿੰਨਾਂ ਕਾਨੂੰਨਾਂ ਦਾ ਅਸਲ ਮਕਸਦ ਕੀ ਹੈ। 2018 ਵਿਚ ਮੋਦੀ ਸਰਕਾਰ ਨੇ ਪਹਿਲਾਂ ਹੀ ਇਸ ਦਿਸ਼ਾ ਵਿਚ ਕਾਨੂੰਨੀ ਚਾਰਾਜੋਈ ਕੀਤੀ ਸੀ। ਸੰਵਿਧਾਨਕ ਤੌਰ ਉਤੇ ਖੇਤੀ, ਜ਼ਮੀਨ ਅਤੇ ਅੰਦਰੂਨੀ ਮੰਡੀ ਪ੍ਰਬੰਧ ਰਾਜ ਸੂਚੀ ਵਿਚ ਆਉਂਦਾ ਹੈ ਅਤੇ ਉਸ ਸਬੰਧੀ ਕਾਨੂੰਨ ਰਾਜਾਂ ਦੀਆਂ ਵਿਧਾਨ ਸਭਾਵਾਂ ਬਣਾ ਸਕਦੀਆਂ ਸਨ। ਹੁਣ ਤੱਕ ਕੇਂਦਰ ਸਰਕਾਰ ਖੇਤੀ ਉਤਪਾਦ ਮੰਡੀ ਕਮੇਟੀ (ਏ.ਪੀ.ਐਮ.ਸੀ.) ਕਾਨੂੰਨ ਵਿਚ ਸੋਧ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਦੀ ਸੀ। ਇਸ ਸੋਧ ਰਾਹੀਂ ਪੰਜਾਬ ਅਤੇ ਹਰਿਆਣਾ ਵਰਗੇ ਸੂਬੇ ਵਿਚ ਮੰਡੀਆਂ ਦੇ ਨੈਟਵਰਕ ਨੂੰ ਪ੍ਰਾਈਵੇਟ ਕੰਪਨੀਆਂ ਜਾਂ ਖਰੀਦਦਾਰਾਂ ਲਈ ਖੋਲ੍ਹਣ ਦੀ ਸ਼ਰਤ ਸੀ। ਨਵੇਂ ਐਲਾਨੇ ਸੰਭਾਵੀ ਕਾਨੂੰਨ ਨਾਲ ਰਾਜਾਂ ਤੋਂ ਪੁੱਛਣ ਦੀ ਲੋੜ ਹੀ ਨਹੀਂ ਪਵੇਗੀ; ਕੇਂਦਰ ਸਰਕਾਰ ਖੁਦ ਹੀ ਮੰਡੀ ਨੈਟਵਰਕ ਕੰਟਰੋਲ ਕਰੇਗੀ। ਇਸ ਨਾਲ ਘੱਟੋ-ਘੱਟ ਸਮਰਥਨ ਮੁੱਲ ਤੋਂ ਪੈਰ ਪਿੱਛੇ ਖਿੱਚਣ ਦਾ ਵੀ ਸੰਕੇਤ ਸਾਫ ਹੈ। ਪੰਜਾਬ ਵਰਗੇ ਸੂਬੇ ਨੂੰ ਕਣਕ-ਝੋਨੇ ਵਰਗੀਆਂ ਫਸਲਾਂ ਤੋਂ ਟੈਕਸ ਲਗਾ ਕੇ ਖਰੀਦ ਏਜੰਸੀਆਂ ਤੋਂ ਜੋ ਪੈਸਾ ਮਿਲਦਾ ਸੀ, ਉਹ ਖਤਮ ਹੋ ਜਾਵੇਗਾ।

ਜ਼ਰੂਰੀ ਸੇਵਾਵਾਂ ਕਾਨੂੰਨ ਤਹਿਤ ਕਿਸੇ ਵੀ ਕੰਪਨੀ ਜਾਂ ਸ਼ਖਸ ਉਤੇ ਜ਼ਰੂਰੀ ਵਸਤਾਂ ਦਾ ਜਖੀਰਾ ਕਾਇਮ ਕਰਨ ਉਤੇ ਰੋਕ ਨਹੀਂ ਹੋਵੇਗੀ। ਇਸ ਤਰ੍ਹਾਂ ਵੱਡੀਆਂ ਕਾਰਪੋਰੇਟ ਕੰਪਨੀਆਂ ਲਈ ਫਸਲੀ ਖਰੀਦ ਦੇ ਪੂਰੇ ਢਾਂਚੇ ਅਤੇ ਉਸ ਤੋਂ ਬਾਅਦ ਮਾਰਕਿਟ ਉਤੇ ਕਬਜ਼ਾ ਕਰਨ ਦਾ ਰਾਹ ਸਾਫ ਹੋ ਜਾਵੇਗਾ। ਇਹ ਖੇਤੀ ਖੇਤਰ ਵਿਚ ਪਹਿਲਾਂ ਹੀ ਸਿੱਧੇ ਵਿਦੇਸ਼ੀ ਨਿਵੇਸ਼ ਲਈ ਦਿੱਤੀ ਛੋਟ ਨੂੰ ਅਮਲੀ ਜਾਮਾ ਪਹਿਨਾਉਣ ਦਾ ਕੰਮ ਹੈ ਕਿ ਕਾਰਪੋਰੇਟ ਘਰਾਣੇ ਖੇਤੀ ਦੀ ਖਰੀਦ ਅਤੇ ਵੇਚ ਚੇਨ ਉਤੇ ਕਾਬਜ਼ ਹੋਣ ਲਈ ਆਜ਼ਾਦ ਹੋ ਜਾਣਗੇ।

ਫਸਲਾਂ ਦੇ ਉਤਪਾਦ ਅਤੇ ਗੁਣਵੱਤਾ ਦੀ ਗਰੰਟੀ ਵਾਲੇ ਹਿੱਸੇ ਨਾਲ ਕੰਟਰੈਕਟ ਫਾਰਮਿੰਗ ਜੁੜੀ ਹੋਈ ਹੈ। ਇਸ ਨੂੰ ਭਾਵੇਂ ਇਹ ਕਹਿ ਕੇ ਪੇਸ਼ ਕੀਤਾ ਜਾ ਰਿਹਾ ਹੈ ਕਿ ਕੰਟਰੈਕਟ ਫਾਰਮਿੰਗ ਦੌਰਾਨ ਕੰਪਨੀਆਂ ਕੰਟਰੈਕਟ ਦੀਆਂ ਪਾਬੰਦ ਹੋਣਗੀਆਂ ਪਰ ਕਿਸਾਨਾਂ ਅਤੇ ਕੰਪਨੀਆਂ ਦੇ ਕੰਟਰੈਕਟ ਦਾ ਪਿਛਲਾ ਤਜਰਬਾ ਜੱਗ ਜ਼ਾਹਿਰ ਹੈ। ਗਰੀਬ ਕਿਸਾਨਾਂ ਨੂੰ ਰਾਸ਼ਟਰੀ ਬੀਮਾ ਨੀਤੀ ਤਹਿਤ ਬੀਮਾ ਕੰਪਨੀਆਂ ਲੁੱਟ ਕੇ ਲੈ ਗਈਆਂ, ਉਨ੍ਹਾਂ ਦਾ ਕੁੱਝ ਨਹੀਂ ਵਿਗੜਿਆ। ਕਿਸਾਨ ਅਦਾਲਤੀ ਢਾਂਚੇ ਵਿਚ



ਕੰਪਨੀਆਂ ਦੇ ਵੱਡੇ ਸਰਮਾਏ ਸਾਹਮਣੇ ਲੜਾਈ ਲੜਨ ਦੇ ਸਮਰੱਥ ਹੀ ਨਹੀਂ ਹੁੰਦੇ।

ਲੰਮੇ ਸਮੇਂ ਤੋਂ ਕੀਤੀ ਜਾ ਰਹੀ ਮੰਗ ਦੇ ਅਨੁਸਾਰ ਕੇਂਦਰ ਨੇ ਰਾਜ ਸਰਕਾਰਾਂ ਨੂੰ ਕੁੱਲ ਘਰੇਲੂ ਪੈਦਾਵਾਰ ਦਾ ਤਿੰਨ ਫੀਸਦ ਤੋਂ ਵਧਾ ਕੇ ਪੰਜ ਫੀਸਦ ਤੱਕ ਕਰਜ਼ਾ ਉਠਾਉਣ ਦਾ ਹੱਕ ਦੇ ਦਿੱਤਾ ਹੈ ਪਰ ਇਸ ਦੇ ਨਾਲ ਵੀ ਸ਼ਰਤਾਂ ਦਾ ਬੋਝ ਬੰਨ੍ਹ ਦਿੱਤਾ ਹੈ। ਜਿਹੜੀਆਂ ਰਾਜ ਸਰਕਾਰਾਂ, ਕੇਂਦਰ ਦੇ ਸੁਝਾਏ ਉਪਰਲੇ ਖੇਤੀ ਅਤੇ ਕਿਰਤੀਆਂ ਸਬੰਧੀ ਕਾਨੂੰਨ ਸੁਧਾਰਾਂ ਨੂੰ ਤਨਦੇਹੀ ਨਾਲ ਲਾਗੂ ਨਹੀਂ ਕਰਨਗੀਆਂ, ਉਨ੍ਹਾਂ ਨੂੰ ਛੋਟ ਨਹੀਂ ਮਿਲੇਗੀ। ਇਸ ਵਿਚ ਖੇਤੀ ਅਤੇ ਕਿਰਤ ਸਬੰਧੀ ਉਪਰਲੇ ਕਾਨੂੰਨਾਂ ਤੋਂ ਇਲਾਵਾ ਇੱਕ ਦੇਸ਼ ਇੱਕ ਰਾਸ਼ਨ ਕਾਰਡ ਦੀ ਸਕੀਮ ਮੰਨਣ ਦੀ ਸ਼ਰਤ ਵੀ ਸ਼ਾਮਿਲ ਹੈ। ਬਿਜਲੀ ਕਾਨੂੰਨ ਵਿਚ ਸੋਧ ਕਰ ਕੇ ਇਸ ਦਾ ਕੇਂਦਰੀਕਰਨ ਅਤੇ ਪੂਰੀ ਤਰ੍ਹਾਂ ਨਿੱਜੀਕਰਨ ਇਸ ਏਜੰਡੇ ਦਾ ਹਿੱਸਾ ਹੈ।

ਇਸ ਤੋਂ ਪਹਿਲਾਂ ਵੀ ਰਾਜ ਸਰਕਾਰਾਂ ਦੀ ਬਾਂਹ ਮਰੋੜ ਕੇ ਕੇਂਦਰ ਆਪਣੀਆਂ ਸ਼ਰਤਾਂ ਲਾਗੂ ਕਰਵਾ ਰਿਹਾ ਹੈ। ਹੈਰਾਨੀ ਹੈ ਕਿ ਨੀਤੀ ਆਯੋਗ ਵਰਗੀ ਗੈਰ ਸੰਵਿਧਾਨਕ ਸੰਸਥਾ ਨੇ ਖੇਤੀ ਮਾਰਕਿਟ ਅਤੇ ਕਿਸਾਨ ਹਿਤੈਸ਼ੀ ਸੁਧਾਰ ਸੂਚਕ ਤਿਆਰ ਕੀਤਾ ਹੈ। ਜੋ ਰਾਜ ਕੇਂਦਰ ਸਰਕਾਰ ਮੁਤਾਬਿਕ ਨਹੀਂ ਚੱਲਦੇ, ਉਨ੍ਹਾਂ ਨੂੰ ਇਸ ਸੂਚਕ (ਇੰਡੈਕਸ) ਵਿਚ ਹੇਠਲੇ ਦਰਜੇ ਉਤੇ ਰੱਖਿਆ ਜਾਂਦਾ ਹੈ ਅਤੇ ਅੱਗੋਂ ਪਹਿਲਾਂ ਹੀ ਰਾਜਾਂ ਦੇ ਮੁਕਾਬਲੇ ਲੋਕਾਂ ਤੋਂ ਜ਼ਿਆਦਾ ਮਾਲੀਆ ਵਸੂਲ ਕਰਨ ਵਾਲੀ ਕੇਂਦਰ ਸਰਕਾਰ ਇਨ੍ਹਾਂ ਫੰਡਾਂ ਵਿਚੋਂ ਹੀ ਰਾਜਾਂ ਨੂੰ ਦਿੱਤੇ ਜਾਣ ਵਾਲੇ ਫੰਡਾਂ ਸਮੇਂ ਧੌਣ ਉਚੀ ਰੱਖ ਕੇ ਕੰਮ ਕਰਨ ਵਾਲੇ ਰਾਜਾਂ ਨੂੰ ਮਾਮੂਲੀ ਹਿੱਸਾ ਅਲਾਟ ਕਰਦੀ ਹੈ।

ਜੇ ਸੰਵਿਧਾਨਕ ਤੌਰ ਉਤੇ ਦੇਖਿਆ ਜਾਵੇ ਤਾਂ ਚੁਣੀਆਂ ਹੋਈਆਂ ਰਾਜ ਸਰਕਾਰਾਂ ਕੇਂਦਰ ਸਰਕਾਰ ਦੀਆਂ ਮਾਤਹਿਤ ਨਹੀਂ। ਉਹ ਲੋਕਾਂ ਦੀ ਖੁਦਮੁਖਤਾਰ ਇੱਛਾ ਦੀਆਂ ਪ੍ਰਤੀਨਿਧ ਹਨ। ਹੌਲੀ ਹੌਲੀ ਰਾਜ ਸਰਕਾਰਾਂ ਕੇਂਦਰ ਦੇ ਬਣਾਏ ਜਾਂ ਜਾਰੀ ਕੀਤੇ ਪ੍ਰੋਗਰਾਮ ਅਤੇ ਸਕੀਮਾਂ ਲਾਗੂ ਕਰਨ ਵਾਲੀਆਂ ਏਜੰਸੀਆਂ ਤੱਕ ਸਿਮਟ ਕੇ ਰਹਿ ਗਈਆਂ ਹਨ। ਜੀਐਸਟੀ ਰਾਜਾਂ ਦੇ ਟੈਕਸ ਲਗਾਉਣ ਅਤੇ ਘਟਾਉਣ ਦਾ ਹੱਕ ਖੋਹ ਚੁੱਕਾ ਹੈ। ਕੇਂਦਰੀਕਰਨ ਦੇ ਇਸ ਰੁਝਾਨ ਵਧਣ ਨਾਲ ਸਪੱਸ਼ਟ ਹੈ ਕਿ ਸੱਤਾ ਦੇ ਤੰਤਰ ਉਤੇ ਬਿਰਾਜਮਾਨ ਸਰਕਾਰਾਂ ਕਾਰਪੋਰੇਟ ਦੀ ਕਠਪੁਤਲੀ ਵਾਂਗ ਕੰਮ ਕਰਦੀਆਂ ਹਨ। ਸਰਕਾਰਾਂ ਤੋਂ ਲੋਕਾਂ ਦੀ ਇੱਛਾ ਮੁਤਾਬਿਕ ਅਤੇ ਉਨ੍ਹਾਂ ਨਾਲ ਹੋਏ ਸਮਾਜਿਕ ਕੰਟਰੈਕਟ ਲਾਗੂ ਕਰਨ ਦੀ ਉਮੀਦ ਕੀਤੀ ਜਾਂਦੀ ਰਹੀ ਹੈ।

ਭਾਰਤ ਵਿਚ ਫੈਡਰਲਿਜ਼ਮ ਦਾ ਮੁੱਦਾ ਸੰਵਿਧਾਨ ਬਣਨ ਤੋਂ ਪਹਿਲਾਂ ਅਤੇ ਬਾਅਦ ਵਿਚ ਵੱਡੇ ਮੁੱਦੇ ਵਜੋਂ ਉਭਾਰਿਆ ਜਾਂਦਾ ਰਿਹਾ ਹੈ। ਕਦੇ ਫੈਡਰਲਿਜ਼ਮ ਦੀਆਂ ਧਾਰਨੀ ਅਕਾਲੀ ਦਲ ਅਤੇ ਹੋਰ ਖੇਤਰੀ ਪਾਰਟੀਆਂ ਵੀ ਹੁਣ ਸੱਤਾ ਵਿਚ ਆਪਣੀ ਹਿੱਸੇਦਾਰੀ ਦੀ ਕਮਜ਼ੋਰੀ ਤਹਿਤ ਕੇਂਦਰੀਕਰਨ ਦੇ ਪਾਲੇ ਵਿਚ ਖੜ੍ਹੀਆਂ ਦਿਖਾਈ ਦੇ ਰਹੀਆਂ ਹਨ।

ਕਰੋਨਾ ਵਾਇਰਸ ਦੇ ਇਸ ਦੌਰ ਨੇ ਸਿਖਾਇਆ ਹੈ ਕਿ ਵਿਕਾਸ ਦੇ ਮੌਜੂਦਾ ਕੁਦਰਤ ਅਤੇ ਮਨੁੱਖ ਵਿਰੋਧੀ ਮਾਡਲ ਉਤੇ ਨਜ਼ਰਸਾਨੀ ਦੀ ਲੋੜ ਹੈ। ਪ੍ਰਧਾਨ ਮੰਤਰੀ ਨੇ ਇੱਕ ਪਾਸੇ ਤਾਂ ਆਤਮ ਨਿਰਭਰ ਭਾਰਤ ਦਾ ਨਾਅਰਾ ਦਿੱਤਾ ਹੈ ਪਰ ਕਾਰਪੋਰੇਟ ਘਰਾਣਿਆਂ ਅਤੇ ਸਿੱਧੇ ਵਿਦੇਸ਼ੀ ਨਿਵੇਸ ਵਾਸਤੇ ਸਭ ਕੁੱਝ ਖੋਲ੍ਹਿਆ ਜਾ ਰਿਹਾ ਹੈ। ਕਾਰਪੋਰੇਟ ਮੁਨਾਫੇ ਦੀ ਹੋੜ ਨੇ ਜਿੱਥੇ ਕੁਦਰਤੀ ਸਾਧਨਾਂ ਦਾ ਘਾਣ ਕੀਤਾ ਹੈ, ਉਥੇ ਗਰੀਬੀ-ਅਮੀਰੀ ਦਾ ਪਾੜਾ ਵੀ ਬਹੁਤ ਵਧਾਇਆ ਹੈ। ਤਕਨੀਕ ਅਤੇ ਪ੍ਰਬੰਧਕੀ ਉਚ ਵਰਗ ਉਤੇ ਕੇਂਦਰਿਤ ਇਸ ਮਾਡਲ ਨੇ ਵੱਡੇ ਪੈਮਾਨੇ ਉਤੇ ਬੇਰੁਜ਼ਗਾਰੀ ਪੈਦਾ ਕੀਤੀ ਹੈ। ਇਜਾਰੇਦਾਰੀ ਅਤੇ ਅਮੀਰ ਘਰਾਣਿਆਂ ਦੇ ਪੱਖ ਵਿਚ ਭੁਗਤਣ ਵਾਲੇ ਕਿਸੇ ਵਰਤਾਰੇ ਨੂੰ ਜਮਹੂਰੀ ਨਹੀਂ ਕਿਹਾ ਜਾ ਸਕਦਾ। ਸਹੀ ਜਮਹੂਰੀਅਤ ਲਈ ਸੰਘੀ ਢਾਂਚੇ ਉਤੇ ਮੁੜ ਵਿਚਾਰ ਕਰ ਕੇ ਰਾਜਾਂ ਨੂੰ ਵੱਧ ਅਧਿਕਾਰ, ਰਾਜਾਂ ਤੋਂ ਵੀ ਸਥਾਨਕ ਸਰਕਾਰਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਫੈਸਲਾਕੁਨ ਅਧਿਕਾਰ ਦੇਣ ਦੀ ਲੋੜ ਹੈ।

ਘੱਟ ਗਿਣਤੀਆਂ ਅੰਦਰ ਡਰ ਤੇ ਸਹਿਮ ਫੈਲਾ ਰਹੀ ਬਹੁਗਿਣਤੀਵਾਦੀ ਸਿਆਸਤ, ਨੋਟਬੰਦੀ, ਜੀਐਸਟੀ ਅਤੇ ਵੰਡ ਪਾਊ ਨਾਗਰਿਕ ਸੋਧ ਬਿੱਲ ਦੇ ਨੁਕਸਾਨਦਾਇਕ ਨਤੀਜਿਆਂ ਦੇ ਬਾਵਜੂਦ ਆਪਣੀ ਮਨਮਾਨੀ ਕਰਨ ਵਾਲੀ ਪੁਰਾਣੀ ਮਾਨਸਿਕਤਾ ਦਾ ਸਬੂਤ ਦਿੰਦਿਆਂ ਮੋਦੀ ਸਰਕਾਰ ਨੇ ਪੁਰਾਣੇ ਰਾਹ ਉਤੇ ਹੋਰ ਤੇਜ਼ ਰਫਤਾਰ ਨਾਲ ਚੱਲਣ ਦਾ ਫੈਸਲਾ ਕੀਤਾ ਹੈ। ਹਕੀਕਤ ਇਹ ਹੈ ਕਿ ਕਰੋਨਾ ਵਾਇਰਸ ਦੌਰਾਨ ਕਿਰਤੀ ਆਪੋ-ਆਪਣੇ ਪਿੰਡਾਂ ਨੂੰ ਵਾਪਸ ਪਰਤੇ ਹਨ। ਸ਼ਹਿਰੀ ਜੀਵਨ ਜਾਚ ਨੇ ਉਨ੍ਹਾਂ ਨੂੰ ਸੰਕਟ ਸਮੇਂ ਸੰਭਾਲਣ ਦਾ ਕੋਈ ਪ੍ਰਬੰਧ ਨਹੀਂ ਕੀਤਾ। ਕੋਵਿਡ-19 ਦਾ ਸੰਕਟ ਇਹ ਸਪਸ਼ਟ ਸੰਕੇਤ ਦੇ ਰਿਹਾ ਹੈ ਕਿ ਸਰਕਾਰੀ ਨਿਵੇਸ਼ ਅਤੇ ਯੋਜਨਾਵਾਂ ਦਾ ਰੁਖ ਪਿੰਡਾਂ ਅਤੇ ਪੇਂਡੂ ਅਰਥਚਾਰੇ ਵੱਲ ਕਰਨਾ ਚਾਹੀਦਾ ਹੈ।

# ਚੀਨ ਦੀ ਵਪਾਰ ਰਣਨੀਤੀ ਤੇ ਭਾਰਤ

**ਜੀ. ਪਾਰਥਾਸਾਰਥੀ**

ਭਾਰਤੀ ਕ੍ਰਿਕਟ ਟੀਮ ਨੂੰ ਰਵਾਇਤਨ ਭਾਰਤ ਦੇ ਮੋਹਰੀ ਕਾਰੋਬਾਰੀ ਘਰਾਣੇ ਸਪਾਂਸਰ ਕਰਦੇ ਰਹੇ ਹਨ। ਦੂਜੇ ਪਾਸੇ, ਚੀਨ ਵਿਚ ਕ੍ਰਿਕਟ ਖੇਡੀ ਨਹੀਂ ਜਾਂਦੀ। ਇਸ ਕਾਰਨ ਹਰ ਕੋਈ ਇਹ ਜਾਣ ਕੇ ਹੈਰਾਨ ਰਹਿ ਗਿਆ ਕਿ ਇਸ ਵਰ੍ਹੇ ਭਾਰਤੀ ਟੀਮ ਦਾ ਸਪਾਂਸਰ ਓਪੋ ਹੈ ਜੋ ਚੀਨੀ ਸਮਾਰਟਫੋਨ ਨਿਰਮਾਤਾ ਹੈ। ਓਪੋ ਨੇ ਹਾਲ ਹੀ ਵਿਚ 1000 ਕਰੋੜ ਰੁਪਏ 'ਚ ਪੰਜ ਸਾਲ ਲਈ ਭਾਰਤੀ ਟੀਮ ਦੀ ਸਪਾਂਸਰਸ਼ਿਪ ਜਿੱਤੀ ਹੈ ਜਿਹੜੀ ਦੇਸ਼ ਵਿਦੇਸ਼ 'ਚ ਖੇਡੇ ਜਾਣ ਵਾਲੇ 34 ਮੈਚਾਂ ਲਈ ਹੋਵੇਗੀ। ਭਾਰਤੀ ਸਮਾਰਟਫੋਨ ਬਾਜ਼ਾਰ 7 ਫੀਸਦੀ ਸਾਲਾਨਾ ਦੀ ਤੇਜ਼ ਰਫਤਾਰ ਨਾਲ ਵਧ ਰਿਹਾ ਹੈ, ਉਹ ਵੀ ਉਦੋਂ ਜਦੋਂ ਬਾਕੀ ਜਹਾਨ ਵਿਚ ਇਹ 6 ਫੀਸਦੀ ਦੀ ਦਰ ਨਾਲ ਸੁੰਗੜ ਰਿਹਾ ਹੈ ਪਰ ਭਾਰਤ ਵਿਚ ਸਿਰਫ ਓਪੋ ਹੀ ਸਮਾਰਟਫੋਨ ਵੇਚਣ ਵਾਲੀ ਚੀਨੀ ਕੰਪਨੀ ਨਹੀਂ। ਭਾਰਤੀ ਸਮਾਰਟਫੋਨ ਬਾਜ਼ਾਰ ਉਤੇ ਚਾਰ ਚੀਨੀ ਸਮਾਰਟਫੋਨ ਬਰਾਂਡਾਂ - ਓਪੋ, ਸ਼ਾਓਮੀ, ਵੀਵੋ ਅਤੇ ਹੁਆਵੇ ਦਾ ਦਬਦਬਾ ਹੈ ਜਿਨ੍ਹਾਂ ਨੂੰ ਥੋੜ੍ਹਾ ਕਾਬਿਲੇ-ਜ਼ਿਕਰ ਮੁਕਾਬਲਾ ਦੱਖਣੀ ਕੋਰੀਆ ਦੀ ਸੈਮਸੰਗ ਹੀ ਦੇ ਰਹੀ ਹੈ। ਹਿੰਦੋਸਤਾਨ ਵਿਚ ਚੀਨੀ ਸਮਾਰਟਫੋਨਾਂ ਦੀ ਇਕਜੁੱਟ ਵਿਕਰੀ ਪੰਜਾਹ ਹਜ਼ਾਰ ਕਰੋੜ ਰੁਪਏ ਤੋਂ ਵੱਧ ਹੋਣ ਦਾ ਅੰਦਾਜ਼ਾ ਹੈ। ਚੀਨੀ ਟੈਲੀਕਾਮ ਕੰਪਨੀਆਂ ਭਾਰਤ ਵਿਚ ਜ਼ੋਰਦਾਰ ਢੰਗ ਨਾਲ ਕੰਮ ਕਰਦੀਆਂ ਤੇ ਮੁਕਾਬਲਾ ਦਿੰਦੀਆਂ ਹਨ। ਇਸ ਦੇ ਬਾਵਜੂਦ ਭਾਰਤ ਦੀਆਂ ਚਿੰਤਾਵਾਂ ਚੀਨ ਦੀ ਦਿਓਕੱਦ ਕੰਪਨੀ ਹੁਆਵੇ ਵਲੋਂ ਹਿੰਦੋਸਤਾਨ ਦੇ ਸਮੁੱਚੇ ਸੰਚਾਰ ਬੁਨਿਆਦੀ ਢਾਂਚੇ ਉਤੇ ਕਬਜ਼ਾ ਕਰਨ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਕਾਰਨ ਵਧਦੀਆਂ ਹਨ। ਹੁਆਵੇ ਨੇ ਭਾਰਤ ਦੇ ਇਲੈਕਟ੍ਰਾਨਿਕਸ ਤੇ ਸੰਚਾਰ ਸੈਕਟਰਾਂ ਵਿਚ ਗੂੜ੍ਹੀ ਪੈਂਠ ਬਣਾਉਣ ਦੇ ਆਪਣੇ ਇਰਾਦੇ ਕਦੇ ਲੁਕਾਏ ਵੀ ਨਹੀਂ।

ਆਲਮੀ ਸੰਚਾਰ ਪ੍ਰਬੰਧ 'ਤੇ ਵੱਧ ਤੋਂ ਵੱਧ ਕਬਜ਼ੇ ਦੀਆਂ ਚੀਨੀ ਕੋਸ਼ਿਸ਼ਾਂ ਵਿਚ ਹੁਆਵੇ ਇਸ ਦਾ ਸਭ ਤੋਂ ਵੱਡਾ ਔਜ਼ਾਰ ਹੈ ਤੇ ਪੇਈਚਿੰਗ ਵਲੋਂ ਇਸ ਦੇ 5ਜੀ ਟੈਲੀਕਾਮ ਨੈਟਵਰਕ ਨੂੰ ਆਲਮੀ ਪੱਧਰ 'ਤੇ ਫੈਲਾਉਣ ਲਈ ਪੂਰੀ ਵਾਹ ਲਾਈ ਜਾ ਰਹੀ ਹੈ। ਚੀਨ ਦੀ ਪੂਰੀ ਕੋਸ਼ਿਸ਼ ਹੈ ਕਿ ਇਹ ਭਾਰਤ ਵਿਚ ਵਰਤੋਂ ਲਈ 5ਜੀ ਟੈਲੀਕਾਮ ਨੈਟਵਰਕ ਵਿਕਸਤ ਕਰਨ ਪੱਖੋਂ ਆਪਣਾ ਹੱਥ ਉਚਾ ਰੱਖ ਸਕੇ। ਉਹ ਇਹ ਗੱਲ ਜ਼ਾਹਰ ਵੀ ਕਰ ਚੁੱਕਾ ਹੈ ਕਿ ਉਹ ਭਾਰਤ ਵਿਚ 5ਜੀ ਸਮਾਰਟਫੋਨ ਵਿਕਸਤ ਕਰਨ ਲਈ ਤਿਆਰ ਹੈ। ਹੁਆਵੇ ਦੇ ਬੰਗਲੌਰ ਸਥਿਤ ਖੋਜ ਤੇ ਵਿਕਾਸ ਕੇਂਦਰ ਵਿਚ 3000 ਤੋਂ ਵੱਧ ਮੁਲਾਜ਼ਮ ਹਨ। ਇਸ ਦੀ ਭਾਰਤ ਵਿਚ ਤੇ ਹਰ ਕਿਤੇ ਉਪਰਲੀ ਮੈਨੇਜਮੈਂਟ ਤੇ ਯੋਜਨਾਬੰਦੀ ਦਾ ਢਾਂਚਾ ਸਿਰਫ ਚੀਨੀ ਅਫਸਰਾਂ 'ਤੇ ਆਧਾਰਤ ਹੈ। ਜਿਵੇਂ ਇਕ ਭਾਰਤੀ ਵਿਗਿਆਨੀ ਦਾ ਕਹਿਣਾ ਸੀ ਕਿ ਹੋਰਨਾਂ ਚੀਨੀ ਕੰਪਨੀਆਂ ਵਾਂਗ ਹੀ ਹੁਆਵੇ ਵੀ ਭਾਰਤੀਆਂ ਨੂੰ ਮਹਿਜ਼ 'ਸਾਈਬਰ ਕੁਲੀਆਂ' ਵਜੋਂ ਵਰਤਦੀ ਹੈ ਜਦੋਂਕਿ ਨੀਤੀਆਂ ਬਣਾਉਣ, ਚਲਾਉਣ ਤੇ ਲਾਗੂ ਕਰਨ ਦਾ ਸਾਰਾ ਦਾਰੋਮਦਾਰ ਚੀਨੀ ਅਫਸਰਾਂ 'ਤੇ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਵੀ ਨਹੀਂ। ਚੀਨ ਵਲੋਂ ਇਹ ਲੋਟੂ ਤਰੀਕਾ ਦੁਨੀਆਂ ਭਰ ਵਿਚ ਇਸਤੇਮਾਲ ਕੀਤਾ ਜਾਂਦਾ ਹੈ, ਖਾਸਕਰ ਵਿਕਾਸਸ਼ੀਲ ਮੁਲਕਾਂ ਵਿਚ। ਉਹ 'ਤਕਨੀਕ ਦਾ ਤਬਾਦਲਾ ਹਰਗਿਜ਼ ਨਹੀਂ' ਦੀ ਨੀਤੀ ਉਤੇ ਚੱਲਦੇ ਹਨ। ਭਾਰਤ ਵਿਚ ਆਸਾਨੀ ਨਾਲ ਸਸਤੇ ਮੁਲਾਜ਼ਮ-ਮਜ਼ਦੂਰ ਮਿਲ ਜਾਂਦੇ ਹਨ ਜਿਨ੍ਹਾਂ ਨੂੰ ਮਹਿੰਗੇ 5ਜੀ 'ਸਮਾਰਟਫੋਨਜ਼' ਲਈ ਇਸਤੇਮਾਲ ਕਰ ਕੇ ਚੀਨ ਖੁਦ 'ਸਮਾਰਟ' ਦੌਲਤ ਕਮਾਵੇਗਾ! ਦਿਲਚਸਪ ਗੱਲ ਹੈ ਕਿ ਹੁਆਵੇ ਦਾ ਨਾਲ ਹੀ ਭਾਰਤ ਵਿਚ 'ਮਸਨੂਈ ਸਿਆਣਪ' ਵਿਚਲੀ ਆਪਣੀ ਮੁਹਾਰਤ ਨੂੰ ਹੁਲਾਰਾ ਦੇਣ ਦਾ ਵੀ ਇਰਾਦਾ ਹੈ।

ਚੀਨੀਆਂ ਦਾ ਅਮਰੀਕਾ ਤੇ ਇਸ ਦੇ ਕੁਝ ਯੂਰਪੀ ਇਤਹਾਦੀਆਂ ਨਾਲ 5ਜੀ ਨੈਟਵਰਕ ਤੇ ਇਸ ਦੇ ਸਾਜ਼ੋ-ਸਾਮਾਨ ਮੁਤੱਲਕ ਜ਼ੋਰਦਾਰ ਮੁਕਾਬਲਾ ਚੱਲ ਰਿਹਾ ਹੈ ਅਤੇ ਭਾਰਤ ਇਸ ਲੜਾਈ ਵਿਚ ਫਸ ਗਿਆ ਹੈ। ਇਹ ਸਮਾਂ ਹੈ, ਜਦੋਂ ਭਾਰਤ ਨੂੰ ਸਮਝ ਤੇ ਮੰਨ ਲੈਣਾ ਚਾਹੀਦਾ ਹੈ ਕਿ ਇਸ ਦਾ ਉਚ-ਤਕਨਾਲੋਜੀ (ਹਾਈ-ਟੈੱਕ) ਪੱਖੋਂ ਆਲਮੀ ਪੱਧਰ 'ਤੇ ਨਾਂ ਬਣਾਉਣ ਦਾ ਸੁਪਨਾ ਉਦੋਂ ਤੱਕ ਪੂਰਾ ਨਹੀਂ ਹੋ ਸਕਦਾ, ਜਦੋਂ ਤੱਕ ਇਹ ਆਪਣੀ ਸਵੈ-ਨਿਰਭਰ ਇਲੈਕਟ੍ਰਾਨਿਕਸ ਸਨਅਤ ਵਿਕਸਤ ਨਹੀਂ ਕਰ ਲੈਂਦਾ ਜਿਹੜੀ ਦੇਸੀ ਖੋਜ ਅਤੇ ਦੇਸੀ ਪੱਧਰ 'ਤੇ ਹੀ ਤਿਆਰ ਸੈਮੀ-ਕੰਡਕਟਰਾਂ ਤੇ ਕੰਪਿਊਟਰ ਚਿੱਪਾਂ 'ਤੇ ਆਧਾਰਿਤ ਹੋਵੇ। ਅਜਿਹੇ ਖੇਤਰਾਂ ਵਿਚ ਸਾਡੇ ਵਲੋਂ ਤਾਇਵਾਨ ਨਾਲ ਕੀਤੇ ਜਾ ਰਹੇ ਮਿਲਵਰਤਣ ਉਤੇ ਚੀਨ ਵਲੋਂ ਮਚਾਈ ਜਾਂਦੀ ਹਾਏ-ਤੌਬਾ ਦੀ ਸਾਨੂੰ ਪਰਵਾਹ ਨਹੀਂ ਕਰਨੀ ਚਾਹੀਦੀ। ਇਸ ਦੀ ਥਾਂ ਇਸ ਵਕਤ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਕੋਈ ਵੀ ਰਾਹ ਬੰਦ ਨਾ ਕਰੀਏ ਤੇ ਪੂਰੀ ਸੰਜੀਦਗੀ ਨਾਲ ਆਪਣਾ ਹਾਈ-ਟੈੱਕ ਸਨਅਤੀ ਆਧਾਰ ਮਜ਼ਬੂਤ ਕਰਦੇ ਜਾਈਏ। ਅਸੀਂ ਯਕੀਨਨ ਆਪਣਾ ਅਜਿਹਾ ਢਾਂਚਾ ਨਹੀਂ ਸਿਰਜ ਸਕਦੇ ਜਿੱਥੇ ਚੀਨੀ ਕੰਪਨੀਆਂ ਵਲੋਂ ਭਾਰਤ ਨੂੰ 'ਮੇਕ ਇਨ ਇੰਡੀਆ' ਦੇ ਨਾਂ ਉਤੇ ਮਹਿਜ਼ ਉਪਰਕਨਾਂ ਦੇ ਹਿੱਸੇ-ਪੁਰਜ਼ੇ ਜੋੜਨ (ਅਸੈਂਬਲਿੰਗ) ਵਾਲਾ ਟਿਕਾਣਾ ਬਣਾ ਦਿੱਤਾ ਜਾਵੇ, ਜਦੋਂਕਿ ਇਸ ਤਰ੍ਹਾਂ ਤਿਆਰ ਮਾਲ ਉਤੇ ਬਰਾਂਡ ਨਾਂ ਚੀਨੀ ਕੰਪਨੀਆਂ ਦਾ ਲੱਗੇ! ਕੌਮਾਂਤਰੀ 'ਸਪਲਾਈ ਲੜੀਆਂ' ਦੀ ਧਾਰਨਾ ਨੂੰ ਹੱਲਾਸ਼ੇਰੀ ਦੇਣ ਦਾ ਇਹ ਮਤਲਬ ਨਹੀਂ ਕਿ ਅਸੀਂ ਉਹ ਬਣਦੇ ਜਾਈਏ ਜਿਨ੍ਹਾਂ ਨੂੰ ਨਿੰਦਣਯੋਗ ਢੰਗ ਨਾਲ ਚੀਨ ਦੇ 'ਸਾਈਬਰ ਕੁਲੀ' ਕਰਾਰ ਦਿੱਤਾ ਜਾਂਦਾ ਹੈ। ਇਸ ਹਾਲਾਤ ਵਿਚ ਦੇਖਣ ਵਾਲੀ ਗੱਲ ਹੋਵੇਗੀ ਕਿ ਅਸੀਂ ਮੁਲਕ ਵਿਚ 5ਜੀ ਦੀ ਪੇਸ਼ਕਾਰੀ ਨਾਲ ਕਿਵੇਂ ਸਿੱਝਦੇ ਹਾਂ। ਸਾਨੂੰ ਇਸ ਮੁਤੱਲਕ ਵੀਅਤਨਾਮ ਤੋਂ ਸੇਧ ਲੈਣੀ ਚਾਹੀਦੀ ਹੈ।

ਭਾਰਤ ਵਿਚ ਚੀਨ ਦੇ ਆਰਥਿਕ ਹਿੱਤ ਮਹਿਜ਼ ਇਲੈਕਟ੍ਰਾਨਿਕ ਤੇ ਸੰਚਾਰ ਤੱਕ ਮਹਿਦੂਦ ਨਹੀਂ। ਚੀਨ ਨੇ ਭਾਰਤੀ ਅਰਥਚਾਰੇ ਦੇ ਹੋਰ ਅਹਿਮ ਖੇਤਰਾਂ ਜਿਵੇਂ ਉਸਾਰੀ, ਢੋਆ-ਢੁਆਈ ਤੇ ਊਰਜਾ ਵਿਚ ਵੀ ਦਾਖਲ ਹੋਣ 'ਚ ਡੂੰਘੀ ਦਿਲਚਸਪੀ ਦਿਖਾਈ ਹੈ। ਹਿੰਦੋਸਤਾਨ ਦੇ ਊਰਜਾ ਖੇਤਰ ਵਿਚ ਚੀਨ ਦੀ ਪਹਿਲਾਂ ਹੀ ਕਾਫੀ ਸ਼ਮੂਲੀਅਤ ਹੈ। ਚੀਨੀ ਕੰਪਨੀਆਂ ਭਾਰਤ ਭਰ ਵਿਚ ਵਾਧੂ 20 ਹਜ਼ਾਰ ਮੈਗਾਵਾਟ ਬਿਜਲੀ ਮੁਹੱਈਆ ਕਰਾਉਣ ਲਈ ਤਿਆਰ ਜਾਪਦੀਆਂ ਹਨ। ਹੁਣ ਚੀਨੀ ਕੰਪਨੀਆਂ ਨਿੱਗਰ ਕਦਮੀਂ ਆਂਧਰਾ ਪ੍ਰਦੇਸ਼ ਵਿਚ ਸੂਰਜੀ ਊਰਜਾ ਖੇਤਰ ਵਿਚ ਦਾਖਲ ਹੋ ਰਹੀਆਂ ਹਨ। ਇਨ੍ਹਾਂ ਕੰਪਨੀਆਂ ਦਾ ਭਾਰਤ ਵਿਚ ਸੂਰਜੀ ਤੇ ਪੌਣ ਊਰਜਾ ਵਿਕਾਸ ਵਿਚ ਤਿੰਨ ਅਰਬ ਡਾਲਰ ਦਾ ਨਿਵੇਸ਼ ਕਰਨ ਦਾ ਅਹਿਦ ਹੈ। ਇਸ ਦੌਰਾਨ ਜਿਥੇ ਚੀਨ ਨੂੰ ਸਹੀ ਬੋਲੀ ਦੇਣ 'ਤੇ ਪ੍ਰੋਜੈਕਟਾਂ ਵਿਚ ਵਾਜਬ ਹਿੱਸਾ ਨਾ ਦਿੱਤੇ ਜਾਣ ਦਾ ਕੋਈ ਕਾਰਨ ਨਹੀਂ ਬਣਦਾ, ਉਥੇ ਲੋੜ ਇਸ ਗੱਲ ਦੀ ਹੈ ਕਿ ਭਾਰਤ ਵਲੋਂ ਇਨ੍ਹਾਂ ਪ੍ਰੋਜੈਕਟਾਂ ਲਈ ਆਪਣੇ ਇੰਜਨੀਅਰਾਂ ਤੇ ਆਪਣੇ ਉਦਮਾਂ ਵਲੋਂ ਡਿਜ਼ਾਈਨ ਤੇ ਤਿਆਰ ਸਾਜ਼ੋ-ਸਾਮਾਨ ਦੀ ਵਰਤੋਂ ਉਤੇ ਜ਼ੋਰ ਦਿੱਤਾ ਜਾਵੇ।

ਚੀਨ ਇਸ ਦੌਰਾਨ ਲਾਜ਼ਮੀ ਤੌਰ 'ਤੇ ਪੱਕਾ ਵਪਾਰੀ ਬਣਿਆ ਰਹੇਗਾ ਜਿਸ ਦੌਰਾਨ ਉਹ ਆਪਣੀਆਂ ਵਾਧੂ ਦੀਆਂ ਉਸਾਰੀ ਸਮਰੱਥਾਵਾਂ ਨੂੰ ਵਿਦੇਸ਼ਾਂ ਵਿਚਲੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਲਈ ਵਰਤ ਕੇ ਆਪਣਾ ਆਰਥਿਕ ਅਸਰ-ਰਸੂਖ ਵਧਾਉਂਦਾ ਰਹੇਗਾ। ਅਕਸਰ ਬਾਅਦ ਵਿਚ ਅਜਿਹੇ ਪ੍ਰੋਜੈਕਟ, ਇਨ੍ਹਾਂ ਦੇ ਪ੍ਰਾਪਤਕਰਤਾ ਮੁਲਕਾਂ ਲਈ ਪਹੁੰਚ ਤੋਂ ਬਾਹਰ ਹੋ ਜਾਂਦੇ ਹਨ। ਚੀਨ ਦੇ ਵਪਾਰਵਾਦੀ ਰਵੱਈਏ ਦੀ ਉਘੜਵੀਂ ਮਿਸਾਲ ਇਸ ਗੱਲ ਤੋਂ ਮਿਲਦੀ ਹੈ ਕਿ ਕਿਵੇਂ ਸ੍ਰੀਲੰਕਾ ਵਲੋਂ ਆਪਣੀ ਹੰਬਨਟੋਟਾ ਬੰਦਰਗਾਹ ਵਾਸਤੇ ਲਏ ਕਰਜ਼ ਨੂੰ ਮੋੜਨ ਤੋਂ ਅਸਮਰੱਥ ਰਹਿਣ ਦੇ ਇਵਜ਼ ਵਿਚ ਚੀਨ ਨੇ ਇਸ ਬੰਦਰਗਾਹ ਨੂੰ ਆਪਣਾ ਸਮੁੰਦਰੀ ਫੌਜੀ ਅੱਡਾ ਬਣਾਉਣਾ ਚਾਹਿਆ। ਪੂਰਬੀ ਅਫਰੀਕੀ ਮੁਲਕਾਂ ਕੀਨੀਆ ਤੇ ਇਥੋਪੀਆ ਨੂੰ ਵੀ ਅਜਿਹਾ ਹੀ ਤਜਰਬਾ ਹੋ ਰਿਹਾ ਹੈ।

ਇਨ੍ਹਾਂ ਹਾਲਾਤ ਦੌਰਾਨ, ਆਲਮੀ ਬਾਜ਼ਾਰਾਂ ਉਤੇ ਗ਼ਲਬਾ ਪਾ ਲੈਣ ਦੀ ਚੀਨੀ ਖਾਹਿਸ਼ ਪ੍ਰਤੀ ਅਮਰੀਕਾ ਤੇ ਇਸ ਦੇ ਯੂਰਪੀ ਇਤਹਾਦੀਆਂ ਵਲੋਂ ਆਪਣੀ ਪਹੁੰਚ ਵਿਚ ਢੁਕਵੀਂ ਤਬਦੀਲੀ ਕੀਤੇ ਜਾਣ ਦੀ ਉਮੀਦ ਕੀਤੀ ਜਾ ਸਕਦੀ ਹੈ। ਇਸ ਦੇ ਮੱਦੇਨਜ਼ਰ ਭਾਰਤ ਨੂੰ ਚਾਹੀਦਾ ਹੈ ਕਿ ਉਹ ਵਧੀਆ ਢੰਗ ਨਾਲ ਕੰਮ ਕਰਦਾ ਹੋਇਆ ਅਜਿਹੀਆਂ ਜੁਗਤਾਂ ਘੜੇ ਕਿ ਇਹ ਮੁਲਕ ਤੇ ਉਨ੍ਹਾਂ ਦੇ ਭਾਈਵਾਲ ਹਿੰਦੋਸਤਾਨ ਨੂੰ ਨਿਵੇਸ਼ ਲਈ ਵਧੀਆ ਟਿਕਾਣੇ ਵਜੋਂ ਦੇਖਣ। ਸਾਨੂੰ ਨਾਲ ਹੀ ਅਰਬ ਤੇ ਖਾੜੀ ਮੁਲਕਾਂ ਦੇ ਆਪਣੇ ਗੁਆਂਢੀਆਂ ਜਿਵੇਂ ਸਾਊਦੀ ਅਰਬ, ਯੂਏਈ ਤੇ ਕੁਵੈਤ ਆਦਿ ਤੋਂ ਪੈਟਰੋ-ਕੈਮੀਕਲ ਸਨਅਤਾਂ ਵਿਚ ਵਧੇਰੇ ਨਿਵੇਸ਼ ਹਾਸਲ ਕਰਨਾ ਚਾਹੀਦਾ ਹੈ, ਕਿਉਂਕਿ ਅਸੀਂ ਪਹਿਲਾਂ ਹੀ ਪੈਟਰੋਲੀਅਮ ਤੇ ਪੈਟਰੋ-ਕੈਮੀਕਲ ਉਤਪਾਦਾਂ ਦੇ ਵੱਡੇ ਬਰਾਮਦਕਾਰ ਹਾਂ। ਚੀਨ ਹਾਲੀਆ ਸਮੇਂ ਦੌਰਾਨ ਆਪਣੇ ਸਮੁੰਦਰੀ ਗੁਆਂਢੀਆਂ ਵੀਅਤਨਾਮ, ਫਿਲਪੀਨਜ਼ ਤੇ ਮਲੇਸ਼ੀਆ ਤੱਕ ਨੂੰ ਧਮਕਾਉਂਦਾ ਰਿਹਾ ਹੈ। ਪਰ ਭਾਰਤ ਨੂੰ ਇਹ ਸਹੀ ਸਲਾਹ ਦਿੱਤੀ ਗਈ ਹੈ ਕਿ ਉਹ ਚੀਨ ਨਾਲ ਸਬੰਧਾਂ 'ਚ ਟਕਰਾਅ ਵਾਲੇ ਹਾਲਾਤ ਬਣਨ ਦੇਣ ਤੋਂ ਪਰਹੇਜ਼ ਕਰੇ।

ਸਭ ਤੋਂ ਵੱਡੀ ਗੱਲ ਇਹ ਕਿ ਭਾਰਤ ਨੂੰ ਰਣਨੀਤਕ ਸਨਅਤਾਂ ਜਿਵੇਂ ਇਲੈਕਟ੍ਰਾਨਿਕਸ ਵਿਚ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰਨ ਲਈ ਜ਼ੋਰਦਾਰ ਕਦਮ ਉਠਾਉਣੇ ਚਾਹੀਦੇ ਅਤੇ ਨਾਲ ਹੀ ਸਨਅਤੀ ਤੇ ਬੁਨਿਆਦੀ ਢਾਂਚਾ ਵਿਕਾਸ ਨੂੰ ਤਵੱਜੋ ਦੇਣੀ ਚਾਹੀਦੀ ਹੈ। ਅਜਿਹਾ ਦੱਖਣੀ ਕੋਰੀਆ ਤੇ ਜਪਾਨ ਵਰਗੇ ਮੁਲਕਾਂ ਨਾਲ ਮਿਲ ਕੇ ਕੀਤਾ ਜਾ ਸਕਦਾ ਹੈ। ਸਾਨੂੰ ਆਪਣੀ ਆਰਥਿਕ ਤੇ ਰਣਨੀਤਕ ਸੋਚ ਤੋਂ 'ਵਿਸ਼ਵੀਕਰਨ' ਨੂੰ ਲਾਂਭੇ ਕਰ ਕੇ ਸਵੈ-ਨਿਰਭਰਤਾ ਉਤੇ ਵੱਧ ਤੋਂ ਵੱਧ ਜ਼ੋਰ ਦੇਣਾ ਚਾਹੀਦਾ ਹੈ। ਸਾਨੂੰ ਇਸ ਤੱਥ ਵਲ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਭਾਰਤ ਦਾ ਚੀਨ ਨਾਲ ਸਾਲਾਨਾ 60 ਅਰਬ ਡਾਲਰ ਦਾ ਭਾਰੀ ਵਪਾਰ ਘਾਟਾ ਹੈ ਜਿਹੜਾ ਕਿਸੇ ਤਰ੍ਹਾਂ ਵੀ ਵਾਜਬ ਨਹੀਂ, ਖਾਸਕਰ ਅਜਿਹੇ ਹਾਲਾਤ ਵਿਚ ਜਦੋਂ ਆਲਮੀ ਬਾਜ਼ਾਰ ਸੁੰਗੜ ਰਹੇ ਹਨ।

# ਪਰਗਟ ਸਿੰਘ ਦਾ ਪੈਨਲਟੀ ਕਾਰਨਰ

ਪਰਗਟ ਸਿੰਘ ਫਿਰ ਪੈਨਲਟੀ ਕਾਰਨਰ ਲਾਉਣ ਲੱਗੈ। ਵੇਖਦੇ ਹਾਂ, ਗੋਲ ਹੁੰਦਾ ਕਿ ਨਹੀਂ? ਕੁਝ ਸਾਲ ਪਹਿਲਾਂ ਪਰਗਟ ਸਿੰਘ ਨੂੰ ਬਾਦਲਾਂ ਨੇ ਮੁੱਖ ਸੰਸਦੀ ਸਕੱਤਰ ਬਣਨ ਦਾ ਚੋਗਾ ਪਾਇਆ ਸੀ, ਜੋ ਉਸ ਨੇ ਨਹੀਂ ਸੀ ਚੁਗਿਆ। ਉਦੋਂ ਦੋਸਤਾਂ-ਮਿੱਤਰਾਂ ਨੇ ਸੁਚੇਤ ਕਰਦਿਆਂ ਕਿਹਾ ਸੀ, "ਪਰਗਟ, ਤੂੰ ਪਰਗਟ ਈ ਰਹੀਂ!" ਅਤੇ ਪਰਗਟ, ਪਰਗਟ ਹੀ ਰਿਹਾ! ਫਿਰ ਕੈਪਟਨ ਨੇ ਸਲਾਹਕਾਰ ਬਣਨ ਦਾ ਜਾਲ ਸੁੱਟਿਆ। ਉਹ ਉਸ ਵਿਚ ਵੀ ਨਾ ਫਸਿਆ। ਹੁਣ ਪਰਗਟ ਫਿਰ ਪਰਗਟ ਹੋ ਗਿਐ।

ਬਾਦਲ ਅਕਾਲੀ ਦਲ ਨੇ ਉਸ ਨੂੰ ਬਿਨਾ ਵਜ੍ਹਾ ਪਾਰਟੀ 'ਚੋਂ ਕੱਢ ਦਿੱਤਾ ਸੀ। ਫਿਰ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇਣ ਵਾਲੇ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਵਿਚ ਪਰਗਟ ਤੇ ਬੈਂਸ ਭਰਾਵਾਂ ਨੇ ਪੰਜਾਬ ਮੋਰਚੇ ਦੀ ਨੀਂਹ ਰੱਖੀ, ਪਰ ਉਸ ਉਤੇ ਕੋਈ ਉਸਾਰੀ ਨਾ ਹੋ ਸਕੀ। ਸਗੋਂ ਨੀਂਹਾਂ ਹੀ ਪੂਰ ਦਿੱਤੀਆਂ ਗਈਆਂ ਤੇ ਬੈਂਸ ਭਰਾਵਾਂ ਨੇ ਆਪਣੀ ਲੋਕ ਇਨਸਾਫ ਪਾਰਟੀ ਦਾ ਆਮ ਆਦਮੀ ਪਾਰਟੀ ਨਾਲ ਗੱਠਜੋੜ ਕਰ ਲਿਆ ਸੀ।

**ਪ੍ਰਿੰ. ਸਰਵਣ ਸਿੰਘ**

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 2012 ਵਿਚ ਜਲੰਧਰ ਛਾਉਣੀ ਦੀ ਸੀਟ ਜਿੱਤਣ ਲਈ ਹੀ ਪਰਗਟ ਸਿੰਘ ਤੋਂ ਪੰਜਾਬ ਖੇਡ ਵਿਭਾਗ ਦੀ ਡਾਇਰੈਕਟਰੀ ਛੁਡਾਈ ਸੀ। ਉਹ ਪੂਰੀ ਇਮਾਨਦਾਰੀ ਨਾਲ ਖੇਡ ਵਿਭਾਗ ਦੀ ਸੇਵਾ ਕਰ ਰਿਹਾ ਸੀ, ਪਰ ਉਸ ਨੂੰ ਮੱਲੋਜ਼ੋਰੀ ਨਾਲ ਸਿਆਸਤ ਵਿਚ ਆਉਣ ਲਈ ਮਜਬੂਰ ਕੀਤਾ ਗਿਆ। ਜਲੰਧਰ ਛਾਉਣੀ ਦੀ ਸੀਟ ਕਾਂਗਰਸ ਦੀ ਪੱਕੀ ਸੀਟ ਸਮਝੀ ਜਾਂਦੀ ਸੀ। ਉਦੋਂ ਪਰਗਟ ਸਿੰਘ ਜਿਹਾ ਪ੍ਰਸਿੱਧ ਖਿਡਾਰੀ ਤੇ ਇਮਾਨਦਾਰ ਵਿਅਕਤੀ ਹੀ ਇਹ ਸੀਟ ਅਕਾਲੀ ਦਲ ਨੂੰ ਜਿਤਾ ਸਕਦਾ ਸੀ। ਜੋ ਕਹਿੰਦੇ ਸਨ ਕਿ ਅਕਾਲੀ ਦਲ ਨੇ ਪਰਗਟ ਨੂੰ ਟਿਕਟ ਦੇ ਕੇ ਅਹਿਸਾਨ ਕੀਤਾ, ਉਨ੍ਹਾਂ ਨੂੰ 2017 'ਚ ਪਤਾ ਲੱਗ ਗਿਆ ਕਿ ਸਪੋਰਟਸ ਡਾਇਰੈਕਟਰੀ ਛੱਡ ਕੇ ਉਲਟਾ ਪਰਗਟ ਸਿੰਘ ਨੇ ਬਾਦਲਾਂ 'ਤੇ ਅਹਿਸਾਨ ਕੀਤਾ ਸੀ।

ਪਰਗਟ ਨੇ ਹਾਕੀ ਦੇ 313 ਕੌਮਾਂਤਰੀ ਮੈਚ ਖੇਡੇ, ਜਿਨ੍ਹਾਂ 'ਚੋਂ 168 ਮੈਚਾਂ ਵਿਚ ਉਹ ਭਾਰਤੀ ਟੀਮਾਂ ਦਾ ਕਪਤਾਨ ਸੀ। ਭਾਰਤ ਦਾ ਉਹ ਇਕੋ-ਇਕ ਖਿਡਾਰੀ ਹੈ, ਜੋ ਦੋ ਓਲੰਪਿਕਸ ਵਿਚ ਭਾਰਤੀ ਹਾਕੀ ਟੀਮਾਂ ਦਾ ਕਪਤਾਨ ਬਣਿਆ। ਉਸ ਨੇ ਚੈਂਪੀਅਨਜ਼ ਹਾਕੀ ਟਰਾਫੀ ਤੋਂ ਲੈ ਕੇ ਹਾਕੀ ਦੇ ਵਿਸ਼ਵ ਕੱਪ, ਏਸ਼ੀਆ ਕੱਪ, ਸੈਫ ਖੇਡਾਂ, ਏਸ਼ਿਆਈ ਖੇਡਾਂ ਤੇ ਓਲੰਪਿਕਸ ਖੇਡਾਂ ਵਿਚ ਵੀ ਭਾਰਤੀ ਹਾਕੀ ਟੀਮਾਂ ਦੀਆਂ ਕਪਤਾਨੀਆਂ ਕੀਤੀਆਂ। ਉਹ ਏਸ਼ੀਅਨ ਆਲ ਸਟਾਰਜ਼ ਇਲੈਵਨ ਦਾ ਵੀ ਕਪਤਾਨ ਰਿਹਾ। ਉਹ ਅਰਜਨਾ ਅਵਾਰਡੀ ਅਤੇ ਰਾਜੀਵ ਗਾਂਧੀ ਖੇਲ ਰਤਨ ਅਵਾਰਡੀ ਹੈ ਤੇ ਉਸ ਨੂੰ ਪਦਮਸ੍ਰੀ ਦਾ ਪੁਰਸਕਾਰ ਵੀ ਮਿਲਿਆ ਹੋਇਐ। ਨਵਜੋਤ ਸਿੰਘ ਸਿੱਧੂ ਦੀਆਂ ਖੇਡ ਪ੍ਰਾਪਤੀਆਂ ਵੀ ਬਹੁਤ ਸਨ। ਉਹ ਵੀ ਪਰਗਟ ਸਿੰਘ ਵਾਂਗ ਪੰਜਾਬ ਦਾ ਮਾਣ ਹੈ ਤੇ ਭਾਰਤ ਦੀ ਸ਼ਾਨ।



ਦੋਵੇਂ ਖਿਡਾਰੀ-ਨਵਜੋਤ ਸਿੱਧੂ ਤੇ ਪਰਗਟ ਸਿੰਘ ਕਾਫੀ ਦੇਰ ਦਲੀਲਾਂ ਵਿਚ ਪਏ ਰਹੇ, ਪਈ 'ਆਪ' ਤੇ ਕਾਂਗਰਸ ਦੀਆਂ ਟੀਮਾਂ 'ਚੋਂ ਕੀਹਦੇ ਵੱਲੋਂ ਖੇਡੀਏ? ਟੀਮ ਦਾ ਕਪਤਾਨ/ਉਪ ਕਪਤਾਨ ਬਣਾਉਣ ਦੀ ਗੱਲ ਚਲਦੀ ਰਹੀ। ਜਿਵੇਂ ਸਪੋਰਟਸ ਲੀਗਾਂ ਲਈ ਕ੍ਰਿਕਟ ਤੇ ਹਾਕੀ ਦੇ ਖਿਡਾਰੀਆਂ ਦੀ ਬੋਲੀ ਲਗੱਦੀ ਹੈ, ਉਵੇਂ ਨਵਜੋਤ ਤੇ ਪਰਗਟ ਵੀ ਕਾਂਗਰਸ ਦੀ ਟੀਮ ਵਿਚ ਪਾ ਲਏ ਗਏ। ਫਿਰ ਉਨ੍ਹਾਂ ਨੇ ਉਹੀ ਕੁਝ ਕਰ ਵਿਖਾਇਆ, ਜਿਸ ਦੀ ਆਸ ਸੀ। ਨਵਜੋਤ ਦੇ ਛੱਕੇ ਤੇ ਪਰਗਟ ਦੇ ਪੈਨਲਟੀ ਕਾਰਨਰਾਂ ਨੇ ਕਾਂਗਰਸ ਦੀ ਟੀਮ ਨੂੰ ਤਕੜੀ ਜਿੱਤ ਦਿਵਾਈ।

ਪਰਗਟ ਸਿੰਘ ਦਾ ਜਨਮ 5 ਮਾਰਚ 1965 ਨੂੰ ਪਿੰਡ ਮਿੱਠਾਪੁਰ ਦੇ ਕਿਸਾਨ ਪਰਿਵਾਰ ਵਿਚ ਹੋਇਆ। ਉਹ ਜਲੰਧਰ ਦੇ ਸਕੂਲਾਂ, ਕਾਲਜਾਂ ਵਿਚ ਖੇਡਦਾ ਦੁਨੀਆਂ ਭਰ ਦੇ ਮੁਲਕਾਂ ਵਿਚ ਖੇਡਿਆ। ਪੰਜਾਬ ਪੁਲਿਸ ਵਿਚ ਉਸ ਨੂੰ ਸਿੱਧਾ ਡੀ. ਐਸ. ਪੀ. ਲੈ ਲਿਆ ਗਿਆ। 2005 ਵਿਚ ਉਸ ਨੂੰ ਪੰਜਾਬ ਪੁਲਿਸ ਦੀ ਸੁਪਰਡੈਂਟੀ ਤੋਂ ਪੁੱਟ ਕੇ ਪੰਜਾਬ ਦਾ ਸਪੋਟਰਸ ਡਾਇਰੈਕਟਰ ਬਣਾਇਆ ਗਿਆ। ਪੁਲਿਸ ਵਿਚ ਰਹਿੰਦਾ ਤਾਂ ਹੁਣ ਨੂੰ ਆਈ. ਜੀ./ਡੀ. ਜੀ. ਪੀ. ਦੇ ਅਹੁਦੇ ਤਕ ਪੁੱਜਾ ਹੁੰਦਾ। 2010 ਵਿਚ ਪੰਜਾਬ ਦਾ ਪਹਿਲਾ ਵਿਸ਼ਵ ਕਬੱਡੀ ਕੱਪ ਹੋਇਆ ਤਾਂ ਮੈਨੂੰ ਉਸ ਨਾਲ ਵਿਚਰਨ ਦਾ ਮੌਕਾ ਮਿਲਿਆ। ਉਦੋਂ ਮੈਂ ਉਸ ਨੂੰ ਕਾਫੀ ਨੇੜਿਓਂ ਜਾਣਿਆ। ਉਹ ਜ਼ਾਬਤੇ ਦਾ ਪੱਕਾ ਸੀ। ਉਸ ਨੇ ਕਬੱਡੀ ਖਿਡਾਰੀਆਂ ਦੇ ਅਸਲੀ ਡੋਪ ਟੈਸਟ ਕਰਾਉਣ ਦੀ ਅਹਿਮ ਭੂਮਿਕਾ ਨਿਭਾਈ। ਉਦੋਂ ਸਾਡੀ ਕੁਮੈਂਟੇਟਰਾਂ ਦੀ ਟੀਮ ਵਿਚ ਭਗਵੰਤ ਮਾਨ ਵੀ ਸ਼ਾਮਲ ਸੀ, ਜਿਸ ਦਾ ਆਨਰੇਰੀਅਮ ਲੱਖਾਂ ਰੁਪਏ ਸੀ।

ਪਰਗਟ ਦੀ ਪਤਨੀ ਬੀਬੀ ਬਰਿੰਦਰਜੀਤ ਕੌਰ ਸਾਬਕਾ ਗਵਰਨਰ ਮਰਹੂਮ ਦਰਬਾਰਾ ਸਿੰਘ ਦੀ ਧੀ ਹੈ। ਕੈਸੀ ਵਿਡੰਬਣਾ ਸੀ ਕਿ ਅਕਾਲੀ-ਭਾਜਪਾ ਸਰਕਾਰ ਨੇ ਐਮ. ਐਲ. ਏ. ਬਣੇ ਪਰਗਟ ਸਿੰਘ ਤੋਂ ਖੇਡਾਂ ਦਾ ਕੋਈ ਕੰਮ ਨਾ ਲਿਆ, ਸਗੋਂ ਪਰਗਟ ਨੇ ਖੇਡ ਡਾਇਰੈਕਟਰ ਹੁੰਦਿਆਂ ਜਿੰਨੀ ਕੁ ਜਾਨ ਖੇਡ ਵਿਭਾਗ 'ਚ ਪਾਈ ਸੀ, ਉਹ ਵੀ ਕੱਢ ਲਈ ਗਈ। ਖੇਡ ਮੰਤਰੀ ਨੇ ਖੇਡ ਵਿਭਾਗ ਨੂੰ ਸਰਕਾਰ ਦੀ ਸਸਤੀ ਸਿਆਸੀ ਸ਼ੁਹਰਤ ਲਈ ਲੋਕ ਸੰਪਰਕ ਵਿਭਾਗ ਹੀ ਬਣਾ ਲਿਆ!

ਪਹਿਲਾਂ ਅਕਾਲੀ ਦਲ ਤੇ ਪਿੱਛੋਂ ਕਾਂਗਰਸ ਦੀ ਸਰਕਾਰ ਨੇ ਪਰਗਟ ਸਿੰਘ ਤੋਂ ਖੇਡਾਂ ਦੀ ਪ੍ਰੋਮੋਸ਼ਨ ਦਾ ਕੋਈ ਕੰਮ ਨਾ ਲਿਆ, ਜਿਸ ਨਾਲ ਪੰਜਾਬ ਦੀ ਜੁਆਨੀ ਨਸ਼ੇ ਪੱਤੇ ਛੱਡ ਕੇ ਖੇਡਾਂ ਵਿਚ ਮੁੜ ਭਾਰਤ ਦੇ ਨਕਸ਼ੇ ਉਤੇ ਛਾ ਜਾਂਦੀ। ਹੁਣ ਤਾਂ ਹਰਿਆਣਾ ਹੀ ਖੇਡਾਂ ਵਿਚ ਪੰਜਾਬ ਨੂੰ ਅੱਗੇ ਨਹੀਂ ਲੰਘਣ ਦੇ ਰਿਹਾ। ਨਸ਼ਿਆਂ ਦੇ ਖਾਤਮੇ ਤੇ ਸਿਹਤਮੰਦ ਸਮਾਜ ਲਈ ਚੰਗੀ ਸਿੱਖਿਆ ਤੇ ਚੰਗੀਆਂ ਸਿਹਤ ਸਹੂਲਤਾਂ ਦੇ ਨਾਲ ਖੇਡਾਂ ਦੀ ਵੀ ਬੜੀ ਅਹਿਮੀਅਤ ਹੁੰਦੀ ਹੈ। ਦੋਹਾਂ ਪਾਰਟੀਆਂ ਨੇ ਖੇਡਾਂ ਦੇ ਮਾਹਿਰ ਪਰਗਟ ਸਿੰਘ ਨੂੰ ਖੇਡਾਂ ਤੋਂ ਦੂਰ ਰੱਖਿਆ ਤਾਂ ਕਿ ਉਹ ਕੋਈ 'ਪ੍ਰਾਪਤੀ' ਨਾ ਕਰ ਵਿਖਾਵੇ!

ਸਰਗਰਮ ਖੇਡ ਤੋਂ ਰਿਟਾਇਰ ਹੋ ਕੇ ਉਸ ਨੇ ਹਾਕੀ ਦਾ ਮੈਗਜ਼ੀਨ ਕੱਢਿਆ ਸੀ, ਜੋ ਪਿਛੋਂ ਬੰਦ ਹੋ ਗਿਆ। ਉਹ ਮੀਡੀਏ ਦਾ ਹਾਕੀ ਰਿਪੋਰਟਰ ਵੀ ਰਿਹਾ ਤੇ ਕੁਮੈਂਟੇਟਰ ਵੀ। ਜਿਹੜੇ ਹਾਕੀ ਅਧਿਕਾਰੀ ਹਾਕੀ ਪ੍ਰਤੀ ਸੁਹਿਰਦ ਨਹੀਂ ਸਨ, ਉਹ ਉਨ੍ਹਾਂ ਦੀ ਡਟ ਕੇ ਆਲੋਚਨਾ ਕਰਦਾ ਤੇ ਸੱਚੀ ਗੱਲ ਮੂੰਹ 'ਤੇ ਕਹਿੰਦਾ, ਭਾਵੇਂ ਉਸ ਦਾ ਨਿਜੀ ਨੁਕਸਾਨ ਹੀ ਕਿਉਂ ਨਾ ਹੁੰਦਾ ਹੋਵੇ। ਉਸ ਨੇ ਨਿਜੀ ਨੁਕਸਾਨ ਕਰਵਾਇਆ ਵੀ ਤੇ ਉਸ ਨੂੰ ਤਿੰਨ ਸਾਲ ਭਾਰਤੀ ਹਾਕੀ ਟੀਮਾਂ ਤੋਂ ਲਾਂਭੇ ਰਹਿਣਾ ਪਿਆ; ਪਰ ਇਹ ਉਸ ਦੀ ਖੇਡ ਦਾ ਜਾਦੂ ਸੀ ਕਿ ਅਧਿਕਾਰੀਆਂ ਨੂੰ ਮੁੜ ਮੁੜ ਉਸ ਨੂੰ ਟੀਮ ਵਿਚ ਪਾਉਣਾ ਪਿਆ।

ਪਰਗਟ ਬੁਨਿਆਦੀ ਤੌਰ 'ਤੇ ਖਿਡਾਰੀ ਹੈ। ਹਾਰ ਸਹਿਣੀ ਤੇ ਜਿੱਤ ਪਚਾਉਣੀ ਜਾਣਦਾ ਹੈ। ਨਿਜੀ ਖੇਡ ਦੀ ਥਾਂ ਟੀਮ ਖੇਡ ਨੂੰ ਤਰਜੀਹ ਦਿੰਦਾ ਰਿਹਾ ਹੈ। ਕਹਿੰਦਾ ਹੈ ਕਿ 'ਕੱਲਾ ਕੋਈ ਨਹੀਂ ਜਿੱਤ ਸਕਦਾ। ਹੁਣ ਵੀ ਉਹ ਇਹੋ ਕਹਿ ਰਿਹੈ ਕਿ ਸਿਆਸਤਦਾਨ ਨਿਜੀ ਗਰਜਾਂ ਤੋਂ ਉਪਰ ਉਠ ਕੇ ਪੰਜਾਬ ਦੇ ਹਿਤਾਂ ਦੀ ਪਹਿਰੇਦਾਰੀ ਕਰਨ। ਉਸ ਨੇ ਮੁੱਖ ਮੰਤਰੀ ਨੂੰ ਪਹਿਲਾਂ ਪੱਤਰ ਲਿਖੇ, ਮਿਲਿਆ ਤੇ ਹੁਣ ਪਾਣੀ ਸਿਰੋਂ ਲੰਘ ਜਾਣ 'ਤੇ ਕੂਕ ਪੁਕਾਰ ਕੀਤੀ ਹੈ ਕਿ ਸਾਰੇ ਵਿਧਾਇਕਾਂ ਦੀ ਮੀਟਿੰਗ ਸੱਦੋ ਕਿ ਪੰਜਾਬ ਨੂੰ ਬਚਾਉਣਾ ਤੇ ਵਿਕਾਸ ਦੀਆਂ ਲੀਹਾਂ 'ਤੇ ਕਿਵੇਂ ਪਾਉਣਾ ਹੈ?

ਵਕਤ ਬੀਤ ਰਿਹੈ, ਜਿਸ ਨੇ ਮੁੜ ਕੇ ਹੱਥ ਨਹੀਂ ਆਉਣਾ। ਪੰਜਾਬ, ਢਾਈ ਲੱਖ ਕਰੋੜ ਦੇ ਕਰਜ਼ੇ, ਕਰੋੜਾਂ ਦੀ ਕੁਰੱਪਸ਼ਨ, ਵੀ. ਆਈ. ਪੀ. ਤੇ ਸਲਾਹਕਾਰਾਂ ਦੇ ਫਜ਼ੂਲ ਖਰਚੇ, ਮਹਿਕਮਿਆਂ ਦੇ ਕੁਸ਼ਾਸਨ ਤੇ ਸਰਕਾਰੀ ਖਜਾਨੇ ਦੀ ਨੰਗੀ ਚਿੱਟੀ ਲੁੱਟ ਖੋਹ ਨਾਲ ਚੂੰਡਿਆ ਜਾ ਰਿਹੈ। ਜੇ ਹੁਣ ਵੀ ਨਹੀਂ ਜਾਗਾਂਗੇ ਤਾਂ ਚੋਣਾਂ ਵਿਚ ਵੋਟਰਾਂ ਨੂੰ ਕੀ ਮੂੰਹ ਵਿਖਾਵਾਂਗੇ? ਅਗਲੇ ਪਿੰਡਾਂ 'ਚ ਨਹੀਂ ਵੜਨ ਦੇਣਗੇ। ਬਾਦਲ ਅਕਾਲੀ ਦਲ ਵਾਂਗ ਮੂਧੇ ਮੂੰਹ ਡਿੱਗਾਂਗੇ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਰੇਤਾ ਬਜਰੀ, ਟਰਾਂਸਪੋਰਟ, ਕੇਬਲ, ਸ਼ਰਾਬ ਦੀ ਐਕਸਚਾਈਜ਼ ਦੀਆਂ ਚੋਰ ਮੋਰੀਆਂ, ਨਾਜਾਇਜ਼ ਕਾਲੋਨੀਆਂ, ਦੱਬੀਆਂ ਜਾਇਦਾਦਾਂ ਅਤੇ ਮਾਫੀਆ ਬਣੇ ਗੁੰਡੇ ਗ੍ਰੋਹਾਂ ਦੀਆਂ ਲੁੱਟਾਂ ਮਾਰਾਂ, ਨਸ਼ਿਆਂ ਦੀ ਸਮਗਲਿੰਗ, ਕਿਸਾਨੀ ਕਰਜ਼ਾ, ਬੇਰੁਜ਼ਗਾਰੀ ਅਤੇ ਸਿੱਖਿਆ ਤੇ ਸਿਹਤ ਸਹੂਲਤਾਂ ਦੇ ਨਿੱਤ ਦਿਨ ਭੈੜੇ ਤੋਂ ਭੈੜੇ ਹੋ ਰਹੇ ਹਾਲ ਨੂੰ ਪੰਜਾਬ ਦੇ ਲੋਕ ਭੁੱਲਣ ਵਾਲੇ ਨਹੀਂ। ਇਸੇ ਭੈੜ ਕਾਰਨ ਲੋਕਾਂ ਨੇ ਨਾ ਬਾਦਲਾਂ ਨੂੰ ਬਖਸ਼ਿਆ ਸੀ, ਨਾ ਹੁਣ ਕਾਂਗਰਸੀਆਂ ਨੂੰ ਮਾਫ ਕਰਨਗੇ। ਹਾਲੇ ਵੀ ਵੇਲਾ ਹੈ ਸੰਭਲ ਜਾਣ ਦਾ।

ਜਿਨ੍ਹਾਂ ਨੇ ਲੁੱਟਾਂ ਲੁੱਟੀਆਂ ਨੇ, ਕਰੋੜਾਂ-ਅਰਬਾਂ ਦੀਆਂ ਨਾਮੀ-ਬੇਨਾਮੀ ਜਾਇਦਾਦਾਂ ਬਣਾਈਆਂ ਨੇ, ਪੁੱਛੋ ਉਨ੍ਹਾਂ ਨੂੰ ਕਿਵੇਂ ਬਣਾਈਆਂ? ਕਿਥੋਂ ਆਇਆ ਏਨਾ ਪੈਸਾ? ਜੇ ਕਿਸਾਨਾਂ ਲਈ ਜ਼ਮੀਨ ਦੀ ਹੱਦ ਸੱਤ ਹੈਕਟੇਅਰ ਲਾਗੂ ਕੀਤੀ ਜਾ ਸਕਦੀ ਹੈ ਤਾਂ ਸ਼ਹਿਰੀ ਜਾਇਦਾਦਾਂ ਦੀ, ਪਰਿਵਾਰਕ ਪੂੰਜੀ ਦੀ, ਹੀਰਿਆਂ ਤੇ ਸੋਨੇ ਦੀ ਅਤੇ ਹੋਟਲਾਂ, ਮਹੱਲਾਂ ਦੀ ਹੱਦ ਨਿਸ਼ਚਿਤ ਕਿਉਂ ਨਹੀਂ ਕੀਤੀ ਜਾ ਸਕਦੀ? ਨਿਰਪੱਖ ਕਮਿਸ਼ਨ ਬਣਾਓ ਤੇ ਪੜਤਾਲ ਕਰਾਓ। ਲੁੱਟ ਦਾ ਮਾਲ ਜ਼ਬਤ ਕਰੋ, ਜਿਸ ਨਾਲ ਸਰਕਾਰੀ ਖਜਾਨਾ ਭਰਿਆ ਜਾਵੇ। ਜਨਤਾ 'ਤੇ ਹੋਰ ਟੈਕਸ ਲਾਉਣ ਦਾ ਕੀ ਮਤਲਬ? ਇਕੱਤੀ ਹਜ਼ਾਰ ਕਰੋੜ ਦੇ ਫੂਡ ਸਕੈਮ ਨੂੰ ਨੰਗਾ ਕਰੋ। ਜਿਸ ਲੁੱਟਿਆ ਉਹਤੋਂ ਵਾਪਸ ਲਓ। ਪੰਜਾਬ ਦੇ ਲੋਕਾਂ ਸਿਰ ਪਾਉਣ ਦਾ ਕੀ ਮਤਲਬ? ਜੇ ਏਨੇ ਕੁ ਸੱਚ ਦੀ ਦੁਹਾਈ ਪਾਉਣਾ ਹੀ ਪਾਰਟੀ ਤੋਂ ਬਾਗੀ ਹੋਣਾ ਹੈ ਤਾਂ ਪਰਗਟ ਸਿੰਘ ਦਾ ਕਹਿਣਾ ਹੈ, ਮੈਨੂੰ ਬੇਸ਼ੱਕ 'ਬਾਗੀ' ਕਹਿ ਲਓ। ਜੇ ਅਜੇ ਵੀ ਸਿਆਸੀ ਨੇਤਾਵਾਂ ਤੇ ਬਿਊਰੋਕਰੇਸੀ ਦੀ ਜ਼ਮੀਰ ਨਹੀਂ ਜਾਗਦੀ ਤਾਂ ਕਦੋਂ ਜਾਗੇਗੀ? ਕੀ ਪੰਜਾਬੀਆਂ ਨੂੰ ਇੰਜ ਹੀ ਉਜੜੀ ਜਾਣ ਦੇਣਾ ਹੈ ਕਿ ਪੰਜਾਬ ਦਾ ਹਰ ਹੋਣਹਾਰ ਨੌਜੁਆਨ ਸਾਰਾ ਕੁਝ ਵੇਚ ਵੱਟ ਕੇ ਤੇ ਕਰਜ਼ੇ ਚੁੱਕ ਕੇ ਪਰਦੇਸੀਂ ਤੁਰ ਜਾਵੇ? ਤੇ ਪਿੱਛੇ ਬੁੱਢੇ ਮਾਪੇ ਰੋਂਦੇ ਫਿਰਨ, "ਜੱਗਿਆ, ਤੁਰ ਪਰਦੇਸ ਗਿਓਂ, ਬੂਹਾ ਵੱਜਿਆ!"


## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**
*Realtor/Broker*

**ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ**

**Gurdeep (Garry) Chhokar**
Realtor/Broker

***Cell: 317-750-1900***

6979 Hillsdale Court
Indianapolis, Indiana 46250

***Cell: 317-500-1247***

Star Alliance BROKERAGE



***We do all type of Home and Commercial Loan. Same day loan approval...***

# ਇਉਂ ਕਰੀਏ ਕਰੋਨਾ ਨਾਲ ਮੁਕਾਬਲਾ

## ਡਰੋ ਨਾ, ਬੱਸ ਸੁਚੇਤ ਰਹੋ ਅਤੇ ...

***ਕਰੋਨਾ ਵਾਇਰਸ ਦਾ ਸਹਿਮ ਭਾਵੇਂ ਹੌਲੀ-ਹੌਲੀ ਘਟ ਰਿਹਾ ਹੈ, ਪਰ ਬਹੁਤ ਸਾਰੇ ਲੋਕ ਅਜੇ ਵੀ ਇਸ ਦੀ ਜਕੜ ਵਿਚ ਹਨ। ਇਸ ਪ੍ਰਸੰਗ ਵਿਚ ਨੰਦ ਸਿੰਘ ਬਰਾੜ ਦਾ ਇਹ ਲੇਖ ਵਿਚਾਰਨ ਵਾਲਾ ਹੈ। ਉਨ੍ਹਾਂ ਦਲੀਲ ਨਾਲ ਗੱਲ ਕਰਦਿਆਂ ਕਰੋਨਾ ਕੋਲੋਂ ਡਰਨ ਦੀ ਥਾਂ ਇਸ ਨਾਲ ਟਾਕਰੇ ਦੇ ਕੁਝ ਗੁਰ ਬਹੁਤ ਸੌਖੇ ਢੰਗ ਨਾਲ ਸਮਝਾਏ ਹਨ। ਇਸ ਦੇ ਨਾਲ ਹੀ ਕੁਝ ਲੋਕਾਂ ਵਲੋਂ ਇਸ ਮਸਲੇ ਬਾਰੇ ਖੜ੍ਹੇ ਕੀਤੇ ਭਰਮ-ਭੁਲੇਖਿਆਂ ਨੂੰ ਵੀ ਲੰਮੇ ਹੱਥੀਂ ਲਿਆ ਹੈ। -ਸੰਪਾਦਕ***

ਪਿਛਲੇ ਕੁਝ ਸਮੇਂ ਤੋਂ ਕਰੋਨਾ ਵਾਇਰਸ ਨਾਲ ਫੈਲਣ ਵਾਲੀ ਬਿਮਾਰੀ ਕੋਵਿਡ-19 ਨਾਲ ਸਮੁੱਚਾ ਸੰਸਾਰ ਸਹਿਮਿਆ ਹੋਇਆ ਹੈ। ਵਿਸ਼ਵ ਸਿਹਤ ਸੰਸਥਾ ਨੇ ਇਸ ਨੂੰ ਮਹਾਮਾਰੀ ਐਲਾਨਿਆ ਹੋਇਆ ਹੈ। ਇਹ ਸਮੁੱਚੇ ਸੰਸਾਰ ਭਾਵ ਹਰ ਦੇਸ਼, ਕੌਮ, ਰੰਗ, ਨਸਲ, ਜਾਤ, ਧਰਮ, ਹਰ ਵੱਡੇ ਛੋਟੇ ਸਭ ਦੀ ਸਾਂਝੀ ਦੁਸ਼ਮਣ ਹੈ। ਇਹ ਵੀ ਕਿ ਇਹ ਬਹੁਤ ਤੇਜ਼ੀ ਨਾਲ ਫੈਲਣ ਵਾਲੀ ਬਿਮਾਰੀ ਹੈ, ਇਸ ਨੂੰ ਫੈਲਾਉਣ ਵਾਲਾ ਦੁਸ਼ਮਣ ਦਿਸਦਾ ਵੀ ਨਹੀਂ ਹੈ ਅਤੇ ਨਾ ਹੀ ਸਾਡੇ ਕੋਲ ਇਸ ਦੀ ਰੋਕਥਾਮ ਵਾਸਤੇ ਫਿਲਹਾਲ ਕੋਈ ਦਵਾਈ ਹੈ। ਇਸ ਕਰਕੇ ਇਸ ਬਿਮਾਰੀ ਸਬੰਧੀ ਇਹ ਸਹਿਮ ਨਿਰਮੂਲ ਵੀ ਨਹੀਂ ਹੈ।

ਸਾਡੀ ਸਾਹ ਪ੍ਰਣਾਲੀ ਸਾਡੇ ਜਿਉਂਦੇ ਰਹਿਣ ਲਈ ਜ਼ਰੂਰੀ ਅਤੇ ਅਹਿਮ ਹੈ। ਕਰੋਨਾ ਵਾਇਰਸ ਸਾਡੀ ਸਾਹ ਪ੍ਰਣਾਲੀ ਵਿਚ ਦਾਖਲ ਹੋ ਕੇ ਇਸ ਦੀ ਕਾਰਜਸ਼ੈਲੀ ਨੂੰ ਵਿਗਾੜ ਦਿੰਦਾ ਹੈ। ਸਾਡੀ ਸਾਹ ਪ੍ਰਣਾਲੀ ਦੇ ਦੋ ਮੁਖ ਹਿੱਸੇ ਹਨ, ਉਪਰਲਾ ਅਤੇ ਹੇਠਲਾ। ਉਪਰਲੇ ਹਿੱਸੇ ਵਿਚ ਨੱਕ, ਗਲਾ, ਕੰਠ ਅਤੇ ਸਾਹ ਨਾਲੀਆਂ ਆਉਂਦੇ ਹਨ। ਇਹ ਵਾਇਰਸ

**ਨੰਦ ਸਿੰਘ ਬਰਾੜ**
**ਫੋਨ: 916-501-3974**
**nandsbrar@gmail.com**

ਪਹਿਲਾਂ ਇਸ ਹਿੱਸੇ ਉਪਰ ਹਮਲਾ ਕਰਦਾ ਹੈ ਜਿਸ ਦੀਆਂ ਨਿਸ਼ਾਨੀਆਂ ਗਲਾ ਖਰਾਬ ਹੋਣਾ ਅਤੇ ਸਾਹ ਨਲੀ ਵਿਚ ਕੁਝ ਕੁ ਸਾਂ-ਸਾਂ ਦੀ ਅਵਾਜ਼ ਆਉਣ ਲਗਦੀ ਹੈ। ਫਿਰ ਉਹ ਅੱਗੇ ਹੇਠਲੇ ਹਿੱਸੇ 'ਤੇ ਲਾਗ ਕਰਨ ਲਗਦਾ ਹੈ, ਜਿਸ ਕਰ ਕੇ ਬਾਰੀਕ ਸਾਹ ਨਾਲੀਆਂ ਅਤੇ ਫੇਫੜਿਆਂ ਦੇ ਸੈਲ ਪ੍ਰਭਾਵਿਤ ਹੁੰਦੇ ਹਨ। ਇਸ ਨਾਲ ਸਾਹ ਕ੍ਰਿਆ ਵਿਚ ਰੁਕਾਵਟ ਪੈਣ ਲਗਦੀ ਹੈ ਅਤੇ ਇਹ ਸਾਡੇ ਜੀਵਨ ਲਈ ਘਾਤਕ ਹੋ ਸਕਦਾ ਹੈ। ਇਸ ਕਰ ਕੇ ਵੀ ਇਹ ਸਹਿਮ ਦਾ ਵੱਡਾ ਕਾਰਨ ਬਣੀ ਹੋਈ ਹੈ।

ਇਹੀ ਨਹੀਂ, ਵੱਖ ਵੱਖ ਧਰਮਾਂ ਦੇ ਪੁਜਾਰੀ, ਜਿਨ੍ਹਾਂ ਤੋਂ ਲੋਕਾਂ ਨੂੰ ਮਾਨਸਿਕ ਆਸਰਾ ਅਤੇ ਹੌਂਸਲਾ ਮਿਲਣ ਬਾਰੇ ਆਮ ਤੌਰ 'ਤੇ ਖੁਸ਼-ਫਹਿਮੀ ਰਹਿੰਦੀ ਹੈ, ਉਨ੍ਹਾਂ ਨੇ ਵੀ ਹਮੇਸ਼ਾ ਵਾਂਗ ਲੋਕਾਂ ਨੂੰ ਹੀ ਇਸ ਸਾਰੇ ਦਾ ਗੁਨਾਹਗਾਰ ਅਤੇ ਪਾਪੀ ਸਾਬਤ ਕਰਨ ਦੀ ਕੋਈ ਕਸਰ ਨਹੀਂ ਛੱਡੀ। ਇਹ ਭਾਵੇਂ ਠੀਕ ਹੈ ਕਿ ਪਿਛਲੀਆਂ ਮਹਾਮਾਰੀਆਂ ਦੇ ਉਲਟ ਜਿਨ੍ਹਾਂ ਵੇਲੇ ਹਰ ਧਰਮ ਦੇ ਪੁਜਾਰੀ ਅੰਧ-ਵਿਸ਼ਵਾਸ ਫੈਲਾ ਕੇ ਉਸ ਵੇਲੇ ਦੇ ਡਾਕਟਰਾਂ ਤੇ ਸਰਕਾਰਾਂ ਵਲੋਂ ਲੋਕ ਭਲਾਈ ਕਾਰਜਾਂ ਵਿਚ ਹਮੇਸ਼ਾਂ ਅੜਿੱਕੇ ਡਾਹੁੰਦੇ ਰਹੇ ਸਨ, ਇਸ ਵਾਰ ਇਸ ਭੇਦ-ਭਾਵ ਰਹਿਤ ਬਿਮਾਰੀ ਦੇ ਡਰ ਨੇ ਉਨ੍ਹਾਂ ਵਿਚ ਵਿਰੋਧ ਕਰਨ ਦਾ ਹੀਆ ਤਾਂ ਨਹੀਂ ਛੱਡਿਆ, ਫਿਰ ਵੀ ਉਨ੍ਹਾਂ ਆਪਣੀ ਕੋਝੀ ਨੀਤੀ ਨਾਲ ਲੋਕਾਂ ਨੂੰ ਪਾਪੀ, ਹੀਣੇ ਤੇ ਬੇਵਸ ਸਾਬਤ ਕਰਨ 'ਤੇ ਪੂਰਾ ਵਾਹ ਲਾਇਆ ਹੋਇਆ ਹੈ। ਉਨ੍ਹਾਂ ਦੀ ਬੋਲੀ ਅਤੇ ਅੰਦਾਜ਼ ਤਾਂ ਭਾਵੇਂ ਵੱਖ-ਵੱਖ ਹੋਣ, ਪਰ ਅਰਥ ਲਗਭਗ ਇਕੋ ਜਿਹੇ ਹੀ ਦਿਸਣਗੇ; ਜਿਵੇਂ ਦੁਨੀਆਂ 'ਤੇ ਪਾਪ ਬਹੁਤ ਵਧ ਗਏ ਹਨ, ਬੰਦਾ ਰੱਬ ਦਾ ਸ਼ਰੀਕ ਬਣ ਬੈਠਾ ਹੈ, ਉਹ ਸਰਬ ਸ਼ਕਤੀਮਾਨ ਨੂੰ ਭੁੱਲ ਕੇ ਮੈਂ-ਮੈਂ ਕਰਦਾ ਫਿਰਦਾ ਹੈ, ਉਹ ਖੁਦ ਨੂੰ ਖੁਦਾ ਸਮਝ ਕੇ ਸਾਰੀ ਕਾਇਨਾਤ ਨੂੰ ਆਪਣੇ ਅਧੀਨ ਕਰਨ ਤੁਰਿਆ ਹੈ, ਆਦਿ। ਨਾਲ ਹੀ ਉਹ ਆਪੋ-ਆਪਣੇ ਰੱਬਾਂ ਦੀ ਸ਼ਕਤੀ ਦਾ ਖੌਫ ਦਿਖਾਉਂਦੇ ਕਹਿਣਗੇ-ਦੇਖਿਆ ਫਿਰ, ਕਿਵੇਂ ਓਸ ਡਾਢੇ ਨੇ ਇੱਕ ਪਲ ਵਿਚ ਸਭ ਨੂੰ ਅੰਦਰ ਬੰਦ ਕਰਵਾ ਦਿੱਤਾ; ਕਿਵੇਂ ਉਸ ਨੇ ਵੱਡੇ-ਵੱਡੇ ਦੇਸ਼ਾਂ ਦੇ ਗੋਡੇ ਲਵਾ ਦਿਤੇ; ਹੁਣ ਸਾਰੀ ਦੁਨੀਆਂ ਦੇ ਸਾਰੇ ਕਾਲੇ-ਚਿੱਟੇ ਲੋਕ ਥਰ-ਥਰ ਕੰਬਦੇ ਬੰਦੇ ਦੇ ਪੁੱਤ ਬਣੇ ਬੈਠੇ ਹਨ; ਹੁਣ ਵੀ ਉਨ੍ਹਾਂ ਨੂੰ ਅਕਲ ਕਰਨੀ ਚਾਹੀਦੀ ਹੈ, ਆਦਿ। ਇਸ ਤੋਂ ਅਗਲਾ ਐਲਾਨ ਕਰਨਗੇ ਕਿ ਹੁਣ ਸਾਨੂੰ ਘਰਾਂ ਵਿਚ ਰਹਿ ਕੇ ਆਪੋ-ਆਪਣੇ ਪੂਜਾ ਪਾਠ ਕਰ ਕੇ ਉਸ ਸਰਬ ਸ਼ਕਤੀਮਾਨ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਕਿ ਉਹ ਸਾਡੀਆਂ ਭੁੱਲਾਂ ਬਖਸ਼ ਦੇਵੇ ਅਤੇ ਇਸ ਮਹਾਮਾਰੀ ਤੋਂ ਛੁਟਕਾਰਾ ਦੁਆਵੇ (ਉਨ੍ਹਾਂ ਦੇ ਅਜਿਹੇ ਕਾਰਨਾਮੇ ਉਨ੍ਹਾਂ ਨਿਰੰਕੁਸ਼ ਤੇ ਜ਼ੁਲਮੀ ਰਾਜਿਆਂ ਦੀ ਯਾਦ ਦਿਵਾਉਂਦੇ ਹਨ, ਜੋ ਕੁਝ ਇੱਕ ਵਲੋਂ ਕੀਤੇ ਕਿਸੇ ਕੰਮ ਤੋਂ ਗੁੱਸਾ ਕਰਕੇ ਸਮੁੱਚੀ ਪਰਜਾ ਨੂੰ ਜ਼ੁਲਮ ਦਾ ਸ਼ਿਕਾਰ ਬਣਾ ਦਿੰਦੇ ਸਨ ਤੇ ਪਰਜਾ ਦੇ ਲੇਲੜੀਆਂ ਕੱਢਣ 'ਤੇ ਕੁਝ ਨਰਮ ਪੈਂਦੇ ਸਨ)।

ਅਸੀਂ ਜਾਣਦੇ ਹਾਂ ਕਿ ਹੇਠਲੇ ਦਰਜੇ ਦੇ ਗਰੀਬ, ਦਿਹਾੜੀਦਾਰ ਕਾਮੇ ਅਤੇ ਦੱਬੇ-ਕੁਚਲੇ ਲੋਕਾਂ ਉਪਰ ਬਿਆਨ ਕੀਤੇ ਪਾਪ ਆਦਿ ਕਰਨੇ ਤਾਂ ਦੂਰ, ਉਹ ਤਾਂ ਵਿਚਾਰੇ ਕਰਨ ਦੇ ਯੋਗ ਹੀ ਨਹੀਂ ਹੁੰਦੇ, ਪਰ ਬਹੁਤੇ ਦੁੱਖ ਉਨ੍ਹਾਂ ਦੇ ਪੱਲੇ ਹੀ ਪੈਂਦੇ ਹਨ। ਹੁਣ ਇਸ ਮਹਾਮਾਰੀ ਦੌਰਾਨ ਵੀ ਅਸੀਂ ਰੋਜ਼ ਦੇਖਦੇ ਹਾਂ ਕਿ ਕਰੋੜਾਂ ਗਰੀਬ ਲੋਕਾਂ ਦਾ ਬਿਮਾਰ ਹੋਏ ਤੋਂ ਬਿਨਾ ਵੀ ਉਨ੍ਹਾਂ ਦਾ ਜਿਊਣਾ ਦੁੱਰਭਰ ਹੋਇਆ ਪਿਆ ਹੈ। ਕੀ ਉਹ ਸਰਬ ਸ਼ਕਤੀਮਾਨ, ਜੇ ਹੈ ਤਾਂ, ਐਨਾ ਪੱਖਪਾਤੀ ਤੇ ਜ਼ਾਲਮ ਹੋ ਸਕਦਾ ਹੈ, ਜੋ ਐਨੇ ਜ਼ਿਆਦਾ ਨਿਰਦੋਸ਼ ਮਨੁੱਖਾਂ 'ਤੇ ਅਣਮਨੁੱਖੀ ਕਹਿਰ ਬਰਸਾ ਦੇਵੇ! ਮੇਰਾ ਮੰਨਣਾ ਹੈ ਕਿ ਇਹ ਸਭ ਕੁਝ ਪੁਜਾਰੀਆਂ ਨੂੰ ਵੀ ਪਤਾ ਹੁੰਦਾ ਹੈ। ਫਿਰ ਵੀ ਉਹ ਸਰਬ ਸ਼ਕਤੀਮਾਨ ਨੂੰ ਪੱਖਪਾਤੀ ਤੇ ਜ਼ਾਲਮ ਕਹਿਣ ਤੋਂ ਖੌਫ ਨਹੀਂ ਖਾਂਦੇ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਸਰਬ ਸ਼ਕਤੀਮਾਨ ਕੋਈ ਹੁੰਦਾ ਨਹੀਂ, ਇਹਦਾ ਨਾਂ ਤਾਂ ਉਨ੍ਹਾਂ ਨੇ ਲੋਕਾਂ ਦੇ ਮਨਾਂ 'ਚ ਖੌਫ ਬਿਠਾਉਣ ਵਾਸਤੇ ਪੈਦਾ ਕੀਤਾ ਤੇ ਕਾਇਮ ਰਖਿਆ ਹੋਇਆ ਹੈ।

ਅਸੀਂ ਪੁਜਾਰੀਆਂ ਦੀ ਲੋੜ ਤੇ ਮਜਬੂਰੀ ਤਾਂ ਸਮਝ ਸਕਦੇ ਹਾਂ, ਪਰ ਲਿਖਾਰੀ, ਗੀਤਕਾਰ ਤੇ ਗਾਇਕ-ਜਿਨ੍ਹਾਂ ਤੋਂ ਮਨੁੱਖਤਾ ਨੂੰ ਅਗਵਾਈ ਦੀ ਉਮੀਦ ਹੁੰਦੀ ਹੈ, ਉਨ੍ਹਾਂ ਵਿਚੋਂ ਵੀ ਕੁਝ ਇਸ ਮਹਾਮਾਰੀ ਨੂੰ ਕਿਸੇ ਸਰਬ ਸ਼ਕਤੀਮਾਨ ਵਲੋਂ ਲੋਕਾਂ ਨੂੰ ਸਬਕ ਸਿਖਾਉਣ ਵਾਸਤੇ ਬਰਪਾਇਆ ਕਹਿਰ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਕਈ ਤਾਂ ਇਸ ਬਿਮਾਰੀ ਨਾਲ ਮਨੁੱਖਤਾ ਦੇ ਅੰਤ ਹੋਣ ਤੱਕ ਦੀ ਭਵਿਖਵਾਣੀ ਕਰ ਕੇ ਪਤਾ ਨਹੀਂ ਆਪਣੀ ਕਿਸ ਵਿਦਵਤਾ ਦਾ ਦਿਖਾਵਾ ਕਰ ਰਹੇ ਹਨ! ਸਾਨੂੰ ਪਤਾ ਹੈ ਕਿ ਕੋਵਿਡ-19 ਨਾ ਤਾਂ ਕੋਈ ਪਹਿਲੀ ਮਹਾਮਾਰੀ ਹੈ, ਨਾ ਆਖਰੀ। ਪਿਛਲੇ ਸਮੇਂ ਦੌਰਾਨ ਕਿੰਨੀਆਂ ਮਹਾਮਾਰੀਆਂ ਆਈਆਂ ਤੇ ਗਈਆਂ। ਉਨ੍ਹਾਂ ਵਿਚੋਂ ਕਈਆਂ ਨੇ ਕੁਝ ਹਜ਼ਾਰ ਮਨੁੱਖ ਮਾਰੇ ਅਤੇ ਕਈਆਂ ਨੇ ਤਾਂ ਕਈ-ਕਈ ਕਰੋੜਾਂ ਤੱਕ ਦਾ ਘਾਣ ਕਰ ਦਿੱਤਾ, ਪਰ ਮਨੁੱਖ ਜਾਤੀ ਦਾ ਅੰਤ ਨਹੀਂ ਹੋਇਆ ਅਤੇ ਨਾ ਹੀ ਛੇਤੀ ਕੀਤੇ ਹੋਵੇਗਾ। ਇਸ ਲਈ ਸਾਨੂੰ ਅਜਿਹੇ ਖਿਆਲੀ ਖੌਫ ਵੱਲ ਧਿਆਨ ਦੇਣ ਦੀ ਥਾਂ ਉਨ੍ਹਾਂ ਵਿਦਵਾਨ ਵਿਗਿਆਨੀਆਂ ਤੇ ਡਾਕਟਰਾਂ ਨੂੰ ਸਲਾਮ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਆਪਣੀ ਅਣਥੱਕ ਮਿਹਨਤ ਤੇ ਲਗਨ ਨਾਲ ਤੇ ਕਈ ਵਾਰ ਜਾਨਾਂ ਤੱਕ ਵਾਰ ਕੇ ਅਜਿਹੀਆਂ ਮਹਾਮਾਰੀਆਂ ਦੇ ਇਲਾਜ ਲੱਭੇ। ਹੁਣ ਵੀ ਸਾਨੂੰ ਉਨ੍ਹਾਂ ਦੀ ਵਿਦਵਤਾ, ਮਿਹਨਤ ਤੇ ਲਗਨ 'ਤੇ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਪੂਰੀ ਉਮੀਦ ਕਰਨੀ ਚਾਹੀਦੀ ਹੈ ਕਿ ਉਹ ਇਸ ਮਹਾਮਾਰੀ ਦਾ ਤੋੜ ਜ਼ਰੂਰ ਹੀ ਲੱਭ ਲੈਣਗੇ।

ਅਜੇ ਭਾਵੇਂ ਸਾਡੇ ਕੋਲ ਇਸ ਦੇ ਇਲਾਜ ਦੀ ਕੋਈ ਸਟੀਕ ਦਵਾਈ ਨਹੀਂ ਹੈ, ਫਿਰ ਵੀ ਇਸ ਤੋਂ ਡਰਨ ਦੀ ਥਾਂ ਇਸ ਬਾਰੇ ਸੁਚੇਤ ਹੋ ਕੇ ਅਸੀਂ ਸਾਰੇ ਰਲ ਕੇ ਇਸ ਮਹਾਮਾਰੀ 'ਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ।

ਇਸ ਮਹਾਮਾਰੀ ਤੋਂ ਨਾ ਡਰਨ ਬਾਰੇ ਪਹਿਲੀ ਦਲੀਲ ਇਹ ਹੈ ਕਿ ਇਹ ਮਹਾਮਾਰੀ ਬਹੁਤੀ ਘਾਤਕ ਨਹੀਂ, ਭਾਵ ਇਸ ਬਿਮਾਰੀ ਦੀ ਮੌਤ ਦਰ ਥੋੜ੍ਹੀ ਹੈ। ਜੇ ਵਾਇਰਸ ਪੂਰਾ ਪਰਹੇਜ਼ ਰੱਖਣ ਦੇ ਬਾਵਜੂਦ ਸਾਡੀ ਸਾਹ ਪ੍ਰਣਾਲੀ ਵਿਚ ਦਾਖਲ ਹੋ ਜਾਂਦਾ ਹੈ ਤਾਂ ਸਾਡੀ ਰਖਿਆ ਪ੍ਰਣਾਲੀ ਆਪਣਾ ਕੰਮ ਸ਼ੁਰੂ ਕਰ ਦਿੰਦੀ ਹੈ। ਇਹ ਕਿਸੇ ਵੀ ਬਾਹਰੋਂ ਆਈ ਚੀਜ਼ ਨੂੰ ਸੁਸਤ ਜਾਂ ਬੇਹਰਕਤ ਅਤੇ ਫੇਰ ਨਸ਼ਟ ਕਰਨ ਵਾਸਤੇ ਪੂਰਾ ਟਿੱਲ ਲਾ ਦਿੰਦੀ ਹੈ। ਜੇ ਸਾਡੀ ਰਖਿਆ ਪ੍ਰਣਾਲੀ ਕੁਝ ਕਮਜ਼ੋਰ ਪੈ ਜਾਂਦੀ ਹੈ ਤਾਂ ਇਹ ਸਭ ਤੋਂ ਪਹਿਲਾਂ ਸਾਹ ਪ੍ਰਣਾਲੀ ਦੇ ਉਪਰਲੇ ਹਿੱਸੇ ਨੱਕ, ਗਲਾ, ਕੰਠ ਤੇ ਸਾਹ ਨਾਲੀਆਂ 'ਤੇ ਹਮਲਾ ਕਰਦਾ ਹੈ, ਜਿਸ ਨਾਲ ਆਮ ਜ਼ੁਕਾਮ ਵਰਗੀਆਂ ਨਿਸ਼ਾਨੀਆਂ ਪ੍ਰਗਟ ਹੋ ਜਾਂਦੀਆਂ ਹਨ। ਬਹੁਤੇ ਲੋਕਾਂ 80-81% ਵਿਚ ਇਹ ਬਿਮਾਰੀ ਇਸ ਤੋਂ ਅੱਗੇ ਨਹੀਂ ਵਧਦੀ ਅਤੇ ਉਨ੍ਹਾਂ ਨੂੰ ਹਸਪਤਾਲ ਜਾਣ ਦੀ ਲੋੜ ਵੀ ਨਹੀਂ ਪੈਂਦੀ, ਭਾਵ ਸਿਰਫ ਪੰਜਵਾਂ ਹਿੱਸਾ ਲੋਕਾਂ ਨੂੰ ਹੀ ਹਸਪਤਾਲ ਜਾਣਾ ਪੈ ਸਕਦਾ ਹੈ ਅਤੇ ਉਨ੍ਹਾਂ ਵਿਚੋਂ ਬਹੁਤੇ ਤੰਦਰੁਸਤ ਹੋ ਜਾਂਦੇ ਹਨ। ਸਿਰਫ 3-4% ਲੋਕ ਹੀ ਮੌਤ ਦਾ ਸ਼ਿਕਾਰ ਹੁੰਦੇ ਹਨ।

ਇਸ ਮਹਾਮਾਰੀ ਤੋਂ ਸੁਚੇਤ ਤਾਂ ਹੋਣਾ ਚਾਹੀਦਾ ਹੈ, ਪਰ ਡਰਨਾ ਨਹੀਂ ਚਾਹੀਦਾ, ਕਿਉਂਕਿ ਡਰਨ ਨਾਲ ਸਾਡੀ ਸੁਰਖਿਆ ਪ੍ਰਣਾਲੀ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਇਸ ਨੂੰ ਸੌਖੀ ਤਰ੍ਹਾਂ ਸਮਝਣ ਵਾਸਤੇ ਅਸੀਂ ਦੇਸ਼ ਦੀ ਸੁਰਖਿਆ ਪ੍ਰਣਾਲੀ (ਫੌਜ) ਦੀ ਮਿਸਾਲ ਲੈ ਸਕਦੇ ਹਾਂ। ਮੰਨ ਲਉ, ਕਿਸੇ ਦੇਸ਼ ਨੇ ਹਮਲਾ ਕਰ ਦਿੱਤਾ ਹੈ। ਫੌਜ ਪੂਰੇ ਜੋਸ਼ ਨਾਲ ਦੁਸ਼ਮਣ ਦਾ ਟਾਕਰਾ ਕਰ ਰਹੀ ਹੈ। ਜੇ ਓਸੇ ਸਮੇਂ ਦੇਸ਼ ਵਿਚ ਅੰਦਰੂਨੀ ਗੜਬੜ ਸ਼ੁਰੂ ਹੋ ਜਾਵੇ ਤਾਂ ਅਜਿਹੀ ਹਾਲਤ ਵਿਚ ਫੌਜ ਦੁਸ਼ਮਣ ਦਾ ਟਾਕਰਾ ਉਸੇ ਮੁਸਤੈਦੀ ਨਾਲ ਨਹੀਂ ਕਰ ਸਕੇਗੀ। ਇਸੇ ਤਰ੍ਹਾਂ ਬਿਮਾਰੀ ਮੌਕੇ ਡਰਨ ਨਾਲ ਵੀ ਅਜਿਹਾ ਹੀ ਵਾਪਰਦਾ ਹੈ। ਡਰ ਇਕ ਦਿਮਾਗੀ ਗੜਬੜ ਹੈ, ਜਿਸ ਨੂੰ ਠੀਕ ਕਰਨ ਵਾਸਤੇ ਸਾਡੀ ਸੁਰਖਿਆ ਪ੍ਰਣਾਲੀ ਦਾ ਬਹੁਤਾ ਧਿਆਨ ਇਸ ਅੰਦਰੂਨੀ ਗੜਬੜ ਨੂੰ ਹੱਲ ਕਰਨ ਵੱਲ ਲੱਗ ਜਾਂਦਾ ਹੈ ਅਤੇ ਬਿਮਾਰੀ ਭਾਰੂ ਪੈ ਜਾਂਦੀ ਹੈ।

ਅਖਬਾਰਾਂ ਤੇ ਟੈਲੀਵਿਜ਼ਨ ਰਾਹੀਂ ਬਹੁਤ ਕੁਝ ਦੱਸਿਆ ਜਾ ਚੁਕਾ ਹੈ ਕਿ ਇਸ ਮਹਾਮਾਰੀ ਦੀ ਲਾਗ ਤੋਂ ਬਚਣ ਅਤੇ ਲਾਗ ਹੋਣ ਤੋਂ ਮਗਰੋਂ ਕੀ ਕਰਨਾ ਚਾਹੀਦਾ ਹੈ। ਇਹ ਬਿਮਾਰੀ ਸਾਡੀ ਸਾਹ ਪ੍ਰਣਾਲੀ 'ਤੇ ਅਸਰ ਕਰਦੀ ਹੈ। ਇਸ ਲਈ ਇਥੇ ਮੈਂ ਸਾਹ ਪ੍ਰਣਾਲੀ ਨੂੰ ਸਿਹਤਮੰਦ ਰੱਖਣ ਵਾਸਤੇ ਸਾਧਾਰਨ ਕਸਰਤ ਬਾਰੇ ਹੀ ਲਿਖਾਂਗਾ। ਇਹ ਕਸਰਤ, ਸਾਹ ਲੈਣ ਦੀ ਆਮ ਕ੍ਰਿਆ ਹੀ ਹੈ, ਪਰ ਥੋੜ੍ਹਾ ਧਿਆਨ ਦੇਣ ਦੀ ਲੋੜ ਹੈ। ਫੇਫੜਿਆਂ ਨੂੰ ਸਿਹਤਮੰਦ ਅਤੇ ਪੂਰੀ ਤਰ੍ਹਾਂ ਕ੍ਰਿਆਸ਼ੀਲ ਰੱਖਣ ਵਾਸਤੇ ਪੂਰੇ ਫੇਫੜੇ ਭਰ ਕੇ ਸਾਹ ਲੈਣਾ ਜ਼ਰੂਰੀ ਹੁੰਦਾ ਹੈ। ਇਸ ਵਾਸਤੇ ਸਾਨੂੰ ਛਾਤੀ ਦੀ ਥਾਂ ਢਿੱਡ ਨਾਲ ਸਾਹ ਲੈਣ ਦੀ ਆਦਤ ਪਾਉਣੀ ਚਾਹੀਦੀ ਹੈ। ਜੇ ਕੁਝ ਬਿਮਾਰੀ ਦੇ ਲੱਛਣ ਆ ਵੀ ਜਾਣ ਤਾਂ ਸਾਨੂੰ ਸਾਹ ਕ੍ਰਿਆ ਤੇ ਹੋਰ ਧਿਆਨ ਦੇਣ ਦੀ ਲੋੜ ਹੈ। ਨੱਕ ਰਾਹੀਂ 15-20 ਵਾਰ ਪੂਰੇ ਲੰਮੇ ਸਾਹ ਲਵੋ। ਪੂਰੇ ਫੇਫੜੇ ਭਰਨ ਤੇ ਮੂੰਹ ਰਾਹੀਂ ਸਾਹ ਬਾਹਰ ਕੱਢੋ। ਇਹ ਕ੍ਰਿਆ ਦਿਨ ਵਿਚ ਤਿੰਨ ਤੋਂ ਚਾਰ ਵਾਰ ਦੁਹਰਾਓ। ਅਜਿਹਾ ਕਰਨ ਨਾਲ ਸਾਡੀ ਸਾਹ ਪ੍ਰਣਾਲੀ ਸਿਹਤਮੰਦ ਰਹੇਗੀ, ਜੋ ਬਿਮਾਰੀ ਹੋਣ ਨਹੀਂ ਦੇਵੇਗੀ ਅਤੇ ਜੇ ਬਿਮਾਰੀ ਦੇ ਕੋਈ ਲੱਛਣ ਆ ਵੀ ਗਏ ਤਾਂ ਬਿਮਾਰੀ 'ਤੇ ਕਾਬੂ ਪਾ ਲਵੇਗੀ।

ਇਹ ਬਿਮਾਰੀ ਘਾਤਕ ਭਾਵੇਂ ਘੱਟ ਹੈ, ਪਰ ਇਸ ਦੀ ਫੈਲਣ ਦੀ ਸਮਰੱਥਾ ਬਹੁਤ ਜ਼ਿਆਦਾ ਹੈ। ਜੇ ਅਸੀਂ ਸੁਚੇਤ ਹੋ ਕੇ ਇਸ ਦੇ ਫੈਲਣ 'ਤੇ ਰੋਕ ਨਾ ਲਾਈ ਤਾਂ ਇਸ ਦੀ ਲਾਗ ਵਾਲੇ ਮਰੀਜ਼ਾਂ ਦੀ ਗਿਣਤੀ ਇੰਨੀ ਜ਼ਿਆਦਾ ਵਧ ਸਕਦੀ ਹੈ ਕਿ ਹਸਪਤਾਲ ਮਰੀਜ਼ਾਂ (ਪੰਜਵੇਂ ਹਿੱਸੇ) ਨੂੰ ਵੀ ਸੰਭਾਲ ਨਹੀਂ ਸਕਣਗੇ। ਅਜਿਹੀ ਹਾਲਤ ਵਿਚ ਮੌਤਾਂ ਦੀ ਦਰ ਵੀ ਬਹੁਤ ਵਧ ਸਕਦੀ ਹੈ। ਇਸ ਕਰ ਕੇ ਇਸ ਦੀ ਲਾਗ ਰੋਕਣੀ ਜ਼ਰੂਰੀ ਹੈ। ਜਿਸ ਵਾਸਤੇ ਸਾਡਾ ਸੁਚੇਤ ਹੋ ਕੇ ਅਨੁਸ਼ਾਸਨ ਵਿਚ ਰਹਿਣਾ ਜ਼ਰੂਰੀ ਹੈ।

ਇੱਕ ਗੱਲ ਹੋਰ, ਇਸ ਬਿਮਾਰੀ ਦਾ ਸਾਡੇ ਸਾਰਿਆਂ ਦੀ ਸਾਂਝੀ ਦੁਸ਼ਮਣ ਹੋਣਾ ਸਾਡੇ ਲਈ ਆਸ ਦੀ ਕਿਰਨ ਸਾਬਤ ਹੋ ਸਕਦੀ ਹੈ, ਕਿਉਂਕਿ ਸਾਂਝੀ ਦੁਸ਼ਮਣ ਕਰ ਕੇ ਅਸੀਂ ਸਾਰੇ ਇਕੱਠੇ ਹੋ ਕੇ ਸਾਂਝੇ ਸਹਿਯੋਗ ਨਾਲ ਇਸ 'ਤੇ ਜ਼ਰੂਰ ਫਤਿਹ ਪਾ ਲਵਾਂਗੇ। ਇੱਕ ਤਸੱਲੀ ਇਹ ਵੀ ਹੈ ਕਿ ਆਮ ਤੌਰ 'ਤੇ ਇਹ ਬਿਮਾਰੀ ਮਾਂ ਦੇ ਅੰਦਰ ਪਲ ਰਹੇ ਬੱਚੇ 'ਤੇ ਅਸਰ ਨਹੀਂ ਕਰਦੀ।

ਕੋਵਿਡ-19 ਬਾਰੇ ਖਬਰਾਂ ਅਤੇ ਰਿਪੋਰਟਾਂ ਦੇ ਰੁਝਾਨ ਦੇਖ ਕੇ ਅਸੀਂ ਪੂਰੀ ਤਰ੍ਹਾਂ ਬੇਫਿਕਰ ਤਾਂ ਨਹੀਂ ਹੋ ਸਕਦੇ, ਫੇਰ ਵੀ ਆਸਵੰਦ ਹੋ ਸਕਦੇ ਹਾਂ ਕਿ ਇਸ 'ਤੇ ਕਾਬੂ ਪਾ ਲਵਾਂਗੇ। ਇਸ ਮਹਾਮਾਰੀ ਤੋਂ ਮਗਰੋਂ ਫੈਲੇ ਸਹਿਮ ਕਰ ਕੇ ਸਾਡੇ ਸਮਾਜਕ ਜੀਵਨ ਵਿਚ ਅਗਲੀ ਸਮੱਸਿਆ ਹੋਰ ਵੀ ਡਰਾਉਣੀ ਲਗਦੀ ਹੈ। ਇਸ ਬਾਰੇ ਸਾਨੂੰ ਸਮਝਣ ਅਤੇ ਹੁਣੇ ਤੋਂ ਸੁਚੇਤ ਹੋਣ ਦੀ ਲੋੜ ਹੈ।

ਬਹੁਤ ਸਾਰੇ ਵਿਦਵਾਨ ਲੇਖਕ ਹਨ, ਜਿਨ੍ਹਾਂ ਦੀਆਂ ਲਿਖਤਾਂ ਅਖਬਾਰਾਂ ਵਿਚ ਆਮ ਛਪਦੀਆਂ ਹਨ। ਕੋਵਿਡ-19 ਮਹਾਮਾਰੀ ਬਾਰੇ ਉਨ੍ਹਾਂ ਥੋੜ੍ਹੇ ਬਹੁਤੇ ਫਰਕ ਨਾਲ ਇਕੋ ਜਿਹਾ ਹੀ ਲਿਖਿਆ ਹੈ ਕਿ ਮਨੁੱਖ ਆਪਣੀਆਂ ਗਲਤੀਆਂ ਦੇ ਨਤੀਜੇ ਭੁਗਤ ਰਿਹਾ ਹੈ। ਉਨ੍ਹਾਂ ਦਾ ਅਜਿਹਾ ਲਿਖਣ ਦਾ ਭਾਵ ਹੈ ਕਿ ਮਨੁੱਖ ਨੇ ਆਪਣੇ ਲਾਲਚ ਵਸ ਧਰਤੀ, ਹਵਾ, ਪਾਣੀ ਆਦਿ ਨੂੰ ਐਨਾ ਦੂਸ਼ਿਤ ਕਰ ਦਿੱਤਾ ਹੈ ਕਿ ਹੁਣ ਉਹ ਇਸ ਮਹਾਮਾਰੀ ਦਾ ਕਹਿਰ ਭੁਗਤ ਰਿਹਾ ਹੈ। ਮੈਂ ਉਨ੍ਹਾਂ ਦੀ ਵਿਦਵਤਾ ਤੋਂ ਬਹੁਤ ਪ੍ਰਭਾਵਿਤ ਹਾਂ, ਪਰ ਦੋ ਕਾਰਨਾਂ ਕਰ ਕੇ ਉਨ੍ਹਾਂ ਦੀ ਇਸ ਗੱਲ ਨਾਲ ਆਪਣੇ ਆਪ ਨੂੰ ਸਹਿਮਤ ਨਹੀਂ ਕਰ ਸਕਿਆ।

ਇਹ ਠੀਕ ਹੈ ਕਿ ਪ੍ਰਦੂਸ਼ਣ ਸਾਡੇ ਲਈ ਵੱਡੀ ਸਮੱਸਿਆ ਹੈ। ਇਸ ਪ੍ਰਦੂਸ਼ਣ ਦੇ ਵੱਡੇ ਜ਼ਿੰਮੇਵਾਰ ਕੁਝ ਧਨਾਢ ਪੁਰਸ਼ਾਂ ਦਾ ਲਾਲਚ ਅਤੇ ਸਰਕਾਰਾਂ ਦਾ ਭ੍ਰਿਸ਼ਟਾਚਾਰ ਤੇ ਗਲਤ ਨੀਤੀਆਂ ਹਨ, ਪਰ ਇਸ ਦਾ ਖਮਿਆਜ਼ਾ ਸਭ ਤੋਂ ਵੱਧ ਉਹ ਕਰੋੜਾਂ ਗਰੀਬ ਦਿਹਾੜੀਦਾਰ ਤੇ ਦੂਜੇ ਮਜ਼ਦੂਰ ਭੁਗਤ ਰਹੇ ਹਨ, ਜਿਨ੍ਹਾਂ ਦਾ ਇਸ ਪ੍ਰਦੂਸ਼ਣ ਦੀ ਪੈਦਾਇਸ਼ ਵਿਚ ਕਰੀਬ ਕੋਈ ਹਿੱਸਾ ਨਹੀਂ ਹੁੰਦਾ। ਇਹੀ ਨਹੀਂ, ਇਨ੍ਹਾਂ ਕਰੋੜਾਂ ਲੋਕਾਂ ਵਿਚੋਂ ਬਹੁਤੇ ਅਜਿਹੇ ਹਨ, ਜੋ ਇਸ ਬਿਮਾਰੀ ਤੋਂ ਵੀ ਪੀੜਤ ਨਹੀਂ, ਪਰ ਭੁੱਖ ਨਾਲ ਤੇ ਘਰੋਂ ਬੇਘਰ ਹੋ ਕੇ ਅਨੇਕਾਂ ਦੁੱਖ ਤੇ ਸੰਤਾਪ ਭੋਗ ਰਹੇ ਹਨ, ਜਿਸ ਦੀ ਅਸੀਂ ਸਹੀ-ਸਹੀ ਕਲਪਨਾ ਵੀ ਨਹੀਂ ਕਰ ਸਕਦੇ। ਜੇ ਅਸੀਂ ਫੇਰ ਵੀ ਇਸ ਸਾਰੇ ਕਹਿਰ ਨੂੰ ਪ੍ਰਦੂਸ਼ਣ ਸਬੰਧੀ ਮਨੁੱਖ ਦੀਆਂ ਗਲਤੀਆਂ ਦਾ ਨਤੀਜਾ ਦੱਸਾਂਗੇ ਤਾਂ ਪੰਜਾਬੀ ਦੇ ਅਖਾਣ 'ਖਾਣ ਪੀਣ ਨੂੰ ਲੂੰਬੜੀ ਤੇ ਡੰਡੇ ਖਾਣ ਨੂੰ ਰਿੱਛ' ਹੀ ਸਾਬਤ ਕਰ ਰਹੇ ਹੋਵਾਂਗੇ।

ਦੂਜਾ, ਅਸੀਂ ਪਹਿਲਾਂ ਹੋਈਆਂ ਮਹਾਮਾਰੀਆਂ ਦੀ ਮਿਸਾਲ ਲੈ ਸਕਦੇ ਹਾਂ। ਜ਼ਿਆਦਾ ਪੁਰਾਣੀਆਂ ਨੂੰ ਛੱਡੋ, ਸਿਰਫ ਵੀਹਵੀਂ ਸਦੀ ਦੀਆਂ ਦੋ ਮਹਾਮਾਰੀਆਂ ਦੀ ਗੱਲ ਕਰਦੇ ਹਾਂ-ਇੱਕ ਪਲੇਗ ਤੇ ਦੂਜੀ ਚੇਚਕ। ਪਲੇਗ ਵੀਹਵੀਂ ਸਦੀ ਦੇ ਕਰੀਬ ਸ਼ੁਰੂ ਵਿਚ ਫੈਲੀ ਸੀ ਅਤੇ ਚੇਚਕ ਸਦੀ ਦੇ ਅੱਧ ਵਿਚ। ਪਲੇਗ ਨਾਲ ਕੁਝ ਕਰੋੜ ਅਤੇ ਚੇਚਕ ਨਾਲ ਤੀਹ ਕਰੋੜ ਤੋਂ ਵੱਧ ਮੌਤਾਂ ਹੋਈਆਂ। ਉਸ ਵੇਲੇ ਤੱਕ ਅੱਜ ਜਾਣੇ ਜਾਂਦੇ ਪ੍ਰਦੂਸ਼ਣ ਬਾਰੇ ਸੁਣਿਆ ਵੀ ਨਹੀਂ ਸੀ ਹੋਇਆ।

ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪ੍ਰਦੂਸ਼ਣ ਭਾਵੇਂ ਗੰਭੀਰ ਸਮੱਸਿਆ ਹੈ, ਪਰ ਐਸ ਵੇਲੇ ਸਾਨੂੰ ਇਸ ਮਹਾਮਾਰੀ ਅਤੇ ਉਸ ਦੇ ਕਾਰਨ ਦੇਸੋਂ ਪਰਦੇਸ ਤੇ ਬੇਘਰ ਹੋਏ, ਭੁੱਖਮਰੀ ਦਾ ਸੰਤਾਪ ਭੋਗ ਰਹੇ ਕਰੋੜਾਂ ਲੋਕਾਂ ਦੇ ਹੱਲ ਵੱਲ ਧਿਆਨ ਦੇਣ ਦੀ ਲੋੜ ਹੈ। ਅਜਿਹੇ ਸਮੇਂ ਵੱਡੇ-ਵੱਡੇ ਧਨਾਢ ਅਤੇ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਣ ਵਾਲੀਆਂ ਸਰਕਾਰਾਂ ਗਰੀਬ ਮਜ਼ਦੂਰਾਂ ਦੀ ਇਸ ਬੇਵਸੀ 'ਤੇ ਰਹਿਮ ਕਰਨ ਦੀ ਥਾਂ ਉਨ੍ਹਾਂ ਦਾ ਬਚਿਆ ਖੂਨ ਚੂਸਣ ਤੋਂ ਗੁਰੇਜ਼ ਨਹੀਂ ਕਰਦੇ। ਉਹ ਹਰ ਤਰ੍ਹਾਂ ਦੇ ਆਪਣੇ ਪੱਖੀ ਤੇ ਮਜ਼ਦੂਰ ਵਿਰੋਧੀ ਕਾਨੂੰਨ ਬਣਾਉਣ ਅਤੇ ਲਾਗੂ ਕਰਨ ਨੂੰ ਸਭ ਤੋਂ ਸੁਨਹਿਰੀ ਮੌਕਾ ਸਮਝਦੇ ਹਨ।

ਬਦਅਮਨੀ ਦੇ ਅਜਿਹੇ ਹਾਲਾਤ ਵਿਚ ਭੁੱਖੇ ਮਰਦੇ ਲੋਕ ਬਹੁਤ ਵਾਰ ਆਪ ਮੁਹਾਰੇ ਉਠਣ ਲਗਦੇ ਹਨ ਤੇ ਸਮੁਚਾ ਸਮਾਜ ਹਫੜਾ-ਦਫੜੀ ਦਾ ਸ਼ਿਕਾਰ ਹੋ ਜਾਂਦਾ ਹੈ। ਹਫੜਾ-ਦਫੜੀ ਦਾ ਇਹ ਮਾਹੌਲ ਗਰੀਬ ਅਤੇ ਆਮ ਲੋਕਾਂ ਦਾ ਹੀ ਨੁਕਸਾਨ ਕਰਦਾ ਹੈ। ਅਜਿਹੇ ਸਮੇਂ ਮਜ਼ਦੂਰਾਂ ਤੇ ਕਾਮਿਆਂ ਦੀਆਂ ਜਥੇਬੰਦੀਆਂ ਦੇ ਆਗੂਆਂ ਦਾ ਸਭ ਤੋਂ ਜ਼ਰੂਰੀ ਫਰਜ਼ ਬਣਦਾ ਹੈ ਕਿ ਉਹ ਆਪਣੇ ਸਿਆਸੀ ਵਖਰੇਵੇਂ ਭੁਲਾ ਕੇ ਆਪਣੀਆਂ ਇਖਲਾਕੀ ਜ਼ਿੰਮੇਵਾਰੀਆਂ ਨਿਭਾਉਣ ਅਤੇ ਮਜ਼ਦੂਰਾਂ ਤੇ ਕਾਮਿਆਂ ਨੂੰ ਆਪਣੇ ਹੱਕਾਂ ਬਾਰੇ ਜਾਗਰੂਕ ਕਰ ਕੇ ਜਥੇਬੰਦ ਕਰਨ ਅਤੇ ਇਕਮੁੱਠ ਹੋ ਕੇ ਲੋਕਤੰਤਰੀ ਢੰਗਾਂ ਨਾਲ ਜੂਝ ਕੇ ਆਪਣੇ ਹੱਕ ਲੈਣ ਵਾਸਤੇ ਤਿਆਰ ਕਰਨ।

# ਮਹਾਮਾਰੀ ਤਾਂ ਆਉਣੀ ਹੀ ਸੀ

ਗੱਲ ਅਰਬਾਂ-ਖਰਬਾਂ ਸਾਲ ਪੁਰਾਣੀ ਉਦੋਂ ਦੀ ਹੈ, ਜਦੋਂ ਰੱਬ ਨੂੰ ਸ੍ਰਿਸ਼ਟੀ ਉਤਪਤੀ ਦਾ ਖਿਆਲ ਆਇਆ। ਸ੍ਰਿਸ਼ਟੀ ਰਚਨਾ ਵਿਚ ਅਨੇਕਾਂ ਧਰਤੀਆਂ, ਸੂਰਜ, ਚੰਦਰਮਾ ਆਦਿ ਪੈਦਾ ਹੋਣ

**ਗੁਰਬਾਜ ਸਿੰਘ (ਡਾ.)**
**ਫੋਨ: 91-86995-49760**

ਜਾ ਰਹੇ ਸਨ। ਜਿਸ ਧਰਤੀ ਦਾ ਵਾਸੀ ਮਨੁੱਖ ਬਣਨ ਜਾ ਰਿਹਾ ਸੀ, ਉਸ ਦੀ ਵਿਲੱਖਣ ਵਿਉਂਤਬੰਦੀ ਰੱਬ ਨੇ ਬਣਾਈ। ਇਸ ਧਰਤੀ 'ਤੇ ਜਿੱਥੇ ਅਨੇਕਾਂ ਜੀਵ-ਜੰਤੂ ਪੈਦਾ ਕਰਨੇ ਸਨ, ਉਥੇ ਹੀ ਸਾਰੇ ਜੀਵਾਂ ਦਾ ਸਰਦਾਰ ਮਨੁੱਖ ਵੀ ਪੈਦਾ ਕਰਨਾ ਸੀ। ਧਰਤੀ ਦੀਆਂ 84 ਲੱਖ ਜੂਨੀਆਂ ਵਿਚੋਂ ਸਭ ਤੋਂ ਸਰਵੋਤਮ ਜੂਨੀ ਮਨੁੱਖ ਨੂੰ ਬਣਾਇਆ ਜਾਣਾ ਸੀ। ਇਸ ਲਈ ਮਨੁੱਖ ਦੀ ਸਰਦਾਰੀ ਦੇ ਅਹਿਮ ਨਿਯਮ ਰੱਬ ਨੇ ਬਣਾਏ, ਜੋ ਰੱਬ ਵੱਲੋਂ ਮਨੁੱਖ ਨੂੰ ਸਮਝਾਏ ਗਏ। ਮਨੁੱਖ ਦੀ ਸਰਦਾਰੀ ਇਨ੍ਹਾਂ ਨਿਯਮਾਂ ਦੀ ਪਾਲਣਾ 'ਤੇ ਟਿੱਕੀ ਹੋਈ ਸੀ। ਧਰਤੀ 'ਤੇ ਮਨੁੱਖ ਦੀ ਸਰਦਾਰੀ ਜੁਗਾਂ-ਜੁਗਾਤਰਾਂ ਤੱਕ ਬਣੀ ਰਹੇ, ਇਸ ਲਈ ਸਰਦਾਰੀ ਦਾ ਖਿਤਾਬ ਦੇਣ ਤੋਂ ਪਹਿਲਾਂ ਰੱਬ ਨੇ ਮਨੁੱਖ ਨੂੰ ਕੁਝ ਨਿਯਮਾਂ ਵਿਚ ਬੰਨਣ ਲਈ ਉਸ ਨਾਲ ਵਾਰਤਾਲਾਪ ਕੀਤਾ,

**ਰੱਬ:** ਸ੍ਰਿਸ਼ਟੀ ਉਤਪਤੀ ਵਿਚ ਇਕ ਅਜਿਹੀ ਧਰਤੀ ਬਣੇਗੀ, ਜਿੱਥੇ 84 ਲੱਖ ਜੂਨੀਆਂ ਹੋਣਗੀਆਂ, ਸਭ ਤੋਂ ਉਤਮ ਜੂਨ ਤੇਰੀ (ਮਨੁੱਖ) ਹੋਵੇਗੀ।

**ਮਨੁੱਖ:** ਮੈਂ ਭਾਗਾਂ ਵਾਲਾਂ ਹਾਂ, ਜੋ ਮੈਂ ਤੇਰੀ ਨਦਰ ਦਾ ਪਾਤਰ ਬਣਿਆ ਹਾਂ।

**ਰੱਬ:** ਧਰਤੀ ਦੇ ਸਭ ਜੀਵਾਂ ਤੋਂ ਵੱਧ ਬੁੱਧੀ ਤੇਰੇ ਕੋਲ ਹੋਵੇਗੀ।

**ਮਨੁੱਖ:** ਮੈਂ ਇਸ ਬੁੱਧੀ ਦਾ ਕੀ ਕਰਾਂਗਾ?

**ਰੱਬ:** ਤੂੰ ਇਸ ਬੁੱਧੀ ਦੀ ਸਦਵਰਤੋਂ ਕਰਨੀ ਹੈ।

**ਮਨੁੱਖ:** ਸਦਵਰਤੋਂ ਕਿਵੇਂ ਕਰਨੀ ਹੈ?

**ਰੱਬ:** ਮੈਨੂੰ ਹਮੇਸ਼ਾ ਯਾਦ ਰੱਖੀਂ, ਮੇਰੀ ਸਾਜੀ ਕੁਦਰਤ (ਵਾਤਾਵਰਣ, ਜੀਵ-ਜੰਤੂਆਂ) ਦਾ ਖਿਆਲ ਰੱਖੀਂ, ਬੁੱਧੀ ਦੀ ਸਦਵਰਤੋਂ ਕਰੀਂ, ਅਹੰਕਾਰ ਨਾ ਕਰੀਂ, ਕਦੇ ਵੀ ਬੁਰਾਈ ਦਾ ਸਾਥ ਨਾ ਦੇਵੀਂ।

**ਮਨੁੱਖ:** ਤੇਰੀ ਬਖਸ਼ਿਸ਼ ਵਰਤਦੀ ਰਹੇ, ਮੈਂ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਾਂਗਾ। ਕੀ ਮੈਂ ਵੀ ਸਵਾਲ ਪੁੱਛ ਸਕਦਾ ਹਾਂ?

**ਰੱਬ:**ਹਾਂ, ਜਰੂਰ ਪੁੱਛ।

**ਮਨੁੱਖ:** ਜੇ ਮੈਂ ਇਹ ਨਿਯਮ ਧਰਤੀ 'ਤੇ ਜਾ ਕੇ ਭੁੱਲ ਗਿਆ, ਫਿਰ ਕੀ ਹੋਵੇਗਾ?

**ਰੱਬ:** ਤੇਰੀ ਹੋਂਦ ਖਤਰੇ ਵਿਚ ਆ ਜਾਵੇਗੀ ਅਤੇ ਅਖੀਰ ਤੂੰ ਮਿਟ ਜਾਵੇਗਾ।

**ਮਨੁੱਖ:** ਉਹ ਕਿਉਂ?

## ਵਿਅੰਗ

**ਰੱਬ:** ਮੈਂ ਧਰਤੀ ਨੂੰ ਸੁਹਪਨ ਦੇਣਾ ਹੈ, ਉਹ ਮਾਣਨ ਲਈ ਹੋਵੇਗੀ, ਖਿਲਵਾੜ ਕਰਨ ਲਈ ਨਹੀਂ।


**ਮਨੁੱਖ:** ਮੈਂ ਕਿਵੇਂ ਮਿਟਾਂਗਾ?

**ਰੱਬ:** ਮੇਰੀ ਕਰੋਪੀ ਨਾਲ। ਜੇ ਤੂੰ ਕਰੋਪੀ ਪਿਛੋਂ ਵੀ ਨਾ ਸੁਧਰਿਆ ਤਾਂ ਫਿਰ ਮੈਂ ਧਰਤੀ ਦਾ ਵਿਨਾਸ਼ ਕਰ ਦਿਆਂਗਾ। ਸਮਾਂ ਪਾ ਕੇ ਮੈਂ ਫਿਰ ਧਰਤੀ ਬਣਾਵਾਂਗਾ। ਫਿਰ ਸਰਦਾਰੀ ਤੈਨੂੰ ਨਹੀਂ, ਕਿਸੇ ਹੋਰ ਜੂਨ ਨੂੰ ਮਿਲੇਗੀ।

**ਮਨੁੱਖ:** ਰੱਬ ਜੀ! ਅਜਿਹਾ ਨਾ ਕਰਿਓ। ਮੈਂ ਬੁੱਧੀ ਦੀ ਸਦਵਰਤੋਂ ਕਰਾਂਗਾ। ਮੈਨੂੰ ਹੀ ਧਰਤੀ ਦਾ ਸਰਦਾਰ ਬਣਾਈ ਰੱਖਿਓ।

# ਅੰਬਰ ਗਾਹੁੰਦੀ ਕਿਤਾਬ

## ਕਲਾ ਪਰਿਕਰਮਾ



ਨਾਵਲ 'ਅੰਬਰ ਪਰੀਆਂ' ਦਾ ਮੁਖੜਾ।



**ਰਘਬੀਰ ਸਿੰਘ (ਡਾ.)**

'ਅੰਬਰ ਪਰੀਆਂ' ਨਵੀਂ ਪੀੜ੍ਹੀ ਦੇ ਸਮਰੱਥ ਕਥਾਕਾਰ ਬਲਜਿੰਦਰ ਨਸਰਾਲੀ ਦੀ ਸੱਜਰੀ ਨਾਵਲ-ਰਚਨਾ ਹੈ। ਇਸ ਨਾਵਲ ਦੇ ਮੂਲ ਬਿਰਤਾਂਤ ਵਿਚ ਔਰਤ ਮਰਦ ਦੇ ਪਿਆਰ-ਸਬੰਧ ਅਤੇ ਵਿਆਹ ਸੰਸਥਾ ਦੇ ਤਣਾਉ ਦਾ ਮੁੱਦਾ ਕੇਂਦਰ ਵਿਚ ਰਹਿੰਦਾ ਹੈ ਅਤੇ ਇੰਜ ਬਲਜਿੰਦਰ ਪੰਜਾਬੀ ਨਾਵਲ ਦੀ ਰੂੜ੍ਹੀ ਦਾ ਅਨੁਸਰਨ ਕਰਦਾ ਹੀ ਜਾਪਦਾ ਹੈ ਪਰ ਇਸ ਨਾਵਲ ਦੇ ਕਥਾਨਕ ਵਿਚ ਸਮੇਂ ਸਥਾਨ ਦੀ ਸੀਮਾ ਤੋਂ ਪਾਰ ਯਥਾਰਥ, ਮਿਥ, ਵਿਗਿਆਨ, ਮਨੋਵਿਗਿਆਨ ਨੂੰ ਛੋਂਹਦੇ, ਸਮਾਜਕ-ਸਭਿਆਚਾਰਕ ਸਰੋਕਾਰਾਂ ਨਾਲ ਜੁੜੇ, ਅਨੇਕਾਂ ਪਾਸਾਰ ਹਨ ਜੋ ਪੰਜਾਬੀ ਨਾਵਲ ਲਈ ਨਵੇਂ ਦਿਸਹੱਦੇ ਸਿਰਜਦੇ ਹਨ। ਲਕੀਰੀ ਬਿਰਤਾਂਤ ਤੋਂ ਹਟ ਕੇ ਨਸਰਾਲੀ ਨੇ ਇਹ ਸਾਰਾ ਕੁਝ ਅਜਿਹੀ ਨਿਵੇਕਲੀ ਜੁਗਤ ਨਾਲ ਕਥਾਨਕ ਵਿਚ ਗੁੰਦਿਆ ਹੈ ਕਿ ਭੂਤ ਤੇ ਭਵਿਖ, ਸਮਕਾਲ ਵਿਚ ਸਮਾ ਗਏ ਹਨ ਜਿਸ ਵਿਚੋਂ ਨਵੇਂ ਚਿੰਤਨ ਤੇ ਚੇਤਨਾ ਦਾ ਆਭਾਸ ਹੋਣੋਂ ਨਹੀਂ ਰਹਿੰਦਾ। ਖੂਬਸੂਰਤੀ ਵਾਲੀ ਗੱਲ ਇਹ ਕਿ ਸੰਘਣੀ ਬੁਣਤੀ ਵਾਲੀ ਇਹ ਗਲਪੀ ਲਿਖਤ ਕਥਾ-ਰਸ ਅਤੇ ਰੌਚਿਕਤਾ ਦੇ ਪੱਖ ਤੋਂ ਵੀ ਕਿਤੇ ਝੋਲ ਨਹੀਂ ਖਾਂਦੀ।

ਨਾਵਲ ਦੇ ਕੇਂਦਰ ਵਿਚ ਸਾਧਾਰਨ ਪੇਂਡੂ ਕਿਸਾਨੀ ਪਰਿਵਾਰ ਦਾ ਜੰਮਪਲ ਅੰਬਰਦੀਪ ਨਾਂ ਦਾ ਪਾਤਰ ਹੈ ਜੋ ਪ੍ਰਬੁੱਧ ਤੇ ਜ਼ਿੰਮੇਵਾਰ ਯੂਨੀਵਰਸਟੀ ਅਧਿਆਪਕ ਵਜੋਂ ਸਾਹਮਣੇ ਆਉਂਦਾ ਹੈ। ਨਵੀਂ ਚੇਤਨਾ ਨਾਲ ਵਰੋਸਾਇਆ ਅੰਬਰ ਮਾਨਵੀ ਰਿਸ਼ਤਿਆਂ, ਪ੍ਰਕਿਰਤਕ ਤੇ ਸਮਾਜਕ ਵਰਤਾਰਿਆਂ ਨੂੰ ਤਾਰਕਿਕ ਤੇ ਵਿਗਿਆਨਕ ਨਜ਼ਰੀਏ ਨਾਲ ਵੇਖਣ ਦੇ ਸਮਰੱਥ ਹੈ ਪਰ ਆਪਣੀ ਸਾਰੀ ਸਿਆਣਪ ਦੇ ਬਾਵਜੂਦ ਉਹ ਸਮੇਂ-ਸਮੇਂ ਉਪਭਾਵੁਕਤਾ ਵੀ ਦਿਖਾਉਂਦਾ ਹੈ ਤੇ ਗਲਤੀਆਂ ਵੀ ਕਰਦਾ ਹੈ। ਵਿਰੋਧੀ ਲਿੰਗ ਪ੍ਰਤੀ ਸਾਧਾਰਨ ਨਾਲੋਂ ਸ਼ਾਇਦ ਕੁਝ ਵਧੇਰੇ ਖਿੱਚ ਮਹਿਸੂਸ ਕਰਨ ਕਰਕੇ ਉਹ ਛੋਟੀ ਉਮਰ ਤੋਂ ਹੀ ਪਰੀਆਂ ਦੀ ਪਰਿਕਲਪਨਾ ਕਰਦਾ ਰਿਹਾ ਹੈ। ਸੁੰਦਰ ਸ਼ਕਲ ਵਾਲੀਆਂ ਗੋਰੀਆਂ ਚਿੱਟੀਆਂ ਸਭ ਕੁੜੀਆਂ, ਮਟਿਆਰਾਂ ਜਿਵੇਂ ਉਸ ਲਈ ਪਰੀਆਂ ਹਨ ਜਿਨ੍ਹਾਂ ਦੇ ਨਾਂ ਹੋ ਸਕਦੇ ਹਨ- ਚਰਨੀ, ਨਾਦਿਰਾ ਖਾਨਮ, ਰਾਬੀਆ, ਮੈਡਮ ਅਵਨੀਤ ਜਾਂ ਜ਼ੋਇਆ। ਵੈਸੇ ਸਭ ਤੋ ਨੇੜੇ ਪਹਿਲੀ ਪਰੀ ਜੋ ਅੰਬਰ ਨੇ ਦੇਖੀ, ਉਹ ਹੈ ਗੋਰੀ ਚਿੱਟੀ ਉਸ ਦੀ ਆਪਣੀ ਹੀ ਮਾਂ, ਸ਼ਿੰਦਰ ਕੌਰ ਜਿਸ ਦੇ ਆਪਣੇ ਛੜੇ ਜੇਠ, ਅਰਜਣ, ਨਾਲ ਸਰੀਰਕ ਸਬੰਧਾਂ 'ਚੋਂ ਅੰਬਰ ਦਾ ਜਨਮ ਹੋਇਆ ਸੀ। ਅਮਰ ਸਿਹੁੰ ਤਾਂ ਅੰਬਰ ਦਾ ਨਾਂ ਦਾ ਹੀ ਬਾਪੂ ਸੀ। ਇਸ ਹਕੀਕਤ ਦੇ ਸਨਮੁਖ ਬਚਪਨ ਵਿਚ 'ਅਰਜਣ ਦਾ' ਦੇ ਚੋਭਵੇਂ ਬੋਲ ਸੁਣਨ 'ਤੇ ਲੜਾਈ ਝਗੜਾ ਕਰਦਾ, ਸਰੀਰੋਂ ਮਾੜਾ ਹੋਣ ਕਰਕੇ, ਉਹ ਹਾਣੀ ਮੁੰਡਿਆਂ ਤੋਂ ਕੁੱਟ ਵੀ ਖਾਂਦਾ ਰਿਹਾ ਹੈ।

ਸਕੂਲ 'ਚ ਪੜ੍ਹਨ ਸਮੇਂ ਚਰਨੀ ਨਾਂ ਦੀ ਸੋਹਣੀ ਕੁੜੀ ਅੰਬਰ ਨੂੰ ਪਰੀ ਪ੍ਰਤੀਤ ਹੋਈ ਸੀ, ਜਿਸ ਨਾਲ ਵਿਆਹ ਦੇ ਸਾਥ ਦੀ ਮੰਗ ਕਰਨ ਲਈ ਸਕੂਲ ਵਿਚ ਦਸਵੀਂ ਜਮਾਤ ਦੀ ਪੜ੍ਹਾਈ ਸਮੇਂ ਹੀ ਉਹ ਸਿੱਧਾ ਬਗਾਨੇ ਪਿੰਡ ਚਰਨੀ ਦੇ ਜੀਜੇ ਕੋਲ ਪਹੁੰਚ ਗਿਆ ਸੀ। ਟਰੈਕਟਰ 'ਤੇ ਬੈਠੇ ਗੁਰਤੇਗ ਸਿੰਘ ਨੇ ਭਾਵੇਂ ਸ਼ਿਸ਼ਟਤਾ ਦਿਖਾਉਂਦਿਆਂ ਕਿਹਾ ਤਾਂ ਕੁਝ ਨਹੀਂ ਸੀ, ਪਰ ਸਮਝ ਉਸ ਦੀ ਇਹ ਸੀ ਕਿ ਏਨੀ ਸੋਹਣੀ ਕੁੜੀ ਅੰਬਰ ਵਰਗੇ ਕਾਲੇ ਤੇ ਮਰੇ ਜਿਹੇ ਦੇ ਪੱਲੇ ਪਾ ਕੇ ਉਨ੍ਹਾਂ ਉਮਰ ਭਰ ਦੀਆਂ ਦੁਰਸੀਸਾਂ ਲੈਣੀਆਂ ਨੇ ਭਲਾ। ਇਕ ਹੋਰ ਪਰੀ ਸੀ ਸ਼ਹਿਰ ਤੋਂ ਅੰਬਰ ਦੇ ਪਿੰਡ ਦੇ ਸਕੂਲ ਵਿਚ ਪੜ੍ਹਾਉਣ ਆਉਂਦੀ ਸਮਾਜਕ ਸਿੱਖਿਆ ਦੀ ਟੀਚਰ ਨਾਦਿਰਾ ਖਾਨਮ। ਚਰਨੀ ਦੀਆਂ ਸਹੇਲੀਆਂ 'ਨਾਦਰਾ ਭੈਣ ਜੀ ਅਤੇ ਅੰਬਰ ਵਿਚ ਕੁਝ ਚਲਦਾ ਹੋਣ ਦੀ ਸ਼ੱਕ ਕਰਦੀਆਂ ਸਨ'। ਪਰ ਆਪਣੇ ਤੋਂ ਕਈ ਸਾਲ ਵੱਡੀ ਨਾਦਰਾ ਬਾਰੇ ਅੰਬਰ ਅਗਾਂਹ ਨਹੀਂ ਸੀ ਸੋਚ ਸਕਦਾ। ਬਾਰ੍ਹਵੀਂ ਵਿਚ ਪੜ੍ਹਨ ਸਮੇਂ ਜਸਵੀਰ ਵੀ ਉਸ ਨੂੰ ਪਰੀ ਜਾਪੀ ਸੀ ਜਿਸ ਵਲ ਉਹ ਪ੍ਰੇਮ ਪੱਤਰ ਲਿਖਣ ਲੱਗਾ ਸੀ ਪਰ ਵਾਈਸ ਪ੍ਰਿੰਸੀਪਲ ਦੀ ਸਿਆਣੀ ਝਿੜਕ ਨੇ ਰੋਕ ਦਿੱਤਾ ਸੀ। ਕਾਲਿਜ ਵਿਚ ਅਧਿਆਪਕ ਲੱਗਣ ਸਮੇਂ ਆਪਣੀ ਸ਼ਕਲ ਸੂਰਤ ਤੇ ਪੁਸ਼ਾਕ ਨਾਲ 'ਇਕ ਨਵੇਂ ਯੁਗ ਦਾ ਐਲਾਨ' ਕਰਦੀ ਜਾਪਦੀ ਉਸ ਦੀ ਵਿਦਿਆਰਥਣ ਰਾਬੀਆ ਦੇ ਪਰੀ ਹੋਣ ਬਾਰੇ ਵੀ ਉਸ ਨੂੰ ਕੋਈ ਸੰਦੇਹ ਨਹੀਂ ਸੀ, ਪਰ ਉਸ ਬਾਰੇ ਸੋਚਣ ਤੋਂ ਅੰਬਰ ਨੂੰ ਉਸ ਦੀ ਨੌਕਰੀ ਰੋਕਦੀ ਸੀ। ਇਸ ਸਾਰੇ ਪਿਛੋਕੜ ਵਿਚ ਅੰਬਰ ਦੇ ਕਾਲਜ ਵਿਚ ਮਿਊਜ਼ਕ ਦੀ ਪ੍ਰੋਫੈਸਰ ਬਣ ਕੇ ਆਈ ਆਪਣੀ ਸਹਿਕਰਮਣ ਅਵਨੀਤ ਬਾਰੇ ਸੋਚਣ ਤੋਂ ਉਹ ਆਪਣੇ ਆਪ ਨੂੰ ਰੋਕ ਨਹੀਂ ਸੀ ਸਕਿਆ। ਪਰੀ ਰੂਪ ਅਵਨੀਤ ਨਾਲ ਬੰਗਲੌਰ ਤਕ ਇਕੱਠਾ ਸਫਰ ਕਰ ਕੇ ਅਤੇ ਉਥੇ ਦੋ ਰਾਤਾਂ ਹੋਟਲ ਵਿਚ ਉਸ ਨਾਲ ਇਕੱਲਿਆਂ ਬਿਤਾ ਕੇ ਉਹ ਖੁਦ ਹੈਰਾਨ ਸੀ ਕਿ ਕਿਵੇਂ ਸਰੀਰਕ ਮਿਲਣ ਦੇ ਰੂਪ ਵਿਚ ਕੁਝ ਵੀ ਹੋਇਆ ਕਰਿਆ ਨਹੀਂ ਸੀ। ਸ਼ਾਇਦ ਇਸ ਲਈ ਕਿ ਛੇਵੇਂ ਆਸਮਾਨ ਦੀਆਂ ਪਰੀਆਂ ਨੂੰ ਛੂਹ ਲੈਣ ਤੋਂ ਪਿੱਛੋਂ ਵਾਪਸ ਨਹੀਂ ਆਇਆ ਜਾ ਸਕਦਾ। ਜੇ ਕੋਈ ਔਰਤ ਉਸ ਨੂੰ ਪਰੀ ਨਹੀਂ ਜਾਪਦੀ ਤਾਂ ਉਹ ਹੈ ਸਾਧਾਰਨ ਜਿਹੀ ਦਿੱਖ ਵਾਲੀ ਉਸ ਦੀ ਪਤਨੀ ਕਿਰਨਜੀਤ, ਜੋ ਉਸ ਦੇ ਦੋ ਬੱਚਿਆਂ ਦੀ ਮਾਂ ਹੁੰਦੀ ਹੋਈ ਕੁਝ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਸਿਰਫ ਘਰ ਸੁਆਣੀ ਵਜੋਂ ਹੀ ਵਿਚਰਦੀ ਨਜ਼ਰ ਆਉਂਦੀ ਹੈ।


ਬਲਜਿੰਦਰ ਨਸਰਾਲੀ

ਅਖੀਰ 'ਤੇ ਪ੍ਰਗਟ ਹੋਣ ਵਾਲੀ ਪਰੀਆਂ ਦੀ ਪਰੀ ਹੈ ਕਸ਼ਮੀਰਨ ਸੁੰਦਰੀ ਜ਼ੋਇਆ, ਜਿਸ ਨਾਲ ਅੰਬਰ ਦਾ ਮੇਲ ਉਸ ਨੂੰ ਸੱਤਵੇਂ ਆਸਮਾਨ ਤਕ ਲੈ ਜਾਂਦਾ ਹੈ। ਅੰਬਰ ਵਾਂਗ ਹੀ ਜ਼ਹੀਨ,ਪੜ੍ਹੀ-ਲਿਖੀ, ਹੱਸਾਸ ਜ਼ੋਇਆ ਉਸ ਨੂੰ ਜੰਮੂ ਯੂਨੀਵਰਸਿਟੀ ਵਿਚ ਮਿਲੀ ਸੀ। ਮੁਖ ਤੌਰ 'ਤੇ ਅੰਬਰ ਦੀ ਪੜ੍ਹਾਕੂ ਤੇ ਬੌਧਿਕ ਭਾਂਤ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਪਰੀਆਂ ਵਰਗੀ ਇਸ ਕਸ਼ਮੀਰਨ ਗੋਰੀ ਦਾ ਵਿਆਹੇ-ਵਰੇ ਅਤੇ ਦੋ ਬੱਚਿਆਂ ਦੇ ਬਾਪ ਅੰਬਰ ਨਾਲ ਪਿਆਰ-ਸਬੰਧ ਤਿਕੋਣ ਨੂੰ ਜਨਮ ਦਿੰਦਾ ਹੈ, ਜੋ ਤਿਕੋਣ ਏਨੀ ਰਵਾਇਤੀ ਨਹੀਂ। ਜ਼ੋਇਆ ਹਰ ਤਰ੍ਹਾਂ ਨਾਲ ਨਵੇਂ ਜ਼ਮਾਨੇ ਦੀ ਪ੍ਰਤੀਕ ਕੁੜੀ ਤਾਂ ਹੈ ਪਰ ਉਹ ਪਿਆਰ ਤੋਂ ਬਿਨਾਂ ਕਿਸੇ ਨਾਲ ਸਰੀਰਕ ਸਬੰਧਾਂ ਦੀ ਕਲਪਨਾ ਵੀ ਨਹੀਂ ਕਰ ਸਕਦੀ। ਉਹ ਦ੍ਰਿੜ ਹੈ ਕਿ ਜਿਸ ਆਦਮੀ ਨੂੰ ਉਹ ਪਿਆਰ ਕਰੇਗੀ, ਉਸ ਨਾਲ ਹੀ ਵਿਆਹ ਦਾ ਰਿਸ਼ਤਾ ਜੋੜੇਗੀ। ਅੰਬਰ ਆਪਣੇ ਪਰਿਵਾਰ ਨੂੰ ਵੀ ਨਹੀਂ ਛੱਡ ਸਕਦਾ ਅਤੇ ਜ਼ੋਇਆ ਦੇ ਪਿਆਰ ਵਿਚ ਵੀ ਏਨਾ ਗ੍ਰੱਸਿਆ ਗਿਆ ਹੈ ਕਿ ਉਸ ਤੋਂ ਬਿਨਾਂ ਰਹਿ ਸਕਣਾ ਵੀ ਮੁਮਕਿਨ ਨਹੀਂ। ਆਪਣੀ ਪਤਨੀ ਦੀ ਉਚੇਰੀ ਪੜ੍ਹਾਈ ਮੁਕੰਮਲ ਕਰਾਉਣ ਅਤੇ ਫਿਰ ਕਾਲਜ ਲੈਕਚਰਾਰ ਬਣਨ ਵਿਚ ਸਹਾਇਤਾ ਕਰਨ ਨਾਲ ਅੰਬਰ ਸਮਝਦਾ ਹੈ ਕਿ ਉਸ ਨੇ ਪਤਨੀ ਪ੍ਰਤੀ ਜ਼ਿੰਮੇਵਾਰੀ ਨਿਭਾ ਦਿੱਤੀ ਹੈ ਅਤੇ ਹੁਣ ਉਹ ਉਸ ਤੋਂ ਦੋਸ਼ ਦੀ ਭਾਵਨਾ ਤੋਂ ਮੁਕਤ ਹੋ ਕੇ ਤਲਾਕ ਮੰਗ ਸਕਦਾ ਹੈ। ਕਿਰਨਜੀਤ ਵਲੋਂ ਤਲਾਕ ਲਈ ਹਾਂ ਕਰ ਦਿੱਤੇ ਜਾਣ ਤੋਂ ਮਗਰੋਂ ਵੀ ਉਹ ਦੁਬਿਧਾ ਦਾ ਸ਼ਿਕਾਰ ਹੈ। ਸੰਕਟ ਵਿਚ ਫਾਥੇ ਅੰਬਰ ਲਈ ਜ਼ੋਇਆ ਦੇ ਇਸ ਸੰਕਲਪ ਵਿਚੋਂ ਰਾਹਤ ਮਿਲਦੀ ਹੈ 'ਸਾਡੇ ਵਿਚੋਂ ਕੋਈ ਵੀ ਕਦੇ ਵੀ ਜੇ ਵਾਪਸ ਜਾਣਾ ਚਾਹੂਗਾ ਤਾਂ ਅਸੀਂ ਰੋਕਾਂਗੇ ਨਹੀਂ।' ਤੇ ਜ਼ੋਇਆ ਸੱਤਵੇਂ ਆਸਮਾਨ ਦੇ ਗੇੜੇ ਮਗਰੋਂ ਉਸਨੂੰ ਧਰਤੀ 'ਤੇ ਵਾਪਸ ਆ ਜਾਣ ਦਿੰਦੀ ਹੈ।

ਪਰੀਆਂ ਨਾਲ ਵਾਸਤਵ ਵਿਚ ਬਣੇ ਜਾਂ ਬਣਨ ਤੋਂ ਰਹਿ ਗਏ ਰਿਸ਼ਤਿਆਂ ਦੀ ਬਾਤ ਦੇ ਅੰਤਰਗਤ ਅੰਬਰ ਦੇ ਬਹੁ-ਪਾਸਾਰੀ ਜੀਵਨ-ਯਥਾਰਥ ਵਿਚੋਂ ਉਭਰਦਾ ਵਡੇਰੇ ਸਮਾਜਕ-ਸਭਿਆਚਾਰਕ ਅਰਥਾਂ ਵਾਲਾ ਬਹੁਤ ਕੁਝ ਨਾਵਲ ਦੇ ਬਿਰਤਾਂਤ ਵਿਚ ਗੁੰਦਿਆ ਮਿਲਦਾ ਹੈ। ਕਿਸਾਨੀ ਪਰਿਵਾਰਾਂ ਦੀ ਆਰਥਿਕਤਾ ਨਾਲ ਜੁੜੇ ਰਿਸ਼ਤਿਆਂ ਦੇ ਸੱਚ ਦਾ ਹੀ ਇਕ ਪਾਸਾਰ ਹੈ ਬੀਬੀ ਸ਼ਿੰਦਰ ਕੌਰ ਤੇ ਤਾਏ ਅਰਜਨ ਦਾ ਰਿਸ਼ਤਾ ਜਿਸ ਬਾਰੇ ਅਮਰ ਸਿਹੁੰ ਸਭ ਕੁਝ ਜਾਣਦਾ ਹੋਇਆ ਵੀ ਘੋਕਲਕੰਨਾ ਬਣਿਆ ਰਹਿੰਦਾ ਹੈ। ਸ਼ਹਿਰ ਵਿਚ ਰਹਿ ਰਹੇ ਅੰਬਰ ਤੇ ਪਿੰਡ ਵਿਚਲੇ ਵੱਡੇ ਭਰਾ ਮਨਜੀਤ ਵਿਚਲੇ ਤਣਾਉ ਦੇ ਪਿੱਛੇ ਪਰਿਵਾਰਕ ਜ਼ਮੀਨ ਦੀ ਮਾਲਕੀ ਦਾ ਸਵਾਲ ਹੈ। ਅੰਬਰ ਨੂੰ ਹਿਰਖ ਹੈ ਕਿ ਵੱਡੇ ਭਰਾ ਨੇ ਉਸ ਨੂੰ ਪੁੱਛੇ ਬਿਨਾਂ ਹੀ ਜੱਦੀ ਜ਼ਮੀਨ ਦਾ ਕੁਝ ਹਿੱਸਾ ਵੇਚ ਦਿੱਤਾ। ਸਿੱਖਿਆ ਦੇ ਖੇਤਰ ਵਿਚ 'ਸਭ ਅੱਛਾ' ਵਾਲੀ ਕੋਈ ਗੱਲ ਨਹੀਂ। ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਹਰ ਤਰ੍ਹਾਂ ਦੇ ਵਿਅਕਤੀ ਮੌਜੂਦ ਹਨ, ਇਮਾਨਦਾਰੀ ਨਾਲ ਕੰਮ ਕਰਨ ਵਾਲੇ ਵੀ ਤੇ ਵੇਲਾ ਟਪਾਉਣ ਵਾਲੇ ਵੀ। ਅਧਿਆਪਨ ਦੇ ਕਿੱਤੇ ਨਾਲ ਜੁੜੇ ਲੋਕ ਵੀ, ਚੰਗੇ ਮਾੜੇ ਮਾਨਵੀ ਲੱਛਣਾਂ ਸਹਿਤ, ਆਮ ਲੋਕਾਂ ਵਰਗੇ ਹੀ ਹਨ। ਇਹੀ ਗੱਲ ਸਿੱਖਿਆ ਸੰਸਥਾਵਾਂ ਦੇ ਪ੍ਰਬੰਧਕਾਂ ਉਤੇ ਲਾਗੂ ਹੋ ਸਕਦੀ ਹੈ। ਦੇਸ਼ ਦੇ ਲੋਕਾਂ ਵਿਚ ਇਲਾਕਾਈ ਤੇ ਨਸਲੀ ਵਖਰੇਵੇਂ ਦਾ ਭੇਦ-ਭਾਵ ਘੱਟ ਜਾਂ ਵੱਧ ਗੂੜ੍ਹੇ ਰੰਗ ਵਿਚ ਹਰ ਥਾਂ ਮੌਜੂਦ ਹੈ। ਜ਼ੋਇਆ ਨੇ ਕਲਕੱਤੇ ਵਿਚ ਉਚੇਰੀ ਪੜ੍ਹਾਈ ਕਰਨ ਸਮੇਂ ਬੰਗਾਲੀਆਂ ਦੇ ਆਪਣੀ ਸਾਂਸਕ੍ਰਿਤਕ ਉਤਮਤਾ ਦੇ ਗੁਮਾਨ ਦਾ ਅਨੁਭਵ ਕੀਤਾ ਸੀ। ਜੰਮੂ ਦੇ ਸਿੱਖ ਪਰਿਵਾਰ ਵਿਚੋਂ ਹੁੰਦੀ ਹੋਈ ਜ਼ੋਇਆ ਨੇ ਸੁਣਿਆ ਹੋਇਆ ਹੈ ਕਿ ਪੱਛਮੀ ਪੰਜਾਬ ਜਾਂ ਜੰਮੂ ਦੇ 'ਭਾਪਿਆਂ' ਨੂੰ ਆਮ ਪੰਜਾਬੀ ਪਸੰਦ ਨਹੀਂ ਕਰਦੇ। ਤੇ ਜੰਮੂ ਦੇ ਆਮ ਵਸਨੀਕਾਂ ਦੀ ਸਮਝ ਅਨੁਸਾਰ ਪੰਜਾਬ ਦੇ ਉਹ ਲੋਕ 'ਸਿੱਖ' ਨਹੀਂ 'ਜੱਟ' ਹੁੰਦੇ ਹਨ। ਜੰਮੂ ਵਿਚ ਅਗਾਂਹ ਪੁਣਛੀ, ਮੁਜ਼ੱਫਰਾਵਾਦੀ ਤੇ ਕਸ਼ਮੀਰੀ ਦਾ ਵਖਰੇਵਾਂ ਬਣਿਆ ਹੋਇਆ ਹੈ ਅਤੇ ਉਹ ਖੁਦ ਰਿਆਸਤ ਤੋਂ ਬਾਹਰਲਿਆਂ ਨਾਲ ਵਿਤਕਰਾ ਕਰਦੇ ਹਨ। ਜੰਮੂ ਯੂਨੀਵਰਸਿਟੀ ਵਿਚ ਅੰਬਰ ਨੂੰ ਵੀ ਅਜਿਹੇ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ। ਕਸ਼ਮੀਰੀ ਮੁਸਲਮਾਨਾਂ ਵਿਚ ਹਿੰਦੁਸਤਾਨ ਨਾਲੋਂ ਅਲਹਿਦਗੀ ਦਾ ਭਾਵ ਮੌਜੂਦ ਹੈ। ਕਸ਼ਮੀਰੀ ਅਤਿਵਾਦੀ ਆਮ ਲੋਕਾਂ ਨੂੰ ਨਿਸ਼ਾਨਾ ਘੱਟ ਹੀ ਬਣਾਉਂਦੇ ਹਨ ਜਦਕਿ ਭਾਰਤੀ ਫੌਜ ਦੇ ਜਵਾਨਾਂ ਵਲੋਂ ਕਸ਼ਮੀਰੀ ਔਰਤਾਂ ਦੇ ਬਲਾਤਕਾਰ ਵੀ ਹੁੰਦੇ ਹਨ। ਪੁਲਿਸ ਦੇ ਡੀ.ਐਸ.ਪੀ. ਵਜੋਂ ਜ਼ੋਇਆ ਦੇ ਪਾਪਾ ਨੇ ਝੂਠੇ ਮੁਕਾਬਲਿਆਂ ਵਿਚ ਕਈਆਂ ਦਾ ਕਤਲ ਕੀਤਾ ਹੈ।

ਨਾਵਲ ਦੇ ਕਥਾਨਕ ਵਿਚ ਕਲਾਤਮਕਤਾ ਨਾਲ ਗੁੰਦੇ ਗਏ ਇਸ ਤਰ੍ਹਾਂ ਦੇ ਵੇਰਵਿਆਂ ਦੇ ਨਾਲ ਬਿਰਤਾਂਤਕ ਜੁਗਤ ਵਜੋਂ ਯਥਾਰਥ ਵਿਚ ਫੈਂਟਸੀ ਦਾ ਰੰਗ ਭਰਨ ਰਾਹੀਂ ਬਲਜਿੰਦਰ ਨਸਰਾਲੀ ਨੇ ਆਪਣੇ ਇਸ ਨਾਵਲ ਨੂੰ ਸੱਚਮੁੱਚ ਵਿਲੱਖਣ ਰਚਨਾ ਬਣਾ ਦਿੱਤਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਮਈ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-431



*'ਨੈਟ' ਜਾਲ ਵਿਚ ਫਸ ਗਏ ਸਾਰੇ, ਕਿਆ ਬੁਢੜੇ, ਕਿਆ ਬੱਚੇ।*
*ਗੂਗਲ ਜਿਵੇਂ ਨਚਾਈ ਜਾਵੇ, ਸਾਰੀ ਦੁਨੀਆਂ ਉਵੇਂ ਹੀ ਨੱਚੇ।*

## ਕੈਪਸ਼ਨ ਮੁਕਾਬਲਾ-429



ਸਾਂਝੇ ਟੱਬਰ ਦੀਆਂ ਸਿਫਤਾਂ ਬੜੀਆਂ
'ਲਾਣੇ ਵਾਲੇ' ਸੀ ਅਖਵਾਉਂਦੇ।
'ਮੈਂ' ਦੀ ਥਾਂ ਤੇ 'ਆਪਾਂ' ਹੈ ਸੀ
ਮੰਜੇ ਵੀ ਸੀ 'ਕੱਠੇ ਡਾਹੁੰਦੇ।
ਪਸੂਆਂ ਦੀ ਥਾਂ ਵੱਗ ਸੀ ਹੁੰਦੇ
ਦੁੱਧ ਨਹੀਂ ਸੀ ਡੇਅਰੀ ਪਾਉਂਦੇ।
ਖੁਸ਼ ਸੌਂਦੇ ਤੇ ਖੁਸ਼ ਉਠਦੇ ਸੀ
ਵੱਡਿਆਂ ਮੂਹਰੇ ਸੀਸ ਨਿਵਾਉਂਦੇ।
**-ਜਗਮੀਤ ਸਿੰਘ ਪੰਧੇਰ**

---

ਵਿਰਸੇ ਦੀ ਇਹ ਯਾਦ ਦੁਆਵੇ
ਜਦੋਂ ਰਾਤ ਪ੍ਰਾਹੁਣੇ ਆਉਂਦੇ ਸੀ।
ਦਿਲ ਖੋਲ੍ਹ ਸਨ ਸੇਵਾ ਕਰਦੇ
ਰਾਤੀਂ ਜੋੜ ਕੇ ਮੰਜੇ ਡਾਹੁੰਦੇ ਸੀ।
ਦੁੱਖ ਸੁੱਖ ਦਿਲ ਦੇ ਸਾਂਝੇ ਕਰਦੇ
ਨਾਲੇ ਹੱਸ ਠਹਾਕੇ ਲਾਉਂਦੇ ਸੀ।
ਨਾ ਏ. ਸੀ., ਨਾ ਕੂਲਰ ਸਨ ਹੁੰਦੇ
ਰੜੇ ਮੱਛਰ ਲੜ ਜਗਾਉਂਦੇ ਸੀ।
**-ਸੇਵਾ ਸਿੰਘ ਨੂਰਪੁਰੀ**

---

ਏਦਾਂ ਦੇ ਦਿਨ ਵੀ ਹੁੰਦੇ ਸੀ
ਜੋ ਅਪਣੱਤ ਭਰੇ ਹੁੰਦੇ ਸੀ।
ਆਪਾਂ ਆਪਣਿਆਂ ਨਾਲ ਬਹਿੰਦੇ ਸੀ
ਦੁੱਖ ਸੁੱਖ ਸਾਂਝੇ ਹੁੰਦੇ ਸੀ।
ਸ਼ਾਲਾ! ਪਰਤ ਆਉਣ ਉਹ ਦਿਨ
ਜਦੋਂ ਘਰ, ਘਰ ਹੁੰਦੇ ਸੀ।
**-ਇੰਦਰਜੀਤ ਮੰਗਾ ਕੈਲੀਫੋਰਨੀਆ**

---

ਸਭਨਾਂ ਇੱਕਠਿਆਂ ਖਾਣਾ, ਸੌਣਾ
ਮਨੁੱਖਾਂ ਵਿਚ ਹੁੰਦਾ ਸੀ ਪਿਆਰ।
ਬੀਤੇ ਸਮਿਆਂ ਦੀ ਯਾਦ ਬਣ ਗਏ
ਇਹ ਦ੍ਰਿਸ਼ ਸਨ ਜੋ ਹਰ ਘਰ ਬਾਰ।
ਡਿਜ਼ੀਟਲ ਭਾਰਤ ਦੀ ਚਕਾਚੌਂਧ ਨੇ
ਖਤਮ ਕੀਤਾ ਪੰਜਾਬੀ ਸਭਿਆਚਾਰ।
**-ਚਮਨਦੀਪ ਸ਼ਰਮਾ, ਪਟਿਆਲਾ**

---

ਅੱਧੀ ਸਦੀ ਪਹਿਲਾਂ ਦਾ ਸਭਿਆਚਾਰ
ਅਪਣੱਤ ਨਾਲ ਸੀ ਰਹਿੰਦਾ।
ਜੇਠ-ਹਾੜ ਦੀ ਗਰਮੀ 'ਚ ਟੱਬਰ
ਮੰਜੀਆਂ ਜੋੜ ਜੋੜ ਸੀ ਪੈਂਦਾ।
ਲਾਣੇਦਾਰ ਦੀ ਚਲਦੀ ਸੀ ਪੂਰੀ
ਟੱਬਰ ਉਸ ਦੀ ਸਲਾਹ ਸੀ ਲੈਂਦਾ।
ਹੁਣ ਤਾਂ 'ਕੱਲੇ-'ਕੱਲੇ ਹੋ'ਗੇ
ਹਰ ਜੀਅ ਅੱਡ ਦਿਸ਼ਾ 'ਚ ਰਹਿੰਦਾ।
**-ਅਮਰਜੀਤ ਸਿੰਘ ਤੂਰ**

---

ਗਰਮੀ ਰੁੱਤੇ, ਪਸੂਆਂ ਨੇੜੇ
ਜੋੜ ਕੇ ਮੰਜੇ ਲੈਂਦੇ ਸੀ ਡਾਹ।
ਤਾਏ, ਚਾਚੇ, ਬਾਪੂ ਤੇ ਮੁੰਡੇ
ਲੈਂਦੇ ਨਜ਼ਾਰੇ ਤਾਜ਼ੀ-ਖੁੱਲ੍ਹੀ ਹਵਾ।
ਸੁਵਖਤੇ ਬਜ਼ੁਰਗ ਫੇਰਦੇ ਮਾਲਾ
ਸਭ ਨੂੰ ਦਿੰਦੇ ਹਾਕ ਮਾਰ ਕੇ ਜਗਾ।
**-ਦਵਿੰਦਰ ਕੌਰ**

---

ਡੰਗਰਾਂ ਵਾਲੇ 'ਚ ਡਾਹ ਲਏ ਮੰਜੇ
ਵਿਛਾ ਕੇ ਦਰੀਆਂ ਲੈ ਲਏ ਖੇਸ।
ਮਾਮੇ ਤੋਂ ਸੁਣਾਂਗੇ ਦੁੱਲਾ-ਭੱਟੀ
ਕਿਸਾ ਰੂਪ ਬਸੰਤ ਤੇ ਬਾਬਾ ਦਰਵੇਸ਼।
ਬਚਪਨ ਦੀਆਂ ਇਹ ਬਾਤਾਂ ਹੁਣ
ਨਾ ਕਿਧਰੇ ਵੀ ਥਿਆਵਣ,
ਜਦੋਂ ਉਹੀ ਲੋਕ ਤੇ ਉਹੋ ਹੈ ਦੇਸ।
**-ਸੁਕੰਨਿਆ ਭਾਰਦਵਾਜ ਨਾਭਾ**

---

ਸਭ ਜੀਅ ਜੋੜ ਮੰਜੇ ਨਾਲ ਮੰਜਾ ਸੌਂਦੇ
ਪਿਆਰ, ਮੁਹੱਬਤ ਸ਼ਲਾਘਾਯੋਗ ਸੀ।
ਸਵੇਰੇ ਉਠਦਿਆਂ ਰਲ ਸਭ
ਕੰਗਣੀ ਦੇ ਗਲਾਸਾਂ 'ਚ ਚਾਹ ਪੀਂਦੇ।
ਨਾ ਹੀਟਰ, ਨਾ ਕੂਲਰ ਕੱਚੇ ਘਰਾਂ 'ਚ
ਹਵਾ ਦੇ ਬੁੱਲੇ ਇਧਰੋਂ ਉਧਰੋਂ ਆ ਹੀ ਜਾਂਦੇ
ਇਕੱਠੇ ਰਹਿਣ ਵਿਚ ਹੀ ਜ਼ਿੰਦਗੀ ਸੀ!
**-ਦਰਸ਼ਨਪਾਲ ਦੋਸਾਂਝ**

# ਮੈਨਪੁਰੀ ਕਾਂਸਪੀਰੇਸੀ ਕੇਸ

## ਅਸ਼ਫ਼ਾਕ ਉਲਾ ਖਾਂ

**ਪੇਸ਼ਕਸ਼: ਕਸ਼ਮੀਰ ਸਿੰਘ ਕਾਂਗਣਾ**
**ਫੋਨ: 661-331-5651**

1918 ਨੂੰ ਮੈਂ ਮਿਸ਼ਨ ਸਕੂਲ ਦੀ ਸੱਤਵੀਂ ਜਮਾਤ ਵਿਚ ਪੜ੍ਹਦਾ ਸਾਂ। ਸਕੂਲ ਵਿਚ ਇਕ ਦਮ ਪੁਲਿਸ ਆ ਗਈ। ਮੈਂ ਮਿਸ਼ਨ ਸਕੂਲ ਦਾ ਛੋਟੀ ਕਲਾਸ ਦਾ ਵਿਦਿਆਰਥੀ ਸਾਂ, ਜਦੋਂ ਮੈਨਪੁਰੀ ਸਾਜ਼ਿਸ਼ ਕੇਸ ਦਾ ਮੁਕੱਦਮਾ ਸ਼ੁਰੂ ਹੋਇਆ। ਸਾਡੇ ਸਕੂਲ ਵਿਚ ਵੀ ਇਸ ਕੇਸ ਦਾ ਅਪਰੂਵਰ ਯਾਨਿ ਸਰਕਾਰੀ ਗਵਾਹ ਸ਼ਨਾਖਤ ਕਰਨ ਲਈ ਲਿਆਂਦਾ ਗਿਆ ਅਤੇ ਉਸ ਨੇ ਦਸਵੀਂ ਕਲਾਸ ਦੇ ਰਾਜਾ ਰਾਮ ਭਾਰਤੀ ਨੂੰ ਗ੍ਰਿਫਤਾਰ ਕਰਵਾਇਆ। ਇੱਕ ਦੋ ਹੋਰ ਲੜਕਿਆਂ 'ਤੇ ਸ਼ੱਕ ਜਾਹਰ ਕਰਨ 'ਤੇ ਉਨ੍ਹਾਂ ਨੂੰ ਵੀ ਹਿਰਾਸਤ ਵਿਚ ਲੈ ਲਿਆ ਗਿਆ।

ਉਹ ਦਿਨ ਹੀ ਬੜਾ ਅਜੀਬ ਦਿਨ ਸੀ। ਸਕੂਲ ਦੇ ਚਾਰੇ ਪਾਸੇ ਪੁਲਿਸ ਦੀਆਂ ਲਾਲ ਪੱਗਾਂ ਹੀ ਦਿਖਾਈ ਦਿੰਦੀਆਂ ਸਨ। ਗੱਲ ਕੀ, ਸਕੂਲ ਦੇ ਤਾਲਿਬੇ-ਇਲਮ ਇਸ ਤਰ੍ਹਾਂ ਗ੍ਰਿਫਤਾਰ ਕੀਤੇ ਗਏ। ਬੰਗਾਲ ਵਿਚ ਉਨ੍ਹੀਂ ਦਿਨੀਂ ਇਹ ਮਾਮੂਲੀ ਗੱਲ ਸੀ ਅਤੇ ਆਏ ਦਿਨ ਇਹ ਕੁਝ ਹੁੰਦਾ ਹੀ ਰਹਿੰਦਾ ਸੀ, ਪਰ ਯੂ. ਪੀ. ਵਿਚ ਇਹ ਗੱਲ ਨਹੀਂ ਸੀ। ਅਜੀਬ ਦਹਿਸ਼ਤ ਦਾ ਮਾਹੌਲ ਸਕੂਲ 'ਤੇ ਛਾਇਆ ਹੋਇਆ ਸੀ ਅਤੇ ਹਰ ਇਕ ਲੜਕਾ ਆਪਣੀ ਜਾਨ ਦੀ ਖੈਰ ਮਨਾ ਰਿਹਾ ਸੀ।

ਮੈਂ ਉਸ ਦਿਨ ਜ਼ਰਾ ਦੇਰ ਨਾਲ ਸਕੂਲ ਗਿਆ ਸੀ। ਕੋਈ ਵੀ ਲੜਕਾ ਅੰਦਰੋਂ ਬਾਹਰ ਨਹੀਂ ਸੀ ਨਿਕਲ ਸਕਦਾ। ਸਕੂਲ ਦੀ ਹਰ ਜਮਾਤ ਵਿਚ ਸ਼ਨਾਖਤ ਹੋ ਰਹੀ ਸੀ। ਮੈਂ ਵੀ ਆਪਣੀ ਕਲਾਸ ਵਿਚ ਚੁਪ-ਚਾਪ ਜਾ ਬੈਠਾ। ਮੈਂ ਇਹ ਸਭ ਕੁਝ ਸਮਝਣ ਲਈ ਬੇਚੈਨ ਸਾਂ, ਜੋ ਮੇਰੇ ਸੁਭਾਅ ਦਾ ਹਿੱਸਾ ਸੀ, ਕਿਉਂਕਿ ਮੈਂ ਸਕੂਲ ਦਾ ਵਧੀਆ ਹਾਕੀ ਖਿਡਾਰੀ ਅਤੇ ਆਜ਼ਾਦ ਖਿਆਲਾਂ ਦਾ ਧਾਰਨੀ ਸਾਂ। ਮੈਂ ਸਕੂਲ ਦੇ ਮਾਸਟਰ ਸਾਹਿਬ ਨੂੰ ਪੁਛਣ ਲਈ ਝੁਕਿਆ, ਪਰ ਉਹ ਤਾਂ ਡਰਦੇ ਮਾਰੇ ਕੁਝ ਦੱਸਣ ਲਈ ਤਿਆਰ ਹੀ ਨਹੀਂ ਸੀ। ਇੱਕ ਲੜਕੇ ਨੇ ਕਿਹਾ ਕਿ ਰਾਜਾ ਰਾਮ ਨੇ ਕਿਤੇ ਡਾਕਾ ਮਾਰਿਆ ਹੈ ਅਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਹੋਰ ਕਈ ਲੜਕੇ ਵੀ ਫੜੇ ਗਏ ਹਨ। ਹੁਣ ਮੈਨੂੰ ਰਾਜਾ ਰਾਮ ਦੀ ਫਿਕਰ ਹੋਈ ਕਿ ਇਹ ਲੜਕਾ ਕੌਣ ਹੈ? ਰਾਜਾ ਰਾਮ ਤਾਂ ਸਿੱਧਾ ਸਾਦਾ ਮੁੰਡਾ ਸੀ। ਸਕੂਲ ਦਾ ਕੋਈ ਵੀ ਵਿਦਿਆਰਥੀ ਉਸ ਨੂੰ ਨਹੀਂ ਜਾਣਦਾ। ਉਹ ਅਲੱਗ-ਥਲੱਗ ਤੇ ਆਪਣੇ ਆਪ ਵਿਚ ਹੀ ਮਸਤ ਰਹਿੰਦਾ ਸੀ। ਕਿਸੇ ਨਾਲ ਘੁਲਦਾ ਮਿਲਦਾ ਨਹੀਂ ਸੀ। ਮੇਰੀ ਉਹਦੇ ਨਾਲ ਮੁਲਾਕਾਤ ਉਸ ਦੀ ਰਿਹਾਈ ਪਿਛੋਂ ਹੋਈ। ਮੈਨੂੰ ਤੇ ਯਕੀਨ ਹੀ ਨਹੀਂ ਸੀ ਆਉਂਦਾ ਕਿ ਏਨਾ ਭੋਲਾ ਭਾਲਾ ਲੜਕਾ ਰੈਵੋਲੂਸ਼ਨਰੀ ਵੀ ਹੋ ਸਕਦਾ ਹੈ।

ਉਨ੍ਹੀਂ ਦਿਨੀਂ ਸ਼ਾਹਜਹਾਨ ਪੁਰ ਵਿਚ ਵੀ ਤਲਾਸ਼ੀਆਂ ਸ਼ੁਰੂ ਹੋ ਗਈਆਂ ਸਨ। ਮੇਰੀ ਹੀ ਕਲਾਸ ਦੇ ਇਕ ਲੜਕੇ ਨੇ ਮੈਨੂੰ ਪਾਸੇ ਲਿਜਾ ਕੇ ਕਿਹਾ, "ਰਾਜਾ ਰਾਮ ਇਕ ਗੁਪਤ ਸੁਸਾਇਟੀ ਦਾ ਮੈਂਬਰ ਹੈ। ਉਹ ਕੋਈ ਡਾਕੂ ਜਾਂ ਕਾਤਲ ਨਹੀਂ ਹੈ।" ਮੈਂ ਉਸ ਨੂੰ ਹੱਸ ਕੇ ਕਿਹਾ ਕਿ ਤੂੰ ਵੀ ਮੈਨੂੰ ਉਹ ਹੀ ਲਗਦਾ ਹੈਂ। ਤੈਨੂੰ ਵੀ ਗ੍ਰਿਫਤਾਰ ਕਰਵਾ ਦਿਆਂਗਾ; ਪਰ ਉਸ ਨੇ ਬੜੀ ਬਹਾਦਰੀ ਨਾਲ ਕਿਹਾ, "ਮੈਂ ਆਪਣੇ ਦੇਸ਼ ਲਈ ਮਰਨ ਨੂੰ ਤਿਆਰ ਹਾਂ।" ਇਹ ਲਫਜ਼ ਉਸ ਨੇ ਏਨੀ ਮਾਨ, ਸ਼ਾਨ ਤੇ ਤਰਜ਼ ਨਾਲ ਕਹੇ ਕਿ ਉਸ ਨੂੰ ਕਦੀ ਵੀ ਨਾ ਭੁਲਾ ਸਕਿਆ।

ਹੁਣ ਸ਼ਹਿਰ ਦੇ ਚੰਡੂਖਾਨੇ ਦੀਆਂ ਖਬਰਾਂ ਉਡਣ ਲੱਗੀਆਂ, ਜਿਸ ਦਾ ਅੰਦਾਜ਼ਾ ਮੈਂ ਉਸ ਵਕਤ ਨਹੀਂ ਸੀ ਲਾ ਸਕਿਆ, ਪਰ ਹੁਣ ਇਹ ਸਭ ਕੁਝ ਮੇਰੇ ਉਪਰ ਆਇਆ ਤਾਂ ਮੈਨੂੰ ਸਮਝ ਪਈ ਕਿ ਐਵੇਂ ਗੱਪਾਂ ਮਾਰਨ ਵਾਲਿਆਂ ਸਾਹਮਣੇ ਕਿਸ ਤਰ੍ਹਾਂ ਰਾਈ ਦਾ ਪਹਾੜ ਬਣ ਜਾਂਦਾ ਹੈ। ਪਤਾ ਲੱਗਾ ਕਿ ਰਾਮ ਪ੍ਰਸਾਦ ਮਸ਼ਹੂਰ ਹੋ ਗਿਆ ਹੈ ਅਤੇ ਹੋਰ ਵੀ ਕਈ ਲੜਕੇ ਲਾਪਤਾ ਹੋ ਗਏ ਹਨ। ਸਾਡੀ ਟੀਮ ਦਾ ਇਕ ਖਿਡਾਰੀ ਮਿਸਟਰ ਕਾਲੀ ਚਰਨ ਵੀ ਪੰਡਿਤ ਕਾਲੀਚਰਨ ਦੇ ਭੁਲੇਖੇ ਵਿਚ ਬੁਲਾਏ ਗਏ। ਇਹ ਬੜੇ ਲੁਤਫ ਤੇ ਦਹਿਸ਼ਤ ਭਰੇ ਦਿਨ ਸਨ। ਲੁਤਫ ਤਾਂ ਉਨ੍ਹਾਂ ਲਈ ਸੀ, ਜੋ ਹਮੇਸ਼ਾ ਨਵੀਂ ਚੀਜ਼ ਚਾਹੁੰਦੇ ਸਨ, ਨਵੀਂ ਕਹਾਣੀ ਅਤੇ ਖੌਫ ਦੇ ਦਿਨ ਉਨ੍ਹਾਂ ਲਈ ਸਨ, ਜਿਨ੍ਹਾਂ ਦੀ ਮਾੜੀ ਮੋਟੀ ਗੱਲਬਾਤ 'ਤੇ ਵੀ ਡਰਦੇ ਮਾਰਿਆਂ ਦੀ ਜਾਨ ਨਿਕਲਣ ਨੂੰ ਫਿਰਦੀ ਸੀ। ਉਹ ਉਸ ਹੀ ਪੁਰਾਣੇ ਸਿਸਟਮ ਨੂੰ ਪਸੰਦ ਕਰਦੇ ਸਨ, ਜਿਸ 'ਚ ਮਾੜਾ ਹੋਵੇ ਜਾਂ ਚੰਗਾ।

ਹੁਣ ਗ੍ਰਿਫਤਾਰੀਆਂ ਤੇ ਗੁਪਤਵਾਸ ਪਿਛੋਂ ਕੇਸ ਮੈਨਪੁਰੀ ਡਿਸਟ੍ਰਿਕਟ ਵਿਚ ਚਲਾਇਆ ਗਿਆ ਅਤੇ ਅਖਬਾਰਾਂ ਵਾਲਿਆਂ ਦੀ ਕਿਸਮਤ ਵੀ ਜਾਗ ਪਈ। ਇਸ ਦੇ ਨਾਲ ਦੇਸ਼ ਵਾਲੀਆਂ ਨੂੰ ਵੀ ਪਤਾ ਲੱਗਾ ਕਿ ਦੇਸ਼ ਦੇ ਨੌਜਵਾਨ ਵੀ ਕੁਝ ਕਰਨਾ ਚਾਹੁੰਦੇ ਹਨ। ਇਹ ਦੇਸ਼ ਦੇ ਨੌਜਵਾਨਾਂ ਦਾ ਹੀ ਖੇਲ ਸੀ। ਬਿਨਾ ਕਿਸੇ ਸੇਧ ਆਪ ਮੁਹਾਰੇ ਸਕੂਲਾਂ, ਕਾਲਜਾਂ ਦੇ ਵਿਦਿਆਰਥੀ ਬਰਤਾਨਵੀ ਸਰਕਾਰ ਨੂੰ ਟੋਪੀਦਾਰ ਬੰਦੂਕਾਂ ਜਾਂ ਬੰਬਾਂ ਦੇ ਗੋਲਿਆਂ ਨਾਲ ਹਿੰਦੋਸਤਾਨ ਵਿਚੋਂ ਬਾਹਰ ਕੱਢ ਸਕਦੇ ਹਨ; ਪਰ ਨੌਜਵਾਨ ਖੂਨ ਗਰਮ ਹੁੰਦਾ ਹੈ। ਇਨ੍ਹਾਂ ਸਾਹਮਣੇ ਹਰ ਮੁਸ਼ਕਿਲ ਕੰਮ ਅਤੇ ਪਹਾੜ ਜਿਹੀ ਬਰਤਾਨਵੀ ਸਰਕਾਰ ਨਾਲ ਟਕਰਾ ਜਾਣ ਦੀ ਦਲੇਰੀ ਤੇ ਜਜ਼ਬਾ ਸੀ। ਇਸੇ ਹੀ ਜਜ਼ਬੇ ਨੇ ਇਨ੍ਹਾਂ ਨੌਜਵਾਨਾਂ ਦਾ ਦਿਮਾਗ ਚਕਰਾ ਦਿੱਤਾ। ਇਹ ਆਪਣੇ ਦੇਸ਼ ਪ੍ਰੇਮ ਦੇ ਜਜ਼ਬਿਆਂ 'ਚ ਗੁੱਸੇ ਵੇਗ ਨੂੰ ਠੱਲ੍ਹ ਨਾ ਸਕੇ ਅਤੇ ਸਿਰਾਂ 'ਤੇ ਕਫਨ ਬੰਨ੍ਹ ਫਰੰਗੀ ਸਰਕਾਰ ਵਿਰੁੱਧ ਉਠ ਖੜ੍ਹੇ ਹੋਏ। ਮੈਂ ਉਨ੍ਹਾਂ ਦੇ ਜਜ਼ਬਾਤ, ਉਨ੍ਹਾਂ ਦੀ ਵਤਨਪ੍ਰਸਤੀ ਅਤੇ ਤਿਆਗ ਦਾ ਦਿਲੋਂ ਕਾਇਲ ਹਾਂ। ਮੈਂ ਉਨ੍ਹਾਂ ਨੂੰ ਸਲਾਮ ਕਰਦਾ ਹਾਂ। ਜੇ ਉਨ੍ਹਾਂ ਦੇ ਪਾਕ ਜਜ਼ਬਾਤ ਦਾ ਖੂਨ ਕਿਸੇ ਨਾ-ਦੂਰਅੰਦੇਸ਼ੀ ਦੇ ਹੱਥੋਂ ਹੋ ਗਿਆ ਸੀ। ਜੇ ਅਜਿਹੇ ਨੌਜਵਾਨ ਕਿਸੇ ਆਜ਼ਾਦ ਮੁਲਕ ਵਿਚ ਜੰਮੇ ਹੁੰਦੇ ਤਾਂ ਬਿਨਾ ਕਿਸੇ ਝਿਜਕ ਦੇ ਕਹਾਂਗਾ ਕਿ ਦੇਸ਼ ਦੇ ਉਸਰੱਈਆਂ ਦੀ ਫਹਿਰਿਸ਼ਤ ਵਿਚ ਇਨ੍ਹਾਂ ਦਾ ਨਾਂ ਜ਼ਰੂਰ ਹੁੰਦਾ। ਇਹ ਕੋਈ ਆਸਾਨ ਕੰਮ ਨਹੀਂ ਹੈ ਕਿ ਮੌਤ ਦਾ ਸਾਹਮਣਾ ਕਰਨਾ ਅਤੇ ਆਪਣੇ ਆਪ ਨੂੰ ਵਤਨ ਤੋਂ ਕੁਰਬਾਨ ਕਰਨ ਲਈ ਖੁਸ਼ੀ ਨਾਲ ਪੇਸ਼ ਕਰ ਦੇਣਾ।

"ਐ ਵਤਨ-ਇ-ਮਹੱਬਤ, ਤੇਰੀ ਅਦਾ ਵੀ ਨਿਰਾਲੀ ਅਤੇ ਅਨੋਖੀ ਹੈ।" ਇਕ ਪਾਸੇ ਤੂੰ ਨਪੋਲੀਅਨ ਬੋਨਾਪਾਰਟ ਨੂੰ ਸਰ-ਜ਼ਮੀਨੇ ਫਰਾਂਸ ਦਾ ਚਹੇਤਾ ਫਰਜ਼ੰਦ ਬਣਾ ਦਿੰਦੀ ਹੈਂ ਅਤੇ ਦੂਜੇ ਪਾਸੇ ਦੂਜਿਆਂ ਲਈ ਜਾਨ ਦਾ ਦੁਸ਼ਮਣ ਅਤੇ ਖੂਨ ਖਾਰ ਬਣਾ ਕੇ ਸੇਂਟ ਹੇਲਨਾ ਵਿਚ ਕੈਦ ਕਰ ਸੁੱਟਦੀ ਹੈਂ। ਇਕੋ ਹੀ ਸਮੇਂ ਇਕ ਲਈ ਸ਼ਹਿਦ ਤੇ ਦੂਜੇ ਲਈ ਜ਼ਹਿਰ। ਇਕ ਲਈ ਜੀਵਨ ਦਾਨ ਤੇ ਦੂਜੇ ਲਈ ਮੌਤ ਦਾ ਪੈਗਾਮ। ਮੁਹੱਬਤ ਵਤਨੀ! ਤੂੰ ਕਿੰਨੀ ਪਿਆਰੀ ਤੋਂ ਪਿਆਰੀ ਅਤੇ ਜ਼ਾਲਮ ਤੋਂ ਜ਼ਾਲਮ ਚੀਜ਼ ਹੈਂ। ਤੇਰੇ ਕਦਮਾਂ ਵਿਚ ਅਜਿਹੇ ਨੌਜਵਾਨਾਂ ਦੇ ਕਿੰਨੇ ਹੀ ਸਿਰ ਹੋਣਗੇ, ਜੋ ਕੱਟ ਕੇ ਚੜ੍ਹਾ ਦਿੱਤੇ ਗਏ ਨੇ। ਹੋਰ ਕਿੰਨੇ ਹੀ ਮਨਚਲੇ ਨੌਜਵਾਨ ਤੇਰੀ ਇਕ ਅਦਾ 'ਤੇ ਹੱਸਦੇ-ਹੱਸਦੇ ਰਣਭੂਮੀ ਵਿਚ ਖਤਮ ਹੋ ਗਏ ਨੇ। ਸਪਾਰਟ ਦਾ ਹੀਰੋ ਤੇਰੇ ਹੀ ਨਾਂ 'ਤੇ ਕੁਰਬਾਨ ਹੋ ਗਿਆ। ਜਪਾਨ ਦੇ ਤੁਲਬਾ ਨੇ ਤੇਰੀ ਇਸ ਮੁਸਕਰਾਹਟ 'ਤੇ ਆਪਣੇ ਆਪ ਨੂੰ ਦਰਿਆ ਬੁਰਦ ਕਰ ਦਿੱਤਾ। ਹੋਰੇਸ਼ਮ ਫੌਜ ਦੇ ਮੁਕਾਬਲੇ ਇਕੱਲਾ ਹੀ ਡਟ ਗਿਆ ਤੇ ਆਪਣੇ ਖੂਨ ਵਿਚ ਨਹਾ ਕੇ ਸ਼ਹੀਦੀ ਪ੍ਰਾਪਤ ਕਰ ਗਿਆ। ਜਦੋਂ ਇਨ੍ਹਾਂ ਤਜਰਬੇਕਾਰ ਨੌਜਵਾਨਾਂ ਦੇ ਕਾਰਨਾਮੇ ਲੋਕਾਂ ਸਾਹਮਣੇ ਆਏ ਅਤੇ ਇਕ ਕਹਾਵਤ ਹੈ ਕਿ ਖਰਬੂਜੇ ਨੂੰ ਖਰਬੂਜਾ ਦੇਖ ਕੇ ਰੰਗ ਫੜਦਾ ਹੈ।

ਸਕੂਲ ਦੇ ਲੜਕਿਆਂ ਦਾ ਇਹ ਆਮ ਤਰੀਕਾ ਹੈ ਕਿ ਜਿਸ ਦਿਨ ਸਕੂਲ ਵਿਚ ਦਾਖਲ ਹੋਣ ਜਾਣਗੇ ਤਾਂ ਗਰੀਬ ਸਿਧੇ ਸਾਦੇ ਪੇਂਡੂ ਪੁਸ਼ਾਕ ਵਿਚ ਹੋਣ ਜਾਣਗੇ। ਫਿਰ ਇਕ ਸਾਲ ਦੇ ਅੰਦਰ-ਅੰਦਰ ਹੀ ਗਲ ਵਿਚ ਟਾਈ, ਪੈਰੀਂ ਬੂਟ ਹੋਣਗੇ, ਭਾਵੇਂ ਉਹ ਤੇਲੀਏ ਚਮੜੇ ਦੇ ਹੀ ਹੋਣ। ਇਕ ਕੋਟ ਪਤਲੂਣ ਦਾ ਰੋਹਬ ਵੀ ਜ਼ਰੂਰੀ ਹੈ। ਗੱਲ ਕੀ, ਗਪੌੜੀ ਕਿਸਮ ਦੇ ਲੋਕ ਸ਼ਿੰਗਾਰ ਸੰਵਾਰ ਕੇ ਗੱਲਾਂ ਬਣਾਉਂਦੇ ਸੀ।

ਮੈਂ ਵੀ ਨੌਜਵਾਨ ਸਾਂ ਅਤੇ ਖੂਬ ਮੋਟਾ ਤਾਜ਼ਾ, ਕਿਉਂਕਿ ਮੈਨੂੰ ਮੁੱਢ ਤੋਂ ਹੀ ਵਰਜਿਸ਼ ਕਰਨ ਦਾ ਸ਼ੌਕ ਸੀ (ਅਸਲ ਵਿਚ ਉਹ ਜਦੋਂ ਮੌਲਵੀ ਕੋਲ ਪੜ੍ਹਦੇ ਸਨ ਤਾਂ ਸ਼ਰਾਰਤਾਂ ਕਰਨ 'ਤੇ ਮੌਲਵੀ ਸਾਹਿਬ ਸਜ਼ਾ ਵਜੋਂ ਬੈਠਕਾਂ ਕੱਢਣ ਲਾ ਦਿੰਦੇ ਸਨ। ਕਈ ਵਾਰ ਸਜ਼ਾ ਦੇ ਕੇ ਭੁੱਲ ਵੀ ਜਾਣ। ਬਸ ਇਸ ਤੋਂ ਹੀ ਵਰਜਿਸ਼ ਦਾ ਸ਼ੌਕ ਬਣਿਆ)। ਬਦਕਿਸਮਤੀ ਨਾਲ ਇਹ ਹੀ ਮੇਰੀ ਫਾਂਸੀ ਦਾ ਕਾਰਨ ਬਣਿਆ, ਕਿਉਂਕਿ ਸਾਡੇ ਦਿਆਲੂ ਜਨਾਬ ਮਿਸਟਰ ਖੈਰਾਤ ਨਬੀ ਨੂੰ ਪਬਲਿਕ ਪ੍ਰਾਸੀਕਿਊਟਰ ਨੇ ਆਪਣੀ ਬਹਿਸ ਵਿਚ ਮੇਰੇ ਮੋਟਾ ਤਾਜ਼ਾ ਹੋਣਾ ਜਾਹਰ ਕੀਤਾ ਸੀ। ਇਸ ਲਈ ਹੀ ਮੈਨੂੰ ਸਾਡੇ ਪੂਰੇ ਗਿਰੋਹ ਵਿਚ ਸਭ ਤੋਂ ਵੱਧ ਅਤੇ ਸਖਤ ਸਜ਼ਾ ਦਿੱਤੀ ਗਈ।



*ਅਸ਼ਫ਼ਾਕ ਉਲਾ ਖਾਂ*

ਗੱਲ ਕੀ, ਮੈਨਪੁਰੀ ਕਾਂਸਪੀਰੇਸੀ ਕੇਸ ਪਿਛੋਂ ਮੇਰੇ ਵਿਚ ਬੜੀ ਵੱਡੀ ਤਬਦੀਲੀ ਆਈ। ਹੁਣ ਮੈਂ ਅੱਠਵੀਂ ਕਲਾਸ ਵਿਚੋਂ ਪਾਸ ਹੋ ਕੇ ਆਇਆ ਤਾਂ ਮੇਰੇ ਕੋਰਸ ਦੀ ਇੰਗਲਿਸ਼ ਦੀ ਕਿਤਾਬ ਵਿਚ ਦੋ ਸ਼ਬਦ ਸਨ:

1. ਲਵ ਆਫ ਕੰਟਰੀ (ਵਤਨ ਦੀ ਮੁਹੱਬਤ)। ਇਹ ਸੀ, ਸਰ ਵਾਲਟਰ ਸਕਾਟ ਦੀ ਲਿਖੀ ਹੋਈ ਨਜ਼ਮ।

2. ਦੂਜੀ, ਹੋਰੇਸ਼ਮ ਦੀ ਕਹਾਣੀ ਸੀ, ਜਿਸ ਵਿਚ ਇਸ ਨੇ ਸਪੀਚ ਦਿੱਤੀ ਸੀ ਜਦੋਂ ਮੁਲਕ 'ਤੇ ਦੁਸ਼ਮਣ ਨੇ ਚੜ੍ਹਾਈ ਕੀਤੀ ਸੀ। ਉਸ ਨੇ ਕਿਹਾ ਸੀ ਕਿ ਜੇ ਪੁਲ ਤੋੜ ਦਿੱਤਾ ਜਾਵੇ ਤਾਂ ਟਾਈਬਰ ਨਦੀ ਨੂੰ ਪਾਰ ਕਰਕੇ ਫੌਜ ਨਹੀਂ ਆ ਸਕਦੀ। ਹੋਰ ਕੋਈ ਦੂਜਾ ਰਸਤਾ ਵੀ ਨਹੀਂ ਹੈ, ਜਿਥੋਂ ਦੀ ਉਹ ਆ ਸਕਣ। ਉਸ ਨੇ ਕਿਹਾ ਕਿ ਮੈਂ ਜਾਂਦਾ ਹਾਂ ਅਤੇ ਆਪਣੇ ਤਿੰਨ ਸਾਥੀਆਂ ਨਾਲ ਤੰਗ ਰਸਤੇ 'ਤੇ ਜਾ ਕੇ ਲੜਾਂਗਾ, ਤੁਸੀਂ ਏਧਰ ਪੁਲ ਤੋੜ ਦੇਣਾ। ਇਸੇ ਤਰ੍ਹਾਂ ਹੀ ਹੋਇਆ, ਉਹ ਸ਼ਹੀਦ ਹੋ ਗਏ ਤੇ ਰੋਮ ਬਚ ਗਿਆ। ਮੇਰੇ ਮਾਸਟਰ ਜੀ ਨੇ ਇਹ ਸ਼ਬਦ ਏਨੇ ਜਜ਼ਬੇ ਨਾਲ ਪੜ੍ਹਾਏ ਕਿ ਮੇਰੇ ਤਨ ਬਦਨ ਨੂੰ ਅੱਗ ਲੱਗ ਉਠੀ।

ਇਸ ਨਜ਼ਮ ਦਾ ਉਹ ਹਿੱਸਾ ਮੈਨੂੰ ਹਾਲੇ ਤੱਕ ਜਿਉਂ ਦਾ ਤਿਉਂ ਯਾਦ ਹੈ,

To Every man Upoun the earth
Death cometh soon as late.
Then how a man can die or better death.
Than facing fearful odds,
For the ashes of his fathers.
And the temples of his gods.

ਮੇਰੀ ਵਤਨ ਦੀ ਮੁਹੱਬਤ ਦੀ ਬੁਨਿਆਦ ਇਸੇ ਹੀ ਸ਼ਬਦ ਨਾਲ ਰੱਖੀ ਗਈ। ਸੈਂਕੜੇ ਕਿਤਾਬਾਂ ਪੜ੍ਹੀਆਂ, ਬਹੁਤ ਸਾਰੇ ਭਾਸ਼ਨ ਵੀ ਸੁਣੇ, ਪਰ ਪਤਾ ਹੀ ਨਾ ਲੱਗਾ ਕਿ ਸਕੂਲ ਵਿਚ ਉਹ ਕਿਹੜੀ ਘੜੀ ਸੀ, ਜਿਸ ਦਿਨ ਮਾਸਟਰ ਜੀ ਨੇ ਇਹ ਸ਼ਬਦ ਪੜ੍ਹਾਇਆ। ਮੈਂ ਆਪਣੇ ਆਪ ਨੂੰ ਰੋਕ ਨਾ ਸਕਿਆ ਤੇ ਬਹੁਤ ਰੋਇਆ। ਮੈਨੂੰ ਦੇਸ਼ ਭਗਤੀ ਦੇ ਪਲੈਟਫਾਰਮ 'ਤੇ ਲਿਆਉਣ ਵਾਲੀ ਅਤੇ ਵਤਨ ਦੀ ਮੁਹੱਬਤ ਦੀ ਅੱਗ ਭੜਕਾਉਣ ਵਾਲੀ ਸਭ ਤੋਂ ਵਧੀਆ ਨਜ਼ਮ ਅਤੇ ਇਹ ਹੀ ਸ਼ਬਦ ਸਨ। ਇਸ ਪਿਛੋਂ ਮੇਰੇ ਇਕ ਮਾਸਟਰ ਸਾਹਿਬ ਜਿਨ੍ਹਾਂ ਦਾ ਨਾਮ ਮੈਂ ਖਾਸ ਕਾਰਨਾਂ ਕਰ ਕੇ ਨਹੀਂ ਲੈ ਰਿਹਾ, ਕਿਉਂਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਜਾਂ ਮੁਸ਼ਕਿਲ ਨਾ ਹੋਵੇ। ਉਨ੍ਹਾਂ ਮੈਨੂੰ ਇਕ ਹੋਰ ਕਿਤਾਬ ਪੜ੍ਹਨ ਲਈ ਇਹ ਕਹਿੰਦਿਆਂ ਦਿੱਤੀ ਕਿ ਤੂੰ ਇਸ ਨੂੰ ਪੜ੍ਹਨ ਦੇ ਕਾਬਲ ਹੈਂ। ਉਸ ਦਾ ਨਾਂ ਸੀ, 'ਦੁਨੀਆਂ ਭਰ ਦੇ ਦੇਸ਼ਭਗਤ' (Patriots of the world).

ਉਸ ਨੂੰ ਪੜ੍ਹਨ ਨਾਲ ਮੇਰੇ ਦਿਲ 'ਤੇ ਇਹ ਅਸਰ ਹੋਇਆ ਕਿ ਵਤਨ 'ਤੇ ਜੋ ਮਰ ਮਿਟਾ, ਉਸ ਨੂੰ ਜ਼ਿੰਦਗੀ-ਏ-ਜਾਵੇਦ ਮਿਲ ਗਈ। ਉਹ ਅਮਰ ਹੋ ਗਿਆ।

ਹੁਣ ਮੈਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਪੈਦਾ ਹੋਇਆ। ਆਪਣੀਆਂ ਗਲਤੀਆਂ 'ਤੇ ਅਫਸੋਸ ਹੋਣਾ ਸ਼ੁਰੂ ਹੋ ਗਿਆ ਕਿ ਐਵੇਂ ਫਜ਼ੂਲ ਹੀ ਖੇਲਣ ਕੁਦਣ ਵਿਚ ਏਨੀ ਉਮਰ ਗਵਾ ਦਿੱਤੀ ਅਤੇ ਤਾਲੀਮ ਵਿਚ ਵੀ ਘਾਟ ਮਹਿਸੂਸ ਹੋਈ, ਕਿਉਂਕਿ ਬਹੁਤ ਪੜ੍ਹ-ਲਿਖ ਨਹੀਂ ਸਕਿਆ। ਦੇਸ਼ ਭਗਤੀ ਲਈ ਵੀ ਤਾਲੀਮ ਇਕ ਜ਼ਰੂਰੀ ਉਮਰ ਦੀ ਹੱਦ ਸੀ। ਜੇ ਦੇਸ਼ ਭਗਤੀ ਬੱਚਿਆਂ ਵਿਚ ਸ਼ੁਰੂ ਵਿਚ ਹੀ ਪੈਦਾ ਕੀਤੀ ਜਾਵੇ ਅਤੇ ਵੱਡੇ-ਵੱਡੇ ਕੁਰਬਾਨੀ ਵਾਲੇ ਲੋਕਾਂ ਦੀਆਂ ਜੀਵਨੀਆਂ ਪੜ੍ਹਾਈਆਂ ਜਾਣ ਤਾਂ ਬੱਚਿਆਂ ਨੂੰ ਪੜ੍ਹਨ ਦਾ ਹਮੇਸ਼ਾ ਸ਼ੌਕ ਰਹੇਗਾ ਅਤੇ ਉਹ ਵੱਡੇ ਹੋ ਕੇ ਵਿਗੜਨਗੇ ਨਹੀਂ। ਉਹ ਸਮਝਦਾਰੀ ਅਤੇ ਅਕਲ ਦੇ ਰਾਹ ਪੈਣਗੇ। ਗਲ ਕੀ, ਮੈਂ ਏਸੇ ਹੀ ਦੌੜ ਭੱਜ ਵਿਚ ਰਿਹਾ ਅਤੇ ਕਈ ਵਰ੍ਹੇ ਲੰਘ ਗਏ। ਹੁਣ ਮੈਂ ਕਾਫੀ ਜਵਾਨ ਹੋ ਗਿਆ ਸਾਂ ਅਤੇ ਤਾਲੀਮ ਵਿਚ ਕਾਫੀ ਪਛੜ ਗਿਆ ਸਾਂ। ਡਰਦੇ ਮਾਰੇ ਮੈਂ ਇਹ ਸੰਖੇਪ ਜਿਹਾ ਲਿਖ ਰਿਹਾ ਹਾਂ। ਮੇਰਾ ਇਰਾਦਾ ਅੱਗੇ ਚਲ ਕੇ ਬੱਚਿਆਂ ਨੂੰ ਨਸੀਹਤ ਕਰਨ ਦਾ ਹੈ।

ਬਨਾਰਸੀ ਦਾਸ ਅਪਰੂਵਰ ਮੈਨੂੰ ਮਿਲਿਆ ਕਰਦਾ ਸੀ। ਮੈਨੂੰ ਉਸ ਵਕਤ ਤੇ ਕੀ, ਕਈ ਸਾਲ ਪਿਛੋਂ ਵੀ ਪਤਾ ਨਾ ਲੱਗਾ ਕਿ ਉਹ ਕੌਣ ਹੈ ਅਤੇ ਉਸ ਦੀ ਗੁਜ਼ਸਤਾ ਜ਼ਿੰਦਗੀ (ਚਾਲੂ ਜ਼ਿੰਦਗੀ) ਕੀ ਹੈ। ਇਸ ਹਜ਼ਰਤ ਨੇ ਰਾਮਪ੍ਰਸਾਦ ਬਿਸਮਿਲ ਦਾ ਜ਼ਿਕਰ ਕੀਤਾ। ਰਾਜਾ ਰਾਮ ਭਾਰਤੀ ਇਹਦੇ ਹੀ ਘਰ ਵਿਚ ਰਹਿੰਦੇ ਸਨ। ਮੈਨੂੰ ਸ਼ੱਕ ਹੋਇਆ ਕਿ ਇਹ ਵੀ ਮੈਨਪੁਰੀ ਸਾਜ਼ਿਸ਼ ਕੇਸ ਦਾ ਮੈਂਬਰ ਹੈ। ਮੈਂ ਆਪਣੇ ਨਾਲੋਂ ਮੁਲਕ ਦਾ ਵੱਧ ਖੈਰ-ਖਵਾਹ ਸਮਝ ਕੇ ਇਸ ਮਹਾਪੁਰਸ਼ ਦੀ ਇੱਜਤ ਕਰਨ ਲੱਗਾ। ਉਸ ਵਕਤ ਜ਼ਿਆਦਾਤਰ ਮੀਟਿੰਗਾਂ ਏਸੇ ਦੇ ਘਰ ਹੀ ਹੁੰਦੀਆਂ ਸਨ। ਮੈਂ ਹੋਰ ਵੀ ਕਈ ਜਲਸਿਆਂ ਵਿਚ ਸ਼ਾਮਲ ਹੁੰਦਾ ਅਤੇ ਉਹ ਵੀ ਜਾਣਦਾ ਸੀ ਕਿ ਮੈਂ ਸੁਰਖ ਪਹਿਨਣਾ ਸ਼ੁਰੂ ਕਰ ਦਿੱਤਾ ਸੀ। ਉਸ ਨੇ ਰਾਜਾ ਰਾਮ ਤੋਂ ਜੋ ਕਿੱਸਾ ਸੁਣਿਆ ਸੀ, ਸਾਰਾ ਕੁਝ ਮੈਨੂੰ ਸੁਣਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਆਪਣੇ ਆਪ ਨੂੰ ਪੱਕਾ ਦੇਸ਼ ਭਗਤ ਸਾਬਤ ਕਰ ਦਿੱਤਾ; ਜਿਹੋ ਜਿਹਾ ਅੱਜ ਕੱਲ੍ਹ ਫੈਸ਼ਨ ਹੈ ਕਿ ਆਪਣੇ ਆਪ ਨੂੰ ਇਨਕਲਾਬੀ ਦੱਸਿਆ ਜਾਵੇ। ਜਿਸ ਤਰ੍ਹਾਂ ਇਕ ਸਾਹਿਬ ਨੇ ਗੁਪਤ ਦਿਨਾਂ ਵਿਚ ਮੈਨੂੰ ਆਪਣੇ ਆਪ ਨੂੰ ਸਾਬਿਤ ਕਰ ਦਿਖਾਇਆ ਸੀ, ਜਿਸ ਦਾ ਮੈਂ ਮੌਕਾ ਆਉਣ 'ਤੇ ਹਵਾਲਾ ਦੇਵਾਂਗਾ।

ਇਕ ਦਿਨ ਬਨਾਰਸੀ ਦਾਸ ਨੇ ਮੈਨੂੰ ਇਕ ਕਿਤਾਬ (ਅਨੰਦ ਮੱਠ), ਜੋ ਹਿੰਦੀ ਵਿਚ ਸੀ, ਸੁਣਾਈ। ਮੈਂ ਉਸ ਸਮੇਂ ਹਿੰਦੀ ਬਹੁਤ ਘੱਟ ਜਾਣਦਾ ਸਾਂ। ਫਿਰ ਬਨਾਰਸੀ ਦਾਸ ਨੇ ਕਿਹਾ ਕਿ ਖੁਫੀਆ ਜਥੇਬੰਦੀ ਇਹੋ ਜਿਹੀ ਹੈ। ਉਸ ਹੋ-ਹੱਲੇ ਵਿਚ ਕਾਂਸਪੀਰੇਸੀ ਦਾ ਕਾਇਲ ਤਾਂ ਮੈਂ ਉਸ ਨੂੰ ਮਿਲਣ ਤੋਂ ਪਹਿਲਾਂ ਹੀ ਹੋ ਗਿਆ ਸਾਂ। ਜਦੋਂ ਮੈਂ ਫਰਾਰ ਹੋਣ ਵਾਲਾ ਹੀ ਸਾਂ, ਇਕ ਸਾਹਿਬ ਨੇ ਮੈਨੂੰ ਰੋਕ ਦਿੱਤਾ ਤੇ ਕਿਹਾ ਕਿ ਤੂੰ ਹਿੰਦੋਸਤਾਨ ਵਿਚ ਰਹਿ ਕੇ ਬਹੁਤ ਕੁਝ ਕਰ ਸਕਦਾ ਹੈਂ। ਤੂੰ ਗੁਪਤ ਜਥੇਬੰਦੀ ਵਿਚ ਸ਼ਾਮਲ ਹੋ ਜਾ। ਹੁਣ ਮੇਰੇ ਇਨਕਲਾਬੀ ਬਣਨ ਦਾ ਵਕਤ ਆ ਗਿਆ ਸੀ ਅਤੇ ਮੈਂ ਵੀ ਰਾਜ਼ੀ ਹੋ ਗਿਆ। ਇਥੇ ਮੈਂ ਦੱਸ ਦਿਆਂ ਕਿ ਮੈਨੂੰ ਮੁਸਲਮਾਨ ਤਬਕੇ ਤੋਂ ਹਮੇਸ਼ਾ ਨਾਉਮੀਦੀ ਹੀ ਹੱਥ ਲੱਗੀ। ਇਸ ਰਾਹ 'ਤੇ ਕੋਈ ਵੀ ਨਾ ਆਇਆ। ਮੈਂ ਹੀ ਇਕ ਲੱਲੂ ਸੀ, ਜੋ ਇਸ ਲਹਿਰ ਵਿਚ ਕੁੱਦ ਪਿਆ।

ਮੀਆਂ ਬਨਾਰਸੀ ਲਾਲ, ਜੋ ਮੈਨੂੰ ਹਮੇਸ਼ਾ ਗਮਗੀਨ ਹੀ ਨਜ਼ਰ ਆਉਂਦੇ ਸਨ, ਸ਼ਾਇਦ ਇਸ ਦਾ ਅਸਰ ਆਪਣੇ ਦੋਸਤਾਂ ਤੋਂ ਵਿਛੜ ਜਾਣ ਦਾ ਸੀ। ਇਸ ਤੋਂ ਬਿਨਾ ਇਹਦੇ ਕਾਂਗਰਸ ਵਾਲੇ, ਜੋ ਕੱਲ੍ਹ ਤੱਕ ਮਦਦ ਦਾ ਵਾਅਦਾ ਕਰਦੇ ਰਹੇ ਸੀ ਅਤੇ ਹੁਣ ਉਹ ਆਪਣੇ ਆਪਣੇ ਰਾਹ ਅਲੱਗ ਕਰ ਗਏ। ਇਸ ਤੋਂ ਇਲਾਵਾ ਉਹ ਉਸ ਨੂੰ ਉਲਟਾ ਬੇਵਕੂਫ ਵੀ ਕਹਿਣ ਲੱਗ ਪਏ ਸਨ। ਇਸ ਸਭ ਕੁਝ ਦਾ ਅਸਰ ਮੇਰੇ 'ਤੇ ਏਦਾਂ ਹੋਇਆ ਕਿ ਮੈਂ ਬੇਚੈਨ ਹੋ ਗਿਆ, ਪਰ ਕਿਸ ਨੂੰ ਦੱਸਾਂ? ਨਾ ਕੋਈ ਸਾਥੀ, ਨਾ ਕੋਈ ਰਾਜ਼ਦਾਰ, ਜਿਸ ਨੂੰ ਆਪਣੇ ਗਮ ਦੀ ਦਾਸਤਾਨ ਸੁਣਾ ਸਕਾਂ। ਫਿਰ ਮੈਂ ਬਨਾਰਸੀ ਦਾਸ ਨੂੰ ਕਿਹਾ ਕਿ ਮੈਨੂੰ ਰਾਮ ਪ੍ਰਸਾਦ ਕੋਲ ਲੈ ਚੱਲ ਅਤੇ ਮੇਰੀ ਜਾਣ-ਪਛਾਣ ਕਰਾ ਦੇ। ਰਾਮ ਪ੍ਰਸਾਦ ਮੇਰੇ ਵੱਡੇ ਭਰਾ (ਰਿਆਸਤ ਖਾਂ) ਦੇ ਉਰਦੂ ਸਕੂਲ ਦੇ ਜਮਾਤੀ ਰਹਿ ਚੁਕੇ ਸਨ ਅਤੇ ਉਹ ਆਪਸ ਵਿਚ ਦੋਸਤ ਵੀ ਸਨ। ਇਸ ਤੋਂ ਇਲਾਵਾ ਉਹ ਮੇਰੇ ਸਕੂਲ ਦੇ ਵੀ ਵਿਦਿਆਰਥੀ ਰਹਿ ਚੁਕੇ ਸਨ, ਪਰ ਮੇਰੀ ਉਨ੍ਹਾਂ ਨਾਲ ਕੋਈ ਸੁਰ ਸਾਂਝ ਨਹੀਂ ਸੀ। ਰਾਮ ਪ੍ਰਸਾਦ ਬਿਸਮਿਲ ਸ਼ੁਰੂ ਤੋਂ ਹੀ ਚੰਗੀ ਖਾਸੀ ਸ਼ਖਸੀਅਤ ਦੇ ਇਨਸਾਨ ਸਨ। ਉਹ ਬਹੁਤ ਹੀ ਚੁਸਤ, ਹੁਸ਼ਿਆਰ ਤਾਲਿਬੇ-ਇਲਮ ਸਨ ਅਤੇ ਮਸ਼ਹੂਰ ਵੀ ਬਹੁਤ ਸਨ।

ਮੇਰਾ ਖਿਆਲ ਸੀ ਕਿ ਰਾਮ ਪ੍ਰਸਾਦ ਨੂੰ ਮਿਲੋ, ਸ਼ਾਇਦ ਉਥੋਂ ਕੋਈ ਦਵਾ ਮਿਲ ਜਾਏ ਤਾਂ ਜੋ ਮਨ ਨੂੰ ਤਸੱਲੀ ਤੇ ਚੈਨ ਮਿਲ ਸਕੇ। ਇਕ ਦਿਨ ਖਨੌਤ ਦੇ ਕਿਨਾਰੇ ਜਲਸਾ ਹੋਇਆ (ਖਨੌਤ ਨਦੀ ਹੈ, ਜੋ ਸ਼ਾਹਜਹਾਨ ਪੁਰ ਦੇ ਬਿਲਕੁਲ ਕੋਲ ਦੀ ਵਗਦੀ ਸੀ। ਅੱਜ ਕੱਲ੍ਹ ਤਾਂ ਉਸ ਤੋਂ ਪਾਰ ਵੀ ਕਾਫੀ ਆਬਾਦੀ ਹੈ)। ਰਾਮ ਪ੍ਰਸਾਦ ਨੇ ਉਥੇ ਸੰਖੇਪ ਜਿਹਾ ਭਾਸ਼ਨ ਦਿੱਤਾ ਤੇ ਸ਼ੁਰੂ ਵਿਚ ਸ਼ਿਅਰ ਪੜ੍ਹਿਆ,

ਬਹੇ ਬਹਰੇ-ਫਨਾ ਮੇਂ ਜਲਦ ਯਾਰਬ
ਲਾਸ਼ ਬਿਸਮਿਲ ਕੀ,
ਕਿ ਭੂਖੀ ਮਛਲੀਆਂ ਹੈ
ਜੌਹਰੇ ਸ਼ਮਸ਼ੀਰੇ ਕਾਤਿਲ ਕੀ।

ਜੋ ਮੈਨੂੰ ਹਾਲੇ ਤਕ ਯਾਦ ਹੈ। ਇਹਨੂੰ ਮੈਂ ਕੰਡੈਂਮਡ ਸੈਲ (condemned cell) ਵਿਚ ਮੁਲਾਕਾਤ ਦੇ ਵਕਤ ਪੜ੍ਹਿਆ ਸੀ। ਮੈਂ ਵੀ ਕੁਝ ਕਿਹਾ ਸੀ। ਮੁੱਕਦੀ ਗੱਲ, ਬਨਾਰਸੀ ਨੇ ਸਾਡੀ ਦੋਹਾਂ ਦੀ ਮੁਲਾਕਾਤ ਤੇ ਜਾਣ-ਪਛਾਣ ਕਰਵਾ ਦਿੱਤੀ। ਇਸ ਪਿਛੋਂ ਵੀ ਮੈਂ ਇੱਕ ਦਿਨ ਰਾਮ ਪ੍ਰਸਾਦ ਨੂੰ ਮਿਲਿਆ ਸਾਂ, ਪਰ ਉਸ ਦੀ ਮਿਲਣੀ ਵਿਚ ਬੜੀ ਹੀ ਬੇਰੁਖੀ ਸੀ, ਜਿਸ ਦਾ ਮੈਨੂੰ ਬਹੁਤ ਦੁੱਖ ਹੋਇਆ, ਜਿਸ ਦੀ ਬਾਅਦ ਵਿਚ ਉਹ ਹਮੇਸ਼ਾ ਮਾਫੀ ਮੰਗ ਲਿਆ ਕਰਦੇ ਸਨ, ਪਰ ਹੁਣ ਸਾਡੀ ਮੁਲਾਕਾਤ ਪੰਡਿਤ ਰਾਮ ਪ੍ਰਸਾਦ 'ਬਿਸਮਿਲ' ਕੰਡੈਂਮਡ ਸੈਲ ਕਾਕੋਰੀ ਕੇਸ ਵਿਚ ਫਿਰ ਹੋ ਗਈ।

---

***(ਨੋਟ: ਇਸ ਤੋਂ ਅੱਗੇ ਅਸ਼ਫਾਕ ਉਲਾ ਖਾਂ ਨੂੰ ਲਿਖਣ ਦਾ ਮੌਕਾ ਹੀ ਨਹੀਂ ਮਿਲਿਆ ਅਤੇ ਉਸ ਵਲੋਂ ਸ਼ੁਰੂ ਕੀਤੇ ਮੈਨਪੁਰੀ ਸਾਜ਼ਿਸ਼ ਕੇਸ ਦਾ ਕਿੱਸਾ ਪੂਰਾ ਨਹੀਂ ਹੋ ਸਕਿਆ।)***

### ਗ਼ਜ਼ਲ

ਬਹਾਰ ਆਈ ਹੂਈ ਛੋਰਿਛ ਜਨੂਨੇ ਫਿਤਨਾ ਸਾਮਾਂ ਕੀ।
ਇਲਾਹੀ ਖੈਰ ਕਰਨਾ ਤੂ ਮੇਰੇ ਜੇਬੋ-ਗਿਰੇਬਾਂ ਕੀ।

ਸਹੀ ਜਜ਼ਬਾਤੇ ਹੂਰਿਅਤ ਕਹੀਂ ਮੇਟੇ ਸੇ ਮਿਟਤੇ ਹੈ,
ਅਬਸ ਹੈਂ ਧਮਕਿਆਂ ਦਾਰੇ-ਰਸਨ ਕੀ ਔਰ ਜਿੰਦਾ ਕੀ।

ਵਰ ਗੁਲਸ਼ਨ ਜੋ ਕਭੀ ਆਬਾਦ ਥਾ ਗੁਜ਼ਰੇ ਜ਼ਮਾਨੇ ਮੇਂ,
ਮੈਂ ਸ਼ਾਖੇ-ਖੁਸ਼ਕ ਹੂੰ ਹਾਂ ਹਾਂ, ਉਸੀ ਉਜੜੇ ਗੁਲਸਤਾਂ ਕੀ।

ਨਹੀਂ ਤੁਮ ਸੇ ਸ਼ਿਕਾਇਤ ਹਮ ਸਫੀਰਾਨੇ-ਚਮਨ* ਮੁਝਕੋ,
ਮੇਰੀ ਤਕਦੀਰ ਹੀ ਮੇਂ ਥਾ ਕਫਸ ਔਰ ਕੈਦ ਜਿੰਦਾਂ ਕੀ।

ਕਰੋ ਜ਼ਬਤੇ-ਮੁਹੱਬਤ** ਗਰ ਤੁਮਹੇ ਦਵਾਏ-ਉਲਫਤ*** ਹੈ,
ਖਾਮੋਸ਼ੀ ਸਾਫ ਬਤਲਾਤੀ ਹੈ ਯੇ ਤਸਵੀਰੇ-ਜਾਨਾਂ**** ਕੀ।

ਯੂੰ ਹੀ ਲਿਖਾ ਥਾ ਕਿਸਮਤ ਮੇਂ ਚਮਨ ਪੈਰਾਏ ਆਲਮ ਨੇ,
ਕਿ ਫਸਲੇ-ਗੁਲ ਮੇਂ ਗੁਲਸ਼ਨ ਛੂਟਕਰ ਹੈ ਕੈਦ ਜ਼ਿਨਦਾਂ ਕੀ।

ਜ਼ਮੀਂ ਦੁਸ਼ਮਨ ਜ਼ਮਾਂ ਦੁਸ਼ਮਨ ਜੋ ਅਪਨੇ ਥੇ ਪਰਾਏ ਹੈਂ,
ਸੁਨੋਗੇ ਦਾਸਤਾਂ ਕਿਆ ਤੁਮ ਮੇਰੇ ਹਾਲੇ ਪਰੀਸਾਂ ਕੀ।

ਯੇ ਝਗੜੇ ਔਰ ਬਖੇੜੇ ਮੇਟਕਰ ਆਪਸ ਮੇਂ ਮਿਲ ਜਾਓ,
ਯੇ ਤਫਰੀਕੇ-ਅਬਸ***** ਹੈ ਤੁਮ ਮੇਂ ਹਿੰਦੂ ਔਰ ਮੁਸਲਮਾਂ ਕੀ।

***-ਅਸ਼ਫਾਕ ਉਲਾ ਖਾਂ ਵਾਰਸੀ 'ਹਸਰਤ'***

***ਇਹ ਉਨ੍ਹਾਂ ਦਾ ਕਲਮੀ ਨਾਮ ਸੀ। ਅੱਛੇ ਸ਼ਾਇਰ ਸਨ। ਸ਼ਾਇਰੀ ਵਿਚ ਫਾਰਸੀ ਦੀ ਜ਼ਿਆਦਾ ਭਰਮਾਰ ਹੈ। ਸ਼ਾਇਦ ਇਸੇ ਕਰ ਕੇ ਬਿਸਮਿਲ ਵਾਂਗ ਮਸ਼ਹੂਰੀ (ਸ਼ਾਇਰੀ ਵਿਚ) ਨਹੀਂ ਖੱਟ ਸਕੇ।***

**ਸ਼ਬਦਾਂ ਦੇ ਅਰਥ:** *ਚਮਨ ਦੇ ਸਾਥੀ; **ਪਿਆਰ ਦਾ ਭਾਰ ਜਰਨਾ ***ਆਸ਼ਕ ਹੋਣ ਦਾ ਦਾਅਵੇਦਾਰ; ****ਮਸ਼ੂਕ ਦੀ ਫੋਟੋ *****ਭੇਦਭਾਵ ਬੇਕਾਰ

# ਸਫਰ ਦਾ ਸੰਦੇਸ਼ਨਾਮਾ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਉਨ੍ਹਾਂ ਖੁਦ ਤੋਂ ਖੁਦ ਤੀਕ ਦੀ ਦੂਰੀ ਨੂੰ ਖਤਮ ਕਰਨ ਦੀ ਸਲਾਹ ਦਿੰਦਿਆਂ ਕਿਹਾ ਸੀ, "ਸਮਾਜ ਵਿਚ ਬਹੁਤ ਸਾਰੇ ਮਸਲਿਆਂ ਦੀ ਜੜ੍ਹ ਇਹ ਦੂਰੀਆਂ ਹੀ ਹਨ। ਦੂਰੀਆਂ ਕਾਰਨ ਹੀ ਮਨੁੱਖੀ ਸੋਚ ਵਿਚੋਂ ਹੈਂਕੜ, ਰੁਤਬੇ, ਹੰਕਾਰ ਜਿਹੀਆਂ ਅਲਾਮਤਾਂ ਜਨਮ ਲੈਂਦੀਆਂ; ਪਰ ਬਹੁਤੀ ਵਾਰ ਇਨ੍ਹਾਂ ਨੂੰ ਘਟਾਉਣ ਵਿਚੋਂ ਹੀ ਨਵੀਂ ਕਿਰਨ ਜੀਵਨ ਦੀਆਂ ਹਨੇਰੀਆਂ ਕੰਦਕਾਂ ਨੂੰ ਰੁਸ਼ਨਾ ਸਕਦੀ ਹੈ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸਫਰ-ਏ-ਜ਼ਿੰਦਗੀ ਦੀ ਬਾਤ ਛੋਹੀ ਹੈ ਕਿ ਸਫਰ ਉਹ ਹੀ ਸੁਹੰਢਣਾ ਹੁੰਦੈ, ਜਿਸ ਵਿਚ ਸੂਰਜੀ ਸੋਚ ਨੂੰ ਪਛਾਣ ਮਿਲਦੀ, ਜਦ ਹਰਫਾਂ ਵਿਚ ਦੀਵਿਆਂ ਦੀ ਡਾਰ ਬਿਰਾਜਮਾਨ ਹੁੰਦੀ। ਉਨ੍ਹਾਂ ਦੀ ਨਸੀਹਤ ਹੈ, "ਹੁਸੀਨ ਸਫਰ ਦੇ ਹਰ ਪਲ ਨੂੰ ਜ਼ਿੰਦਾਦਿਲੀ ਨਾਲ ਇੰਜ ਜੀਓ, ਜਿਵੇਂ ਇਹ ਹੀ ਪਹਿਲਾਂ ਅਤੇ ਆਖਰੀ ਪਲ ਹੋਵੇ। ਇਸ ਦੀ ਰੰਗ-ਬਿਰੰਗਤਾ ਨੂੰ ਮਾਣੋ...ਕਿਉਂਕਿ ਸਫਰ, ਸਫਲਤਾ ਦਾ ਪੈਗਾਮ; ਪੈਰਾਂ ਦੀਆਂ ਤਲੀਆਂ ਨੂੰ ਮੰਜ਼ਿਲ ਮਿਲਣ ਦਾ ਇਲਹਾਮ।" -ਸੰਪਾਦਕ*

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸਫਰ, ਸੋਚ ਵਿਚ ਸੂਹੇ ਸੂਰਜਾਂ ਦਾ ਉਗਣਾ। ਸਿਰੜ ਦੇ ਮੱਥੇ 'ਤੇ ਨਵੀਆਂ ਪ੍ਰਾਪਤੀਆਂ ਦੇ ਸ਼ਿਲਾਲੇਖ ਉਕਰਨਾ, ਸੁਪਨੇ ਦੀ ਖੁੱਲ੍ਹਦੀ ਅੱਖ ਵਿਚ ਉਗ ਰਹੀ ਚਾਨਣੀ ਅਤੇ ਮੰਜ਼ਿਲ ਦੇ ਨਾਂਵੇਂ ਸੁਰਖ ਸਿਰਨਾਵਿਆਂ ਦੀ ਤਖਤੀ ਦਾ ਲਟਕਣਾ।

ਸਫਰ, ਜ਼ਿੰਦ ਦੀ ਤਲੀ 'ਤੇ ਨਵੇਂ ਖੁਮਾਰਾਂ ਦੀ ਮਹਿੰਦੀ, ਨਵੇਂ ਰਾਹਾਂ 'ਤੇ ਤੁਰਨ ਦੀ ਪ੍ਰੇਰਨਾ ਅਤੇ ਤਕਦੀਰਾਂ ਨੂੰ ਨਵੀਆਂ ਤਰਜ਼ੀਹਾਂ ਦਾ ਸਾਥ ਮਿਲਣਾ। ਸਫਰ, ਘਰ ਦੇ ਬਨੇਰਿਆਂ 'ਤੇ ਉਤਰ ਰਹੀ ਧੁੱਪ ਦਾ ਵਿਹੜੇ ਨੂੰ ਚਮਕਾਉਣਾ, ਹਵਾਵਾਂ ਨੂੰ ਮਨ-ਬਗੀਚੀ ਵਿਚ ਲਹਿਰਾਉਣਾ ਅਤੇ ਪਾਣੀ ਤੇ ਤੇਲ ਸੰਗ ਘਰ ਦੇ ਦਰਾਂ ਨੂੰ ਭਿਉਣਾ।

ਸਫਰ, ਰਾਤ ਦੇ ਮੱਥੇ 'ਤੇ ਸਰਘੀ ਦੀ ਭਾਹ, ਉਮੰਗਾਂ ਦੇ ਸੀਨੇ 'ਚ ਪਨਪ ਰਿਹਾ ਉਮਾਹ, ਗੰਧਲੇ ਪਾਣੀਆਂ ਨੂੰ ਪਾਕੀਜ਼ਗੀ ਦੀ ਸਲਾਹ ਅਤੇ ਸੁਗੰਧ ਦਾ ਸਾਹਾਂ ਨੂੰ ਬੁੱਕਲ ਵਿਚ ਲੈਣ ਦਾ ਚਾਅ। ਸਫਰ, ਬਹੁਤ ਕਿਸਮਾਂ ਦਾ। ਬਹੁਤ ਪਰਤਾਂ ਨੇ ਹਰ ਸਫਰ ਦੀਆਂ ਅਤੇ ਹਰ ਪਰਤ ਦਾ ਆਪਣਾ ਰੰਗ, ਸੁਭਾਅ, ਤਰਬੀਅਤ, ਤਰਜ਼ੀਹ ਅਤੇ ਤਕਦੀਰ।

ਸਫਰ, ਕਦੇ ਸਾਹਾਂ ਦਾ, ਕਦੇ ਆਹਾਂ ਦਾ। ਕਦੇ ਪੈਰਾਂ ਦਾ, ਕਦੇ ਪੈੜਾਂ ਦਾ। ਕਦੇ ਹੰਭੇ-ਹਾਰਿਆਂ ਦਾ, ਕਦੇ ਕਰਮਾਂ ਮਾਰਿਆਂ ਦਾ। ਕਦੇ ਝੁੱਗੀ ਦਾ ਮਹਿਲ ਬਣਨ ਲਈ ਅਹੁਲਣਾ, ਕਦੇ ਗੁੰਮ ਚੁੱਪ ਦਾ ਮਨ-ਬੀਹੀ ਵਿਚ ਬੋਲਣਾ। ਕਦੇ ਅਰਥਹੀਣ ਸ਼ਬਦਾਂ 'ਚ ਅਰਥਾਂ ਨੂੰ ਮਿਲਣ ਵਾਲੀ ਪਨਾਹ, ਕਦੇ ਖਾਲੀ ਸਫਿਆਂ ਨੂੰ ਅੱਖਰਾਂ ਨਾਲ ਭਰੇ ਜਾਣ ਦਾ ਚਾਅ। ਕਦੇ ਬੋਲ-ਹੁੰਗਾਰਿਆਂ ਵਿਚਲੀ ਚੁੱਪ ਦਾ ਘੂਰ ਬਣਨਾ, ਕਦੇ ਸੁੰਨ ਸਮਾਧੀ 'ਚ ਮਨ ਦਾ ਚੰਦੋਆ ਤਣਨਾ। ਕਦੇ ਆਪਣੇ ਤੋਂ ਦੂਰ ਜਾਣ ਦੀ ਤਮੰਨਾ, ਕਦੇ ਦੂਰ ਜਾਂਦੀਆਂ ਪੈੜਾਂ ਨੂੰ ਵਾਪਸ ਪਰਤਣ ਦਾ ਸੁਝਾਅ। ਕਦੇ ਬੰਦੇ ਦਾ ਬਣ ਬੈਠਣਾ ਖੁਦਾ।

ਸਫਰ ਕਦੇ ਸੁਖਾਵਾਂ, ਕਦੇ ਪੀੜਾਂ ਮੱਲਿਆ ਰਾਹ। ਕਦੇ ਰਾਹਾਂ 'ਤੇ ਤੁਰਨਾ, ਕਦੇ ਪੱਗਡੰਡੀਆਂ ਨੂੰ ਰਾਹ ਬਣਾਉਣ ਦਾ ਸੁਦਾਅ। ਕਦੇ ਪੈਰ ਧਰਨ ਤੋਂ ਤੋਬਾ, ਕਦੇ ਪੈੜਾਂ ਸਿਰਜਣ ਦੀ ਲੋਚਾ। ਕਦੇ ਰਾਹ ਦੀਆਂ ਮੁਸੀਬਤਾਂ ਨੂੰ ਹਰਾਉਣ ਦਾ ਹੱਠ ਅਤੇ ਕਦੇ ਸਾਹਾਂ-ਸਾਰੰਗੀ ਵਿਚ ਉਗਿਆ ਤਪ। ਕਦੇ ਪੱਧਰੇ ਰਾਹਾਂ ਦਾ ਸਾਥ, ਕਦੇ ਉਗੜ-ਦੁੱਗੜੇ ਰਾਹਾਂ ਦੀ ਨਿਸ਼ਾਨਦੇਹੀ। ਕਦੇ ਪਥਰੀਲਾ ਪੰਧ, ਕਦੇ ਧੁੰਦ ਵਿਚ ਲਿਪਟੇ ਜਾਣ ਦਾ ਤਹੱਈਆ। ਕਦੇ ਰਾਹਾਂ ਵਿਚ ਉਗੀਆਂ ਸੂਲਾਂ, ਕਦੇ ਪੱਬਾਂ ਹੇਠ ਫੁੱਲਾਂ ਦੀ ਵਿਛਾਈ। ਕਦੇ ਹਮਜੋਲਤਾ ਦੀ ਲਾਪ੍ਰਵਾਹੀ ਅਤੇ ਕਦੇ ਜੀਵਨ-ਰਾਹਾਂ ਦੀ ਤਨਹਾਈ। ਕਦੇ ਤੁਰਨ ਦਾ ਕਿਰਿਆ ਹੋਇਆ ਜੇਰਾ, ਕਦੇ ਪੈਰਾਂ ਵਿਚ ਉਗਦੇ ਸਫਰ ਨੂੰ ਸਲਾਮ।

ਸਫਰ, ਸਫਲਤਾ ਦਾ ਪੈਗਾਮ। ਪੈਰਾਂ ਦੀਆਂ ਤਲੀਆਂ ਨੂੰ ਮੰਜ਼ਿਲ ਮਿਲਣ ਦਾ ਇਲਹਾਮ। ਭੁੱਲੇ ਵਿਸਰੇ ਰਾਹਾਂ ਦਾ ਫਿਰ ਤੋਂ ਗਿਆਨ ਅਤੇ ਬਿਖਰੇ ਮਨ ਦਾ ਕੇਂਦ੍ਰਿਤ ਹੋਇਆ ਧਿਆਨ।

ਸਫਰ, ਕਦੇ ਰਿਸ਼ਤਿਆਂ ਦੀ ਉਧੇੜ-ਬੁਣ, ਕਦੇ ਸਬੰਧ-ਤ੍ਰੇੜ ਦੀ ਤਰਪਾਈ। ਕਦੇ ਨਵੀਆਂ ਸਕੀਰੀਆਂ ਨੂੰ ਗਲਵੱਕੜੀ, ਕਦੇ ਆਪਣਿਆਂ ਤੋਂ ਦੂਰ ਹੋਣ ਦੀ ਮਜ਼ਬੂਰੀ। ਕਦੇ ਸਮਾਜਕ ਦਾਇਰਿਆਂ ਦੀ ਮਜ਼ਬੂਤੀ, ਕਦੇ ਸਮਾਜਕ ਮਾਨਤਾਵਾਂ ਤੋਂ ਇਨਕਾਰ। ਕਦੇ ਕਦਰਾਂ-ਕੀਮਤਾਂ ਦਾ ਰੂਹੇ-ਅੰਦਾਜ਼, ਕਦੇ ਕਦਰਾਂ ਕੀਮਤਾਂ ਦਾ ਤਿੜਕਣ-ਰਿਆਜ਼। ਕਦੇ ਘਰ ਦਾ ਮਕਾਨ ਬਣਨ ਲਈ ਕਦਮ ਉਠਾਉਣਾ ਅਤੇ ਕਦੇ ਮਕਾਨ ਵਿਚੋਂ ਘਰ ਦਾ ਮੁਹਾਂਦਰਾ ਨਿਹਾਰਨਾ। ਕਦੇ ਕਮਰਿਆਂ ਲਈ ਕੰਧਾਂ ਦੀ ਤਾਮੀਰਦਾਰੀ, ਕਦੇ ਕਮਰਿਆਂ ਨੂੰ ਖੋਲੇ ਬਣਾਉਣ ਦੀ ਤਿਆਰੀ। ਕਦੇ ਕੁੱਲੀ ਨੂੰ ਕੋਠੀ ਬਣਾਉਣ ਦਾ ਸੁਪਨਾ ਅਤੇ ਕਦੇ ਕੋਠੀ ਦੀ ਘੁੱਟਵੀਂ ਫਿਜ਼ਾ ਵਿਚੋਂ ਨਿਕਲ ਕੇ ਤਾਜੇ ਸਾਹ ਲੈਣ ਦੀ ਤਾਂਘ।

ਸਫਰ, ਕਿਸੇ ਲਈ ਸਮੁੱਚਾ ਜੀਵਨ ਜਿਉਣ ਦਾ ਹਰਫਨਾਮਾ, ਕਦੇ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਜਿਉਣ ਦਾ ਹਲਫਨਾਮਾ। ਕਦੇ ਕਿਸੇ ਦੇ ਜੀਵਨ ਵਿਚ ਖਲਲ ਬਣਾਉਣ ਵਾਲੀ ਸੋਚ ਅਤੇ ਕਦੇ ਦੂਜਿਆਂ ਦੇ ਜੀਵਨ ਨੂੰ ਸੁਖਨ-ਬਖਸ਼ਣ ਵਾਲੀ ਲੋਚ। ਕਦੇ ਜੀਵਨ ਦੀਆਂ ਧਾਰਨਾਵਾਂ ਨੂੰ ਧਰਮ, ਦਯਾ, ਦਿੱਬ-ਦ੍ਰਿਸ਼ਟੀ ਦਾ ਨਿਸ਼ਾਨਾ ਮਿਥਣ ਦਾ ਹੀਆ, ਕਦੇ ਧਰਮ ਰਾਹੀਂ ਅਧਰਮਤਾ ਫੈਲਾਉਣ ਵਾਲਾ ਕੋਹਝ।

ਸਫਰ ਦਾ ਮੁਹਾਂਦਰਾ ਕਿਹੋ ਜਿਹਾ ਹੈ? ਰੂਪ-ਰੇਖਾ ਕੀ ਹੈ? ਕੀ ਨੇ ਸਰੋਕਾਰ ਅਤੇ ਕੀ ਨੇ ਇਸ ਦੀਆਂ ਤਰਜ਼ੀਹਾਂ? ਕਿਹੜੀਆਂ ਤਦਬੀਰਾਂ ਨੇ? ਸਫਰ-ਸਿਰਜਣਾ ਨੂੰ ਅੰਜਾਮ ਦੇਣਾ ਹੀ ਨਿਸ਼ਚਿਤ ਕਰਦਾ ਹੈ-ਸਫਰ ਦੀ ਸਮੁੱਚਤਾ, ਸੁੰਦਰਤਾ, ਸਦੀਵਤਾ ਅਤੇ ਸਾਰਥਕਤਾ ਦਾ ਸੰਦੇਸ਼। ਸਫਰ, ਸਮਿਆਂ ਦਾ ਵੀ ਹੁੰਦਾ ਅਤੇ ਸਾਹਾਂ ਦਾ ਵੀ। ਸ਼ਬਦਾਂ ਦਾ ਵੀ ਤੇ ਅਰਥਾਂ ਦਾ ਵੀ। ਸਦਭਾਵਨਾ, ਸਹਿਯੋਗਤਾ ਅਤੇ ਸ਼ਾਂਤੀ ਦਾ ਵੀ। ਸੁਗਮ-ਸੰਦੇਸ਼, ਸਾਰਥਕ-ਸੁਨੇਹਾ ਤੇ ਉਪਕਾਰੀ ਉਪਦੇਸ਼ ਦਾ ਵੀ ਹੁੰਦਾ।

ਸਫਰ ਕੋਹਝ ਦਾ ਵੀ ਤੇ ਸੁਹਜ ਦਾ ਵੀ। ਦੁੱਖ ਦਾ ਵੀ ਤੇ ਸੁਖ ਦਾ ਵੀ। ਹਾਰ ਦਾ ਵੀ ਤੇ ਜਿੱਤ ਦਾ ਵੀ। ਜਸ਼ਨ ਦਾ ਵੀ ਤੇ ਸੋਗ ਦਾ ਵੀ। ਮਿਲਾਪ ਦਾ ਵੀ ਤੇ ਵਿਛੋੜੇ ਦਾ ਵੀ। ਇਕੱਲ ਦਾ ਵੀ ਤੇ ਸੰਗਤਾਂ ਦਾ ਵੀ। ਸੰਜੋਗਾਂ ਦਾ ਵੀ ਤੇ ਵਿਜੋਗਾਂ ਦਾ ਵੀ। ਸਨਮਾਨ ਦਾ ਵੀ ਤੇ ਅਪਮਾਨ ਦਾ ਵੀ। ਹਿਰਖ-ਸੋਗ ਦਾ ਵੀ ਤੇ ਹਾਸੇ-ਠੱਠੇ ਦਾ ਵੀ। ਸਫਰ ਦੀ ਵਿਭਿੰਨਤਾ ਵਿਚੋਂ ਹੀ ਜੀਵਨ ਦੀ ਸਤਰੰਗੀ ਨੂੰ ਪਰਿਭਾਸ਼ਤ ਅਤੇ ਵਿਸਥਾਰਤ ਕੀਤਾ ਜਾ ਸਕਦਾ। ਇਕਸਾਰਤਾ, ਜ਼ਿੰਦਗੀ ਨਹੀਂ ਹੁੰਦੀ। ਰੰਗ-ਬਿਰੰਗਤਾ ਵਿਚੋਂ ਹੀ ਜੀਵਨੀ ਰੰਗਤਾ ਦਾ ਅਹਿਸਾਸ ਹੁੰਦਾ। ਅੱਕ ਜਾਂਦੀ ਇਕਪਾਸੜ ਜ਼ਿੰਦਗੀ ਅਤੇ ਚਾਹੁੰਦੀ ਏ ਕਿ ਹਰ ਦਿਨ, ਹਰ ਪਲ ਕੁਝ ਨਵਾਂ ਨਕੋਰ ਵਾਪਰੇ, ਜੋ ਜੀਵਨ ਨੂੰ ਹੋਰ ਚੰਗੇਰਾ ਤੇ ਭਰਪੂਰ ਬਣਾਉਣ ਵਿਚ ਯੋਗਦਾਨ ਪਾਵੇ।

ਸਫਰ ਦੀਆਂ ਆਪਣੀਆਂ ਤਰਜ਼ੀਹਾਂ ਅਤੇ ਤਮੰਨਾਵਾਂ ਕਾਰਨ ਇਸ ਦੀਆਂ ਵੱਖਰੀਆਂ ਵੱਖਰੀਆਂ ਤਕਲੀਫਾਂ, ਘਾਲਣਾਵਾਂ ਅਤੇ ਕਠਿਨ ਪ੍ਰਸਥਿਤੀਆਂ ਹੁੰਦੀਆਂ। ਇਨ੍ਹਾਂ ਨੂੰ ਸਮਝਣਾ ਅਤੇ ਸੁਲਝਾਉਣਾ ਬੰਦੇ ਦੀ ਮਾਨਸਿਕ ਤੇ ਸਰੀਰਕ ਤਾਕਤ 'ਤੇ ਨਿਰਭਰ।

ਸਫਰ ਤਾਂ ਕਈ ਵਾਰ ਜੜ੍ਹੋਂ ਉਖੜ ਕੇ ਫਿਰ ਤੋਂ ਜਿਉਣ-ਆਗਾਜ਼। ਤਿਲ੍ਹਕ ਕੇ ਮੁੜ ਤੋਂ ਸੰਭਲਣ ਅਤੇ ਸਫਰ ਜਾਰੀ ਰੱਖਣ ਦਾ ਅੰਦਾਜ਼। ਡਿੱਗ ਕੇ ਉਠਣ ਅਤੇ ਪੈਰਾਂ ਦੇ ਨਾਂਵੇਂ ਸਫਰ ਵਿਚ ਰਹਿਣ ਦਾ ਜੋਖਮ-ਜਰੀਆ। ਤਿੜਕੇ ਸੁਪਨਿਆਂ ਦੇ ਦੀਦਿਆਂ ਵਿਚ ਮੁੜ ਤੋਂ ਲਿਸ਼ਕ ਪੈਦਾ ਕਰਨਾ ਵੀ ਹੁੰਦਾ ਅਤੇ ਜਿਊਣ ਦੇ ਅਧਮੋਏ ਚਾਅ ਨੂੰ ਜ਼ਿੰਦਗੀ ਦੇ ਹਰ ਰੰਗ ਦਾ ਮਾਣਨ-ਮੇਲਾ ਹੁੰਦਾ।

ਸਫਰ ਤਾਂ ਉਹ ਵੀ ਹੁੰਦਾ, ਜਦ ਅਸੀਂ ਆਪਣੇ ਪਿਆਰਿਆਂ ਨੂੰ ਕਬਰ ਦੇ ਹਵਾਲੇ ਕਰਦੇ ਜਾਂ ਸਿਵਾ ਸੇਕਦੇ, ਸਾਹਾਂ ਵਿਚ ਸਿਸਕੀਆਂ ਅਤੇ ਮੁੱਖ 'ਤੇ ਹੰਝੂਆਂ ਦੀਆਂ ਘਰਾਲਾਂ ਨਾਲ ਬੀਤੇ ਪਲਾਂ ਨੂੰ ਯਾਦ ਕਰਦੇ। ਉਨ੍ਹਾਂ ਦੇ ਨਾ-ਪਰਤਣ ਦਾ ਸੋਚ ਕੇ ਹੀ ਸੁੰਨਸਾਨ ਹੋ ਜਾਂਦੇ ਹਾਂ। ਇਹ ਸਫਰ ਸਦੀਆਂ ਜਿਹਾ ਲੱਗਦਾ, ਕਿਉਂਕਿ ਬਹੁਤ ਹੀ ਔਖਾ ਹੁੰਦਾ, ਜਦ ਕਿਸੇ ਨੂੰ ਸਦੀਵੀ ਅਲਵਿਦਾ ਕਹਿ ਕੇ ਪਰਤਦੇ ਹੋ, ਜਿਸ ਨੇ ਕਦੇ ਵੀ ਵਾਪਸ ਨਹੀਂ ਪਰਤਣਾ ਹੁੰਦਾ। ਆਪਣਿਆਂ ਦਾ ਸਿਵਾ ਸੇਕਣ ਜਾਂ ਕਬਰ ਦੇ ਹਵਾਲੇ ਕਰ, ਖਾਲੀ ਹੱਥ ਘਰਾਂ ਨੂੰ ਪਰਤਣਾ ਅਤੇ ਘਰ ਦੇ ਖਲਾਅ ਨੂੰ ਮੁਖਾਤਬ ਹੋਣਾ ਹੋਰ ਵੀ ਮੁਹਾਲ ਹੁੰਦਾ। ਹੱਥੀਂ ਤੋਰ ਕੇ ਆਪਣਿਆਂ ਨੂੰ ਅਤੇ ਪੱਲੇ ਵਿਚ ਬੰਨ ਕੇ ਹੰਝੂ, ਹੰਝੂ ਬਣ ਕੇ ਜਿਉਣਾ ਪੈਂਦਾ।

ਸਫਰ ਤਾਂ ਸਾਹਾਂ ਦਾ ਆਣ-ਜਾਣ ਵੀ ਹੁੰਦਾ, ਜਿਸ ਵਿਚ ਬਹੁਤ ਕੁਝ ਚਾਹਿਆ ਅਤੇ ਅਣਚਾਹਿਆ ਵਰਤਦਾ। ਕਈ ਹੋਣੀਆਂ-ਅਣਹੋਣੀਆਂ ਨੂੰ ਪਿੰਡੇ 'ਤੇ ਹੰਢਾਉਣਾ ਪੈਂਦਾ। ਕਈ ਕਿਆਮਤਾਂ ਅਤੇ ਨਿਆਮਤਾਂ ਦੀ ਸੰਗਤਾ ਮਿਲਦੀ ਅਤੇ ਸੁਖਮ-ਸੋਚਾਂ ਨੂੰ ਅੰਗਦੀ, ਡੰਗਦੀ ਤੇ ਰੰਗਦੀ।

ਸਫਰ ਤਾਂ ਹੁੰਦਾ ਏ ਸਰਘ-ਸਵੇਰਿਆਂ ਦਾ, ਅਰਘ-ਬਨੇਰਿਆਂ ਦਾ, ਬੇਨੂਰ ਰਾਤਾਂ ਦਾ, ਚਾਨਣ ਅੰਗੀਆਂ ਪ੍ਰਭਾਤਾਂ ਦਾ, ਅਸਹਿ ਹੋ ਗਈਆਂ ਹਾਲਤਾਂ ਦਾ, ਝੋਲੀ ਵਿਚ ਪਈਆਂ ਸੁਗਾਤਾਂ ਦਾ ਅਤੇ ਆਪਣਿਆਂ ਨੇ ਮਨਫੀ ਕੀਤੀਆਂ ਕਰਾਮਾਤਾਂ ਦਾ।

ਸਫਰ ਦੇ ਪੈਂਡੇ ਬੜੇ ਬਿਖੜੇ। ਤੋਰ ਵਿਚ ਕਦੇ ਪੈ ਜਾਂਦੀ ਝੋਲ ਤਾਂ ਸਫਰ ਵੀ ਜਾਂਦਾ ਡੋਲ। ਕਦੇ ਅੱਖਾਂ ਵਿਚ ਪੈਦਾ ਹੁੰਦਾ ਧੁੰਦਲਕਾ ਤਾਂ ਰਾਹਾਂ ਦੀ ਨਿਸ਼ਾਨਦੇਹੀ ਬਹੁਤ ਔਖੀ ਹੁੰਦੀ; ਪਰ ਰਾਹੀ ਕਦੋਂ ਟਿਕ ਕੇ ਬਹਿੰਦੇ, ਜਿਨ੍ਹਾਂ ਦੇ ਪੈਰੀਂ ਸਫਰ ਹੁੰਦੇ। ਉਹ ਤਾਂ ਕੰਡਿਆਂ 'ਤੇ ਵੀ ਤੁਰਦੇ। ਖੱਡੇ-ਖਾਈਆਂ, ਟੋਏ-ਟਿੱਬੇ, ਜੰਗਲ-ਬੇਲੇ ਜਾਂ ਪਰਬਤ-ਅਰੋਹੀਆਂ, ਰੱਕੜ-ਮਾਰੂਥਲ, ਝੱਖੜ-ਝੇੜੇ, ਮੀਂਹ-ਹਨੇਰੀ ਜਾਂ ਝੰਭ-ਚੋਅ ਕੋਈ ਰੁਕਾਵਟ ਨਹੀਂ ਹੁੰਦੇ। ਉਹ ਅਮਰੂ ਨਿਥਾਵੇਂ ਤੋਂ ਗੁਰੂ ਅਮਰ ਦਾਸ ਦੇ ਸਫਰ-ਸਿਰਜਾਣਹਾਰੇ ਹੁੰਦੇ। ਉਹ ਪਾਤਸ਼ਾਹ ਹੁੰਦੇ, ਜਿਨ੍ਹਾਂ ਨੂੰ ਬਾਦਸ਼ਾਹ ਵੀ ਸਲਾਮਾਂ ਕਰਦੇ।

ਸਫਰ ਇਸ ਲਈ ਅਹਿਮ ਹੁੰਦਾ ਕਿ ਸਫਰ ਵਿਚੋਂ ਕਿਹੜੇ ਸੁਨੇਹਿਆਂ ਨੂੰ ਸਰਜ਼ਮੀਂ ਮਿਲੀ, ਕਿਹੜੇ ਤਾਰਿਆਂ ਦੀ ਦੱਸ ਪਈ, ਕਿਹੜੇ ਅੰਬਰ ਨੂੰ ਕਲਾਵੇ ਵਿਚ ਲਿਆ ਜਾਂ ਕਿਹੜੇ ਦਿਸਹੱਦਿਆਂ ਤੀਕ ਪਹੁੰਚਣ ਦਾ ਦਾਈਆ ਕੀਤਾ।

ਸਫਰ ਉਹ ਹੀ ਸੁਹੰਢਣਾ ਹੁੰਦਾ, ਜਿਸ ਵਿਚ ਸੂਰਜੀ ਸੋਚ ਨੂੰ ਪਛਾਣ ਮਿਲਦੀ, ਜਦ ਹਰਫਾਂ ਵਿਚ ਦੀਵਿਆਂ ਦੀ ਡਾਰ ਬਿਰਾਜਮਾਨ ਹੁੰਦੀ। ਜਿਸ ਵਿਚ ਅਜਿਹੇ ਲੋਕਾਂ ਦੀ ਭੀੜ ਹੁੰਦੀ, ਜੋ 'ਕੱਲਾ 'ਕੱਲਾ ਕਾਫਲਿਆਂ ਦਾ ਨਾਮਕਰਨ ਹੁੰਦੇ, ਜਿਨ੍ਹਾਂ ਦੇ ਇਕ ਬੋਲ ਵਿਚੋਂ ਹੀ ਬਹੁ-ਪਰਤੀ ਮੰਤਵਾਂ ਨੂੰ ਮਕਸਦ ਮਿਲਦਾ, ਜਿਨ੍ਹਾਂ ਦੀ ਆਧਾਰਸ਼ਿਲਾ 'ਤੇ ਨਵੇਂ ਕੀਰਤੀਮਾਨਾਂ ਨੂੰ ਮਾਣਮੱਤਾ ਅਹਿਸਾਸ ਹੁੰਦਾ।

ਸਫਰ ਅਕੀਦਤਯੋਗ ਹੁੰਦੇ, ਜਿਨ੍ਹਾਂ ਨੂੰ ਅਸੀਂ ਪੂਜਦੇ ਅਤੇ ਜਿਨ੍ਹਾਂ 'ਤੇ ਤੁਰਨ ਦੀ ਤਾਂਘ ਮਨ ਵਿਚ ਪੈਦਾ ਹੁੰਦੀ। ਮਹਾਨ ਬੰਦਿਆਂ ਦੀਆਂ ਪੈੜਾਂ 'ਚ ਤੁਰਨ ਤੇ ਫਿਰ ਕੁਝ ਅਲੱਗ ਸਿਰਜਣ ਦਾ ਵਿਸ਼ਵਾਸ ਤੇ ਆਸ, ਅਸੀਂ ਉਨ੍ਹਾਂ ਦੇ ਪੈੜ-ਸਿਰਨਾਵਿਆਂ ਤੋਂ ਹੀ ਸਿੱਖਦੇ ਹਾਂ। ਇਸੇ ਲਈ ਉਨ੍ਹਾਂ ਦੀਆਂ ਫੋਟੋਆਂ, ਅੱਖਰ-ਬੋਧ, ਪੈਗਾਮ ਤੇ ਕਲਾ ਕਿਰਤਾਂ ਨੂੰ ਆਪਣੇ ਕਮਰਿਆਂ 'ਚ ਸਜਾਉਂਦੇ ਹਾਂ।



*ਸਫਰ 'ਤੇ ਤੁਰਨ ਵਾਲੇ ਲੋਕ ਹੀ ਜ਼ਿੰਦਗੀ ਦਾ ਸਿਰਨਾਵਾਂ ਹੁੰਦੇ। ਜਿਨ੍ਹਾਂ ਲੋਕਾਂ ਦੇ ਪੈਰਾਂ ਵਿਚ ਸਫਰ ਹੀ ਨਹੀਂ ਹੁੰਦਾ ਜਾਂ ਉਨ੍ਹਾਂ ਵਿਚ ਸਫਰ ਪੈਦਾ ਕਰਨ ਦੀ ਉਤੇਜਨਾ ਹੀ ਨਹੀਂ ਹੁੰਦੀ, ਉਨ੍ਹਾਂ ਨੂੰ ਜੀਵਨ-ਰਾਹੀ ਨਹੀਂ ਕਿਹਾ ਜਾ ਸਕਦਾ।...ਸਫਰ ਕਿੰਨਾ ਵੀ ਲੰਮਾ ਹੋਵੇ ਜਾਂ ਛੋਟਾ, ਪਹਿਲਾ ਕਦਮ ਤਾਂ ਉਠਾਉਣ ਹੀ ਪੈਣਾ, ਕਿਉਂਕਿ ਕਦਮ ਉਠਾਉਣ ਦਾ ਨਾਮ ਹੀ ਸਫਰ ਹੁੰਦਾ ਅਤੇ ਫਿਰ ਹੀ ਕਦਮ-ਪੂਰਨਤਾ ਨੂੰ ਪਛਾਣ ਮਿਲਦੀ।*

ਸਫਰ, ਸੁਪਨੇ ਤੋਂ ਸਮਰਪਣ, ਸਾਧਨਾ, ਸਿਰੜ ਅਤੇ ਸਫਲਤਾ ਵੰਨੀਂ ਜਾਂਦਾ ਤਾਂ ਸਫਰ ਦੇ ਸਿਰ 'ਤੇ ਸਫਲਤਾਵਾਂ ਦਾ ਤਾਜ ਸਜਦਾ। ਚੰਗਾ ਲੱਗਦਾ ਸਫਰ ਨੂੰ ਆਪਣਾ ਸਫਰ ਕਹਿਣਾ, ਇਸ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਅਤੇ ਇਸ 'ਚੋਂ ਨਵੇ ਸੋਚ-ਪੁੰਗਾਰਿਆਂ ਨੂੰ ਫੁੱਟਣ, ਮੌਲਣ ਅਤੇ ਸੋਚ-ਸ਼ਾਖਾਵਾਂ ਨੂੰ ਮਨ-ਮਸਤਕ ਵਿਚ ਵਿਸਗਣ ਲਈ ਪ੍ਰੇਰਨਾ ਸਰੋਤ ਬਣਨਾ।

ਸਫਰ ਤਾਂ ਸਾਦਗੀ, ਸਹਿਜ, ਸੁਖਨਤਾ, ਸੰਜ਼ੀਦਗੀ ਅਤੇ ਸੁੰਨਤਾ ਦਾ ਵੀ ਹੁੰਦਾ, ਜੋ ਸਭ ਤੋਂ ਅਜ਼ੀਜ਼, ਅਦੀਬ, ਅੰਤਰੀਵੀ, ਇਲਾਹੀ, ਅਗੰਮੀ ਅਤੇ ਆਤਮਕਤਾ ਭਰਪੂਰ ਹੁੰਦਾ। ਕਦੇ ਇਸ ਸਫਰ ਨੂੰ ਆਪਣਾ ਇਸ਼ਟ ਬਣਾਉਣਾ, ਸਫਰ ਦੀ ਸੁੱਚਮਤਾ ਅਤੇ ਉਚਮਤਾ ਦਾ ਅਹਿਸਾਸ ਹੋਵੇਗਾ।

ਸਫਰ ਤਾਂ ਸਮਝ, ਸੰਤੋਖ, ਸਿਆਣਪ ਅਤੇ ਸੁਘੜਤਾ ਦਾ ਵੀ ਹੁੰਦਾ, ਜੋ ਜ਼ਿੰਦਗੀ ਦਾ ਸੁਚਾਰੂ ਅਤੇ ਉਸਾਰੂ ਪੱਖ ਉਜਾਗਰ ਕਰਦਾ, ਹਨੇਰੇ ਪੱਖਾਂ ਨੂੰ ਚਿੱਤ-ਚੇਤਿਆਂ ਵਿਚੋਂ ਸਦਾ ਲਈ ਮਿਟਾਉਣ ਲਈ ਉਕਸਾਉਂਦਾ। ਇਸ ਸਫਰ ਵੰਨੀ ਅਗੇਤ-ਪਛੇਤ ਝਾਤ ਜਰੂਰ ਮਾਰਨੀ।

ਸਫਰ, 'ਕੇਰਾਂ ਉਖੜ ਜਾਣਾ ਅਤੇ ਮੁੜ ਤੋਂ ਆਪਣੀ ਜੜ੍ਹ-ਸਥਾਪਤੀ ਦਾ ਪਰਚਮ ਲਹਿਰਾਣਾ ਬਹੁਤ ਹੀ ਔਖਾ ਹੁੰਦਾ, ਪਰ ਅਸੰਭਵ ਨਹੀਂ। ਵੰਡ ਵੇਲੇ ਪੰਜਾਬੀਆਂ ਦੇ ਪਿੰਡੇ 'ਤੇ ਲੱਗੇ ਜਖਮਾਂ ਦੀ ਭਰਪਾਈ, 1984 ਦੇ ਦੰਗਿਆਂ ਵਿਚ ਲੁੱਟ-ਪੁੱਟੇ ਗਏ ਸਿੱਖਾਂ ਦੀ ਪੀੜ-ਹੰਢਾਈ ਜਾਂ ਪਰਵਾਸ ਨੂੰ ਆਪਣੇ ਤਨ ਤੇ ਹੰਢਾ ਕੇ ਬਿਗਾਨੀ ਧਰਤ ਅਤੇ ਤਹਿਜ਼ੀਬ ਵਿਚ ਬੁਲੰਦੀਆਂ ਨੂੰ ਛੋਹਣਾ, ਸਫਰ-ਮਾਣ ਹੀ ਹੈ, ਜੋ ਇਤਿਹਾਸ ਦਾ ਸੁਨਹਿਰੀ ਵਰਕਾ ਹੈ। ਇਸ ਵਰਕੇ ਨੇ ਹੀ ਆਉਣ ਵਾਲੀਆਂ ਪੀੜ੍ਹੀਆਂ ਦੇ ਨੈਣਾਂ ਵਿਚ ਆਪਣੇ ਬਜੁਰਗਾਂ ਦੀਆਂ ਮਹਾਨ ਕੀਰਤੀਆਂ ਨੂੰ ਸਦਾ ਜਿਉਂਦੇ ਰੱਖਣਾ।

ਸਫਰ ਤਾਂ ਬਚਪਨੇ ਦਾ, ਬਚਕਾਨੇਪਣ ਦਾ, ਜਵਾਨੀ ਦਾ, ਮਰਦਾਨਗੀ ਦਾ, ਬਜੁਰਗੀ ਦਾ, ਬੇਲਾਗਤਾ ਦਾ, ਸਰਬੱਤ ਦੇ ਭਲੇ ਦਾ, ਨਿੱਜਤਾ ਦਾ, ਲੋਕ-ਭਲਾਈ ਦਾ ਜਾਂ ਸੀਮਤ ਸਰੋਕਾਰਾਂ ਦਾ ਵੀ ਹੁੰਦਾ; ਪਰ ਸਫਰ ਉਹੀ ਚਿਰੰਜੀਵ ਰਹਿੰਦਾ, ਜੋ ਭਲਾਈ, ਬੰਦਿਆਈ ਅਤੇ ਲੋਕਾਈ ਨੂੰ ਧਰਮ-ਧਾਰਨਾ ਬਣਾਉਣ ਦਾ ਹਾਮੀ ਹੋਵੇ। ਕਦੇ ਵੀ ਢੀਠਤਾ, ਬੇਸ਼ਰਮੀ, ਕਮੀਨਗੀ, ਕਰੂਰਤਾ ਅਤੇ ਕੂੜ ਦਾ ਸਫਰ ਨਾ ਕਰੋ। ਇਤਿਹਾਸ ਦੇ ਪੰਨਿਆਂ ਵਿਚੋਂ ਗੁੰਮ ਨੇ ਮਿਲਖਾਂ ਤੇ ਜਗੀਰਾਂ ਵਾਲੇ, ਸ਼ਹਿਨਸ਼ਾਹ ਅਤੇ ਸਰਬਰਾਹ; ਪਰ ਸਿਰਫ ਉਹੀ ਲੋਕ ਦੀਵਿਆਂ ਵਾਂਗ ਜਗਦੇ ਨੇ, ਜਿਨ੍ਹਾਂ ਦੀ ਸੋਚ ਵਿਚ ਮਨੁੱਖਤਾ ਜਿਉਂਦੀ ਸੀ, ਜਿਨ੍ਹਾਂ ਨੇ ਆਪਣਾ ਜੀਵਨ ਮਾਨਵਤਾ ਨੂੰ ਜੀਵੰਤ ਰੱਖਣ ਲਈ ਅਰਪਿਤ ਕੀਤਾ। ਜ਼ਿੰਦਗੀ ਦੀ ਜੋਤ ਨੂੰ ਜਗਦਾ ਰੱਖਣ ਲਈ ਨਿੱਗਰ ਯੋਗਦਾਨ ਪਾਇਆ।

ਸਫਰ ਅਜਿਹਾ ਹੋਵੇ ਕਿ ਜਿਸ ਵਿਚ ਸੰਦਲੀ ਰਾਹਾਂ ਦੀ ਪੇਸ਼ੀਨਗੋਈ ਹੋਵੇ, ਜਿਸ ਦੀ ਧੂੜ ਵੀ ਸੁਰਮੇ ਜਿਹੀ ਹੋਵੇ, ਜਿਸ ਦੀ ਮਿੱਟੀ ਮੱਥੇ ਨੂੰ ਚੁੰਮ ਧੰਨਭਾਗ ਬਣ ਜਾਵੇ ਅਤੇ ਜੋ ਧੰਨਭਾਗਤਾ ਸਾਡੀ ਸੋਚ ਵਿਚ ਉਪਜਾਵੇ। ਅਜਿਹੇ ਰਾਹਾਂ 'ਤੇ ਫੁੱਲ-ਬਗੀਚੀਆਂ ਹੁੰਦੀਆਂ, ਮਹਿਕਾਂ ਦੀ ਆਵਾਜਾਈ ਹੁੰਦੀ ਅਤੇ ਸੁਭ-ਚੇਤਨਾ ਦਾ ਅਦਾਨ-ਪ੍ਰਦਾਨ ਹੁੰਦਾ।

ਸਫਰ ਸਿਰਫ ਸਫਰ ਤੀਕ ਹੀ ਸੀਮਤ ਨਹੀਂ। ਸਫਰ ਦੀਆਂ ਅਸੀਮਤ ਸੀਮਾਵਾਂ, ਦੂਰ ਤੀਕ ਪਸਰ ਰਹੇ ਪਾਸਾਰ, ਆਲੇ-ਦੁਆਲੇ ਵਿਚ ਇਸ ਦਾ ਕੋਈ ਨਹੀਂ ਪਾਰਾਵਾਰ ਅਤੇ ਇਸ ਵਿਚੋਂ ਹੀ ਪੈਦਾ ਹੁੰਦਾ ਏ ਸਮਿਆਂ ਦਾ ਸ਼ਾਹ-ਅਸਵਾਰ।

ਸਫਰ ਕਿੰਨਾ ਵੀ ਲੰਮਾ ਹੋਵੇ ਜਾਂ ਛੋਟਾ, ਪਹਿਲਾ ਕਦਮ ਤਾਂ ਉਠਾਉਣ ਹੀ ਪੈਣਾ, ਕਿਉਂਕਿ ਕਦਮ ਉਠਾਉਣ ਦਾ ਨਾਮ ਹੀ ਸਫਰ ਹੁੰਦਾ ਅਤੇ ਫਿਰ ਹੀ ਕਦਮ-ਪੂਰਨਤਾ ਨੂੰ ਪਛਾਣ ਮਿਲਦੀ।

ਸਫਰ, ਜੀਵਨ ਰਾਹਾਂ ਵਿਚ ਆਈਆਂ ਸ਼ਕਲਾਂ ਦਾ ਸਾਹਮਣਾ ਹੀ ਨਹੀਂ, ਇਹ ਤਾਂ ਸਗੋਂ ਬਹੁਤ ਸਾਰੇ ਅਜਿਹੇ ਮੌਕਾ-ਮੇਲ, ਨਿੱਘ-ਮਿਲਣੀਆਂ, ਅਚਨਚੇਤੀ ਟੱਕਰਨਾ ਅਤੇ ਹੁਸੀਨ ਤੇ ਨਾ-ਭੁੱਲਣਯੋਗ ਤਜ਼ਰਬਿਆਂ ਦੀ ਪ੍ਰਯੋਗਸ਼ਾਲਾ ਵੀ ਹੁੰਦਾ। ਇਸ ਵਿਚੋਂ ਹੀ ਬਹੁਤ ਸਾਰੇ ਜ਼ਿਕਰਯੋਗ ਘਟਨਾਵਾਂ ਅਤੇ ਹਾਦਸੇ ਵੀ ਜਨਮ ਲੈਂਦੇ।

ਸਫਰ 'ਤੇ ਤੁਰਨ ਵਾਲੇ ਲੋਕ ਹੀ ਜ਼ਿੰਦਗੀ ਦਾ ਸਿਰਨਾਵਾਂ ਹੁੰਦੇ। ਜਿਨ੍ਹਾਂ ਲੋਕਾਂ ਦੇ ਪੈਰਾਂ ਵਿਚ ਸਫਰ ਹੀ ਨਹੀਂ ਹੁੰਦਾ ਜਾਂ ਉਨ੍ਹਾਂ ਵਿਚ ਸਫਰ ਪੈਦਾ ਕਰਨ ਦੀ ਉਤੇਜਨਾ ਹੀ ਨਹੀਂ ਹੁੰਦੀ, ਉਨ੍ਹਾਂ ਨੂੰ ਜੀਵਨ-ਰਾਹੀ ਨਹੀਂ ਕਿਹਾ ਜਾ ਸਕਦਾ।

ਸਫਰ ਸੰਭਵ ਵੀ ਹੁੰਦਾ ਅਤੇ ਅਸੰਭਵ ਹੀ। ਸੰਭਵ ਰਾਹਾਂ 'ਤੇ ਹਰ ਕੋਈ ਤੁਰਦਾ। ਸਿਰਫ ਅਸੰਭਵ ਦਿਸਦੇ ਕਾਰਜਾਂ ਨੂੰ ਜੀਵਨ-ਮਾਰਗ ਬਣਾਉਣ ਵਾਲੇ ਹੀ ਕੁਝ ਨਵਾਂ ਨਿਵੇਕਲਾ ਅਤੇ ਖਾਸ ਕਰਦੇ, ਜੋ ਸਦਾ ਲੋਕ-ਚੇਤਿਆਂ ਵਿਚ ਵੱਸਿਆ ਰਹਿੰਦਾ।

ਸਫਰ, ਨਿਰੰਤਰਤਾ ਦਾ ਨਾਮ, ਜਿਸ ਦਾ ਕੋਈ ਟਿਕਾਣਾ ਜਾਂ ਅੰਤ ਨਹੀਂ ਹੁੰਦਾ। ਸਿਰਫ ਸਦਾ ਸਫਰ ਵਿਚ ਰਹਿਣ ਵਾਲੇ ਲੋਕ ਕਦੇ ਵਿਸ਼ਰਾਮ ਨਹੀਂ ਕਰਦੇ। ਉਨ੍ਹਾਂ ਦਾ ਜੀਵਨ ਹੀ ਲੋਕ-ਧਾਰਾਈ ਤਸ਼ਬੀਹਾਂ ਬਣਦਾ।

ਸਫਰ ਉਹ ਵੀ, ਜੋ ਇਕੱਲਿਆਂ ਨੂੰ ਤੈਅ ਕਰਨਾ ਪੈਣਾ। ਕੋਈ ਕੁਝ ਕਦਮ ਹੀ ਨਾਲ ਤੁਰੇਗਾ। ਸਦੀਵੀ ਸਾਥ ਕੋਈ ਨਹੀਂ ਨਿਭਾਉਂਦਾ। ਸੋ ਤੁਰਨ ਤੋਂ ਪਹਿਲਾਂ ਮਨ ਦੀ ਪਕਿਆਈ ਅਤੇ ਸਰੀਰਕ ਤਕੜਾਈ ਨਾਲ ਸੰਦਲੀ ਰਾਹਾਂ ਦਾ ਤਸੱਵਰ ਕਰਕੇ ਹੀ ਪਹਿਲਾ ਕਦਮ ਉਠਾਉਣਾ।

ਸਫਰ ਕੋਈ ਦੌੜ ਨਹੀਂ, ਜੋ ਜਿੱਤਣਾ ਹੈ। ਸਫਰ-ਸਾਧਨਾ ਵਿਚੋਂ ਹੀ ਜੀਵਨ ਦੀ ਸਾਰਥਕਤਾ ਨੂੰ ਸੁਗੰਧਤ ਕਰਨਾ ਹੁੰਦਾ। ਇਹ ਸਫਰ ਕਿਸੇ ਲਈ ਨਹੀਂ, ਸਿਰਫ ਤੁਹਾਡਾ ਖੁਦ ਦਾ ਹੈ ਅਤੇ ਖੁਦ ਲਈ ਹੀ ਕਰਨਾ ਹੈ।

ਸਫਰ-ਏ-ਜ਼ਿੰਦਗੀ ਵੀ ਇਕ ਹੁਸੀਨ ਸਫਰ ਹੈ। ਇਸ ਦੇ ਹਰ ਪਲ ਨੂੰ ਜ਼ਿੰਦਾਦਿਲੀ ਨਾਲ ਇੰਜ ਜੀਓ, ਜਿਵੇਂ ਇਹ ਹੀ ਪਹਿਲਾਂ ਅਤੇ ਆਖਰੀ ਪਲ ਹੋਵੇ। ਇਸ ਦੀ ਰੰਗ-ਬਿਰੰਗਤਾ ਨੂੰ ਮਾਣੋ। ਇਸ ਦੀ ਸੰਗਤਾ ਵਿਚੋਂ ਖੁਦ ਨੂੰ ਪਛਾਣੋ।

ਸਫਰ ਤਾਂ ਬਹੁਤ ਹੁੰਦਾ। ਬਾਹਰ ਨੂੰ ਜਾਂਦੇ ਮਨ ਨੂੰ ਅੰਦਰ ਵੱਲ ਮੋੜਨਾ, ਭਟਕਦੀਆਂ ਇੱਛਾਵਾਂ ਨੂੰ ਸੰਤੁਸ਼ਟੀ ਦਾ ਅਹਿਸਾਸ ਕਰਵਾਉਣਾ ਅਤੇ ਅੰਤਰ-ਮਨ ਨਾਲ ਸੰਵਾਦ ਰਚਾਉਣਾ। ਬਾਹਰ ਨੂੰ ਤੁਰਨਾ ਤਾਂ ਬਹੁਤ ਅਸਾਨ ਹੁੰਦਾ, ਜਦੋਂ ਕਿ ਅੰਦਰ ਨੂੰ ਮੁੜਨਾ ਮੁਹਾਲ ਤਾਂ ਹੁੰਦਾ, ਪਰ ਅੰਦਰ ਵੱਲ ਨੂੰ ਮੁੜਨ ਵਾਲੇ ਹੀ ਖੁਦ ਦੀ ਸੋਝੀ ਪਾਉਂਦੇ।

ਸਫਰ ਵਿਚ ਰਹੋ। ਜ਼ਿੰਦਗੀ ਦੀਆਂ ਰਾਹਾਂ 'ਤੇ ਮਟਕ ਨਾਲ ਤੁਰੋ। ਸ਼ਹਿਨਸ਼ਾਹੀ ਅੰਦਾਜ਼ ਤੁਹਾਡੀ ਚਾਲ ਵਿਚ ਪ੍ਰਗਟੇ। ਦਿੱਖ ਵਿਚ ਠਾਠ-ਬਾਠ ਨਜ਼ਰ ਆਵੇ। ਮਨ ਦੀ ਸ਼ਾਹੀਨਤਾ ਅਤੇ ਦਲੇਰੀ ਹਾਸਲ ਹੋਵੇ। ਫਕੀਰਾਨਾ ਲਿਬਾਸ ਵਿਚ ਬਾਦਸ਼ਾਹਤ ਦੇ ਦੀਦਾਰੇ ਹੋਣ। ਇਤਿਹਾਸ ਵਿਚ ਸਿਰਫ ਪਾਤਸ਼ਾਹ ਜਿਉਂਦੇ ਨੇ। ਬਾਦਸ਼ਾਹ ਤਾਂ ਬਹੁਤ ਜਲਦੀ ਹੀ ਜ਼ਰਜ਼ਰੀ ਵਰਕੇ ਬਣ ਜਾਂਦੇ ਨੇ।

ਸਫਰ, ਰੂਹਾਨੀ ਹੋਵੇ ਤਾਂ ਇਸ ਦੀ ਸੁੰਦਰਤਾ ਤੇ ਹੁਸੀਨਤਾ ਜੀਵਨ ਦੀਆਂ ਲੁਪਤ ਤਹਿਆਂ ਨੂੰ ਰੌਸ਼ਨੀ ਨਾਲ ਜਗਮਾਉਂਦੀ, ਜੋ ਕਿਰਨ-ਕਾਫਲਾ ਬਣ ਕੇ ਮਨ ਦੀ ਬੀਹੀ ਵਿਚ ਚਾਨਣ ਤ੍ਰੌਂਕਦੀ ਅਤੇ ਮੱਥੇ 'ਤੇ ਪੁੰਨਿਆ ਦੇ ਚੰਦ ਦਾ ਟਿੱਕਾ ਲਾਉਂਦੀ।

ਸਫਰ, ਜ਼ਿੰਦਗੀ ਨੂੰ ਹੋਰ ਸੁੰਦਰ ਬਣਾਵੇ ਤਾਂ ਸਫਰ ਆਪਣੀ ਅਉਧ ਦਾ ਅਰਥ ਹੋ ਜਾਵੇ। ਸਫਰ ਜੇ ਪੱਬਾਂ ਨੂੰ ਆਪਣੀ ਤਾਸੀਰ ਦਾ ਹਾਣੀ ਬਣਾਵੇ ਤਾਂ ਸਫਰ ਨੂੰ ਆਪਣੀ ਸਦੀਵਤਾ ਦਾ ਅਹਿਸਾਸ ਹੋ ਜਾਵੇ। ਸਫਰ ਜੇ ਕਲਮ ਤੋਂ ਕਰਮ, ਗਿਆਨ-ਬੋਧ ਤੋਂ ਗਿਆਨ-ਗੋਦੜੀ, ਇਲਹਾਮ ਤੋਂ ਅਲੰਬਰਦਾਰਤਾ, ਕਥਨੀ ਤੋਂ ਕਰਨੀ ਅਤੇ ਸਮਝਾਉਣ ਤੋਂ ਸਮਝਣ ਵੱਲ ਦਾ ਹੋਵੇ ਤਾਂ ਸਫਰ ਸਮਿਆਂ ਦਾ ਸ਼ਰਫ ਹੁੰਦਾ।

# ਮੇਰੇ ਲਈ ਦਾਨੇ ਪਾਣੀਆਂ ਦਾ ਸ਼ਿਵ ਬਟਾਲਵੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

2020 ਦਾ ਮਈ ਮਹੀਨਾ ਮੇਰੇ ਲਈ ਭੁੱਲਾਂ ਬਖਸ਼ਾਉਣ ਦਾ ਮਹੀਨਾ ਹੈ। ਮਿਰਜ਼ਾ ਗਾਲਿਬ ਵਾਲੀ ਭੁੱਲ ਬਖਸ਼ਾ ਚੁਕਾ ਹਾਂ, ਹੁਣ ਸ਼ਿਵ ਕੁਮਾਰ ਦੀ ਵਾਰੀ ਹੈ। ਮੇਰਾ ਮਿੱਤਰ ਇਸ ਮਹੀਨੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ ਸੀ। ਮੇਰੀ ਸੁਣੋ।

ਮਈ 1973 ਵਿਚ ਮੈਂ ਚਾਰ ਕੁ ਹਫਤੇ ਲਈ ਅੰਡੇਮਾਨ ਗਿਆ ਸਾਂ। ਇੱਕ ਸ਼ਾਮ ਪੋਰਟ ਬਲੇਅਰ ਦੇ ਗੈਸਟ ਹਾਊਸ ਵਿਚ ਇਕੱਲਾ ਤੇ ਉਦਾਸ ਬੈਠਾ ਸਾਂ ਕਿ ਡਾਕੀਏ ਨੇ ਮੇਰੀ ਪਤਨੀ ਦੀ ਉਹ ਚਿੱਠੀ ਲਿਆ ਫੜਾਈ, ਜਿਸ ਵਿਚ ਸ਼ਿਵ ਕੁਮਾਰ ਬਟਾਲਵੀ ਦੇ ਇਸ ਦੁਨੀਆਂ ਤੋਂ ਤੁਰ ਜਾਣ ਦੀ ਖਬਰ ਸੀ। ਮੈਂ ਹੋਰ ਉਦਾਸ ਹੋ ਗਿਆ ਤੇ ਉਦਾਸੀ ਦੀ ਅਵਸਥਾ 'ਚ ਮੈਨੂੰ ਉਸੇ ਦਾ ਲਿਖਿਆ ਗੀਤ ਚੇਤਾ ਆ ਗਿਆ,

ਅਸਾਂ ਤਾਂ ਜੋਬਨ ਰੁੱਤੇ ਮਰਨਾ
ਮੁੜ ਜਾਣਾ ਅਸਾਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪਰਕਰਮਾ।

ਇਹ ਬੋਲ ਦੁਹਰਾਉਂਦਿਆਂ ਮੇਰੀਆਂ ਅੱਖਾਂ ਵਿਚ ਹੰਝੂ ਆ ਗਏ। ਮੈਨੂੰ ਹੰਝੂਆਂ ਤੋਂ ਢਾਰਸ ਮਿਲ ਰਹੀ ਸੀ-ਇਕ ਤਰ੍ਹਾਂ ਦੀ ਮੁਕਤੀ, ਖਲਾਸੀ, ਕਰੁਣਾ। ਸ਼ਿਵ ਦੇ ਆਪਣੇ ਬੋਲਾਂ ਤੋਂ ਬਿਨਾ ਮੇਰੇ ਕੋਲ ਕੋਈ ਵੀ ਨਹੀਂ ਸੀ, ਜਿਸ ਨਾਲ ਮੈਂ ਉਸ ਵੇਲੇ ਦੀ ਆਪਣੇ ਮਨ ਦੀ ਅਵਸਥਾ ਸਾਂਝੀ ਕਰਦਾ।

ਜੋਬਨ ਰੁੱਤੇ ਮਰਨਾ ਸ਼ਿਵ ਕੁਮਾਰ ਦਾ ਸੰਕਲਪ ਸੀ ਜਾਂ ਭਰਮ? ਇਸ ਦਾ ਨਿਰਣਾ ਤਾਂ ਏਨਾ ਸੌਖਾ ਨਹੀਂ, ਪਰ ਇਸ ਭਰਮ ਜਾਂ ਸੰਕਲਪ ਵਾਲੇ ਲੋਕ ਸਦਾ ਵੱਡੀਆਂ ਪ੍ਰਾਪਤੀਆਂ ਦੇ ਇੱਛੁਕ ਹੁੰਦੇ ਹਨ। 31 ਸਾਲ ਦੀ ਉਮਰ ਵਿਚ ਭਾਰਤ ਦਾ ਸਾਹਿਤ ਅਕਾਦਮੀ ਦਾ ਪੁਰਸਕਾਰ ਹੀ ਨਹੀਂ, ਸਗੋਂ 37 ਵਰ੍ਹੇ ਦੀ ਅਲਪ ਉਮਰੇ ਸ਼ਿਵ ਨੂੰ ਪੰਜਾਬੀ ਜਗਤ ਨਾਲ ਸਬੰਧਤ ਹਰ ਤਰ੍ਹਾਂ ਦੇ ਸਨਮਾਨ ਪ੍ਰਾਪਤ ਹੋ ਚੁਕੇ ਸਨ। ਆਪਣੀ ਉਮਰ ਦਾ ਉਹ ਇਕੋ ਇਕ ਲੇਖਕ ਸੀ, ਜਿਸ ਦੀ 'ਲੂਣਾ' ਗਿਆਨਪੀਠ ਐਵਾਰਡ ਲਈ ਵੀ ਵਿਚਾਰੀ ਗਈ।

ਸ਼ਿਵ ਕੁਮਾਰ ਦੇ ਮਨ ਵਿਚ ਦੁਨੀਆਂ ਨੂੰ ਅਲਵਿਦਾ ਕਹਿਣ ਦੀ ਅੱਚਵੀ ਜਿਹੀ ਲੱਗੀ ਹੋਈ ਸੀ। ਸ਼ਾਇਦ ਇਹੀਓ ਕਾਰਨ ਹੈ ਕਿ 1960 ਵਿਚ 'ਪੀੜਾਂ ਦਾ ਪਰਾਗਾ' ਰਾਹੀਂ ਨਿਜੀ ਦਰਦ ਨੂੰ ਦਰਸਾਉਣ ਤੋਂ ਛੇਤੀ ਹੀ ਪਿਛੋਂ ਉਸ ਨੇ 'ਲਾਜਵੰਤੀ' (1961) ਰਾਹੀਂ ਨਿਜੀ ਔਕੜਾਂ ਰਾਹੀਂ ਅਣਸੁਖਾਵੀਆਂ ਸਮਾਜੀ ਕੀਮਤਾਂ ਉਤੇ ਖੂਬਸੂਰਤ ਟਿੱਪਣੀ ਕੀਤੀ ਸੀ। 1962 ਵਿਚ ਛਪਿਆ 'ਆਟੇ ਦੀਆਂ ਚਿੜੀਆਂ' ਕਾਵਿ ਸੰਗ੍ਰਿਹ ਵੀ ਉਸ ਦੇ ਮਨ ਉਤੇ ਹਾਵੀ ਗਮ ਦੀ ਹੀ ਇਕ ਝਲਕ ਹੀ ਪੇਸ਼ ਕਰਦਾ ਹੈ। 1963 ਵਿਚ 'ਮੈਨੂੰ ਵਿਦਾ ਕਰੋ' ਦੇ ਪ੍ਰਕਾਸ਼ਨ ਰਾਹੀਂ ਉਸ ਨੇ ਆਪਣੇ ਮਨ ਦੀ ਇਸੇ ਭਾਵਨਾ ਨੂੰ ਸਿੱਧੇ ਰੂਪ ਵਿਚ ਉਜਾਗਰ ਕੀਤਾ ਸੀ। 1960 ਤੋਂ 1963 ਤੱਕ ਚਾਰ ਸਾਲਾਂ ਵਿਚ ਚਾਰ ਸੰਗ੍ਰਿਹ, ਜਿਵੇਂ ਵਿਦਾ ਹੋਣ ਦੀ ਗਤੀ ਨੂੰ ਤੇਜ਼ ਕਰ ਰਿਹਾ ਹੋਵੇ।

ਵਿਦਾ ਮੰਗਣ ਪਿੱਛੋਂ 1964 ਵਿਚ ਦੋ ਕਾਵਿ ਸੰਗ੍ਰਿਹ 'ਬਿਰਹਾ ਤੂੰ ਸੁਲਤਾਨ' ਤੇ 'ਦਰਦ ਮੰਦਾਂ ਦੀਆਂ ਆਹੀਂ' ਪੰਜਾਬੀ ਜਗਤ ਦੀ ਝੋਲੀ ਵਿਚ ਉਸ



ਨੇ ਇੰਜ ਸੁੱਟੇ, ਜਿਵੇਂ ਕੋਈ ਰੁਖਸਤ ਲੈਣ ਤੋਂ ਪਹਿਲਾਂ ਸਾਰੇ ਦੇ ਸਾਰੇ ਕੰਮ ਨਿਪਟਾਉਂਦਾ ਹੈ। 1965 ਵਿਚ 'ਲੂਣਾ' ਦੀ ਰਚਨਾ ਤੇ ਪ੍ਰਕਾਸ਼ਨ ਰਾਹੀਂ ਉਸ ਨੇ ਸਮਾਜ ਤੇ ਕਵਿਤਾ ਪ੍ਰਤੀ ਆਪਣੇ ਫਰਜ਼ ਨਿਭਾ ਦਿੱਤੇ ਜਾਪਦੇ ਸਨ ਤੇ ਹਿਜਰਾਂ ਦੀ ਪਰਿਕਰਮਾ ਕਰਕੇ ਭਰੇ ਭਰਾਏ ਮੁੜ ਜਾਣ ਦੀ ਤਿਆਰੀ ਕਰ ਲਈ ਸੀ। 1965 ਤੋਂ 1973 ਤੱਕ ਸ਼ਿਵ ਕੁਮਾਰ ਨੇ ਨਵੀਂ ਰਚਨਾ 'ਮੈਂ ਤੇ ਮੈਂ' ਹੀ ਦਿੱਤੀ। ਸਮੁੱਚੇ ਤੌਰ 'ਤੇ ਉਸ ਨੇ ਪੁਰਾਣੀ ਰਚਨਾ ਨੂੰ ਹੀ ਗਾਇਆ ਤੇ ਮਾਣਿਆ। ਉਸ ਦੀ ਕਵਿਤਾ ਦਾ ਗੁਣ ਹੀ ਉਸ ਨੂੰ ਹਰ ਕਾਲ ਅਤੇ ਹਰ ਯੁੱਗ ਦਾ ਹਾਣੀ ਬਣਾਉਂਦਾ ਹੈ,

ਏਸ ਗੀਤ ਦਾ ਅਜਬ ਜਿਹਾ ਸੁਰ
ਡਾਢਾ ਦਰਦ ਰੰਵਾਣਾ।
ਕੱਤਕ ਸਾਹ ਇਹ ਦੂਰ ਪਹਾੜੀਂ
ਕੂੰਜਾਂ ਦਾ ਕੁਰਲਾਣਾ।
ਕਾਲੀ ਰਾਤੇ ਸਰਕੜਿਆਂ 'ਚੋਂ
ਪੌਣਾਂ ਦਾ ਲੰਘ ਜਾਣਾ।
ਇਹ ਮੇਰਾ ਗੀਤ ਮੈਂ ਆਪੇ ਗਾ ਕੇ
ਭਲਕੇ ਹੀ ਮਰ ਜਾਣਾ।

ਸ਼ਿਵ ਕੁਮਾਰ ਦੀ ਭਲਕ ਨੂੰ 47 ਸਾਲ ਹੋ ਚੁਕੇ ਹਨ। ਉਹ ਹਾਲੇ ਵੀ ਮਰਿਆ ਨਹੀਂ। ਕਵਿਤਾ ਦੇ ਬੋਲਾਂ 'ਚ ਸਾਡੇ ਕੋਲ ਉਹਦਾ ਸਾਨੀ ਜੇ ਕੋਈ ਹੈ ਤਾਂ ਉਹ ਹੈ, ਸੁਰਜੀਤ ਪਾਤਰ। ਜਿੰਨੀ ਪ੍ਰਸਿੱਧ ਪ੍ਰਤੀਤ ਪਾਤਰ ਦੀ ਜਿਉਂਦੇ ਜੀ ਹੈ, ਮੇਰੇ ਸ਼ਿਵ ਕੁਮਾਰ ਦੀ ਉਸ ਤੋਂ ਵੱਧ ਹੈ। ਜਿਵੇਂ ਮਿਰਜ਼ਾ ਗਾਲਿਬ ਜਿਉਂਦੇ ਜੀਅ ਮੀਰ ਤਕੀ ਮੀਰ ਨੂੰ ਮੰਨਦਾ ਸੀ, ਪਾਤਰ ਵੀ ਸ਼ਿਵ ਨੂੰ ਉਸੇ ਤਰ੍ਹਾਂ ਮੰਨਦਾ ਹੈ। ਪਾਤਰ ਨੇ ਦੇਸ਼ ਦੀ ਵੰਡ ਦੇ ਦੁਖਾਂਤ ਨੂੰ ਵਾਰਿਸ ਸ਼ਾਹ ਦੀ ਵੰਡ ਕਿਹਾ ਸੀ ਅਤੇ ਖਾਲਿਸਤਾਨੀਆਂ ਵੱਲੋਂ ਚੁੱਕੀ ਪੰਜਾਬ ਦੀ ਵੰਡ ਨੂੰ ਸ਼ਿਵ ਕੁਮਾਰ ਦੀ,

ਪਹਿਲੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ
ਹੁਣ ਸ਼ਿਵ ਕੁਮਾਰ ਦੀ ਵਾਰੀ ਹੈ।
ਉਹ ਜ਼ਖਮ ਪੁਰਾਣੇ ਭੁੱਲ ਵੀ ਗਏ
ਨਵਿਆਂ ਦੀ ਹੋਰ ਤਿਆਰੀ ਹੈ।

ਹੁਣ ਤਾਂ ਉਸ ਹਨੇਰੀ ਨੂੰ ਖਤਮ ਹੋਇਆਂ ਵੀ 35-36 ਸਾਲ ਹੋ ਗਏ ਹਨ। ਵਾਰਿਸ ਸ਼ਾਹ ਦਾ ਪੰਜਾਬ ਵੰਡੇ ਜਾਣ ਨੂੰ ਵੀ 70 ਸਾਲ; ਪਰ ਸਾਹਿਤ ਰਸੀਆਂ ਵਿਚ ਵਾਰਿਸ ਜਿਉਂਦਾ ਹੈ ਤੇ ਜਿਉਂਦਾ ਰਹੇਗਾ। ਸ਼ਿਵ ਨੂੰ ਮਾਰਨ ਵਾਲਾ ਵੀ ਕੋਈ ਨਹੀਂ ਜੰਮਿਆ। ਹੈ ਕੋਈ ਹੇਠ ਲਿਖੇ ਸ਼ਬਦਾਂ ਦਾ ਹਥਿਆਰਾ?

ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ
ਤੈਨੂੰ ਚੁੰਮਣ ਪਿਛਲੀ ਸੰਗ ਵਰਗਾ,
ਹੈ ਕਿਰਨਾਂ ਦੇ ਵਿਚ ਨਸ਼ਾ ਜਿਹਾ
ਕਿਸੇ ਛੀਂਬੇ ਸੱਪ ਦੇ ਡੰਗ ਵਰਗਾ।

ਦੋਸਤੀ ਦੇ ਚੁੰਮਣ ਵਿਚੋਂ ਦਿਨ ਚੜ੍ਹਦੇ ਦੀਆਂ ਕਿਰਨਾ ਦਾ ਨਸ਼ਾ ਪੈਦਾ ਕਰਨਾ ਤੇ ਉਸ ਨਸ਼ੇ ਵਿਚੋਂ ਕਿਸੇ ਛੀਂਬੇ ਸੱਪ ਦੇ ਡੰਗ ਵਰਗੀ ਚੋਭ ਪੈਦਾ ਕਰਨਾ ਸ਼ਿਵ ਦਾ ਹੀ ਕਮਾਲ ਸੀ। ਸੂਰਜ, ਸੱਪ, ਸੁਹੱਪਣ ਜਿਹੇ ਰੰਗ ਆਪਾ ਵਿਰੋਧੀ ਵੀ ਹਨ, ਆਕਰਸ਼ਕ ਵੀ ਤੇ ਮਨਭਾਉਂਦੇ ਵੀ। ਇਨ੍ਹਾਂ ਨੂੰ ਚਮਕ ਦੇਣ ਵਾਲੇ ਸ਼ਬਦ ਤੇ ਬੋਲਾਂ ਦਾ ਮਾਲਕ ਸਾਡਾ ਸ਼ਿਵ ਸੀ।

ਮੇਰੀ ਨਾਲਾਇਕੀ ਦਾ ਇਹ ਹਾਲ ਹੈ ਕਿ ਜਦੋਂ 5 ਮਈ ਨੂੰ ਕੈਲਗਰੀ (ਕੈਨੇਡਾ) ਤੋਂ ਸ਼ਿਵ ਦੀ ਵਿਧਵਾ ਅਰੁਣ ਦਾ ਫੋਨ ਆਇਆ, ਮੈਨੂੰ ਚੇਤਾ ਹੀ ਨਹੀਂ ਆਇਆ ਕਿ ਅਗਲੇ ਦਿਨ ਸ਼ਿਵ ਦੀ ਬਰਸੀ ਹੈ। ਅਸੀਂ ਸ਼ਿਵ ਨੂੰ ਚੇਤੇ ਤਾਂ ਕੀਤਾ, ਪਰ ਉਸ ਦੇ ਤੁਰ ਜਾਣ ਦੀ ਗੱਲ ਨਹੀਂ ਹੋਈ। ਉਹ ਆਪਣੇ ਬੇਟੇ ਮਿਹਰਬਾਨ ਕੋਲੋਂ ਟੈਲੀਫੋਨ ਕਰ ਰਹੀ ਸੀ। ਅੱਧਾ ਸਮਾਂ ਉਹਦੇ ਕੋਲ ਰਹਿੰਦੀ ਹੈ ਤੇ ਅੱਧਾ ਬੇਟੀ ਪੂਜਾ ਕੋਲ। ਅਗਲੇ ਦਿਨ ਅਖਬਾਰਾਂ ਵਿਚ ਅਰੁਣਾ (74) ਦੇ ਇੱਕ ਪਾਸੇ ਮਿਹਰਬਾਨ ਬਟਾਲਵੀ (53) ਤੇ ਪੂਜਾ ਜੈਦੇਵ (50) ਦੀ ਤਸਵੀਰ ਵੇਖੀ ਤਾਂ ਆਪਣੇ ਬੁਢਾਪੇ ਦਾ ਅਹਿਸਾਸ ਹੋਇਆ। ਚੇਤਾ ਖਿਸਕਣ ਲੱਗ ਪਿਆ ਹੈ। ਕੀ ਕਰਾਂ? ਕੁਝ ਕਰ ਹੀ ਨਹੀਂ ਸਕਦਾ। ਸ਼ਿਵ ਕੁਮਾਰ ਬਟਾਲਵੀ ਦੀ ਕਾਵਿਕ ਉਤਮਤਾ ਉਤੇ ਮੋਹਰ ਲਾ ਕੇ ਮਨ ਨੂੰ ਸਮਝਾ ਲਿਆ ਹੈ।

ਸ਼ਿਵ ਦੀ ਕਵਿਤਾ ਦਰਦ ਦੀ ਕਵਿਤਾ ਹੈ, ਬਿਰਹਾ ਤੇ ਪੀੜਾ ਦੀ। ਉਸ ਦੇ ਜਜ਼ਬੇ ਦੀ ਸ਼ਿੱਦਤ, ਵਲਵਲੇ ਦੀ ਤੀਬਰਤਾ ਅਤੇ ਪ੍ਰਗਟਾਓ ਦੀ ਰਵਾਨੀ ਉਸ ਦੇ ਪਾਠਕ ਨੂੰ, ਉਸ ਦੇ ਸਰੋਤੇ ਦੀ ਤਰ੍ਹਾਂ ਹੀ ਆਪਣੇ ਨਾਲ ਵਹਾਅ ਕੇ ਲੈ ਜਾਂਦੀ ਹੈ। ਪਾਠਕ ਉਸ ਦੀ ਕਵਿਤਾ ਨੂੰ ਪੜ੍ਹਦਾ ਵੀ ਹੈ, ਮਾਣਦਾ ਵੀ ਹੈ ਤੇ ਮਨ ਦੀ ਕਿਸੇ ਸੁਰ ਨਾਲ ਗਾਉਂਦਾ ਵੀ ਹੈ। ਇਸੇ ਗੁਣ ਕਰਕੇ ਹੀ ਉਸ ਦੀ ਕਵਿਤਾ ਵਿਸਮਾਦੀ ਹੋ ਨਿਬੜਦੀ ਹੈ-ਸੀਮਤ ਅਰਥਾਂ ਤੋਂ ਪਰ੍ਹੇ ਕਿਤੇ ਦੂਰ ਚਲੀ ਜਾਂਦੀ ਹੈ। ਸ਼ਿਵ ਦੀ ਕਵਿਤਾ 'ਚ ਕੁਦਰਤ ਦੀ ਬਹੁਲਤਾ, ਪੰਜਾਬੀ ਸਭਿਆਚਾਰ ਦੀ ਵੰਨ-ਸੁਵੰਨਤਾ, ਆਧੁਨਿਕ-ਚੇਤਨਾ, ਨਾਰੀ-ਮਨ ਦੀ ਵੇਦਨਾ ਅਤੇ ਸਵੈ ਦਾ ਪਸਾਰ ਮਿਲ ਕੇ ਅਜਿਹਾ ਰਸਨਾਤਮਕ ਪ੍ਰਭਾਵ ਦਿੰਦੇ ਹਨ ਕਿ ਉਸ ਦੀ ਕਵਿਤਾ ਰਵਾਇਤੀ 'ਰਸਾਂ' ਤੋਂ ਵੱਖਰਾ ਕੋਈ ਅਗੰਮੀ ਪ੍ਰਭਾਵ ਪੈਦਾ ਕਰਦੀ ਹੈ।

ਮੈਂ ਦੱਸ ਚੁਕਾਂ ਕਿ ਸ਼ਿਵ ਕੁਮਾਰ ਦੇ ਇਸ ਦੁਨੀਆਂ ਤੋਂ 'ਫੁੱਲ ਜਾਂ ਤਾਰਾ' ਬਣਨ ਲਈ ਤੁਰਨ ਸਮੇਂ ਪੰਜਾਬ ਤੋਂ ਬਹੁਤ ਦੂਰ ਸਾਂ-ਅੰਡੇਮਾਨ ਉਰਫ ਕਾਲੇ ਪਾਣੀ ਦੇ ਸ਼ਹਿਰ ਪੋਰਟ ਬਲੇਅਰ ਵਿਚ। ਇਹ ਜਾਣਦਿਆਂ ਵੀ ਕਿ ਸ਼ਿਵ ਆਪਣੇ ਹੀ ਚੁਣੇ ਮਾਰਗ ਉਤੇ ਗਿਆ ਸੀ, ਮੇਰਾ ਮੰਨਣ ਨੂੰ ਮਨ ਨਹੀਂ ਸੀ ਮੰਨ ਰਿਹਾ।

ਉਂਜ ਵੀ ਮਹੀਨਾ ਭਰ ਅੰਡੇਮਾਨ ਦੀਆਂ ਇਕਲਵਾਂਝੀਆਂ ਥਾਂਵਾਂ 'ਤੇ ਰਹਿ ਰਹਿ ਕੇ ਮੈਂ ਥੋੜ੍ਹਾ ਉਦਾਸ ਵੀ ਸਾਂ। ਥੋੜ੍ਹੇ ਕੀਤੇ ਮੈਂ ਨੇੜੇ ਤੋਂ ਨੇੜੇ ਦੇ ਰਿਸ਼ਤੇਦਾਰ ਜਾਂ ਦੋਸਤ ਦੀ ਮੌਤ 'ਤੇ ਵੀ ਨਹੀਂ ਸੀ ਰੋਂਦਾ, ਪਰ ਜਦੋਂ ਸਹਿਜੇ ਸਹਿਜੇ ਮੇਰੇ ਮਨ ਨੇ ਸ਼ਿਵ ਦੀ ਮੌਤ ਦੀ ਸੱਚਾਈ ਨੂੰ ਪ੍ਰਵਾਨ ਕਰ ਲਿਆ ਤਾਂ ਮੈਂ ਉਸ ਦੀਆਂ ਤੁਕਾਂ 'ਅਸਾਂ ਦਾ ਜੋਬਨ ਰੁੱਤੇ ਮਰਨਾ, ਮਰਨੇ ਦੀ ਰੁੱਤ ਸੋਈ' ਗੁਣ ਗੁਣਾਉਂਦਾ ਰੋਣਹਾਕਾ ਹੋ ਗਿਆ ਸਾਂ ਤੇ ਉਸ ਦਿਨ ਮੈਂ ਖਾਣਾ ਵੀ ਨਹੀਂ ਸਾਂ ਖਾ ਸਕਿਆ।

ਇਹ ਉਦੋਂ ਦੀ ਗੱਲ ਹੈ। ਹੁਣ ਮੈਂ ਹੋਰ ਤਰ੍ਹਾਂ ਸੋਚਦਾ ਹਾਂ। ਜੋ ਬੰਦਾ ਆਪਣੇ ਲਈ ਆਪ ਚੁਣੇ ਮਾਰਗ 'ਤੇ ਤੁਰਦਾ ਹੈ ਤੇ ਇਸ ਮਾਰਗ ਉਤੇ ਤੁਰਨ ਲਈ ਉਹ ਆਪਣੀ ਉਮਰ ਵੀ ਮਿੱਥ ਲੈਂਦਾ ਹੈ, ਉਸ ਨੂੰ ਉਸ ਦਾ ਇਹ ਚਿੰਤਨ ਮੁਬਾਰਕ ਹੋਣਾ ਚਾਹੀਦਾ ਹੈ ਅਤੇ ਇਹ ਗੱਲ ਉਨ੍ਹਾਂ ਸਭਨਾਂ 'ਤੇ ਢੁਕਦੀ ਹੈ, ਜੋ ਆਪਣੀ ਮੰਜ਼ਿਲ ਆਪ ਮਿੱਥਦੇ ਤੇ ਉਸ ਮੰਜ਼ਿਲ ਵੱਲ ਆਪਣੇ ਹੀ ਢੰਗ ਨਾਲ ਵਧਦੇ ਹਨ। ਮੇਰੀਆਂ ਇਹ ਸਤਰਾਂ ਅਜਿਹੀ ਧਾਰਨਾ ਦੇ ਸਵਾਮੀਆਂ ਨੂੰ ਸਮਰਪਿਤ। ਸ਼ਿਵ ਨੇ ਦੁੱਖ ਦੇ ਸਰਾਪ ਨੂੰ ਵਰ ਸਮਝ ਕੇ ਹੰਢਾਇਆ। ਜੇ ਕੋਈ ਮੇਰੇ ਕੋਲੋਂ ਸ਼ਿਵ ਲਈ ਕੁਤਬਾ ਲਿਖਵਾਉਂਦਾ ਤਾਂ ਮੈਂ ਮੀਰ ਤਕੀ ਮੀਰ ਦਾ ਇਹ ਸ਼ਿਅਰ ਲਿਖਣਾ ਸੀ, ਮੀਰ ਦੀ ਥਾਂ ਸ਼ਿਵ ਲਿਖ ਕੇ,

ਸਿਰਹਾਨੇ ਮੀਰ ਕੇ ਆਹਿਸਤਾ ਬੋਲੋ,
ਟੁੱਕ, ਰੋਤੇ ਰੋਤੇ ਸੋ ਗਿਆ ਹੈ।

**ਅੰਤਿਕਾ: ਫੈਜ਼ ਅਹਿਮਦ ਫੈਜ਼**

ਜੋ ਮੁਝ ਪੇ ਗੁਜ਼ਰੀ ਸੋ ਗੁਜ਼ਰੀ
ਮਗਰ ਸ਼ਬ-ਏ-ਹਿਜਰਾਂ
ਮੇਰੇ ਅਸ਼ਕ ਤੇਰੀ ਆਕਬਤ ਸੰਵਾਰ ਚਲੇ।

---

## ਪੁਸਤਕ ਪੜਚੋਲ

# 'ਧੁੱਪ ਦੀਆਂ ਕਣੀਆਂ' ਦਾ ਚਾਨਣ


ਡਾ. ਗੁਰਬਖਸ਼ ਸਿੰਘ ਭੰਡਾਲ ਦੀ ਪੁਸਤਕ 'ਧੁੱਪ ਦੀਆਂ ਕਣੀਆਂ' (ਕੀਮਤ: 300 ਰੁਪਏ; ਚੇਤਨਾ ਪ੍ਰਕਾਸ਼ਨ, ਲੁਧਿਆਣਾ) ਧੁੱਪਾਂ ਦੇ ਜਨਮਦਾਤਿਆਂ ਨੂੰ ਸਮਰਪਿਤ ਹੈ। ਇਸ ਪੁਸਤਕ ਵਿਚਲੇ 26 ਲੇਖ ਪਾਠਕ ਨੂੰ ਧੁੱਪ ਵਰਗਾ ਸਿਹਤਮੰਦ 'ਚਾਨਣ' ਵੰਡਦੇ ਹਨ ਅਤੇ ਨਰੋਏ ਸਮਾਜ ਦੀ ਸਿਰਜਣਾ ਹਿੱਤ ਉਸਾਰੂ ਤੇ ਸੇਧਮੁਖੀ ਭਾਵ ਪ੍ਰਗਟ ਕਰਦੇ ਹਨ। ਇਨ੍ਹਾਂ ਲੇਖਾਂ ਦੇ ਸਰੋਕਾਰ ਕੁਦਰਤ, ਕੁਦਰਤ ਦੀ ਸੰਭਾਲ ਅਤੇ ਕੁਦਰਤ ਨਾਲ ਜੁੜੇ ਮਨੁੱਖ ਦੀਆਂ ਲੋੜਾਂ ਤੇ ਭਾਵਨਾਵਾਂ ਦੀ ਦੇਣ ਹਨ। ਅਜੋਕਾ ਮਨੁੱਖ ਕੁਦਰਤ ਦਾ ਘਾਣ ਕਰ ਰਿਹਾ ਹੈ। ਡਾ. ਭੰਡਾਲ ਪਹਿਲੇ ਲੇਖ 'ਧੁੱਪ ਦੀਆਂ ਕਣੀਆਂ' ਵਿਚ

ਡਾ. ਸਤਨਾਮ ਸਿੰਘ ਜੱਸਲ

ਧੁੱਪ ਦੀ ਮਹੱਤਤਾ ਦੇ ਪ੍ਰਸੰਗ ਵਿਚ ਲਿਖਦੇ ਹਨ। ਨਾਲ ਹੀ ਉਹ ਮਨੁੱਖ ਦੀ ਸੋਚ ਦਾ ਮੁਲਾਂਕਣ ਕਰਦੇ ਹਨ।

ਡਾ. ਭੰਡਾਲ ਦੀ ਵਿਗਿਆਨਕ ਦ੍ਰਿਸ਼ਟੀ ਸਮੁੱਚੀ ਮਨੁੱਖਤਾ ਨੂੰ ਸੰਭਲਣ ਦਾ ਸੁਨੇਹਾ ਦਿੰਦੀ ਹੈ। ਜੋ ਕਦੇ ਮਨੁੱਖ ਦੀਆਂ ਲੋੜਾਂ ਸਨ, ਉਹ ਹੁਣ ਲਾਲਸਾਵਾਂ ਬਣ ਗਈਆਂ ਹਨ। ਲਾਲਸਾਵਾਂ ਅਧੀਨ ਮਨੁੱਖ ਨੇ ਕੁਦਰਤ ਨਾਲ ਐਨੀ ਛੇੜਛਾੜ ਕਰ ਦਿੱਤੀ, ਜਿਸ ਦੇ ਕੁਪ੍ਰਭਾਵਾਂ ਤੋਂ ਹੁਣ ਬਚਣਾ ਅਸੰਭਵ ਤਾਂ ਨਹੀਂ, ਪਰ ਔਖਾ ਜ਼ਰੂਰ ਹੈ। ਡਾ. ਭੰਡਾਲ ਦਾ ਸਿੱਧਾ ਨਿਸ਼ਾਨਾ 'ਓਜ਼ੋਨ ਛਤਰੀ' ਵੱਲ ਹੈ, ਜਿਸ ਨੂੰ 'ਛਿੱਦਰਤ' ਕਰਨ ਦੀ ਮਨੁੱਖ ਨੇ ਕਸਰ ਨਹੀਂ ਛੱਡੀ। ਕੈਂਸਰ, ਚਮੜੀ ਦੇ ਰੋਗ, ਆਰਕਟਿਕਾ ਦੀ ਬਰਫ ਦਾ ਪਿਘਲਣਾ, ਵਾਤਾਵਰਨਿਕ ਅਸੰਤੁਲਨ ਆਦਿ ਸਭ ਕੁਝ ਕੁਦਰਤ ਨਾਲ ਛੇੜਛਾੜ ਦਾ ਹੀ ਨਤੀਜਾ ਹੈ। ਡਾ. ਭੰਡਾਲ 'ਧੁੱਪ' ਨੂੰ ਸਿਰਫ ਸੇਕ ਤੱਕ ਸੀਮਤ ਨਹੀਂ ਰੱਖਦੇ, ਉਹ ਇਸ 'ਚਾਨਣ' ਦੇ ਚਿਹਨ ਰਾਹੀਂ ਸਾਧਾਰਨਤਾ ਵਿਚੋਂ ਅਸਾਧਾਰਨਤਾ ਦੀ ਅਭਿਵਿਅਕਤੀ ਕਰਦੇ ਹਨ। ਉਹ 'ਧੁੱਪ' ਨੂੰ ਗਿਆਨ ਦੇ ਪ੍ਰਸੰਗ ਵਿਚ ਦੇਖਦਿਆਂ ਲਿਖਦੇ ਹਨ, "ਇਕ ਧੁੱਪ ਸਾਡੀ ਮਾਂ ਦੀ ਕੁੱਖ ਵਿਚ ਉਤਰੀ, ਜੋ ਸਾਡੀ ਹੋਂਦ ਦਾ ਜਾਮਨ ਬਣੀ।"

ਉਹ 'ਚਾਨਣੀ-ਰਾਗ' ਵਿਚ ਚਾਨਣੀ ਨੂੰ ਪਰਿਭਾਸ਼ਿਤ ਕਰਦੇ ਹਨ, "ਇਹ ਚਾਨਣੀ ਜਦੋਂ ਕਾਰਜਸ਼ੀਲ ਹੁੰਦੀ ਹੈ ਤਾਂ ਚੰਨ-ਚਾਨਣੀ 'ਚ ਜਦੋਂ ਦੋ ਪ੍ਰਛਾਵੇਂ ਜੀਵਨੀ ਪੈਂਡਿਆਂ ਨੂੰ ਸਰ ਕਰਦੇ, ਇਕਸੁਰਤਾ, ਇਕਸੀਰਤਾ ਦਾ ਸੁੱਚਾ ਰਾਗ ਬਣਦੇ ਤਾਂ ਚਾਨਣ-ਰਾਗ ਉਚੀ ਸੁਰ ਵਿਚ ਫਿਜ਼ਾ ਨੂੰ ਤਰੰਗਤ ਕਰਦਾ ਹੈ।" ਇਹ ਵਾਰਤਕ ਵਿਅੰਜਨਾ ਦੇ ਖੇਤਰ ਵਿਚ ਪਰਵੇਸ਼ ਕਰ ਜਾਂਦੀ ਹੈ। ਇਉਂ ਹੀ ਲੇਖ 'ਅੱਗ ਦੇ ਗਲੋਟੇ' ਵਿਚ ਦੇਖਣ ਨੂੰ ਮਿਲਦਾ ਹੈ।





'ਅੱਗ' ਬਾਰੇ ਲੇਖ ਦੇ ਮੁੱਢ ਵਿਚ ਡਾ. ਭੰਡਾਲ ਕਹਿੰਦੇ ਹਨ, "ਅੱਗ, ਮਨੁੱਖੀ ਜ਼ਰੂਰਤ ਅਤੇ ਜੀਵਨ-ਆਧਾਰ। ਖੁਰਾਕ ਪਕਾਉਣ ਲਈ ਅਹਿਮ। ਜੀਵਨ ਦੇ ਹਰ ਪੜਾਅ 'ਤੇ ਇਸ ਦੀ ਮਹਾਨਤਾ ਬਰਕਰਾਰ।" ਉਹ ਇਹ ਵੀ ਲਿਖਦੇ ਹਨ, "ਹਵਨ ਦੀ ਅਗਨੀ ਦੁਆਲੇ ਲਏ ਸੱਤ ਫੇਰੇ, ਜੀਵਨ-ਬੰਧਨ ਦਾ ਸੂਤਰਧਾਰ। ਹਵਨ ਵਿਚ ਪਾਇਆ ਦੇਸੀ ਘਿਓ ਤੇ ਸਮੱਗਰੀ ਦੀ ਪਵਿੱਤਰਤਾ, ਇਕ ਅਹਿਦਨਾਮਾ, ਜੋ ਰਿਸ਼ਤਿਆਂ ਵਿਚ ਪਾਕੀਜ਼ਗੀ ਦਾ ਰੰਗ।" ਪਰ ਇਹੀ ਅੱਗ ਪਵਿੱਤਰਤਾ ਦੇ ਵਿਰੋਧ ਵਿਚ ਜਾ ਖੜ੍ਹਦੀ ਹੈ, ਜਦੋਂ ਉਹ ਕਹਿੰਦੇ ਹਨ, "ਧਰਮ ਦੇ ਨਾਂ 'ਤੇ ਲਾਈਆਂ ਜਾ ਰਹੀਆਂ ਫਿਰਕੂ ਅੱਗਾਂ, ਘਰ ਪਰਿਵਾਰਾਂ ਦਾ ਉਜਾੜਾ। ਸਮਾਜਿਕ ਤਾਣੇ-ਬਾਣੇ ਨੂੰ ਲੀਰਾਂ ਕਰਦੀ ਧਾਰਮਿਕਤਾ, ਇਕ ਧੱਬਾ। ਧਾਰਮਿਕ-ਸਹਿਣਸ਼ੀਲਤਾ ਦੀ ਅਗਨੀ ਨੂੰ ਸੱਚ ਵਿਚ ਬਾਲਣਾ, ਤੁਹਾਡੇ ਲਈ ਅਗਨੀ ਦੇ ਅਰਥ ਬਦਲ ਜਾਣਗੇ।"

ਕੁਦਰਤ ਦੀ ਨਿਆਮਤ ਦੀ ਇਕ ਹੋਰ ਪਰਤ 'ਬਿਰਖ-ਬਾਣੀ' ਵਿਚ ਡਾ. ਭੰਡਾਲ ਬਿਰਖ ਦੀ ਮਹਾਨਤਾ ਤੇ ਉਸ ਮਹਾਨਤਾ ਨੂੰ ਪੂੰਜੀਵਾਦ ਦੀ ਮੁਨਾਫਖੋਰੀ ਵੱਲੋਂ ਲਾਈ ਢਾਹ ਦਾ ਭੇਤ ਖੋਲ੍ਹਦੇ ਹਨ। ਉਨ੍ਹਾਂ ਮੁਤਾਬਿਕ ਅਜੋਕੀ ਸਥਿਤੀ ਚਿੰਤਾਵਾਂ ਦਾ ਘਰ ਬਣ ਗਈ ਹੈ, "ਇਹ ਕੇਹੀ ਤਰੱਕੀ ਕਿ ਅਸੀਂ ਪੱਥਰਾਂ ਅਤੇ ਇੱਟਾਂ ਦੇ ਜੰਗਲ ਉਸਾਰਨ ਵਿਚ ਰੁਚਿਤ। ਇਨ੍ਹਾਂ ਵਿਚੋਂ ਪਲ-ਪਲ ਮੌਤ ਝਲਕਦੀ। ਜੀਵਨ-ਦਾਨੀ ਜੰਗਲਾਂ ਨੂੰ ਉਗਾਉਣ ਤੋਂ ਮੁਨਕਰ। ਸਿਰਫ ਕੁਝ ਕੁ ਹੀ ਫਿਕਰਮੰਦ ਲੋਕ ਨੇ, ਜਿਨ੍ਹਾਂ ਦੀ ਚੇਤਨਾ ਵਿਚ ਹਵਾ ਲੰਗਰ ਲਾਉਣ ਦੀ ਚਾਹਨਾ ਪ੍ਰਬਲ ਹੈ।" ਅਸੀਂ ਕੁਦਰਤ ਦੀ ਨਿਆਮਤ ਨਾਲ ਖਿਲਵਾੜ ਕਰ ਰਹੇ ਹਾਂ। ਹਥਲੇ ਕਾਰਜ ਦੀ ਇਕ ਸੀਮਾ ਹੈ।

ਇਸ ਸੰਗ੍ਰਿਹ 'ਚ ਇਕੱਲਾ ਇਕੱਲਾ ਲੇਖ ਬਹੁਤ ਮੁੱਲਵਾਨ ਵਿਚਾਰਾਂ ਦਾ ਧਾਰਨੀ ਹੈ। ਵਾਰਤਕਕਾਰ ਹਰ ਲੇਖ ਦੇ ਸ਼ੁਰੂ ਵਿਚ ਸਿਰਲੇਖ ਨੂੰ ਪਰਿਭਾਸ਼ਿਤ ਕਰਦਿਆਂ ਪਾਠਕ ਨੂੰ ਤਰਕਭਾਵੀ ਢੰਗ ਨਾਲ ਵਾਰਤਕ ਵੱਲ ਆਕਰਸ਼ਿਤ ਕਰ ਲੈਂਦਾ ਹੈ। ਜਿਨ੍ਹਾਂ ਵਿਸ਼ਿਆਂ ਨੂੰ ਇਸ ਸੰਗ੍ਰਿਹ ਵਿਚ ਪੇਸ਼ ਕੀਤਾ ਗਿਆ ਹੈ, ਉਹ ਅਜੋਕੇ ਸਮੇਂ ਵਿਚ ਬਹੁਤ ਅਹਿਮੀਅਤ ਰੱਖਦੇ ਹਨ। ਵਾਰਤਕਕਾਰ ਲੇਖਾਂ ਦਾ ਵਿਗਿਆਨਕ ਦ੍ਰਿਸ਼ਟੀ ਨਾਲ ਨਿਭਾਅ ਕਰਦਿਆਂ ਨਿਬੰਧਾਂ ਨੂੰ ਵਿਰਸਾ, ਇਤਿਹਾਸ ਤੇ ਸਮਕਾਲੀ ਸਮਾਜਕ ਸਥਿਤੀਆਂ-ਪਰਿਸਥਿਤੀਆਂ ਨਾਲ ਜੋੜੀ ਰੱਖਦਾ ਹੈ ਅਤੇ ਇਹ ਗੱਲ ਵੀ ਸਹਿਜੇ ਕਹੀ ਜਾ ਸਕਦੀ ਹੈ ਕਿ ਡਾ. ਭੰਡਾਲ ਦੇ ਲੇਖ ਪੰਜਾਬੀ ਸ਼ਬਦਾਂ ਦੇ ਵੱਡਮੁੱਲੇ ਖਜਾਨੇ ਦਾ ਪ੍ਰਮਾਣ ਹਨ। ਇਸ ਪੁਸਤਕ ਨੂੰ ਸਾਡੀ 'ਜੀ ਆਇਆਂ', ਜੋ ਵਾਰਤਕ ਖੇਤਰ 'ਚ ਵਿਸ਼ੇਸ਼ ਤੇ ਵਿਲੱਖਣ ਸਥਾਨ ਰੱਖਦੀ ਹੈ।

# ਸ਼ਬਦਾਂ ਦਾ ਖੋਜੀ ਤੇ ਸ਼ਿਲਪਕਾਰ ਡਾ. ਭੰਡਾਲ

ਪ੍ਰੋ. ਨਿਰੰਜਨ ਸਿੰਘ ਢੇਸੀ

ਪੰਜਾਬੀ ਸਾਹਿਤ ਦੇ ਖੇਤਰ ਵਿਚ ਡਾ. ਗੁਰਬਖਸ਼ ਸਿੰਘ ਭੰਡਾਲ ਇਕ ਵਿਲੱਖਣ ਹਸਤੀ ਵਜੋਂ ਜਾਣਿਆ ਜਾਂਦਾ ਹੈ। ਉਸ ਦੀ ਸ਼ਖਸੀਅਤ ਵਾਂਗ ਹੀ ਉਸ ਦੀ ਲਿਖਤ ਵਿਚ ਅਨੋਖੀ ਝਲਕ ਮਿਲਦੀ ਹੈ। ਉਹ ਜ਼ਿੰਦਗੀ ਨੂੰ ਬਾਹਰ-ਮੁਖੀ ਵਰਤਾਰੇ ਵਜੋਂ ਵੇਖਣ ਦੀ ਥਾਂ ਇਸ ਦੇ ਭਾਵਵਾਚਕ ਸੰਸਾਰ ਤੀਕ ਪਹੁੰਚ ਕਰਦਾ ਹੈ। ਉਹ ਜਿਸ ਵੀ ਵਿਸ਼ੇ ਦੀ ਚੋਣ ਕਰਦਾ ਹੈ, ਉਸ ਦੀਆਂ ਸਾਰੀਆਂ ਪਰਤਾਂ ਨੂੰ ਬਾਰੀਕ-ਬੀਨੀ ਨਾਲ ਚਿਤਰਦਾ ਹੈ। ਪਦਾਰਥਕ ਵਰਤਾਰਿਆਂ ਨੂੰ ਪਰਮਾਰਥ ਵਜੋਂ ਖੋਜ ਕੇ ਪੇਸ਼ ਕਰਦਾ ਹੈ। ਆਮ ਅੱਖ ਨਾਲ ਨਜ਼ਰ ਆਉਂਦੇ ਸਿਲਸਿਲੇ ਨਾਲ ਜੁੜੇ ਅਦਿਸ ਰਹੱਸ ਨੂੰ ਸ਼ਬਦਾਂ ਵਿਚ ਢਾਲਦਾ ਹੈ। ਉਸ ਦਾ ਵਸਤੂ ਸੰਸਾਰ ਅਣਛੋਹਿਆ ਤੇ ਨਿਵੇਕਲਾ ਹੈ। ਉਹ ਏਕਤਾ ਵਿਚੋਂ ਅਨੇਕਤਾ ਦੇ ਅਮੂਰਤ ਪਾਸਾਰਾਂ ਨੂੰ ਉਜਾਗਰ ਕਰਦਾ ਹੈ।

ਧਰਤੀ ਤੇ ਅੰਬਰ ਦੇ ਵਿਚਕਾਰ ਜੋ ਲਗਾਤਾਰ ਵਾਪਰ ਰਿਹਾ ਹੈ, ਉਸ ਨੂੰ ਸ਼ਬਦਾਂ ਦੀ ਪਕੜ ਵਿਚ ਲੈਣਾ ਕੋਈ ਡਾ. ਭੰਡਾਲ ਤੋਂ ਸਿੱਖੇ। ਜੀਵਨ ਨਾਲ ਸਬੰਧਤ ਛੋਟੀ ਤੋਂ ਛੋਟੀ ਕਿਰਿਆ ਦਾ ਪਿਛੋਕੜ ਕਿਵੇਂ ਇਕ ਵਿਰਾਟ ਕਾਰਜਸ਼ੀਲਤਾ ਦਾ ਹਿੱਸਾ ਹੈ? ਇਸ ਦਾ ਉਤਰ ਡਾ. ਭੰਡਾਲ ਦੀ ਕਲਮ ਕੋਲ ਮੌਜੂਦ ਹੈ। ਸਥੂਲ ਤੇ ਸੂਖਮ ਆਪਸੀ ਸਬੰਧਾਂ ਨੂੰ ਉਜਾਗਰ ਕਰਦਿਆਂ ਉਸ ਦੀ ਕਲਮ ਵਜਦ ਵਿਚ ਆ ਜਾਂਦੀ ਹੈ। ਕਲਮ ਦਾ ਸ਼ਕਤੀ-ਜਾਦੂ, ਉਸ ਦੀ ਹਸਤੀ ਨਾਲ ਜੁੜੀ ਸਾਧਨਾ ਦਾ ਜਿਉਂਦਾ ਜਾਗਦਾ ਸਬੂਤ ਹੈ। ਉਹ ਕੁਦਰਤ ਦੀ ਵੰਨ-ਸੁਵੰਨਤਾ ਨਾਲ ਜੁੜੀਆਂ ਦਾਤਾਂ ਦੇ ਸਾਰੇ ਪ੍ਰਸੰਗਾਂ ਨੂੰ ਸ਼ਬਦਾਂ ਵਿਚ ਪੇਸ਼ ਕਰਨ ਵਾਲਾ ਸਮਰੱਥ ਸਿਰਜਣਹਾਰਾ ਹੈ।

ਵਸਤੂ ਦੀ ਚੋਣ ਵਿਚ ਮੌਲਿਕਤਾ ਹੋਣ ਦੇ ਨਾਲ ਨਾਲ, ਪੇਸ਼ਕਾਰੀ ਵਿਚ ਵੀ ਸੁਭਾਵਕਤਾ ਅਤੇ ਮੌਲਿਕਤਾ ਹੈ। ਉਹ ਖੋਜੀ ਵੀ ਹੈ ਅਤੇ ਸ਼ਿਲਪਕਾਰ ਵੀ। ਉਹ ਵਿਗਿਆਨੀ ਵੀ ਹੈ ਅਤੇ ਕਲਾਕਾਰ ਵੀ। ਨਵੀਂ ਪੁਸਤਕ 'ਧੁੱਪ ਦੀਆਂ ਕਣੀਆਂ' ਦੇ ਸਾਰੇ ਲੇਖ ਨਿਆਰੇ ਹਨ। ਹਰ ਵਿਸ਼ੇ ਨਾਲ ਜੁੜੀਆਂ ਰੂਹਾਨੀ ਰਮਜ਼ਾਂ ਇਲਾਹੀ ਰੰਗ ਬੰਨਦੀਆਂ ਹਨ। ਉਸ ਕੋਲ ਕਥਨ ਦਾ ਖੂਬਸੂਰਤ ਦਸਤੂਰ ਹੈ। ਭੌਤਿਕ ਵਿਗਿਆਨੀ ਹੋਣ ਦੇ ਨਾਲ ਨਾਲ ਉਹ ਸ਼ਬਦ-ਸ਼ਕਤੀਆਂ ਦੇ ਜਲੌਅ ਦੇ ਚਮਤਕਾਰੀ ਰੂਪ ਨੂੰ ਸਿਰਜਣ ਦੇ ਸਮਰੱਥ ਹੈ। ਹਰ ਲਿਖਤ ਵਿਚ ਸਾਦਗੀ, ਸਹਿਜ, ਸੁਭਾਵਕਤਾ ਤੇ ਰਵਾਨੀ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਉਸ ਦੀ ਹਸਤੀ ਬੇਹੱਦ ਆਦਰਯੋਗ ਹੈ।

**ਗੁਰਬਾਣੀ ਗਿਆਨ**

# ਮੰਨੈ ਪਾਵਹਿ ਮੋਖੁ ਦੁਆਰੁ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਕਈ ਵਿਦਵਾਨ ਕਹਿੰਦੇ ਕਿ ਜਪੁਜੀ ਔਖੀ ਬਾਣੀ ਹੈ। ਕਈ ਨਾਮੀ ਵਿਦਵਾਨਾਂ ਨੇ ਤਾਂ ਲਿਖ ਕੇ ਸਵੀਕਾਰ ਕੀਤਾ ਹੋਇਆ ਹੈ ਕਿ ਇਹ ਬਾਣੀ ਇਸ ਸੰਸਾਰ ਦੀ ਨਹੀਂ, ਸਗੋਂ ਕਿਸੇ ਉਤਲੇ ਸੰਸਾਰ ਨਾਲ ਸਬੰਧਤ ਹੈ। ਉਨ੍ਹਾਂ ਅਨੁਸਾਰ ਇਸ ਇਲਾਹੀ ਬਾਣੀ ਨੂੰ ਸਮਝਣਾ ਤੇ ਇਸ ਦੀ ਵਿਆਖਿਆ ਕਰਨਾ ਬੰਦੇ ਦੇ ਵੱਸ ਦੀ ਗੱਲ ਨਹੀਂ। ਕਈ ਲਿਖਦੇ ਕੁਝ ਨਹੀਂ, ਪਰ ਜਿਸ ਢੰਗ ਨਾਲ ਉਹ ਇਸ ਦੀ ਵਿਆਖਿਆ ਕਰਦੇ ਹਨ, ਉਸ ਤੋਂ ਸਾਫ ਜਾਹਰ ਹੈ ਕਿ ਉਨ੍ਹਾਂ ਨੂੰ ਸਮਝਣ ਵਿਚ ਭਾਰੀ ਕਠਿਨਾਈ ਹੋ ਰਹੀ ਹੈ। ਕਈ ਬਿਰਤਾਂਤ ਦੇ ਝਮੇਲੇ ਵਿਚ ਨਹੀਂ ਪੈਂਦੇ, ਬਸ ਮੂਲ ਤੁਕਾਂ ਦੇ ਸ਼ਬਦਾਂ ਨੂੰ ਹੀ ਇੱਧਰ ਉਧਰ ਕਰ ਕੇ ਗੋਂਗਲੂਆਂ ਤੋਂ ਮਿੱਟੀ ਝਾੜ ਦਿੰਦੇ ਹਨ। ਜਿਸ ਰਫਤਾਰ ਨਾਲ ਇਹ ਵਿਦਵਾਨ ਵਿਆਖਿਆ ਵਿਚੋਂ ਭੱਜ ਕੇ ਨਿਕਲਣ ਦੀ ਕੋਸ਼ਿਸ਼ ਕਰਦੇ ਹਨ, ਉਸ ਤੋਂ ਪਤਾ ਚਲਦਾ ਹੈ ਕਿ ਇਹ ਕੰਮ ਉਨ੍ਹਾਂ ਲਈ ਸੱਚੀ ਮੁੱਚੀ ਦੁਸ਼ਵਾਰ ਹੈ।

ਇਨ੍ਹਾਂ ਵਿਦਵਾਨਾਂ ਨੇ ਭਰਮਾਊ ਵਿਆਖਿਆਵਾਂ ਲਿਖ ਕੇ ਸਿੱਖ ਸ਼ਰਧਾਲੂਆਂ ਨੂੰ ਹਨੇਰੇ ਵਿਚ ਧੱਕ ਰੱਖਿਆ ਹੈ। ਆਉਣ ਵਾਲੇ ਸਭ ਵਿਦਵਾਨ, ਅਧਿਆਪਕ, ਪਾਠਕ, ਪੁਜਾਰੀ ਤੇ ਪ੍ਰਚਾਰਕ ਉਨ੍ਹਾਂ ਨੂੰ ਧੁਰੰਦਰ ਗਿਆਨੀ ਸਮਝ ਕੇ ਉਨ੍ਹਾਂ ਦੀਆਂ ਲਿਖਤਾਂ ਨੂੰ ਵਿਸ਼ਵਾਸ ਨਾਲ ਪੜ੍ਹਦੇ ਹਨ ਤੇ ਉਨ੍ਹਾਂ ਜਿਹੀ ਧਾਰਨਾ ਵਿਚ ਉਲਝੇ ਰਹਿੰਦੇ ਹਨ। ਉਹ ਅੱਖ ਪੁਟ ਕੇ ਵੀ ਨਹੀਂ ਦੇਖਦੇ ਕਿ ਮੂਲ ਲਿਖਤ ਵਿਚ ਕੀ ਲਿਖਿਆ ਹੈ ਤੇ ਅਰਥ ਕੀ ਦੱਸੇ ਹੋਏ ਹਨ। ਇਹੀ ਕਾਰਨ ਹੈ ਕਿ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਦੀ ਜੋ ਸਮਸਿਆ ਗੁਰੂ ਨਾਨਕ ਵੇਲੇ ਸੀ, ਉਹੀ ਅਜੋਕੇ ਸਿੱਖ ਵਿਦਵਾਨਾਂ ਦੀ ਜਪੁਜੀ ਬਾਰੇ ਬਣੀ ਹੋਈ ਹੈ।

ਪਰ ਇਸ ਦੀ ਸਮਝ ਬਾਰੇ ਬਹੁਤੀਆਂ ਸਮੱਸਿਆਵਾਂ ਵਿਦਵਾਨਾਂ ਨੇ ਆਪ ਸਹੇੜੀਆਂ ਹੋਈਆਂ ਹਨ। ਕੋਈ 'ਨਾਮ ਖੁਮਾਰੀ ਨਾਨਕਾ ਚੜ੍ਹ ਰਹੈ ਦਿਨੁ ਰਾਤਿ' ਬੋਲ ਕੇ ਕਹਿੰਦਾ ਹੈ ਕਿ ਜਪੁਜੀ ਨੂੰ ਗੁਰੂ ਸਾਹਿਬ ਨੇ ਭਗਤੀ ਦੇ ਨਸ਼ੇ ਦੀ ਕਿਸੇ ਉਚੀ ਅਵਸਥਾ ਵਿਚ ਪਹੁੰਚ ਕੇ ਲਿਖਿਆ ਹੋਇਆ ਹੈ; ਪਰ ਕੱਚੀ ਬਾਣੀ ਦੀ ਇਹ ਤੁਕ ਗ੍ਰੰਥ ਸਾਹਿਬ ਵਿਚ ਕਿਤੇ ਲਿਖੀ ਹੀ ਨਹੀਂ। ਕਈ ਮੰਨੀ ਬੈਠੇ ਹਨ ਕਿ ਇਹ ਧੁਰ ਦੀ ਬਾਣੀ ਹੈ, ਇਸ ਲਈ ਪਰਮਾਤਮਾ ਵਲੋਂ ਲਿਖੀ ਆਈ ਹੈ। ਜੇ ਇੱਦਾਂ ਹੈ ਫਿਰ ਤਾਂ ਇਹ ਆਮ ਲੋਕਾਂ ਦੀ ਸਮਝ ਵਿਚ ਸਹਿਜ ਭਾ ਹੀ ਆਉਣੀ ਚਾਹੀਦੀ ਹੈ। ਕਈ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਗੂੜ੍ਹ ਗਿਆਨ ਦੀਆਂ ਗੱਲਾਂ ਨੂੰ ਆਮ ਆਦਮੀ ਤੀਕ ਪਹੁੰਚਾਉਣ ਲਈ ਲੋਕ ਭਾਸ਼ਾ ਵਿਚ ਲਿਖਿਆ ਹੈ। ਪਰ ਲੋਕ ਭਾਸ਼ਾ ਵਿਚ ਲਿਖੀ ਇਹ ਬਾਣੀ ਕੱਦਾਵਰ ਵਿਦਵਾਨਾਂ ਦੀ ਸਮਝ ਤੋਂ ਵੀ ਬਾਹਰ ਕਿਉਂ ਹੈ? ਕਈ ਹੋਰ ਹਨ, ਜੋ ਇਸ ਨੂੰ ਪਰਮਾਤਮਾ ਨਾਲ ਮਿਲਣ ਦਾ ਜ਼ਰੀਆ ਮੰਨਦੇ ਹਨ। ਇਸ ਤਰ੍ਹਾਂ ਦੇ ਮਿੱਥ ਪ੍ਰਚਾਰ ਬਾਰੇ ਤਾਂ ਕੁਝ ਨਾ ਕਹਿਣਾ ਹੀ ਚੰਗਾ ਹੈ।

ਪਰ ਜੋ ਬੁਨਿਆਦੀ ਗੱਲ ਕਿਸੇ ਦੀ ਸਮਝ ਵਿਚ ਨਹੀਂ ਆਈ, ਉਹ ਇਹ ਹੈ ਕਿ ਇਹ ਬਾਣੀ ਆਮ ਆਦਮੀ ਲਈ ਲਿਖੀ ਹੀ ਨਹੀਂ ਗਈ। ਭਾਵੇਂ ਤਵੱਕੋ ਕੀਤੀ ਗਈ ਹੈ ਕਿ ਆਮ ਆਦਮੀ ਵੀ ਜਾਗਰੂਕ ਹੋ ਕੇ ਇਸ ਬਾਣੀ ਨੂੰ ਪੜ੍ਹੇਗਾ ਤੇ ਵਿਚਾਰਾਂ ਦੀ ਦੁਨੀਆਂ ਵਿਚ ਵਿਚਰਣ ਦੀ ਸੇਧ ਲਵੇਗਾ, ਪਰ ਜਿਨ੍ਹਾਂ ਲੋਕਾਂ ਨੂੰ ਮੁੱਖ ਰੱਖ ਕੇ ਜਪੁਜੀ ਦੀ ਬਾਣੀ ਲਿਖੀ ਗਈ ਸੀ, ਉਹ ਉਸ ਜਮਾਨੇ ਦੇ ਬੁਧੀਜੀਵੀ ਸਨ। ਹਿੰਦੂ ਪੰਡਿਤ, ਇਸਲਾਮਿਕ ਮੌਲਾਣੇ, ਨਾਥ ਜੋਗੀ, ਸੰਤ ਮਹਾਤਮਾ ਤੇ ਸਿੱਧ-ਪੁਰਖ ਭਾਵੇਂ ਕਿਸੇ ਫਿਰਕੇ ਦੇ ਹੋਣ, ਉਸ ਵੇਲੇ ਦੇ ਬੌਧਿਕ ਜਿਊੜੇ ਸਨ। ਉਨ੍ਹਾਂ ਨੇ ਕੁਝ ਪੜ੍ਹ ਲਿਖ ਕੇ ਆਪਣੇ ਜੀਵਨ ਨੂੰ ਚਿੰਤਨ ਦੇ ਲੇਖੇ ਲਾਇਆ ਸੀ ਤੇ ਉਹ ਫਿਲਾਸਫੇ ਦੀਆਂ ਘੁੰਤਰਾਂ ਜਾਣਦੇ ਸਨ। ਕਈ ਘਰ-ਬਾਰ ਛੱਡ ਕੇ ਪੱਕੇ ਸਾਧਾਂ ਸੰਤਾਂ ਦੀ ਸੰਗਤ ਵਿਚ ਚਲੇ ਗਏ ਸਨ ਤੇ ਗਿਆਨ ਪ੍ਰਾਪਤੀ ਲਈ ਕਠੋਰ ਮਿਹਨਤ ਕਰਦੇ ਸਨ। ਚਾਹੇ ਉਨ੍ਹਾਂ ਦੀ ਦਿਸ਼ਾ ਅਵੱਲੀ ਹੀ ਸੀ, ਪਰ ਉਹ ਆਪਣੀ ਧੁਨ ਦੇ ਮਾਹਰ ਸਨ। ਆਮ ਆਦਮੀ ਤਾਂ ਉਸ ਵੇਲੇ ਵੀ ਅੱਜ ਵਾਂਗ ਆਪਣੇ ਦੁਨਿਆਵੀ ਕੰਮਾਂ ਵਿਚ ਲੀਨ ਸਨ। ਉਹ ਤਾਂ ਦੂਜਿਆਂ ਦੀ ਦੇਖਾ ਦੇਖੀ 'ਬਖਸ਼ਿਸ਼ਾਂ' ਪ੍ਰਾਪਤੀ ਦੇ ਕਰਮ ਕਾਂਡ ਕਰਦੇ ਨਹੀਂ ਰੁਕਦੇ। ਉਨ੍ਹਾਂ ਦਾ ਬਾਣੀ ਨਾਲ ਸਬੰਧ ਉਸ ਵੇਲੇ ਵੀ ਅੱਜ ਵਾਂਗ ਸੱਤਹੀ ਤੇ ਕਾਰੋਬਾਰੀ ਹੀ ਸੀ। ਆਮ ਆਦਮੀ ਹੀ ਕਿਉਂ, ਵਿਸ਼ਵ ਵਿਦਿਆਲਿਆਂ ਦੇ ਪ੍ਰੋਫੈਸਰ, ਗੁਰਦੁਆਰਿਆਂ ਦੇ ਗ੍ਰੰਥੀ, ਪ੍ਰਬੰਧਕ, ਪ੍ਰਚਾਰਕ ਤੇ ਕਈ ਸੁਭ-ਚਿੰਤੇ ਵਿਦਵਾਨ ਅੱਜ ਵੀ ਗਿਆਨ ਦੇ ਕਾਰਜ ਵਿਚ ਆਪਣੇ ਮਾਯਾਵੀ ਹਿੱਤ ਪੂਰਨ ਜਿੰਨਾ ਹੀ ਖੁੱਭਦੇ ਹਨ। ਇਹ ਸਭ ਉਵੇਂ ਹੀ ਹੈ, ਜਿਵੇਂ ਗੁਰੂ ਸਾਹਿਬ ਦੇ ਬਹੁਤੇ ਮੁਢਲੇ ਸਿੱਖ ਉਨ੍ਹਾਂ ਨੂੰ 'ਨਾਨਕ ਤਪਾ' ਮੰਨ ਕੇ ਆਪਣੀਆਂ ਮੁਰਾਦਾਂ ਪੂਰੀਆਂ ਕਰਵਾਉਣ ਪਹੁੰਚਦੇ ਸਨ। ਉਹ ਕਹਿੰਦੇ ਤਾਂ ਇਹ ਸਨ ਕਿ ਇਹ ਪੀਰ ਖਰੀ ਗੱਲ ਕਰਦਾ ਹੈ, ਪਰ ਅੰਦਰੋਂ ਇਸ ਦਾ ਮਤਲਬ ਹੁੰਦਾ ਸੀ ਕਿ ਇਹ ਫਕੀਰ ਦਰਗਾਹੇ ਪਹੁੰਚ ਰੱਖਣ ਵਾਲਾ ਲਗਦਾ ਹੈ, ਜਿੰਨੀ ਗੱਲ ਕਹਿੰਦਾ ਹੈ, ਉਨੀ ਪਾਸ ਜਰੂਰ ਕਰਵਾ ਦਿੰਦਾ ਹੋਊ। ਸੋ ਗੁਰੂ ਸਾਹਿਬ ਨੇ ਜਪੁਜੀ ਜਿਹੀ ਸਿਧਾਂਤਕ ਬਾਣੀ ਇਸ ਆਮ ਆਦਮੀ ਨੂੰ ਸੰਬੋਧਨ ਕਰ ਕੇ ਨਹੀਂ ਸੀ ਲਿਖੀ।

ਚਾਹੇ ਇਹ ਗੱਲ ਓਪਰੀ ਲੱਗੇ, ਪਰ ਉਨ੍ਹਾਂ ਦੀ ਬਾਣੀ ਵਿਚ ਨਾਥ ਪਰੰਪਰਾ ਵਾਲੇ ਸ਼ਬਦਾਂ ਦੀ ਭਰਮਾਰ ਹੈ। ਇਹ ਇਸ ਗੱਲ ਦਾ ਚੰਗਾ ਖਾਸਾ ਸਬੂਤ ਹੈ ਕਿ ਜਪੁਜੀ ਦੇ ਸੰਵਾਦ ਸਿੱਧਾਂ ਤੇ ਨਾਥਾਂ ਲਈ ਰਚੇ ਗਏ ਸਨ। ਓਂਕਾਰ, ਨਿਰੰਕਾਰ, ਨਿਰੰਜਨ, ਈਸਰ, ਗੋਰਖ, ਬਰਮਾ, ਮਹੇਸ, ਜੋਗ, ਜੁਗਤਿ, ਧਿਆਨ, ਭਗਤ, ਮਗ, ਪੰਥ, ਭਵਹਿ, ਭਵਣ, ਭਿਖ, ਪਰਵਾਰ, ਜਪ, ਸੈਭੰ, ਤਪ, ਅਲਖ, ਉਦਾਸ, ਮੋਨ, ਲਿਵ, ਤਾਰ, ਨਾਦ, ਸਿਧ, ਸਮਾਧੀ, ਮੁੰਦਾ, ਸੰਤੋਖ, ਝੋਲੀ, ਬਿਭੂਤਿ, ਖਿੰਥਾ, ਡੰਡਾ, ਪੰਥੀ, ਜਮਾਤੀ, ਨਾਥ, ਆਦੇਸ, ਆਸਣ, ਸੁਰਤੀ, ਗਿਆਨ, ਭੰਡਾਰ, ਮੰਗਣਾ, ਦੇਣਾ, ਭਿਖ, ਖੰਡ, ਮੰਡਲ, ਵਰਮੰਡ ਆਦਿ ਸਿੱਧ ਡੇਰਿਆਂ ਦੀ ਫਿਲਾਸਫੀ ਨਾਲ ਜੁੜੇ ਅਲਫਾਜ਼ ਹਨ। ਅੱਜ ਕੱਲ ਵੀ ਜਿੱਥੇ ਕਿਤੇ ਇਹ ਡੇਰੇ ਹਨ, ਉਥੇ ਇਹੀ ਸ਼ਬਦ ਬੋਲੇ ਜਾਂਦੇ ਹਨ। ਇੱਥੋਂ ਤੀਕ ਕਿ ਉਨ੍ਹਾਂ ਨੇ 'ਸੋ ਕਿਉ ਮੰਦਾ ਆਖੀਐ' ਵਾਲਾ ਸ਼ਬਦ ਵੀ ਉਨ੍ਹਾਂ ਨੂੰ ਹੀ ਸੰਬੋਧਨ ਕਰ ਕੇ ਲਿਖਿਆ ਹੋਇਆ ਹੈ, ਕਿਉਂਕਿ ਉਹੀ ਔਰਤ ਨੂੰ 'ਭੰਡ' ਆਖਦੇ ਸਨ ਤੇ ਉਹੀ ਉਨ੍ਹਾਂ ਨੂੰ ਮਾੜਾ ਸਮਝ ਕੇ ਮੱਥੇ ਨਹੀਂ ਸਨ ਲਗਦੇ।

ਗੁਰੂ ਸਾਹਿਬ ਨੇ ਡੇਰੇਦਾਰਾਂ ਨਾਲ ਥਾਂ ਥਾਂ ਗੋਸ਼ਟੀਆਂ ਕੀਤੀਆਂ, ਤਰਕ-ਵਿਤਰਕ ਕੀਤੇ ਤੇ ਉਨ੍ਹਾਂ ਦੇ ਬਿਰਤਾਂਤ ਲਿਖੇ। ਗੁਰੂ ਸਾਹਿਬ ਨੇ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਉਨ੍ਹਾਂ ਦੀ ਭਾਸ਼ਾ ਵਿਚ ਦੇਣ ਲਈ ਉਨ੍ਹਾਂ ਦੇ ਸ਼ਬਦਾਂ ਨੂੰ ਹੀ ਵਰਤਿਆ। ਸਾਹਿਤ, ਵਿਗਿਆਨ, ਫਿਲਾਸਫੀ ਸਭ ਦੀ ਆਪਣੀ ਆਪਣੀ ਸ਼ਬਦਾਵਲੀ ਹੈ, ਜਿਸ ਸਿਰ ਉਹ ਉਸਰੇ ਹੁੰਦੇ ਹਨ। 'ਅਖਰਾ ਸਿਰਿ ਸੰਜੋਗੁ ਵਖਾਣਿ' ਦੇ ਮਹਾ ਵਾਕ ਅਨੁਸਾਰ ਇਸ ਸ਼ਬਦਾਵਲੀ ਨਾਲ ਹੀ ਇਕ ਵਿਚਾਰ ਦਾ ਦੂਜੇ ਨਾਲ ਸਬੰਧ ਬਣਿਆ ਹੁੰਦਾ ਹੈ। ਸ਼ਬਦਾਵਲੀ ਦੀ ਵਿਸ਼ੇਸ਼ ਜਾਣਕਾਰੀ ਤੋਂ ਬਿਨਾ ਕਿਸੇ ਇਲਮ ਦਾ ਗਿਆਨ ਅਸੰਭਵ ਹੈ, ਕਿਉਂਕਿ ਵਿਸ਼ੇ ਦੇ ਵਿਕਾਸ ਕਾਰਨ ਸੰਵਾਦ ਆਮ ਗੱਲਬਾਤ ਦੀ ਭਾਸ਼ਾ ਤੋਂ ਕਟ ਚੁਕਾ ਹੁੰਦਾ ਹੈ। ਆਮ ਆਦਮੀ ਨੂੰ ਸਮਝਾਉਣ ਲਈ ਤਾਂ ਫਿਰ ਮਿਸਾਲਾਂ, ਰੂਪਕਾਂ ਤੇ ਅਲੰਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਮੱਧ ਕਾਲੀ ਨਾਥ ਮੰਡਲਾਂ ਦੇ ਚਿੰਤਨ ਤੇ ਉਨ੍ਹਾਂ ਦੀ ਸ਼ਬਦਾਵਲੀ ਦੇ ਗਿਆਨ ਤੋਂ ਬਿਨਾ ਜਪੁਜੀ ਨੂੰ ਸਮਝਣਾ ਮੁਸ਼ਕਿਲ ਹੈ।

ਇਸ ਤੱਥ ਦਾ ਇਕ ਖਾਸ ਸਿੱਟਾ ਇਹ ਨਿਕਲਦਾ ਹੈ ਕਿ ਗੁਰਸਿੱਖਾਂ ਨੂੰ ਇਹ ਬਾਣੀ ਅਸਿੱਧੇ ਢੰਗ ਨਾਲ ਸਮਝਣੀ ਪੈਣੀ ਹੈ। ਭਾਵ ਜੋ ਕੁਝ ਗੁਰੂ ਸਾਹਿਬ ਨੇ ਨਾਥ ਜੋਗੀਆਂ ਆਦਿ ਨੂੰ ਸੰਬੋਧਨ ਕਰ ਕੇ ਲਿਖਿਆ ਹੈ, ਉਹੀ ਉਨ੍ਹਾਂ ਨੇ ਪਰਤ ਕੇ ਆਪਣੇ 'ਤੇ ਵੀ ਲਾਗੂ ਕਰਨਾ ਹੈ; ਪਰ ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ, ਪ੍ਰਚਾਰਕਾਂ ਤੇ ਵਿਆਖਿਆਕਾਰਾਂ ਨੇ ਇਸ ਨੂੰ ਆਪਣੇ 'ਤੇ ਤਾਂ ਕੀ ਲਾਗੂ ਕਰਨਾ, ਉਹ ਤਾਂ ਸਿੱਧਾਂ ਤੇ ਨਾਥਾਂ ਨੂੰ ਵੀ ਇਸ ਤੋਂ ਮੁਕਤ ਕਰੀ ਬੈਠੇ ਹਨ। ਇਸ ਗੱਲ ਦਾ ਪ੍ਰਮਾਣ 15ਵੀਂ ਪਉੜੀ ਦੀ ਉਨ੍ਹਾਂ ਦੀ ਵਿਆਖਿਆ ਤੋਂ ਮਿਲਦਾ ਹੈ। ਪ੍ਰਸਿੱਧ ਵਿਦਵਾਨ ਰਜਨੀਸ਼ 'ਓਸ਼ੋ' ਦੇ ਇਸ ਸਮੁੱਚੀ ਪਉੜੀ ਦੇ ਟੀਕੇ ਦੇ ਅੰਸ਼ ਹੇਠ ਲਿਖੇ ਕੀਤੇ ਗਏ ਹਨ। ਪਉੜੀ ਹੈ,

ਮੰਨੈ ਪਾਵਹਿ ਮੋਖੁ ਦੁਆਰੁ॥
ਮੰਨੈ ਪਰਵਾਰੈ ਸਾਧਾਰੁ॥
ਮੰਨੈ ਤਰੈ ਤਾਰੇ ਗੁਰੁ ਸਿਖ॥
ਮੰਨੈ ਨਾਨਕ ਭਵਹਿ ਨ ਭਿਖ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ॥੧੫॥

ਇਸ ਪਉੜੀ ਦੀ ਵਿਆਖਿਆ ਕਰਦਾ ਰਜਨੀਸ਼ ਲਿਖਦਾ ਹੈ, "ਦੁਆਰ ਤੁਹਾਡੇ ਅੰਦਰ ਹੈ। ਭਟਕਣ ਤੁਹਾਡੇ ਅੰਦਰ ਹੈ। ਔਕੜਾਂ ਤੁਹਾਡੇ ਅੰਦਰ ਹਨ। ਰਾਹ ਤੁਹਾਡੇ ਅੰਦਰ ਹੈ। ਸਿਰਫ ਦੀਵਾ ਬਲ ਜਾਵੇ ਤਾਂ ਤੁਸੀਂ ਦੋਹਾਂ ਨੂੰ ਵੇਖ ਲਵੋਗੇ-ਕੀ ਹੈ ਸਤਯ, ਕੀ ਹੈ ਅਸਤਯ? ਤੁਸੀਂ ਵੇਖ ਲਵੋਗੇ-ਕਾਮਨਾ ਹੈ ਅਸਤਯ ਅਤੇ ਅਕਾਮਨਾ ਹੈ ਸਤਯ, ਅਤੇ ਅਕਾਮਨਾ ਹੈ ਮੋਖਸ਼ ਦਾ ਦੁਆਰ।"

ਇਹ ਵਿਦਵਾਨ ਅੱਗੇ ਲਿਖਦਾ ਹੈ, "ਨਾਨਕ ਕਹਿੰਦੇ ਹਨ ਕਿ ਮਨਨ ਨਾਲ ਹੀ ਮੋਖਸ਼-ਦੁਆਰ ਦੀ ਪ੍ਰਾਪਤੀ ਹੁੰਦੀ ਹੈ...ਨਾ ਮੰਗੋਗੇ ਨਾ ਬੱਝੋਗੇ; ਨਾ ਅਭਿਲਾਸਾ ਹੋਵੇਗੀ; ਨਾ ਬੰਧਨ ਹੋਏਗਾ ਨਾ ਚਾਹ ਹੋਵੇਗੀ, ਨਾ ਜੰਜੀਰਾਂ ਹੋਣਗੀਆਂ ਅਤੇ ਜਦ ਕੋਈ ਚਾਹ ਨਹੀਂ, ਮੁਕਤੀ ਦਾ ਦਰਵਾਜਾ ਖੁੱਲ੍ਹ ਗਿਆ। ਅ-ਚਾਹ ਮੁਕਤੀ ਦਾ ਦੁਆਰ ਹੈ।

ਉਹ ਕਹਿੰਦਾ ਹੈ, "ਮਨਨ ਨਾਲ ਪਰਿਵਾਰ ਨੂੰ ਬਚਾ ਲਿਆ ਜਾਂਦਾ ਹੈ। ਕਿਸ ਪਰਿਵਾਰ ਦੀ ਗੱਲ ਕਰਦੇ ਹਨ ਨਾਨਕ? ਯਕੀਨਨ ਉਸ ਪਰਿਵਾਰ ਦੀ ਤਾਂ ਨਹੀਂ ਕਰਦੇ ਹਨ-ਪਤਨੀ, ਬੱਚੇ, ਭਾਈ, ਭੈਣ; ਕਿਉਂਕਿ ਉਹ ਤਾਂ ਨਾਨਕ ਵੀ ਨਹੀਂ ਬਚਾ ਸਕਦੇ। ਉਹ ਤਾਂ ਕੋਈ ਵੀ ਨਹੀਂ ਬਚਾ ਸਕਿਆ, ਉਹ ਤਾਂ ਪਰਿਵਾਰ ਹੈ ਹੀ ਨਹੀਂ। ਇਕ ਹੋਰ ਪਰਿਵਾਰ ਹੈ-ਗੁਰੂ ਤੇ ਸ਼ਿਸ਼ ਦਾ ਪਰਿਵਾਰ। ਉਹ ਹੀ ਪਰਿਵਾਰ ਹੈ।"

ਉਹ ਅੱਗੇ ਲਿਖਦਾ ਹੈ, "ਮਨਨ ਨਾਲ ਹੀ ਭਿਖਿਆ ਲਈ ਭਟਕਣਾ ਨਹੀਂ ਪੈਂਦਾ। ਜਿਵੇਂ ਜਿਵੇਂ ਮਨਨ ਡੂੰਘਾ ਹੁੰਦਾ ਜਾਂਦਾ ਹੈ, ਮੰਗਣਾ ਛੁਟ ਜਾਂਦਾ ਹੈ। ਸੰਸਾਰ ਕੀ ਹੈ? ਭਿਖਿਆ ਦੇ ਲਈ ਭਟਕਣਾ ਹੈ। ਤੁਸੀਂ ਗੌਰ ਕਰੋ ਕਿ ਤੁਸੀਂ ਕੀ ਕਰ ਰਹੇ ਹੋ। ਤੁਸੀਂ ਮੰਗ ਰਹੇ ਹੋ। ਚੌਵੀ ਘੰਟੇ ਮੰਗ ਜਾਰੀ ਹੈ। ਤੁਸੀਂ ਭਿਖਾਰੀ ਹੋ। ਨਾਨਕ ਕਹਿੰਦੇ ਹਨ-ਮਨਨ ਨਾਲ ਹੀ ਭਿਖਿਆ ਲਈ ਭਟਕਣਾ ਨਹੀਂ ਪੈਂਦਾ। ਮਨਨ ਨਾਲ ਪਰਮਾਤਮਾ ਮਿਲ ਜਾਂਦਾ ਹੈ। ਸਮਾਧੀ ਮਿਲ ਗਈ, ਸਭ ਮਿਲ ਗਿਆ। ਉਹ ਨਾਉਂ ਨਿਰੰਜਨ ਹੀ ਇਹੋ ਜਿਹਾ ਹੈ ਕਿ ਜੋ ਮਨਨ ਕਰਦਾ ਹੈ, ਉਸ ਦਾ ਮਨ ਹੀ ਜਾਣਦਾ ਹੈ।"

ਰਜਨੀਸ਼ 'ਓਸ਼ੋ' ਦਾ ਵਿਖਿਆਨ ਕਾਫੀ ਲੰਮਾ ਹੈ। ਉਸ ਦਾ ਸੰਖੇਪ ਸਾਰ ਇਹ ਹੈ ਕਿ ਮਨੁੱਖ ਮਨਨ ਸਦਕਾ ਇੱਛਾਵਾਂ ਛੱਡ ਦਿੰਦਾ ਹੈ ਤੇ ਇਸ ਨਾਲ ਉਸ ਦੀ ਮੁਕਤੀ ਦਾ ਦਰਵਾਜਾ ਖੁਲ੍ਹ ਜਾਂਦਾ ਹੈ। ਫਿਰ ਉਹ ਦੁਨਿਆਵੀ ਰਿਸ਼ਤਿਆਂ ਵਾਲੇ ਛੋਟੇ ਪਰਿਵਾਰ ਨੂੰ ਤਿਆਗ ਦਿੰਦਾ ਹੈ ਤੇ ਘਰੋਂ ਨਿਕਲ ਕੇ ਬਾਹਰ ਗੁਰੂ-ਸ਼ਿਸ਼ ਵਾਲਾ ਵੱਡਾ ਪਰਿਵਾਰ ਸਥਾਪਤ ਕਰਦਾ ਹੈ। ਆਪਣਾ ਗਿਆਨ ਵੰਡ ਕੇ ਉਹ ਇਸ ਅਣਗਿਣਤ ਚੇਲਿਆਂ ਵਾਲੇ ਪਰਿਵਾਰ ਨੂੰ ਬਚਾਉਂਦਾ ਹੈ। ਇਸ ਤਰ੍ਹਾਂ ਉਹ ਆਪ ਤਾਂ ਤਰਦਾ ਹੀ ਹੈ, ਆਪਣੇ ਸ਼ਿੱਸ਼ਾਂ ਦੇ ਇਸ ਪਰਿਵਾਰ ਨੂੰ ਵੀ ਤਾਰਦਾ ਹੈ। ਉਹ ਕਹਿੰਦਾ ਹੈ, "ਮਨਨ ਦੀ ਸਮਾਧੀ ਅਜਿਹੀ ਹੈ ਕਿ ਇਸ ਵਿਚ ਮਨ ਹੀ ਮਨ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।"

ਓਸ਼ੋ 20ਵੀਂ ਸਦੀ ਦਾ ਭਾਰਤੀ ਮੂਲ ਦਾ ਫਿਲਾਸਫਰ ਤੇ ਪ੍ਰਚਾਰਕ ਸੀ। ਉਹ ਮੱਧ ਪ੍ਰਦੇਸ਼ ਦੀ ਇਕ ਯੂਨੀਵਰਸਿਟੀ 'ਚ ਫਿਲਾਸਫੀ ਦਾ ਪ੍ਰੋਫੈਸਰ ਸੀ, ਜਿਸ ਨੇ ਪਰਿਵਾਰਕ ਜੀਵਨ ਤੋਂ ਭਗੌੜਾ ਹੋ ਕੇ ਆਪਣਾ ਰਜਨੀਸ਼ ਆਸ਼ਰਮ ਸਥਾਪਤ ਕੀਤਾ। ਚੰਗੇ ਭਾਸ਼ਣਾਂ ਤੇ ਅਨੈਤਿਕ ਵਿਹਾਰ ਦੀਆਂ ਖੁੱਲ੍ਹਾਂ ਕਾਰਨ ਲੋਕ ਉਸ ਵੱਲ ਆਕਰਸ਼ਤ ਹੋਣ ਲੱਗੇ। ਇਸ ਕਾਰਨ ਉਸ ਨੂੰ ਕਈ ਅਦਾਰਿਆਂ ਵਿਚੋਂ ਕੱਢਿਆ ਵੀ ਗਿਆ ਤੇ ਉਸ ਦੀ ਨਿੰਦਾ ਵੀ ਹੋਈ; ਪਰ ਉਸ ਨੇ ਆਪਣੇ ਰਹੱਸਮਈ ਭਾਸ਼ਣਾਂ ਰਾਹੀ ਆਪਣਾ ਵੱਖਰਾ ਧਰਮ ਚਲਾਈ ਰੱਖਿਆ। ਆਪਣੀਆਂ ਸੈਂਕੜੇ ਪੁਸਤਕਾਂ ਤੇ ਹਜ਼ਾਰਾਂ ਭਾਸ਼ਣਾਂ ਤੋਂ ਇਲਾਵਾ ਉਸ ਨੇ ਗੁਰੂ ਨਾਨਕ ਦੇ ਜਪੁਜੀ ਦੀ ਵਿਆਖਿਆ ਵੀ ਕੀਤੀ ਤੇ ਗੁਰੂ ਸਾਹਿਬ ਦੀ ਫਿਲਾਸਫੀ 'ਤੇ ਕਈ ਭਾਸ਼ਣ ਦਿੱਤੇ। ਇਸ ਕਾਰਨ ਉਹ ਸਿੱਖ ਜਗਤ 'ਚ ਵੀ ਕਾਫੀ ਪੜ੍ਹਿਆ ਜਾਣ ਲੱਗਾ ਹੈ।

ਆਪਣੀ ਉਪਰੋਕਤ ਵਿਆਖਿਆ ਵਿਚ ਰਜਨੀਸ਼ ਓਸ਼ੋ ਇਕ ਸ਼ਬਦ ਜਾਲ ਬੁਣਦਾ ਹੈ, ਜਿਸ ਨਾਲ ਉਹ ਆਪਣੇ ਮਨੋਰਥ ਦੀ ਸਿੱਧੀ ਕਰਦਾ ਹੈ। ਉਹ ਗੁਰੂ ਨਾਨਕ ਦੇ ਵਿਚਾਰਾਂ ਨੂੰ ਘੜ੍ਹ ਭੰਨ ਕੇ ਆਪਣੇ ਚਲਾਏ ਪ੍ਰੇਮ, ਸਮਾਧੀ ਤੇ ਅਨੰਦ ਦੇ ਪੰਥ ਦੀ ਪ੍ਰੋੜਤਾ ਲਈ ਵਰਤਦਾ ਹੈ। ਉਹ ਗੁਰੂ ਸਾਹਿਬ ਦੇ ਵਰਤੇ ਸ਼ਬਦ 'ਮੰਨੇ' ਦੇ ਅਰਥ ਮਨਨ ਤਾਂ ਸਹੀ ਕਰਦਾ ਹੈ, ਪਰ ਇਸ ਮਨਨ ਦਾ ਮੂੰਹ ਤਰਕ-ਵਿਸ਼ਲੇਸ਼ਣ ਤੋਂ ਰਹੱਸਵਾਦ ਵਲ ਮੋੜ ਕੇ ਮੁਹਾਰ ਆਪਣੇ ਹੱਥ ਵਿਚ ਲੈ ਲੈਂਦਾ ਹੈ। ਇਸ ਤਰ੍ਹਾਂ ਗੁਰਬਾਣੀ ਦੇ ਅਰਥ ਪ੍ਰਤੱਖ ਤੋਂ ਰਹੱਸਸਈ ਬਣਾ ਕੇ ਇਨ੍ਹਾਂ ਦਾ ਚੜ੍ਹਦੀ ਕਲਾ ਵਾਲਾ ਪ੍ਰਗਤੀਵਾਦੀ ਮਨੋਰਥ ਪੁੱਠਾ ਕਰ ਦਿੰਦਾ ਹੈ। ਉਹ ਆਪਣੇ ਸਰੋਤਿਆਂ ਨੂੰ ਦੱਸਦਾ ਹੈ ਕਿ ਉਨ੍ਹਾਂ ਦੀਆਂ ਅੰਦਰ ਤੇ ਬਾਹਰ ਦੀਆਂ ਸਭ ਸਮੱਸਿਆਵਾਂ ਦਾ ਹੱਲ ਉਨ੍ਹਾਂ ਦੇ ਆਪਣੇ ਅੰਦਰ ਹੈ। ਜੇ ਉਹ ਸੋਚਣ ਤਾਂ ਪਤਾ ਚਲੇਗਾ ਕਿ ਉਨ੍ਹਾਂ ਦੀਆਂ ਇੱਛਾਵਾਂ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਹਨ। ਇੱਛਾਵਾਂ ਦਾ ਤਿਆਗ ਕਰਕੇ ਜਾਂ ਘਰ ਬਾਰ ਛੱਡ ਕੇ ਹੀ ਮੁਕਤੀ ਦਾ ਦੁਆਰ ਖੁੱਲ੍ਹ ਸਕਦਾ ਹੈ। ਇਸ ਨਾਲ ਉਹ ਆਪ ਮੁਕਤ ਹੋਣਗੇ ਤੇ ਆਪਣੇ ਬਾਹਰਲੇ ਭਾਵ ਵਿਚਾਰਧਾਰਕ ਪਰਿਵਾਰ ਨੂੰ ਮੁਕਤ ਕਰ ਦੇਣਗੇ। ਸਮਾਜਕ ਰਿਸਤਿਆਂ ਦੇ ਪਰਿਵਾਰ ਨੂੰ ਤਾਂ ਉਹ ਪਰਿਵਾਰ ਹੀ ਨਹੀਂ ਮੰਨਦਾ। ਇਸ ਲਈ ਉਸ ਦੇ ਤਰਨ-ਡੁੱਬਣ ਦਾ ਉਸ ਨੂੰ ਕੋਈ ਫਿਕਰ ਨਹੀਂ; ਕਿਉਂਕਿ ਉਸ ਦਾ ਆਪਣਾ ਕੋਈ ਪਰਿਵਾਰ ਨਹੀਂ ਹੈ, ਭਾਵ ਉਹ ਆਪ ਦੁਨੀਆਂ ਤੋਂ ਭਗੌੜਾ ਹੈ/ਸੀ, ਇਸ ਲਈ ਉਹ ਕਹਿੰਦਾ ਹੈ ਕਿ ਦੁਨਿਆਵੀ ਪਰਿਵਾਰ ਤਾਂ ਗੁਰੂ ਨਾਨਕ ਸਮੇਤ ਕੋਈ ਵੀ ਨਹੀਂ ਬਚਾ ਸਕਿਆ। ਉਹ ਕਹਿੰਦਾ ਹੈ ਕਿ ਮਨਨ ਨਾਲ ਸਮਾਧੀ ਮਿਲ ਜਾਂਦੀ ਹੈ, ਭਟਕਣ ਹਟ ਜਾਂਦੀ ਹੈ, ਤਮੰਨਾ ਮਿਟ ਜਾਂਦੀ ਹੈ ਤੇ ਮੰਗਣਾ ਛੁਟ ਜਾਂਦਾ ਹੈ। ਇਸ ਤਰ੍ਹਾਂ ਮਨਨ ਨਾਲ ਮਨੁੱਖ ਭਿਖਾਰੀ ਨਹੀਂ ਰਹਿੰਦਾ। ਮਨਨ ਨਾਲ ਉਸ ਨੂੰ ਮਨ ਹੀ ਮਨ ਪਰਮਾਤਮਾ ਮਿਲ ਜਾਂਦਾ ਹੈ।

ਓਸ਼ੋ ਗੁਰੂ ਸਾਹਿਬ ਦੀਆਂ ਸਿੱਧੀਆਂ ਸਾਦੀਆਂ ਤੁਕਾਂ ਵਿਚ ਖਿਆਲੀ ਰੰਗ ਭਰ ਕੇ ਅਜਿਹੀ ਸਤਰੰਗੀ ਪੀਂਘ ਬਣਾ ਦਿੰਦਾ ਹੈ/ਸੀ, ਜਿਸ 'ਤੇ ਬੈਠ ਅਜੋਕਾ ਸਿੱਖ ਭਾਵੇਂ ਸਦੀਆਂ ਤੀਕ ਝੂਟਦਾ ਰਹੇ, ਉਸ ਦੇ ਪੈਰ ਜ਼ਮੀਨ 'ਤੇ ਨਹੀਂ ਲੱਗਣਗੇ। ਪਰ ਸੋਚੋ! ਕਿਹੜੀਆਂ ਇੱਛਾਵਾਂ, ਕਿਹੜਾ ਇੱਛਾਵਾਂ ਦਾ ਨਾਸ਼ ਤੇ ਕਿਹੜਾ ਮੁਕਤੀ ਦਾ ਦੁਆਰ? ਆਮ ਆਦਮੀ ਦੀ ਰੋਟੀ ਰੋਜੀ ਦੀ ਭੱਜ ਦੌੜ ਨੂੰ ਉਹ ਇੱਛਾਵਾਂ ਦੱਸਦਾ ਹੈ ਤੇ ਆਪ ਆਮਦਨ ਕਰ ਵਿਭਾਗ ਦੇ ਛਾਪਿਆਂ ਤੋਂ ਭਗੌੜਾ ਹੋ ਅਮਰੀਕਾ ਆ ਵਸਦਾ ਹੈ। ਇੱਥੇ ਆ ਕੇ ਇਕ ਨਹੀਂ, ਦੋ ਨਹੀਂ, 64,000 ਏਕੜ ਦੀ ਭੂਮੀ ਤੇ ਆਲੀਸ਼ਾਨ ਆਸ਼ਰਮ ਬਣਾ ਕੇ ਐਸ਼ ਦਾ ਜੀਵਨ ਬਤੀਤ ਕਰਦਾ ਹੈ। ਜਿਸ ਬਾਹਰਲੇ ਪਰਿਵਾਰ ਨੂੰ ਉਹ ਤਾਰਨ ਦੀ ਗੱਲ ਕਰਦਾ ਹੈ, ਉਸ ਨੂੰ ਜੁਰਮ ਤੇ ਵਿਭਚਾਰ ਵਿਚ ਡਬੋ ਕੇ ਫਿਰ ਭਾਰਤ ਜਾ ਵੜਦਾ ਹੈ। ਗੁਰੂ ਨਾਨਕ ਨੂੰ ਬਦੋ ਬਦੀ ਪਰਿਵਾਰ ਵਿਰੋਧੀ ਦੱਸ ਕੇ ਦਲੀਲ ਆਪਣੇ ਹੱਕ ਵਿਚ ਭੁਗਤਾਉਂਦਾ ਹੈ। ਕਹਿਣੀ ਕਰਨੀ ਵਿਚ ਇੰਨਾ ਫਰਕ! ਉਸ ਦੇ ਆਤਮਾ ਤੇ ਪਰਮਾਤਮਾ ਦੇ ਦ੍ਰਿਸ਼ਟਾਂਤਾਂ ਵਿਚ ਕੋਈ ਯਥਾਰਥ ਨਹੀਂ। ਉਹ ਗੁਰਬਾਣੀ ਦੀ ਵਿਆਖਿਆ ਕਰਦਾ ਭਟਕ ਗਿਆ ਹੈ।

ਓਸ਼ੋ ਦੇ ਭਟਕਣ ਦਾ ਕਾਰਨ ਇਹ ਹੈ ਕਿ ਉਸ ਨੇ ਉਪਰੋਕਤ ਦੱਸੇ ਤਿੰਨੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਉਸ ਨੇ ਮੱਧ ਕਾਲੀਨ ਸਮਾਜ ਵਿਚ ਜਾ ਕੇ ਉਸ ਵੇਲੇ ਦੇ ਦਵੰਧ ਨਹੀਂ ਜਾਣੇ, ਉਸ ਨੇ ਇਸ ਪਉੜੀ ਦਾ ਨਾਥ ਜੋਗੀਆਂ ਵਾਲਾ ਸੰਦਰਭ ਨਹੀਂ ਸਮਝਿਆ ਤੇ ਉਸ ਨੇ ਨਾਥ ਜੋਗੀਆਂ ਨੂੰ ਸੰਬੋਧਿਤ ਬਾਣੀ ਦਾ ਮੁਹਾਂਦਰਾ ਆਪਣੇ ਵਲ ਨਹੀਂ ਮੋੜਿਆ, ਭਾਵ ਇਸ ਨੂੰ ਆਪਣੇ ਉਤੇ ਲਾਗੂ ਨਹੀਂ ਕੀਤਾ। ਜੇ ਉਹ ਇੱਦਾਂ ਕਰਦਾ ਤਾਂ ਧਰਤੀ 'ਤੇ ਰਹਿੰਦਾ ਅਤੇ ਸਹੀ ਵਿਆਖਿਆ ਕਰਦਾ; ਪਰ ਇਸ ਵਿਚ ਇੱਕਲੇ ਓਸ਼ੋ ਦਾ ਕਸੂਰ ਨਹੀਂ-ਸਭ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਅਜਿਹੀਆਂ ਹੀ ਕੁਤਾਹੀਆਂ ਕਰਦੇ ਆ ਰਹੇ ਹਨ।

ਸਭ ਪਹਿਲੂਆਂ ਤੋਂ ਵਿਚਾਰ ਕੇ ਇਸ ਪਉੜੀ ਦੀ ਸਹੀ ਵਿਆਖਿਆ ਇਸ ਤਰ੍ਹਾਂ ਹੈ। ਗੁਰੂ ਸਾਹਿਬ ਨਾਥ-ਜੋਗੀ ਫਿਰਕਿਆਂ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ ਕਿ ਤੁਸੀਂ ਮੁਕਤੀ ਦੀ ਭਾਲ 'ਚ ਘਰ ਬਾਰ ਛੱਡ ਕੇ ਡੇਰਿਆਂ ਜਾਂ ਵਣਾਂ ਵਿਚ ਬੈਠੇ ਹੋ। ਜੇ ਤੁਸੀਂ ਮਨਨ ਕਰੋ ਭਾਵ ਸੋਚੋ ਤਾਂ ਓਹੀ ਮੁਕਤੀ ਤੁਹਾਨੂੰ ਸਹਿਜ ਨਾਲ ਮਿਲ ਸਕਦੀ ਹੈ। ਵਿਚਾਰ ਵਿਸ਼ਲੇਸ਼ਣ ਵਾਲੀ ਮੁਕਤੀ ਦਾ ਰਾਹ ਤੁਹਾਡੇ ਪਰਿਵਾਰ ਵਲ ਜਾਂਦਾ ਹੈ, ਭਾਵ ਪਰਿਵਾਰ ਤੋਂ ਵੱਡਾ ਕੋਈ ਸਵਰਗ ਨਹੀਂ ਹੈ। ਠੰਡੇ ਦਿਮਾਗ ਨਾਲ ਸੋਚੋਗੇ ਤਾਂ ਤੁਸੀਂ ਆਪਣੇ ਪਰਿਵਾਰਾਂ ਕੋਲ ਪਰਤ ਜਾਓਗੇ। ਇਸ ਤਰ੍ਹਾਂ ਤੁਸੀਂ ਆਪ ਤਾਂ ਤਰ ਹੀ ਜਾਓਗੇ, ਆਪਣੇ ਚੇਲਿਆਂ ਨੂੰ ਘਰ ਭੇਜ ਕੇ ਉਨ੍ਹਾਂ ਨੂੰ ਵੀ ਤਾਰ ਦਿਓਗੇ। ਇਹ ਮਨਨ ਕਰਨ ਦਾ ਹੀ ਸਿੱਟਾ ਹੋਵੇਗਾ ਕਿ ਤੁਸੀ ਪਰਿਵਾਰ ਵਿਚ ਬੈਠ ਕੇ ਰੁੱਖੀ ਮਿੱਸੀ ਖਾਉਗੇ ਤੇ ਲੋਕਾਂ ਘਰੀਂ ਭੀਖ ਮੰਗਦੇ ਨਹੀਂ ਫਿਰੋਗੇ। ਮਨਨ ਦੀ ਵਿਧੀ ਇੰਨੀ ਅਚੂਕ ਹੈ ਕਿ ਇਸ ਦੀ ਵਰਤੋਂ ਨਾਲ ਉਹ ਪਰਮ-ਸਤਿ, ਜਿਸ ਨੂੰ ਨਿਰੰਜਣ ਆਖਦੇ ਹਨ, ਵੀ ਸਮਝ 'ਚ ਆ ਜਾਵੇਗਾ, ਜੇ ਇਸ ਵਿਧੀ ਨੂੰ ਕੋਈ ਵਰਤੇਗੇ ਤਾਂ!

ਇਸ ਤਰ੍ਹਾਂ ਭਾਵੇਂ ਗੁਰੂ ਸਾਹਿਬ ਨੇ ਜਪੁਜੀ ਦੀ ਬਾਣੀ ਨੂੰ ਆਮ ਆਦਮੀ ਨੂੰ ਸੰਬੋਧਨ ਕਰ ਕੇ ਨਹੀਂ ਲਿਖਿਆ ਤਾਂ ਵੀ ਇਹ ਆਮ ਆਦਮੀ ਦੇ ਪਰਿਪੇਖ ਵਿਚ ਲਿਖੀ ਹੋਈ ਹੈ। ਭਾਵੇਂ ਉਨ੍ਹਾਂ ਨੇ ਨਾਥ ਜੋਗੀਆਂ ਨੂੰ ਸਮਝਾਉਣ ਲਈ ਉਨ੍ਹਾਂ ਦੇ ਪੱਧਰ 'ਤੇ ਜਾ ਕੇ ਉਨ੍ਹਾਂ ਦੀ ਸਿਧਾਂਤਕ ਭਾਸ਼ਾ ਵਿਚ ਦਲੀਲ ਦਿੱਤੀ ਹੈ, ਪਰ ਉਹ ਰਾਹ ਤਾਂ ਉਨ੍ਹਾਂ ਨੂੰ ਲੋਕ ਜੀਵਨ ਦਾ ਹੀ ਦੱਸਦੇ ਹਨ। ਸਵਾਲ ਹੈ, ਕੋਈ ਵਿਦਵਾਨ ਉਨ੍ਹਾਂ ਦੀ ਇਸ ਗੱਲ ਨੂੰ ਸਿੱਧੀ ਵਿਆਖਿਆ ਰਾਹੀਂ ਜਨ ਸਾਧਾਰਨ ਤੀਕ ਲੈ ਕੇ ਕਿਉਂ ਨਹੀਂ ਗਿਆ? ਜੇ ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਰਜਨੀਸ਼ ਓਸ਼ੋ ਤੇ ਉਨ੍ਹਾਂ ਜਿਹੇ ਕਈ ਹੋਰ 'ਮੰਨੇ' ਦਾ ਅਰਥ ਮਨਨ ਕਰਦੇ ਹਨ ਤਾਂ ਉਹ ਸਭ ਅਤੇ ਸਾਰੇ ਅਜੋਕੇ ਸਿੱਖ ਵਿਦਵਾਨ, ਪੁਜਾਰੀ, ਸਾਧ ਸੰਤ ਤੇ ਪ੍ਰਚਾਰਕ ਇਸ ਨੂੰ 'ਵਿਸ਼ਵਾਸ ਕਰਨਾ' ਕਿਉਂ ਦੱਸੀ ਜਾਂਦੇ ਹਨ? ਉਹ ਸਪਸ਼ਟ ਕਰਨ ਕਿ ਮੰਨਣ ਨਾਲ ਭਾਵ ਵਿਸ਼ਵਾਸ ਕਰਨ ਨਾਲ ਮੁਕਤੀ ਦਾ ਕਿਹੜਾ ਦਰਵਾਜਾ ਖੁਲ੍ਹ ਜਾਂਦਾ ਹੈ। ਉਹ ਇਹ ਵੀ ਖੁਲ੍ਹ ਕੇ ਦੱਸਣ ਕਿ ਉਹ ਮੋਕਸ਼ ਚਾਹੁੰਦੇ ਕਿਸ ਤੋਂ ਹਨ ਤੇ ਕਾਹਦੇ ਲਈ ਹਨ? ਜੇ ਉਹ ਦੂਜਿਆਂ ਤੋਂ ਸੁਣ ਸੁਣਾ ਕੇ ਇਸ ਦੁਨੀਆਂ ਤੋਂ ਮੁਕਤੀ ਚਾਹੁੰਦੇ ਹਨ ਤਾਂ ਬੜੀ ਕਾਇਰਾਨਾ ਤੇ ਪਿੱਛਾਖੜ ਸੋਚ ਦੇ ਮਾਲਕ ਹਨ। ਪ੍ਰਕ੍ਰਿਤੀ ਦੀ ਇਸ ਸੁੰਦਰ ਕਲਾ ਕ੍ਰਿਤੀ ਨੂੰ, ਜਿਸ ਦਾ ਉਹ ਆਪ ਵੀ ਇਕ ਭਾਗ ਹਨ, ਬਾਰੇ ਅਲਗਾਵ ਦੀ ਭਾਵਨਾ ਪਾਲਣਾ ਤੇ ਇਸ ਨੂੰ ਛੱਡ ਕੇ ਭੱਜਣ ਦਾ ਵਿਚਾਰ ਰੱਖਣਾ ਮਨੁੱਖਤਾ ਅਤੇ ਕੁਦਰਤ ਵਿਚਾਲੇ ਪਾੜ ਪਾਉਣ ਵਾਲੀ ਗੱਲ ਹੈ।

ਜੇ ਸੰਸਾਰ ਰਹਿਣ ਵਾਲੀ ਥਾਂ ਨਹੀਂ ਤੇ ਇਸ ਨੂੰ ਤਜ ਕੇ ਭੱਜਣਾ ਹੀ ਮਨੁੱਖ ਦੀ ਹੋਣੀ ਹੈ ਤਾਂ ਫਿਰ ਦੁਨੀਆਂ ਜਲੇ ਭਾਵੇਂ ਸੜੇ, ਉਨ੍ਹਾਂ ਨੂੰ ਕੀ! ਫਿਰ ਤਾਂ ਵਿਸ਼ਵ-ਸ਼ਾਂਤੀ, ਮਾਰੂ ਹਥਿਆਰਾਂ ਦੀ ਰੋਕ ਥਾਮ ਤੇ ਸੁਚੱਜੇ ਜੀਵਨ ਲਈ ਵਿਕਾਸ ਕਾਰਜਾਂ ਦੀ ਕੋਈ ਲੋੜ ਹੀ ਨਹੀਂ। ਜਗਤ ਵਿਚ ਰਹਿ ਕੇ ਜਗਤ ਤੋਂ ਬੇਮੁਖ ਹੋਣ ਦੀ ਉਨ੍ਹਾਂ ਦੀ ਇਹ ਸੋਚ ਆਤਮ ਵਿਰੋਧੀ ਤੇ ਆਤਮ-ਗਿਲਾਨੀ ਵਾਲੀ ਹੈ। ਇਹ ਕੇਹੀ ਸਿੱਖੀ ਹੈ ਕਿ ਗੁਰੂ ਸਾਹਿਬ ਕੁਦਰਤ ਨੂੰ ਵੇਖ ਖੀਵੇ ਹੋਣ ਤੇ ਵਿਸਮਾਦੀ ਅਵਸਥਾ ਵਿਚ ਚਲੇ ਜਾਣ ਅਤੇ ਉਨ੍ਹਾਂ ਦੇ ਸਿੱਖ ਇਸ ਤੋਂ ਕਿਨਾਰਾ ਕਰਨ ਦੀ ਪੱਟੀ ਪੜ੍ਹਾਉਣ! ਕੁਦਰਤ ਚੜ੍ਹਦੀ ਕਲਾ ਵਰਤਾ ਕੇ ਸੰਸਾਰ ਦਾ ਵਿਕਾਸ ਕਰੇ ਤੇ ਇਹ ਵਿਦਵਾਨ ਇਸ ਤੋਂ ਮੁਕਤ ਹੋਣ ਦੀ ਲਾਲਸਾ ਦਾ ਪ੍ਰਚਾਰ ਕਰ ਕੇ ਕੁਦਰਤ ਦੇ ਮੂੰਹ 'ਤੇ ਥੱਪੜ ਮਾਰਨ। ਕੋਈ ਸੋਚ ਵੀ ਨਹੀਂ ਸਕਦਾ ਕਿ ਆਪਣੀ ਅਧਿਆਤਮਵਾਦੀ ਸੋਚ ਨਾਲ ਅੱਜ ਦਾ ਵਿਦਵਾਨੀ ਤੇ ਪੁਜਾਰੀ ਲਾਣਾ ਗੁਰਬਾਣੀ ਦੀ ਵਿਆਖਿਆ ਕਰਦਾ ਗੁਰਬਾਣੀ ਨੂੰ ਹੀ ਇੰਨੀ ਵੱਡੀ ਢਾਅ ਲਾ ਰਿਹਾ ਹੋਵੇਗਾ।

ਗੁਰੂ ਸਾਹਿਬ ਦੀ ਲਿਖੀ ਇਸ ਵਡਮੁੱਲੇ ਲੱਖਣ ਵਾਲੀ ਪਉੜੀ ਨੂੰ ਪੜ੍ਹ ਕੇ ਇਹੀ ਸਮਝ ਆਉਂਦੀ ਹੈ ਕਿ ਅਕਲ ਦੇ ਇਸਤੇਮਾਲ ਅੱਗੇ ਮੋਕਸ਼ ਤੇ ਮੋਖ ਦੁਆਰ ਦੀਆਂ ਗੱਲਾਂ ਆਪੇ ਛਾਈ-ਮਾਈ ਹੋ ਜਾਣਗੀਆਂ। ਜੇ ਮਨੁੱਖ ਚੰਗੀ ਤਰ੍ਹਾਂ ਵਿਚਾਰੇ ਤਾਂ ਨਾ ਉਹ ਅਗਲੇ ਜਨਮ ਦੀ ਕਲਪਨਾ ਕਰੇ ਤੇ ਨਾ ਹੀ ਇਸ ਜਹਾਨ ਤੋਂ ਅਖੌਤੀ ਮੁਕਤੀ ਦਾ ਭਰਮ ਪਾਲੇ। ਜੇ ਉਹ ਇੰਨੀ ਗੱਲ ਸਮਝ ਲਵੇ ਤਾਂ ਉਹ ਘਰ-ਬਾਰ ਤਿਆਗ ਕੇ ਡੇਰਿਆਂ, ਟਿੱਲਿਆਂ 'ਤੇ ਨਾ ਜਾਵੇ। ਫਿਰ ਉਹ ਆਪਣੇ ਘਰ ਵਿਚ ਬੈਠ ਕੇ ਪਰਿਵਾਰ ਨਾਲ ਦੁਖ-ਸੁਖ ਵੰਡਾਵੇ। ਸੱਚੀ ਕਿਰਤ ਦਾ ਭੋਜਨ ਕਰੇ ਤੇ ਭਿੱਖਿਆ ਲਈ ਦਰ ਦਰ ਨਾ ਭਟਕੇ। ਇਸ ਸਿੱਧੀ ਗੱਲ ਨੂੰ ਦੱਸਣ ਵਾਲਾ 'ਗੁਰੂ' ਵੀ ਤਰ ਜਾਵੇਗਾ ਤੇ ਪਿੱਛੇ ਲੱਗਣ ਵਾਲੇ ਚੇਲੇ ਵੀ ਤਰ ਜਾਣਗੇ। ਰਿਹਾ ਨਿਰੰਕਾਰ, ਉਸ ਦੀ ਤਾਲਾਸ਼ ਵੀ ਮਨਨ ਭਾਵ ਅਕਲ ਨਾਲ ਖੋਜ ਵਿਚਾਰ ਕਰਕੇ ਹੀ ਪੂਰੀ ਹੋਵੇਗੀ, ਉਹ ਕਰਨ ਤਾਂ ਸਹੀ।

ਵੱਡੀ ਗੱਲ ਇਹ ਕਿ ਗੁਰੂ ਸਾਹਿਬ ਦਾ ਜੋ ਉਪਦੇਸ਼ ਸਿੱਧਾਂ ਜੋਗੀਆਂ ਲਈ ਮਾਫਕ ਹੈ, ਉਹ ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਲਈ ਵੀ ਢੁਕਵਾਂ ਹੈ। ਉਹ ਵੀ ਗੁਰਸਿੱਖਾਂ ਨੂੰ ਫੋਕੇ ਪੂਜਾ ਪਾਠਾਂ ਤੇ ਮੋਕਸ਼ਾਂ ਵਿਚ ਉਲਝਾਉਣ ਦੀ ਥਾਂ ਉਨ੍ਹਾਂ ਨੂੰ ਆਪਣੇ ਸਮਾਜਕ ਫਰਜਾਂ ਪ੍ਰਤੀ ਸੁਚੇਤ ਕਰਨ। ਉਹ ਆਪ ਵੀ ਗੋਲਕ ਸਹਾਰੇ ਜਿਉਣਾ ਛੱਡਣ ਤੇ ਗੁਰੂ ਸਾਹਿਬ ਦੀ ਸਿਖਿਆ ਅਨੁਸਾਰ ਹੱਥੀਂ ਘਾਲਣਾ ਕਰ ਕੇ ਟੱਬਰ ਦਾ ਨਿਰਬਾਹ ਕਰਨ। ਇਸ ਬਣਦੀ ਸਿੱਖਿਆ ਨਾਲ ਗੁਰਸਿਖਾਂ ਦੇ ਮਨੋਂ ਇਹ ਭਰਮ ਵੀ ਦੂਰ ਕਰਨ ਕਿ ਜਪੁਜੀ ਇਕ 'ਔਖੀ' ਬਾਣੀ ਹੈ।

# ਗੁਰਬਾਣੀ ਦੇ ਅਰਥ ਅਤੇ ਗੁਰਬਾਣੀ ਵਿਆਕਰਣ

ਵਿਚਾਰ-ਚਰਚਾ

ਕਸ਼ਮੀਰਾ ਸਿੰਘ (ਪ੍ਰੋ.)
ਫੋਨ: 801-414-0171

ਕਿਸੇ ਭਾਸ਼ਾ ਨੂੰ ਲਿਖਣ, ਪੜ੍ਹਨ ਅਤੇ ਬੋਲਣ ਦੀ ਨਿਸ਼ਚਿਤ ਕੀਤੀ ਨਿਯਮਾਵਲੀ ਨੂੰ ਵਿਆਕਰਣ ਕਿਹਾ ਜਾਂਦਾ ਹੈ। ਇਸ ਨਿਯਮਾਵਲੀ ਤੋਂ ਬਾਹਰ ਜਾ ਕੇ ਜੇ ਕੋਈ ਕਿਸੇ ਪੰਕਤੀ ਦੇ ਅਰਥ ਕਰਨ ਦਾ ਯਤਨ ਕਰਦਾ ਹੈ ਤਾਂ ਆਪ ਤਾਂ ਟਪਲਾ ਖਾ ਜਾਂਦਾ ਹੈ, ਪਰ ਪਾਠਕਾਂ ਲਈ ਮੁਸ਼ਕਿਲ ਖੜੀ ਹੋ ਜਾਂਦੀ ਹੈ। ਗੁਰਬਾਣੀ ਦਾ ਆਪਣਾ ਵਿਆਕਰਣ ਹੈ, ਜੋ ਅੱਜ ਦੀ ਪੰਜਾਬੀ ਭਾਸ਼ਾ ਦੇ ਵਿਆਕਰਣ ਨਾਲੋਂ ਭਿੰਨ ਹੈ। ਗੁਰਬਾਣੀ ਦੇ ਠੀਕ ਅਰਥ ਕਰਨ ਲਈ ਗੁਰਬਾਣੀ ਵਿਆਕਰਣ ਦੀ ਨਿਯਮਾਵਲੀ ਦੇ ਦਾਇਰੇ ਤੋਂ ਬਾਹਰ ਜਾ ਕੇ ਠੀਕ ਅਰਥ ਨਹੀਂ ਕੀਤੇ ਜਾ ਸਕਦੇ।

ਗੁਰਬਾਣੀ ਵਿਆਕਰਣ ਨੂੰ ਗੁਰਬਾਣੀ ਵਿਚੋਂ ਹੀ ਖੋਜਣ ਲਈ ਕੁਝ ਸੂਝਵਾਨ ਸਿੱਖ ਵਿਦਵਾਨਾਂ ਨੇ ਸਹਿਜ ਤੇ ਪ੍ਰੇਮ ਸਹਿਤ ਗੁਰੂ ਗ੍ਰੰਥ ਸਾਹਿਬ ਦੇ ਪਾਠ ਕੀਤੇ ਅਤੇ ਗੁਰਬਾਣੀ ਵਿਚ ਵਰਤੀਆਂ ਗਈਆਂ ਲਗਾਂ, ਮਾਤ੍ਰਾਂ ਦੇ ਗੁੱਝੇ ਭੇਦ ਲੱਭਣ ਲਈ ਯਤਨ ਕੀਤੇ। ਸਭ ਤੋਂ ਪਹਿਲਾਂ ਪ੍ਰਿੰ. ਤੇਜਾ ਸਿੰਘ ਨੇ 'ਸ਼ਬਦਾਂਤਕ ਲਗਾਂ ਮਾਤ੍ਰਾਂ ਦੇ ਗੁੱਝੇ ਭੇਦ' ਨਾਮੀ ਇੱਕ ਛੋਟੀ ਜਿਹੀ ਪੁਸਤਕ ਸੰਨ 1922-23 ਵਿਚ ਲਿਖੀ। ਫਿਰ ਪ੍ਰੋ. ਸਾਹਿਬ ਸਿੰਘ ਨੇ 13 ਸਾਲਾਂ ਦੀ ਮਿਹਨਤ ਨਾਲ ਅਕਤੂਬਰ 1932 ਵਿਚ 'ਗੁਰਬਾਣੀ ਵਿਆਕਰਣ' ਨਾਮੀ ਪੁਸਤਕ ਲਿਖੀ, ਜੋ 1939 ਵਿਚ ਪ੍ਰਕਾਸ਼ਿਤ ਹੋਈ, ਜਿਸ ਨੂੰ ਗੁਰਬਾਣੀ ਦੇ ਸ਼ਬਦ-ਜੋੜਾਂ ਦੇ ਅਰਥ ਸਮਝਣ ਲਈ ਮੀਲ ਪੱਥਰ ਮੰਨਿਆ ਜਾਂਦਾ ਹੈ। ਇਸ ਪਿੱਛੋਂ ਪੰਡਿਤ ਕਰਤਾਰ ਸਿੰਘ ਦਾਖਾ ਦੀ 'ਸ੍ਰੀ ਗੁਰੁ ਵਿਆਕਰਨ ਪੰਚਾਇਣ' ਨਾਮੀ ਪੁਸਤਕ 1944-45 ਵਿਚ ਸਾਹਮਣੇ ਆਈ। ਫਿਰ ਭਾਈ ਰਣਧੀਰ ਸਿੰਘ ਦੀ ਪੁਸਤਕ 'ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ' ਨਵੰਬਰ 1954 ਵਿਚ ਪ੍ਰਕਾਸ਼ਿਤ ਹੋਈ। ਭਾਈ ਜੁਗਿੰਦਰ ਸਿੰਘ ਤਲਵਾੜਾ ਨੇ ਵੀ 1992 ਵਿਚ 'ਗੁਰਬਾਣੀ ਉਚਾਰਣ: ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ ਭਾਗ-2' ਅਤੇ ਸੰਨ 2004 ਵਿਚ 'ਗੁਰਬਾਣੀ ਦਾ ਸਰਲ ਵਿਆਕਰਣ' ਦੋ ਭਾਗਾਂ ਵਿਚ ਲਿਖ ਕੇ ਇਸ ਕਾਰਜ ਨੂੰ ਅੱਗੇ ਤੋਰਿਆ। ਗੁਰਬਾਣੀ ਵਿਆਕਰਣ ਦੀ ਖੋਜ ਵਿਚ ਆਪੋ ਆਪਣਾ ਯੋਗਦਾਨ ਪਾਉਣ ਵਾਲੇ ਸਭ ਵਿਦਵਾਨਾਂ ਦੀ ਮਿਹਨਤ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰਬਾਣੀ ਦੀ ਲਿਖਾਈ ਇੱਕ ਵਿਸ਼ੇਸ਼ ਨਿਯਮਾਵਲੀ ਅਧੀਨ ਹੋਈ ਹੈ, ਜਿਸ ਨੂੰ ਗੁਰਬਾਣੀ ਦੇ ਅਰਥ ਕਰਨ ਲੱਗਿਆਂ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਡਾ. ਗੋਬਿੰਦਰ ਸਿੰਘ ਸਮਰਾਓ ਵਲੋਂ ਅਧਿਆਤਮਵਾਦ ਨੂੰ ਰੱਦ ਕਰ ਕੇ ਤਰਕਸ਼ੀਲਤਾ ਦੀ ਸੋਚ ਨਾਲ ਮਾਦੇ (Matter) ਨੂੰ ਪ੍ਰਧਾਨ ਮੰਨ ਕੇ ਜਪੁ ਜੀ ਦੇ ਅਰਥਾਂ ਬਾਰੇ 'ਪੰਜਾਬ ਟਾਈਮਜ਼' ਵਿਚ ਇੱਕ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਦੇ ਪ੍ਰਤੀਕਰਮ ਵਜੋਂ ਸਿੱਖ ਵਿਦਵਾਨ ਸੇਵਕ ਸਿੰਘ ਕੋਟਕਪੂਰਾ ਅਤੇ ਹਾਕਮ ਸਿੰਘ ਨੇ ਆਪੋ ਆਪਣੇ ਵਿਚਾਰ 'ਪੰਜਾਬ ਟਾਈਮਜ਼' ਵਿਚ ਦਿੱਤੇ ਸਨ, ਜੋ ਪਾਠਕਾਂ ਨਾਲ ਵਿਚਾਰ ਸਾਂਝੇ ਕਰਨ ਦਾ ਸ਼ਲਾਘਾਯੋਗ ਉਦਮ ਹੈ, ਕਿਉਂਕਿ ਗੁਰਬਾਣੀ ਸਮੁੱਚੀ ਸਿੱਖ ਕੌਮ ਦਾ ਸ਼ਾਨਦਾਰ ਵਿਰਸਾ ਹੈ ਅਤੇ ਕੋਈ ਇਕੱਲਾ ਵਿਅਕਤੀ ਜਨਤਕ ਤੌਰ 'ਤੇ ਆਪਣੀ ਮਰਜ਼ੀ ਨਾਲ ਗੁਰਬਾਣੀ ਦੇ ਅਰਥ ਤੋੜ ਮਰੋੜ ਕੇ ਨਹੀਂ ਕਰ ਸਕਦਾ। ਉਮੀਦ ਹੈ, ਹੋਰ ਵਿਦਵਾਨ ਵੀ ਆਪਣੇ ਵਿਚਾਰ ਡਾ. ਸਮਰਾਓ ਦੀ ਲੇਖ ਲੜੀ ਬਾਰੇ ਦੇਣਗੇ, ਕਿਉਂਕਿ ਉਨ੍ਹਾਂ ਨੇ ਸਿੱਖ ਅਤੇ ਗੈਰ-ਸਿੱਖ ਵਿਦਵਾਨਾਂ ਵਲੋਂ ਹੁਣ ਤੱਕ ਹੋਏ ਜਪੁ ਜੀ ਦੇ ਸਾਰੇ ਟੀਕਿਆਂ ਨੂੰ ਰੱਦ ਕਰ ਦਿੱਤਾ ਹੈ। ਡਾ. ਸਮਰਾਓ ਵਲੋਂ ਕੁਝ ਪੰਕਤੀਆਂ ਦੇ ਕੀਤੇ ਅਰਥਾਂ ਨੂੰ ਗੁਰਬਾਣੀ ਵਿਆਕਰਣ ਦੀ ਕਸਵੱਟੀ ਉਤੇ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ।

(ੳ) ਪਹਿਲੀ ਫਰਬਰੀ 2020 ਨੂੰ ਛਪੇ ਲੇਖ ਵਿਚ ਡਾ. ਸਮਰਾਓ ਨੇ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥' ਪੰਕਤੀ ਵਿਚ 'ਨਾਨਕ ਲਿਖਿਆ ਨਾਲਿ' ਵਾਕ-ਅੰਸ਼ ਦੇ ਅਰਥ ਇਉਂ ਕੀਤੇ ਗਏ ਹਨ, 'ਨਾਨਕ ਨਾਲ ਲਿਖਦਾ ਹੈ' ਭਾਵ 'ਨਾਨਕ ਉਪਰੋਕਤ ਨਾਲ ਲਿਖਦਾ (ਜੋੜਦਾ) ਹੈ'। ਡਾ. ਸਮਰਾਓ ਵਲੋਂ ਕੀਤੇ ਅਰਥਾਂ ਵਿਚ 'ਨਾਨਕ' ਸ਼ਬਦ ਨੂੰ ਕਰਤਾ ਕਾਰਕ (Nominative case) ਵਿਚ ਮੰਨ ਲਿਆ ਗਿਆ ਹੈ, ਜੋ ਗੁਰਬਾਣੀ ਵਿਆਕਰਣ ਦੀ ਨਿਯਮਾਵਲੀ ਅਨੁਸਾਰ ਨਹੀਂ ਹੈ। ਗੁਰਬਾਣੀ ਵਿਆਕਰਣ ਅਨੁਸਾਰ 'ਨਾਨਕ' ਸ਼ਬਦ ਉਕਾਰਾਂਤ (ਨਾਨਕੁ) ਨਹੀਂ ਹੈ, ਜਿਸ ਕਾਰਨ ਇਹ ਸ਼ਬਦ ਕਰਤਾ ਕਾਰਕ ਵਿਚ ਨਹੀਂ ਅਰਥਾਇਆ ਜਾ ਸਕਦਾ। 'ਨਾਨਕ' ਸ਼ਬਦ ਇੱਥੇ ਸੰਬੋਧਨ ਕਾਰਕ (Vocative case) ਵਿਚ ਵਰਤਿਆ ਗਿਆ ਹੈ, ਕਿਉਂਕਿ 'ਨਾਨਕ' ਸ਼ਬਦ ਤੋਂ ਬਾਅਦ ਕੋਈ ਸਬੰਧਕ ਗੁਪਤ ਜਾਂ ਪ੍ਰਗਟ ਵੀ ਨਹੀਂ ਹੈ, ਜੋ 'ਨਾਨਕ' ਸ਼ਬਦ ਨੂੰ ਸਬੰਧ ਕਾਰਕ ਵਿਚ ਵਰਤਿਆ ਵੀ ਬਣਾ ਸਕੇ। ਗੁਰਬਾਣੀ ਵਿਆਕਰਣ ਅਨੁਸਾਰ 'ਨਾਨਕ' ਸ਼ਬਦ ਦਾ ਠੀਕ ਅਰਥ ਬਣੇਗਾ, ਹੇ ਨਾਨਕ! ਆਖ ਅਤੇ 'ਨਾਨਕ ਲਿਖਿਆ ਨਾਲਿ' ਵਾਕ-ਅੰਸ਼ ਦਾ ਅਰਥ ਪੂਰੀ ਪੰਕਤੀ ਅਨੁਸਾਰ ਬਣੇਗਾ, ਹੇ ਨਾਨਕ! ਆਖ ਕਿ ਹੁਕਮ ਵਿਚ ਚੱਲਣ ਦੀ ਇਹ ਬਿਧੀ ਹਰ ਜੀਵ ਦੇ ਪੈਦਾ ਹੋਣ ਦੇ ਨਾਲ ਹੀ ਲਿਖੀ ਚੱਲੀ ਆ ਰਹੀ ਹੈ, ਜਦੋਂ ਤੋਂ ਦੁਨੀਆਂ ਬਣੀ ਹੈ। 'ਨਾਨਕ' ਸ਼ਬਦ ਦੀ ਗੁਰਬਾਣੀ ਵਿਚ ਵਰਤੋਂ ਦੇਖੀਏ ਤਾਂ ਇਹ 7 ਤਰ੍ਹਾਂ ਦੀ ਹੈ,

ਨਾਨਕ, ਨਾਨਕੁ, ਨਾਨਕਿ, ਨਾਨਕਾ, ਨਾਨਕੋ, ਨਾਨਕੈ ਅਤੇ ਨਾਨਕਹ। ਨਾਨਕ ਸ਼ਬਦ ਦੇ ਇਨ੍ਹਾਂ ਰੂਪਾਂ ਦੇ ਅਰਥ ਮਨਮਰਜ਼ੀ ਨਾਲ ਨਹੀਂ, ਸਗੋਂ ਕਾਰਕੀ ਚਿੰਨ੍ਹਾਂ ਦੀ ਵਰਤੋਂ ਅਨੁਸਾਰ ਹੁੰਦੇ ਹਨ। ਕਈ ਸਾਲ ਪਹਿਲਾਂ 'ਨਾਨਕ' ਸ਼ਬਦ ਦੀ ਕਾਰਕੀ ਵਰਤੋਂ ਉਤੇ 'ਪੰਜਾਬ ਟਾਈਮਜ਼' ਵਿਚ ਇੱਕ ਲੇਖ ਛਪਵਾਇਆ ਗਿਆ ਸੀ। ਗੁਰਬਾਣੀ ਵਿਚੋਂ 'ਨਾਨਕ' ਰੂਪ ਦੀਆਂ ਕੁਝ ਮਿਸਾਲਾਂ ਸਮਝਦੇ ਹਾਂ ਕਿ ਇਹ ਸ਼ਬਦ ਕਰਤਾ ਕਾਰਕ ਨਹੀਂ ਹੈ, ਜਿਵੇਂ ਕਿ ਡਾ. ਸਮਰਾਓ ਨੇ ਮੰਨਿਆ ਹੈ,

1. ਨਾਨਕ ਨਾਮੁ ਮਿਲੈ ਤਾ ਜੀਵਾ
ਤਨੁ ਮਨੁ ਥੀਵੈ ਹਰਿਆ॥ (ਪੰਨਾ 1429)

ਨਾਨਕ- {ਸੰਬੋਧਨ ਕਾਰਕ} ਹੇ ਨਾਨਕ! ਆਖ।

2. ਨਾਨਕ ਨਾਮੁ ਸਮਾਲ ਤੂੰ
ਬਧਾ ਛੁਟਹਿ ਜਿਤੁ॥ (ਪੰਨਾ 729)

ਨਾਨਕ- ਹੇ ਨਾਨਕ! ਆਖ।

3. ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ॥ (ਪੰਨਾ 752)

ਨਾਨਕ- {ਸਬੰਧ ਕਾਰਕ, ਇਸ ਨਾਲ 'ਕੀ' ਸ਼ਬਦ ਦੀ ਵਰਤੋਂ ਕਾਰਨ} ਨਾਨਕ ਕੀ ਅਰਦਾਸਿ ਦਾ ਅਰਥ- ਨਾਨਕ ਦੀ ਬੇਨਤੀ।

ਕਰਤਾ ਕਾਰਕ 'ਨਾਨਕੁ' ਸ਼ਬਦ ਦੀ ਵਰਤੋਂ,

1. ਜਿਸ ਕੀ ਓਟ ਤਿਸੈ ਕੀ ਆਸਾ॥
ਦੁਖੁ ਸੁਖੁ ਹਮਰਾ ਤਿਸ ਹੀ ਪਾਸਾ॥
ਰਾਖਿ ਲੀਨੋ ਸਭੁ ਜਨ ਕਾ ਪੜਦਾ॥
ਨਾਨਕੁ ਤਿਸ ਕੀ ਉਸਤਤਿ ਕਰਦਾ॥
(ਪੰਨਾ 1145)

ਨਾਨਕੁ- ਕਰਤਾ ਕਾਰਕ ਇੱਕ ਵਚਨ ਹੈ। ਨਾਨਕੁ ਕਰਦਾ- ਨਾਨਕ ਕਰਦਾ ਹੈ। ਨਾਨਕੁ ਤਿਸ ਕੀ- ਨਾਨਕ ਉਸ ਲਾਜ ਰੱਖਣ ਵਾਲੇ ਰੱਬ ਦੀ। ਨਾਨਕੁ ਤਿਸ ਕੀ ਉਸਤਤਿ ਕਰਦਾ- ਨਾਨਕ ਉਸ ਰੱਬ ਦੀ ਸਿਫਤਿ ਕਰਦਾ ਹੈ।

2. ਨਾਨਕੁ ਤਿਸ ਕਾ ਲਾਲਾ ਗੋਲਾ
ਜਿਨਿ ਗੁਰਮੁਖਿ ਹਰਿ ਲਿਵ ਲਾਈ ਹੇ॥
(ਪੰਨਾ 1026)

ਨਾਨਕੁ- ਕਰਤਾ ਕਾਰਕ ਇੱਕ ਵਚਨ ਹੈ। ਨਾਨਕੁ ਲਾਲਾ ਗੋਲਾ- ਨਾਨਕ ਲਾਲਾ ਗੋਲਾ ਹੈ। ਨਾਨਕੁ ਤਿਸ ਕਾ- ਨਾਨਕ ਉਸ ਦਾ। ਕਿਸ ਦਾ? ਉਤਰ- ਜਿਨਿ ਗੁਰਮੁਖਿ ਹਰਿ ਲਿਵ ਲਾਈ ਹੇ।

(ਅ) "ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥" (ਲੇਖ ਲੜੀ 29 ਫਰਬਰੀ 2020) ਜਪੁ ਜੀ ਦੀਆਂ ਇਨ੍ਹਾਂ ਦੋ ਪੰਕਤੀਆਂ ਦੀ ਵਿਆਖਿਆ ਕਰਦਿਆਂ ਡਾ. ਸਮਰਾਓ ਲਿਖਦੇ ਹਨ, "ਮੈਂ ਇਹ ਗੱਲ ਪੱਕੀ ਯਾਦ ਕਰ ਲਈ ਹੈ ਤਾਂ ਜੋ ਮੈਨੂੰ ਭੁੱਲ ਨਾ ਜਾਵੇ।" ..."ਦਾਤਾ ਸਭ ਦਾ ਇੱਕੋ ਪ੍ਰਕ੍ਰਿਤੀ ਹੈ, ਜਿੱਥੋਂ ਸਭ ਨੂੰ ਨਿਯਮ ਅਨੁਸਾਰ ਸਭ ਕੁਝ ਮਿਲਦਾ ਹੈ।"

"ਇੰਨਾ ਦਸ ਕੇ ਗੁਰੂ ਸਾਹਿਬ ਕਹਿੰਦੇ ਹਨ, 'ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥' ਅਰਥਾਤ ਜੇ ਇਸ ਨੁਕਤੇ ਦੀ ਗੱਲ ਨੂੰ ਭਾਵ ਗੁਰ ਨੂੰ ਪਲੇ ਬੰਨ ਲਿਆ ਜਾਵੇ ਤਾਂ ਅਕਲ ਵਿਚ ਰਤਨ ਜਵਾਹਰ ਮਾਣਿਕ ਆਦਿ ਕੀਮਤੀ ਪੱਥਰ ਜੜੇ ਜਾਣਗੇ, ਭਾਵ ਇਸ ਗੁਰ ਨੂੰ ਸਮਝਣ ਨਾਲ ਸਮਝਦਾਰੀ ਵਿਚ ਹੀਰੇ ਜਵਾਹਰਾਤਾਂ ਜਿਹੀ ਵਡਮੁੱਲਤਾ ਆ ਜਾਵੇਗੀ।"

### ਗੁਰਬਾਣੀ ਵਿਆਕਰਣ ਆਧਾਰਤ ਵਿਚਾਰ

ਡਾ. ਸਮਰਾਓ ਨੇ 'ਗੁਰਾ' ਸ਼ਬਦ ਦਾ ਅਰਥ 'ਪੱਲੇ ਬੰਨ੍ਹਣ ਵਾਲਾ ਗੁਰ' ਜਾਂ 'ਨੁਕਤੇ ਦੀ ਗੱਲ' ਲਿਖਿਆ ਹੈ। ਗੁਰਬਾਣੀ ਵਿਆਕਰਣ ਅਨੁਸਾਰ 'ਗੁਰਾ' ਸ਼ਬਦ ਨਾ ਤਾਂ ਕਰਤਾ ਕਾਰਕ ਵਿਚ ਹੈ, ਜਿਸ ਦਾ ਅਰਥ 'ਪੱਲੇ ਬੰਨ੍ਹਣ ਵਾਲਾ ਗੁਰ' ਹੋਵੇ ਅਤੇ ਨਾ ਹੀ ਸਬੰਧ ਕਾਰਕ ਵਿਚ ਹੈ, ਜਿਸ ਦਾ ਅਰਥ 'ਨੁਕਤੇ ਦੀ ਗੱਲ' ਕੀਤਾ ਜਾਵੇ। ਜੇ ਇਹ ਸ਼ਬਦ ਕਰਤਾ ਕਾਰਕ ਹੁੰਦਾ ਤਾਂ ਇਸ ਦਾ ਰੂਪ 'ਗੁਰੁ' ਹੋਣਾ ਸੀ ਅਤੇ ਜੇ ਸਬੰਧ ਕਾਰਕ ਹੁੰਦਾ ਤਾਂ ਇਸ ਦਾ ਰੂਪ 'ਗੁਰ' ਹੋਣਾ ਸੀ। 'ਗੁਰਾ' {ਨਾਂਵ ਕੰਨਾ ਅੰਤਕ} ਸ਼ਬਦ ਸੰਬੋਧਨ ਕਾਰਕ ਵਿਚ ਕਿਉਂ ਹੈ, ਗੁਰਬਾਣੀ ਵਿਚੋਂ ਕੁਝ ਪ੍ਰਮਾਣ ਦੇਖੋ,

1. ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥ (ਪੰਨਾ 858)

ਜਗਤ ਗੁਰਾ- ਸੰਬੋਧਨ ਕਾਰਕ ਵਿਚ ਹੈ। ਜਗਤ- ਸਬੰਧ ਕਾਰਕ ਵਿਚ ਹੈ। ਜਗਤ ਗੁਰਾ- ਹੇ ਜਗਤ ਦੇ ਗੁਰੂ!

2. ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ॥ (ਪੰਨਾ 39)

3. ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ॥ (ਪੰਨਾ) 40

4. ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ॥ (ਪੰਨਾ 439)

5. ਏ ਮਨ ਪਿਆਰਿਆ ਤੂੰ ਸਦਾ ਸਚੁ ਸਮਾਲੇ॥ (ਪੰਨਾ 918)

6. ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ॥ (ਪੰਨਾ 80)

7. ਹਰਿ ਕੇ ਜਨ ਸਤਿਗੁਰ ਸਤਿਪੁਰਖਾ
ਬਿਨਉ ਕਰਉ ਗੁਰ ਪਾਸਿ॥ (ਪੰਨਾ 10)

8. ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ॥ (ਪੰਨਾ 1171)

9. ਤੁਝ ਬਿਨੁ ਅਵਰੁ ਨਾ ਜਾਣਾ ਮੇਰੇ ਸਾਹਿਬਾ
ਗੁਣ ਗਾਵਾ ਨਿਤ ਤੇਰੇ॥ (ਪੰਨਾ 795)

ਉਪਰੋਕਤ ਪਾਵਨ ਪੰਕਤੀਆਂ ਵਿਚ ਹੇਠ ਲਿਖੇ ਕੰਨਾ ਅੰਤਕ ਸ਼ਬਦ ਸੰਬੋਧਨ ਕਾਰਕ ਵਿਚ ਹਨ, ਜਿਨ੍ਹਾਂ ਦੇ ਅਰਥ ਕਰਤਾ ਕਾਰਕ ਅਤੇ ਸਬੰਧ ਕਾਰਕ ਵਿਚ ਨਹੀਂ ਕੀਤੇ ਜਾ ਸਕਦੇ- ਗੁਰਾ (ਹੇ ਗੁਰੂ ਜੀ!), ਸਤਿਗੁਰਾ (ਹੇ ਸਤਿਗੁਰੂ ਜੀ!), ਪ੍ਰੀਤਮਾ (ਹੇ ਪ੍ਰੀਤਮ ਜੀ!), ਜੀਅੜਿਆ (ਹੇ ਜੀਅੜੇ!), ਪਰਦੇਸੀਆ (ਹੇ ਪਰਦੇਸ ਵਿਚ ਵਸਣ ਵਾਲੇ!), ਮਿਤ੍ਰਾ (ਹੇ ਮਿੱਤ੍ਰ ਜੀ!) ਅਤੇ ਸਤਿਪੁਰਖਾ (ਹੇ ਸਤਿਪੁਰਖ ਜੀ!)।

### ਗੁਰਬਾਣੀ ਵਿਆਕਰਣ ਅਨੁਸਾਰ ਸਹੀ ਅਰਥ

ਪਹਿਲਾਂ ਦੇਖੋ ਡਾ. ਸਮਰਾਓ ਨੇ 'ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥' ਦਾ ਅਰਥ ਕੀਤਾ ਹੈ, ਮੈਂ ਇਹ ਗੱਲ ਪੱਕੀ ਯਾਦ ਕਰ ਕਈ ਹੈ ਤਾਂ ਜੋ ਮੈਨੂੰ ਭੁੱਲ ਨਾ ਜਾਵੇ। ਇਨ੍ਹਾਂ ਅਰਥਾਂ ਵਿਚ ਲੇਖਕ ਵਲੋਂ ਭੁੱਲ ਨਾ ਜਾਵੇ ਦਾ ਸਬੰਧ ਕਿਸੇ 'ਗੱਲ' ਨਾਲ ਜੋੜਿਆ ਗਿਆ ਹੈ, ਜਦੋਂ ਕਿ ਭੁੱਲ ਨਾ ਜਾਵੇ ਦਾ ਸਬੰਧ 'ਦਾਤਾ' ਸ਼ਬਦ ਦੇ ਨਾਲ ਹੈ।

ਗੁਰਬਾਣੀ ਵਿਆਕਰਣ ਅਨੁਸਾਰ 'ਗੁਰਾ ਇਕ ਦੇਹਿ ਬੁਝਾਈ' ਦਾ ਅਰਥ ਹੈ, ਹੇ ਗੁਰੂ ਜੀ! ਮੈਨੂੰ ਇੱਕ ਸੂਝ-ਬੂਝ ਬਖਸ਼ੋ। ਨੋਟ: 'ਇਕ' ਸ਼ਬਦ 'ਗੁਰ' ਜਾਂ 'ਨੁਕਤੇ' ਵਾਸਤੇ ਵੀ ਨਹੀਂ ਹੈ, ਕਿਉਂਕਿ ਇਹ ਉਕਾਰਾਂਤ ਨਹੀਂ। ਇਹ ਇਸਤਰੀ ਲਿੰਗ ਸ਼ਬਦ ਦਾ ਵਿਸ਼ੇਸ਼ਣ (Adjective) ਹੈ। ਇਸਤਰੀ ਲਿੰਗ ਸ਼ਬਦ 'ਬੁਝਾਈ' ਹੈ। ਇਕ ਬੁਝਾਈ ਤੋਂ ਭਾਵ, ਇੱਕ ਸੂਝ-ਬੂਝ। 'ਦੇਹਿ' ਸ਼ਬਦ ਮੰਗ ਵਾਸਤੇ ਵਰਤਿਆ ਗਿਆ ਹੈ, ਜਿਸ ਦਾ ਅਰਥ ਹੈ, ਦਿਓ ਜਾਂ ਬਖਸ਼ੋ। ਇਹ ਭੂਤ ਕਾਲ ਦੀ ਕਿਰਿਆ ਨਹੀਂ।

'ਦੇਹਿ' ਸ਼ਬਦ ਦਾ ਅਰਥ ਮੰਗ ਨਾਲ ਸਬੰਧਤ ਹੈ, ਜਿਸ ਦਾ ਪ੍ਰਮਾਣ ਜਪੁ ਜੀ ਵਿਚ ਹੀ ਇਉਂ ਹੈ,

ਆਖਹਿ ਮੰਗਹਿ ਦੇਹਿ ਦੇਹਿ
ਦਾਤਿ ਕਰੇ ਦਾਤਾਰੁ॥ (ਪੰਨਾ 2)

ਲੋਕ ਆਖਦੇ ਹਨ ਅਤੇ 'ਦੇਹਿ ਦੇਹਿ' ਕਹਿ ਕੇ ਮੰਗਦੇ ਹਨ। ਦਾਤਾਰ ਦਾਤਾਂ ਦਿੰਦਾ ਹੈ। ਦਾਤਾਰੁ- {ਕਰਤਾ ਕਾਰਕ ਇੱਕ ਵਚਨ ਹੈ} ਦਾਤਾ। ਦਾਤਿ- ਬਖਸ਼ਿਸ਼।

(ੲ) ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ (22 ਫਰਬਰੀ 2020)

ਡਾ. ਸਮਰਾਓ ਨੇ ਉਪਰੋਕਤ ਪੰਕਤੀ ਵਿਚ 'ਮੋਖੁ ਦੁਆਰੁ' ਦੇ ਅਰਥ ਕੀਤੇ ਹਨ, ਮੁੱਖ ਦੁਆਰ ਉਤੇ। ਇਸ ਲੇਖ ਵਿਚ ਉਹ ਲਿਖਦੇ ਹਨ, "ਜੋ ਦਿਸੇਗਾ ਬਸ ਸਵੇਰ ਦੇ ਘੁਸਮੁਸੇ ਵਾਂਗ ਦੂਰ ਉਸ ਦੇ ਮੁੱਖ ਦੁਆਰ 'ਤੇ ਉਚੇ ਜਿਹੇ ਲਹਿਰਾਉਂਦਾ ਇਕ ਕੱਪੜਾ ਭਾਵ ਨਿਸ਼ਾਨ ਹੀ ਦਿਸੇਗਾ।...ਇਸੇ ਲਈ ਗੁਰੂ ਸਾਹਿਬ ਕਹਿੰਦੇ ਹਨ ਕਿ ਇਨ੍ਹਾਂ ਕਰਮਾਂ ਨਾਲ ਭਾਵ ਕੁਦਰਤ ਦੀਆਂ ਵਡਿਆਈਆਂ ਵਿਚਾਰਨ ਨਾਲ ਹੀ ਕਰਤਾ ਪੁਰਖੁ ਦੇ ਦਰਬਾਰ ਦੇ ਮੁੱਖ ਦੁਆਰ 'ਤੇ ਝੂਲਦਾ ਕਪੜਾ ਭਾਵ ਝੰਡਾ ਅਰਥਾਤ ਲਹਿਰਾਉਂਦਾ ਧਵਜ ਨਜ਼ਰੀਂ ਆਵੇਗਾ।"

ਡਾ. ਸਮਰਾਓ ਅਨੁਸਾਰ ਮੋਖੁ=ਮੁੱਖ ਅਤੇ ਦੁਆਰੁ=ਦੁਆਰ ਉਤੇ।

ਗੁਰਬਾਣੀ ਵਿਚੋਂ 'ਮੋਖੁ' ਸ਼ਬਦ ਦੇ ਅਰਥ ਬਾਰੇ ਵਿਚਾਰ ਕਰਦੇ ਹਾਂ। ਗੁਰਬਾਣੀ ਅਨੁਸਾਰ 'ਮੋਖੁ' ਸ਼ਬਦ ਭਾਵ ਵਾਚਕ ਨਾਂਵ (Abstract Noun) ਹੈ। ਇਹ ਸ਼ਬਦ 'ਮੋਕਸ਼ੁ' ਦਾ ਸੰਖੇਪ ਰੂਪ ਹੈ, ਜਿਸ ਦਾ ਅਰਥ ਹੈ-ਮੋਹ ਮਾਇਆ ਤੋਂ ਛੁਟਕਾਰਾ। ਗੁਰਬਾਣੀ ਵਿਚ ਬਿਆਨੇ ਚਾਰਿ ਪਦਾਰਥਾਂ ਵਿਚ 'ਮੋਖੁ' ਵੀ ਸ਼ਾਮਲ ਹੈ। ਚਾਰਿ ਪਦਾਰਥ ਹਨ-ਧਰਮ, ਅਰਥ, ਕਾਮ ਅਤੇ ਮੋਕਸ਼। ਜੇ 'ਮੋਖੁ' ਦਾ ਅਰਥ 'ਮੁੱਖ' ਕੀਤਾ ਜਾਵੇ, ਜਿਵੇਂ ਡਾ. ਸਮਰਾਓ ਨੇ ਕੀਤਾ ਹੈ ਤਾਂ ਇਹ ਸ਼ਬਦ ਵਿਆਕਰਣਕ ਤੌਰ 'ਤੇ ਨਾਂਵ ਨਾ ਰਹਿ ਕੇ 'ਵਿਸ਼ੇਸ਼ਣ' ਬਣ ਜਾਂਦਾ ਹੈ, ਜਿਵੇਂ ਮੁੱਖ ਮੰਤਰੀ, ਮੁੱਖ ਸੇਵਾਦਾਰ, ਮੁੱਖ ਚੋਣ ਅਫਸਰ ਆਦਿਕ। ਅਰਥ ਕਰਨ ਲੱਗਿਆਂ ਡਾ. ਸਮਰਾਓ ਨੇ 'ਮੋਖੁ' ਸ਼ਬਦ ਵਿਚ ਵਰਤੇ ਹੋੜੇ ( ੋ ) ਨੂੰ ਅੱਖੋਂ ਪਰੋਖੇ ਕੀਤਾ ਹੈ, ਜਿਸ ਨਾਲ ਅਸਲ ਸ਼ਬਦ ਦਾ ਅਰਥ ਬਦਲ ਗਿਆ ਹੈ। ਗੁਰਬਾਣੀ ਵਿਚੋਂ 'ਮੋਖੁ' ਸ਼ਬਦ ਦੇ ਪ੍ਰਮਾਣ ਜੋ ਜਪੁ ਜੀ ਵਿਚ ਹੀ ਦੋ ਵਾਰੀ ਵਰਤਿਆ ਹੋਇਆ ਹੈ,

1. ਪੂਰਬ ਲਿਖਿਆ ਸੁ ਮੇਟਣਾ ਨ ਜਾਏ॥
ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ॥
(ਪੰਨਾ 88)

2. ਸੰਤ ਕੀ ਨਿੰਦਾ ਦੋਖ ਮਹਿ ਦੋਖੁ॥
ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ॥ (ਪੰਨਾ 280)

3. ਨਿਤ ਨਿਤ ਜਾਗਰਣੁ ਕਰਹੁ
ਸਦਾ ਸਦਾ ਆਨੰਦੁ ਜਪਿ ਜਗਦੀਸੁੋਰਾ॥
ਮਨ ਇਛੇ ਫਲ ਪਾਵਹੁ ਸਭੈ
ਫਲ ਪਾਵਹੁ ਧਰਮੁ ਅਰਥੁ ਕਾਮੁ ਮੋਖੁ
ਜਨ ਨਾਨਕ ਹਰਿ ਸਿਉ ਮਿਲੇ ਹਰਿ ਭਗਤ ਤੋਰਾ॥ (ਪੰਨਾ 1201)

4. ਮੇਰੇ ਮਨ ਜਪਿ ਹਰਿ ਗੁਨ ਅਕਥ ਸੁਨਥਈ॥
ਧਰਮੁ ਅਰਥੁ ਸਭੁ ਕਾਮੁ ਮੋਖੁ ਹੈ
ਜਨ ਪੀਛੈ ਲਗਿ ਫਿਰਥਈ॥1॥ ਰਹਾਉ॥
(ਪੰਨਾ 1320)

### ਗੁਰਬਾਣੀ ਵਿਆਕਰਣ ਆਧਾਰਤ ਵਿਚਾਰ

ਉਕਤ ਦਿੱਤੇ ਚਹੁੰਆਂ ਪ੍ਰਮਾਣਾਂ ਵਿਚ ਕਿਤੇ ਵੀ 'ਮੋਖੁ' ਸ਼ਬਦ ਦਾ ਅਰਥ 'ਮੁੱਖ' (ਵੱਡਾ) ਨਹੀਂ ਵਰਤਿਆ ਹੋਇਆ, ਕਿਉਂਕਿ 'ਮੋਖੁ' ਸ਼ਬਦ ਨਾਂਵ ਹੈ, ਨਾ ਕਿ ਵਿਸ਼ੇਸ਼ਣ।

ਹੁਣ 'ਦੁਆਰੁ' ਸ਼ਬਦ ਬਾਰੇ ਵਿਆਕਰਣਕ ਵਿਚਾਰ ਕਰਦੇ ਹਾਂ। 'ਦੁਆਰੁ' ਸ਼ਬਦ ਗੁਰਬਾਣੀ ਵਿਆਕਰਣ ਅਨੁਸਾਰ ਕਰਤਾ ਕਾਰਕ ਇੱਕ ਵਚਨ ਨਾਂਵ ਹੈ, ਜਿਸ ਦਾ ਅਰਥ ਹੈ-ਦਰ। 'ਦੁਆਰੁ' ਸ਼ਬਦ ਦਾ ਅਰਥ 'ਦੁਆਰ ਉਤੇ ਨਹੀਂ ਹੋ ਸਕਦਾ, ਜਿਵੇਂ ਕਿ ਡਾ. ਸਮਰਾਓ ਨੇ ਕੀਤਾ ਹੈ, ਕਿਉਂਕਿ ਇਸ ਅਰਥ ਵਿਚ ਇਸ ਦਾ ਰੂਪ 'ਦੁਆਰਿ' {ਅਧਿਕਰਣ ਕਾਰਕ-Locative Case singular} ਹੋਣਾ ਸੀ, ਜੋ ਨਹੀਂ ਹੈ। ਗੁਰਬਾਣੀ ਵਿਚੋਂ 'ਦੁਆਰੁ' {ਵਰਤੋਂ 45 ਵਾਰੀ} ਅਤੇ 'ਦੁਆਰਿ' {ਵਰਤੋਂ 29 ਵਾਰੀ} ਦੀ ਵਰਤੋਂ ਦੇ ਕੁਝ ਪ੍ਰਮਾਣ,

'ਦੁਆਰਿ' ਸ਼ਬਦ ਦੀ ਵਰਤੋਂ ਦੇਖੋ, ਜਿਸ ਦਾ ਅਰਥ ਹੈ-ਦੁਆਰ ਉਤੇ:

1. ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ
ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹ ਸੁਧ ਰਾਮ ਭਜਨ ਕੀ॥1॥
(ਪੰਨਾ 411)

2. ਆਪਿ ਹੋਆ ਸਦਾ ਮੁਕਤੁ
ਸਭੁ ਕੁਲੁ ਨਿਸਤਾਰਿਆ॥
ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ॥
(ਪੰਨਾ 86)

3. ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ
ਆਰਤ ਦੁਆਰਿ ਰਟਤ ਪਿੰਗੁਰੀਆ॥1॥
(ਪੰਨਾ 203)

4. ਰੰਗਿ ਰਤੇ ਨਿਰਬਾਣੁ ਸਚਾ ਗਾਵਹੀ॥
ਨਾਨਕ ਸਰਣਿ ਦੁਆਰਿ ਜੇ ਤੁਧੁ ਭਾਵਹੀ॥2॥ (ਪੰਨਾ 322)

'ਦੁਆਰੁ' ਸ਼ਬਦ ਦੀ ਵਰਤੋਂ ਦੇਖੋ, ਜਿਸ ਦਾ ਅਰਥ ਹੈ-ਦਰ, ਨਾ ਕਿ ਦਰ ਉਤੇ:

1. ਪੰਡਿਤੁ ਪੜੈ ਬੰਧਨ ਮੋਹ ਬਾਧਾ
ਨਹ ਬੂਝੈ ਬਿਖਿਆ ਪਿਆਰਿ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ
ਚਉਥੈ ਪਦਿ ਮੁਕਤਿ ਦੁਆਰੁ॥2॥
(ਪੰਨਾ 33)

2. ਗੁਰ ਤੇ ਗਿਆਨੁ ਪਾਏ ਜਨੁ ਕੋਇ॥
ਗੁਰ ਤੇ ਬੂਝੈ ਸੀਝੈ ਸੋਇ॥
ਗੁਰ ਤੇ ਸਹਜੁ ਸਾਚੁ ਬੀਚਾਰੁ॥
ਗੁਰ ਤੇ ਪਾਏ ਮੁਕਤਿ ਦੁਆਰੁ॥1॥
(ਪੰਨਾ 158)

3. ਨਉ ਦਰਵਾਜੇ ਦਸਵਾ ਦੁਆਰੁ॥
ਬੁਝੁ ਰੇ ਗਿਆਨੀ ਏਹੁ ਬੀਚਾਰੁ॥1॥
(ਪੰਨਾ 152)

(ਸ) ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥ (22 ਫਰਬਰੀ 2020)

ਗੁਰਬਾਣੀ ਵਿਆਕਰਣ ਅਨੁਸਾਰ ਉਪਰੋਕਤ ਤੁਕ ਵਿਚ ਆਏ ਸ਼ਬਦਾਂ ਦੇ ਅਰਥ: ਨਾਨਕ-(ਸੰਬੋਧਨ ਕਾਰਕ) ਹੇ ਨਾਨਕ! ਆਖ। ਏਵੈ- ਏਵੈਂ, ਇਸ ਤਰ੍ਹਾਂ ਜਿਵੇਂ ਪਉੜੀ ਦੀਆਂ ਮਗਰਲੀਆਂ ਤਿੰਨ ਪੰਕਤੀਆਂ ਵਿਚ ਬਿਆਨ ਕੀਤਾ ਗਿਆ ਹੈ। ਜਾਣੀਐ- ਜਾਣ ਲਈਦਾ ਹੈ, ਜਾਣਿਆ ਜਾਂਦਾ ਹੈ। ਸਭੁ- ਪੁਲਿੰਗ ਇੱਕ ਵਚਨ ਵਿਸ਼ੇਸ਼ਣ (ਉਕਾਰਾਂਤ ਕਾਰਣ) ਹਰ ਥਾਂ। ਆਪੇ- ਆਪ ਹੀ। ਸਚਿਆਰੁ- ਇੱਕ ਵਚਨ (ਉਕਾਰਾਂਤ ਕਾਰਣ) ਹੋਂਦ ਦਾ ਘਰ ਜਾਂ ਹਸਤੀ ਦਾ ਮਾਲਕ। ਡਾਕਟਰ ਸਮਰਾਓ ਦੇ 'ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥' ਪੰਕਤੀ ਦੇ ਕੀਤੇ ਅਰਥ ਇਸ ਤਰ੍ਹਾਂ ਹਨ,

"ਅਖੀਰ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਨ੍ਹਾਂ ਨੂੰ ਭਾਵ (ਗੁਰੂ) ਨਾਨਕ ਨੂੰ ਤਾਂ ਇਵੇਂ ਈ ਪਤਾ ਹੈ, ਦੂਜੇ ਸਭ ਭਾਵੇਂ ਆਪਣੇ ਆਪ ਵਿਚ ਆਪ ਹੀ ਸਿਆਣੇ ਬਣੀ ਫਿਰਦੇ ਹਨ। ਇਨ੍ਹਾਂ ਦੀ ਨਿਜੀ ਲਾਭ ਵਾਲੀ ਸੋਚ ਉਨ੍ਹਾਂ ਨੂੰ ਬਾਹਰ ਨਿਕਲ ਕੇ ਨਿਰਪੱਖ ਵਿਚਾਰ ਕਰਨ ਦੀ ਖੁਲ੍ਹ ਨਹੀਂ ਦਿੰਦੀ, ਇਸ ਲਈ ਉਹ ਹਉਮੈ ਦਾ ਸ਼ਿਕਾਰ ਹੋ ਕੇ ਖੁਦ ਦੀ ਸਮਝ ਨੂੰ ਹੀ ਉਪਰ ਰੱਖਦੇ ਹਨ।"

### ਡਾ. ਸਮਰਾਓ ਵਲੋਂ ਕੀਤੇ ਅਰਥਾਂ ਦਾ ਤਰਕ ਸੰਗਤ ਵਿਸ਼ਲੇਸ਼ਣ

'ਨਾਨਕ' ਸ਼ਬਦ ਦੇ ਅਰਥ ਸੰਬੋਧਨ ਕਾਰਕ ਵਿਚ ਨਹੀਂ ਕੀਤੇ। 'ਨਾਨਕ' ਸ਼ਬਦ ਦਾ ਅਰਥ 'ਨਾਨਕ ਨੂੰ' ਕੀਤਾ ਹੈ, ਜੋ ਸੰਬੋਧਨ ਕਾਰਕ ਵਿਚ ਨਹੀਂ ਹੈ ਅਤੇ ਢੁਕਵਾਂ ਨਹੀਂ ਹੈ।


'ਜਾਣੀਐ' ਸ਼ਬਦ ਦਾ ਅਰਥ ਕੀਤਾ ਹੈ- ਪਤਾ ਹੈ, ਪਰ ਇਹ ਅਰਥ ਤਾਂ ਹੋਣਾ ਸੀ, ਜੇ 'ਜਾਣੀਐ' ਦੀ ਥਾਂ 'ਜਾਣਦਾ' ਸ਼ਬਦ ਹੁੰਦਾ, ਜਿਵੇਂ ਮੈਨੂੰ ਪਤਾ ਹੈ ਜਾਂ ਮੈ ਜਾਣਦਾ ਹਾਂ। 'ਜਾਣੀਐ' ਸ਼ਬਦ ਕਰਮਣੀ ਵਾਚ (Passive Voice) ਵਿਚ ਹੈ। 'ਸਭੁ' ਸ਼ਬਦ ਇੱਕ ਵਚਨ ਸੀ, ਜਿਸ ਦਾ ਸਬੰਧ ਅਕਾਲ ਪੁਰਖ ਨਾਲ ਸੀ, ਜਿਸ ਨੂੰ ਬਹੁਵਚਨ ਮੰਨ ਕੇ ਬਾਣੀ ਦੇ ਟੀਕਾਕਾਰਾਂ ਨਾਲ ਜੋੜ ਦਿੱਤਾ ਗਿਆ ਹੈ। 'ਸਚਿਆਰੁ' ਸ਼ਬਦ ਇੱਕ ਵਚਨ ਸੀ, ਜਿਸ ਨੂੰ ਬਹੁਵਚਨ ਮੰਨ ਕੇ 'ਸਿਆਣੇ ਬਣੀ ਫਿਰਦੇ ਹਨ' ਲਿਖ ਕੇ ਜਪੁ ਜੀ ਦੇ ਹੋਰ ਟੀਕਾਕਾਰਾਂ ਨਾਲ ਜੋੜ ਦਿੱਤਾ ਗਿਆ ਹੈ। ਗੁਰਬਾਣੀ ਵਿਚ ਵਰਤੇ ਸ਼ਬਦਾਂ ਦੇ ਵਿਆਕਰਣਕ ਸਰੂਪ ਲਿਖਣ ਜਾਂ ਅਰਥ ਕਰਨ ਸਮੇਂ ਬਦਲੇ ਨਹੀਂ ਜਾ ਸਕਦੇ, ਕਿਉਂਕਿ ਇਸ ਤਰ੍ਹਾਂ ਬਾਣੀਕਾਰਾਂ ਵਲੋਂ ਵਰਤੀਆਂ ਸ਼ਬਦਾਂਤਕ ਲਗਾਂ ਮਾਤ੍ਰਾਂ ਨੂੰ ਵਰਤਣ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ।

ਗੁਰੂ ਗ੍ਰੰਥ ਸਾਹਿਬ ਵਿਚ ਜੇ 'ਸਚਿਆਰੁ' 15 ਵਾਰੀ, 'ਸਚਿਆਰ' 11 ਵਾਰੀ, 'ਸਭ' 1241 ਵਾਰੀ, 'ਸਭਿ' 738 ਵਾਰੀ ਅਤੇ 'ਸਭੁ' 990 ਵਾਰੀ ਵਰਤੇ ਗਏ ਹਨ ਤਾਂ ਇਨ੍ਹਾਂ ਸ਼ਬਦ-ਸਰੂਪਾਂ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਜਪੁ ਜੀ ਵਿਚ ਹੀ 'ਸਚਿਆਰੁ' ਸ਼ਬਦ ਇੱਕ ਵਚਨ ਰੂਪ ਵਿਚ 2 ਵਾਰੀ ਵਰਤਿਆ ਗਿਆ ਹੈ, ਜਿਸ ਨੂੰ ਬਹੁਵਚਨ ਵਿਚ ਨਹੀਂ ਵਰਤਿਆ ਜਾ ਸਕਦਾ, ਜਿਵੇਂ ਡਾ. ਸਮਰਾਓ ਨੇ ਵਰਤਿਆ ਹੈ। ਜਪੁ ਜੀ ਵਿਚ ਹੀ 'ਸਭੁ' 4 ਵਾਰੀ, 'ਸਭਿ' ਅਤੇ 'ਸਭ' 1 ਵਾਰੀ ਵਰਤੇ ਗਏ ਹਨ, ਜਿਨ੍ਹਾਂ ਦੇ ਅਰਥ ਨਿਸ਼ਚਿਤ ਹਨ ਅਤੇ ਇਨ੍ਹਾਂ ਨੂੰ ਧਿਆਨ ਨਾਲ ਵਾਚਣ ਦੀ ਲੋੜ ਹੈ। 'ਸਭੁ' ਪੁਲਿੰਗ ਇਕ ਵਚਨ ਹੈ, 'ਸਭ' ਇਸਤਰੀ ਲਿੰਗ ਇੱਕਵਚਨ ਹੈ ਅਤੇ 'ਸਭਿ' ਬਹੁਵਚਨ ਹੈ, ਜੋ ਪੁਲਿੰਗ ਤੇ ਇਸਤਰੀ ਲਿੰਗ-ਦੋਹਾਂ ਨਾਲ ਵਰਤਿਆ ਜਾਂਦਾ ਹੈ। ਗੁਰਬਾਣੀ ਵਿਆਕਰਣ ਦੇ ਇਨ੍ਹਾਂ ਤੱਥਾਂ ਅਤੇ ਸ਼ਬਦ-ਸਰੂਪਾਂ ਨੂੰ ਅਰਥ ਕਰਨ ਸਮੇਂ ਕਿਸੇ ਤਰਕ ਉਤੋਂ ਕੁਰਬਾਨ ਕਰ ਦੇਣਾ ਬਾਣੀਕਾਰਾਂ ਨਾਲ ਬੇਇਨਸਾਫੀ ਤਾਂ ਹੈ ਹੀ!

# ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ ਦਾ ਲੇਖਾ-ਜੋਖਾ

## ਪ੍ਰਤੀਕਰਮ

***ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਦੀ ਲਿਖਤ 'ਖਾਲਿਸਤਾਨ ਦਾ ਐਲਾਨਨਾਮਾ: ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ'(2 ਮਈ 2020) ਬਾਰੇ ਪਿਛਲੇ ਅੰਕਾਂ ਵਿਚ ਅਸੀਂ ਹਜ਼ਾਰਾ ਸਿੰਘ ਮਿਸੀਸਾਗਾ, ਹਰਜੀਤ ਦਿਓਲ ਬਰੈਂਪਟਨ ਅਤੇ ਗੁਰਬਚਨ ਸਿੰਘ ਦੇ ਪ੍ਰਤੀਕਰਮ ਛਾਪ ਚੁਕੇ ਹਾਂ। ਇਨ੍ਹਾਂ ਵਿਚਾਰਕਾਂ ਨੇ ਪੰਜਾਬ ਦੀ ਸਿਆਸਤ ਬਾਰੇ ਕੁਝ ਅਹਿਮ ਨੁਕਤਿਆਂ ਦੀ ਨਿਸ਼ਾਨਦੇਹੀ ਕੀਤੀ। ਇਸ ਵਾਰ ਅਸੀਂ ਸਿੱਖ ਚਿੰਤਕ ਡਾ. ਬਲਕਾਰ ਸਿੰਘ ਅਤੇ ਅਮਰਜੀਤ ਸਿੰਘ ਮੁਲਤਾਨੀ ਦੇ ਵਿਚਾਰ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ, ਜਿਸ ਵਿਚ ਉਨ੍ਹਾਂ ਸਵਾਲਾਂ ਦੀ ਤਾਬੜ-ਤੋੜ ਵਾਛੜ ਕੀਤੀ ਹੈ। 'ਪੰਜਾਬ ਟਾਈਮਜ਼' ਦੇ ਪੰਨਿਆਂ 'ਤੇ ਪਹਿਲਾਂ ਵੀ ਵੱਖ-ਵੱਖ ਮਸਲਿਆਂ ਬਾਰੇ ਵਿਚਾਰ-ਚਰਚਾ ਦੇ ਜੋੜ ਜੁੜਦੇ ਰਹੇ ਹਨ। ਬੇਨਤੀ ਇਹੀ ਹੈ ਕਿ ਵਿਚਾਰ-ਚਰਚਾ ਦੌਰਾਨ ਤਹੱਮਲ ਤੇ ਸਬਰ ਦਾ ਪੱਲਾ ਫੜ ਕੇ ਰੱਖਿਆ ਜਾਵੇ। -ਸੰਪਾਦਕ***



**ਪ੍ਰੋ. ਬਲਕਾਰ ਸਿੰਘ ਪਟਿਆਲਾ**
balkarsingh@mail.com

29 ਅਪਰੈਲ 1986 ਵਾਲੇ ਦਿਨ ਖਾਲਿਸਤਾਨ ਦੇ ਐਲਾਨਨਾਮੇ ਦਾ ਇਹ ਕਾਵਿਕ ਨਾਮਕਰਨ, ਘਟਗਿਣਤੀ ਸਿੱਖਾਂ ਵਿਚਾਲੇ ਬਿਲਕੁਲ ਹੀ ਘਟਗਿਣਤੀ ਵਾਲਿਆਂ ਦੀ ਸਿੱਖ ਸਿਆਸਤ ਦੇ ਐਲਾਨਨਾਮੇ ਨਾਲੋਂ ਕਿਤੇ ਵੱਧ ਕਰਮਜੀਤ ਸਿੰਘ ਦੀ ਕਲਪਿਤ ਸਿਆਸਤ ਦਾ ਐਲਾਨਨਾਮਾ ਹੋ ਗਿਆ ਹੈ। ਮੇਰੇ ਵਾਂਗ ਜੋ ਕੋਈ ਕਰਮਜੀਤ ਸਿੰਘ ਨੂੰ ਜਾਣਦਾ ਹੈ, ਉਸ ਨੂੰ ਪਤਾ ਹੈ ਕਿ ਇਸ ਮੁੱਦੇ 'ਤੇ ਗੱਲ ਕਰਨ ਦਾ ਕੋਈ ਲਾਭ ਨਹੀਂ ਹੈ। ਕਰਮਜੀਤ ਸਿੰਘ ਨਾਲ ਸਹਿਮਤ ਹੋਏ ਬਿਨਾ ਨਿਭਣ ਦਾ ਮੇਰਾ ਲੰਮਾ ਅਨੁਭਵ ਹੈ।

ਇਸੇ ਦੀ ਨਿਰੰਤਰਤਾ ਵਿਚ ਆਪਣੀ ਗੱਲ ਇਥੋਂ ਸ਼ੁਰੂ ਕਰਨੀ ਚਾਹੁੰਦਾ ਹਾਂ ਕਿ ਖਾਲਿਸਤਾਨੀ ਸਿਆਸਤ ਦੇ ਮੁਹੱਬਤੀ ਉਲਾਰ ਵਿਚ ਕਰਮਜੀਤ ਸਿੰਘ ਨੇ ਕਦੇ ਕਿਉਂ ਨਹੀਂ ਸੋਚਿਆ ਕਿ ਗੁਰਮਤਿ ਦੇ ਸਫਲ ਕੀਰਤਨੀਏ ਭਾਈ ਬਖਸ਼ੀਸ਼ ਸਿੰਘ ਪਟਿਆਲਾ ਨੂੰ ਕਿਸ ਕਸੂਰ ਦੀ ਸਜ਼ਾ ਵਜੋਂ ਕਤਲ ਕੀਤਾ ਗਿਆ ਸੀ? ਜਦੋਂ ਖਾਲਿਸਤਾਨ ਦਾ ਐਲਾਨਨਾਮਾ ਨਸ਼ਰ ਹੋ ਰਿਹਾ ਸੀ, ਉਨ੍ਹਾਂ ਦਿਨਾਂ ਵਿਚ ਮੈਂ ਆਪਣੀ ਨਾਨੀ ਨੂੰ ਅਟਾਰੀ ਨੇੜੇ ਬੱਚੀਵਿੰਡ ਮਿਲਣ ਗਿਆ ਹੋਇਆ ਸੀ। ਉਸ ਨੂੰ ਉਪਰ ਦੀ ਕਿਰਪਾਨ ਪਾਈ ਦੇਖ ਕੇ ਮੈਂ ਪੁੱਛਿਆ ਕਿ ਨਾਨੀ ਨੇ ਕਦੋਂ ਅੰਮ੍ਰਿਤ ਛਕ ਲਿਆ? ਉਸ ਨੇ ਹੱਥ ਦੇ ਇਸ਼ਾਰੇ ਦੇ ਨਾਲ-ਨਾਲ ਭੇਤਭਰੀ ਆਵਾਜ਼ ਵਿਚ ਕਿਹਾ, "ਚੁਪ ਕਰ! ਬਾਬੇ ਪਤਾ ਨਹੀਂ ਕਿਹੜੇ ਵੇਲੇ ਆ ਜਾਣ! ਗਾਤਰੇ ਨੂੰ ਦੇਖ ਕੇ ਕੁਝ ਤਾਂ ਸ਼ਰਮ ਕਰਨਗੇ।"

86 ਸਾਲ ਦੀ ਮੇਰੀ ਨਾਨੀ ਦੀ ਪੀੜਾ ਨੂੰ ਧਿਆਨ ਵਿਚ ਰੱਖ ਕੇ ਖਾਲਿਸਤਾਨੀ ਐਲਾਨਨਾਮੇ ਦਾ ਲੇਖਾ ਜੋਖਾ ਕੌਣ ਕਰੇਗਾ? ਖਾਂਦੇ-ਪੀਂਦੇ ਮੱਧਵਰਗ ਦੇ ਉਜਾੜੇ ਦੀ ਦਾਸਤਾਨ ਲੋੜ ਪੈਣ 'ਤੇ ਦੁਹਰਾਈ ਜਾ ਸਕਦੀ ਹੈ। ਕਰਮਜੀਤ ਸਿੰਘ ਨੂੰ ਪਤਾ ਹੈ ਕਿ ਸ਼ਾਂਤਮਈ ਅਕਾਲੀ ਮੋਰਚੇ ਦੀ ਕਮਾਂਡ ਤੱਤੀਆਂ ਧਿਰਾਂ ਦੇ ਹੱਥ ਆ ਜਾਣ ਪਿਛੋਂ ਪੂਰਾ ਸਿੱਖ ਭਾਈਚਾਰਾ, ਖਾਸ ਕਰ ਮਾਣ-ਮੱਤੇ ਮਝੈਲ ਕਿਵੇਂ 12-14 ਵਰ੍ਹੇ ਤਰਾਸ-ਤਰਾਸ ਕਰਦੇ ਰਹੇ ਸਨ। ਵਰਿਆਮ ਸੰਧੂ ਦੀ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਅਤੇ ਮਨਿੰਦਰ ਕਾਂਗ ਦੀ ਕਹਾਣੀ 'ਭਾਰ' ਜਿਨ੍ਹਾਂ ਨੇ ਪੜ੍ਹੀਆਂ ਹਨ, ਉਨ੍ਹਾਂ ਨੂੰ ਸਾਰਾ ਪਤਾ ਹੈ। ਖੁਦ ਮੈਂ ਆਪ ਤੇ ਮੇਰੇ ਜਿਹੇ ਪਤਾ ਨਹੀਂ ਕਿੰਨੇ ਕੁ ਹੋਰ ਲੋਕ ਉਨ੍ਹਾਂ ਨੇ ਉਨ੍ਹਾਂ ਨਾਲ ਜ਼ਰਾ ਵੀ ਅਸਹਿਮਤੀ ਰੱਖਣ ਵਾਲੇ ਲਗਾਤਾਰ ਕਿਵੇਂ ਦਬਕਾਏ ਹੋਏ ਸਨ। ਇਹ ਕੇਹੀ ਪੰਥਕ ਸਿਆਸਤ ਸੀ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਦੀ ਬਲੀ ਦੀ ਲੋੜ ਪੈ ਗਈ ਸੀ? ਆਪਣਿਆਂ ਹੱਥੋਂ ਮਰਨ ਦੀ ਚਸਕ ਕਰਮਜੀਤ ਨੂੰ ਮੇਰੇ ਵਾਂਗ ਕਦੇ ਵੀ ਕਿਉਂ ਮਹਿਸੂਸ ਨਹੀਂ ਹੋਈ? ਸਿਰ 'ਤੇ ਕੱਫਨ ਬੰਨ੍ਹੀ ਫਿਰਦੇ ਖਾੜਕੂਆਂ ਨਾਲ ਮਿਲਦਿਆਂ-ਗਿਲਦਿਆਂ ਮੈਂ ਦੱਸਦਾ ਰਿਹਾ ਹਾਂ ਕਿ ਮੈਂ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਕਿਉਂ ਹਾਂ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਕਿਉਂ ਨਹੀਂ?

ਕਰਮਜੀਤ ਸਿੰਘ ਦੇ ਹਵਾਲੇ ਨਾਲ ਹੁਣ ਉਹ ਗੱਲਾਂ ਰਿਕਾਰਡ 'ਤੇ ਲਿਆਉਣ ਦੀ ਲੋੜ ਇਸ ਕਰ ਕੇ ਪੈ ਗਈ ਹੈ, ਕਿਉਂਕਿ ਮੈਨੂੰ ਖਾਲਿਸਤਾਨੀ ਸਿਆਸਤ ਦਾ ਹਾਸਲ ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਲੱਗਦਾ ਹੈ ਅਤੇ ਵਿਦੇਸ਼ਾਂ ਵਿਚ ਰੈਫਰੈਂਡਮ 2020 ਵਾਲੇ ਲੱਗਦੇ ਹਨ। ਪਹਿਲਾਂ ਵੀ ਅਜਮੇਰ ਸਿੰਘ ਦੀ ਇਕ ਪੁਸਤਕ ਦੇ ਮੇਰੇ ਵਲੋਂ ਕੀਤੇ ਰੀਵੀਊ ਨੂੰ ਲੈ ਕੇ ਚੱਲੇ ਸੰਵਾਦ ਵਿਚੋਂ ਇਕ ਪੂਰੀ ਪੁਸਤਕ (ਸਿੱਖ ਕੌਮ: ਹਸਤੀ ਤੇ ਹੋਣੀ, 2012) ਨਿਕਲੀ ਅਤੇ ਛਪੀ ਹੋਈ ਹੈ। 'ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ' ਨੂੰ ਲੈ ਕੇ ਵੀ ਸੰਵਾਦ ਰਚਾਏ ਜਾਣ ਦੀ ਇਸ ਕਰ ਕੇ ਲੋੜ ਹੈ, ਕਿਉਂਕਿ ਇਹ ਸਾਹਮਣੇ ਲਿਆਂਦੇ ਜਾਣ ਦਾ ਸਮਾਂ ਆ ਗਿਆ ਹੈ ਕਿ ਜਿਸ ਐਲਾਨਨਾਮੇ ਦੇ ਪੰਜਾਂ ਵਿਚੋਂ ਤਿੰਨ ਮੈਂਬਰ ਮੁੱਕਰ ਚੁਕੇ ਹਨ, ਜਿਸ ਦੀ ਆੜ ਵਿਚ ਹਜ਼ਾਰਾਂ ਸਿੱਖ ਸ਼ਹੀਦੀਆਂ ਪਾ ਚੁਕੇ ਹਨ ਅਤੇ ਜਿਸ ਦੀ ਕਲਪਿਤ ਸਿਆਸਤ ਨੂੰ ਲਾਗੂ ਕਰਨ ਵਾਸਤੇ ਕਿਧਰੇ ਸੰਭਾਵਨਾ ਨਜ਼ਰ ਨਹੀਂ ਆ ਰਹੀ, ਉਸ ਦੇ ਕਰਮਜੀਤ ਸਿੰਘ ਵੱਲੋਂ ਕੀਤੇ ਜਾ ਰਹੇ ਰੁਮਾਂਚਕ ਉਸਾਰ ਦਾ ਲੇਖਾ-ਜੋਖਾ ਤਾਂ ਹੋਣਾ ਹੀ ਚਾਹੀਦਾ ਹੈ।

ਕਰਮਜੀਤ ਸਿੰਘ ਵਾਸਤੇ ਸਵਾਲ ਇਹ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਆਮ ਸਿੱਖ ਨੂੰ ਤਿਆਰ ਕੀਤੇ ਬਿਨਾ ਜਿਹੋ ਜਿਹੇ ਸਿਆਸੀ ਭੇੜ ਵਿਚ ਆਮ ਸਿੱਖ ਨੂੰ ਫਸਾ ਦਿੱਤਾ ਸੀ, ਉਸ ਦੇ ਸਾਹਮਣੇ ਆ ਚੁੱਕੇ ਨਤੀਜਿਆਂ ਲਈ ਜ਼ਿੰਮੇਵਾਰ ਕੌਣ ਹੈ? ਉਹ ਕਿਹੜੀ ਕਸਰ ਰਹਿ ਗਈ ਹੈ, ਜਿਸ ਨੂੰ ਪੂਰਾ ਕਰਨ ਲਈ ਕਰਮਜੀਤ ਸਿੰਘ ਕਲਪਨਾ ਦੇ ਘੋੜੇ ਬੇਲਗਾਮ ਦੌੜਾਈ ਜਾ ਰਿਹਾ ਹੈ? ਇਸੇ ਨਾਲ ਇਹ ਸਵਾਲ ਵੀ ਜੁੜਿਆ ਹੋਇਆ ਹੈ ਕਿ ਧਰਮ ਅਤੇ ਸਿਆਸਤ ਨੂੰ ਲੈ ਕੇ ਜਿਹੋ ਜਿਹਾ ਸਿਆਸੀ ਘੜਮੱਸ ਸਿੱਖ ਸਿਆਸਤ ਦੇ ਰੂਪ ਵਿਚ ਸਾਹਮਣੇ ਆ ਚੁਕਾ ਹੈ, ਉਸ ਵਿਚ ਕਰਮਜੀਤ ਕਿਹੋ ਜਿਹੀ ਸਿਆਸਤ ਦਾ ਵਾਧਾ ਕਰਨਾ ਚਾਹੁੰਦਾ ਹੈ? ਇਕ ਪਾਸੇ ਕਰਮਜੀਤ ਨੂੰ ਹਰ ਸਿੱਖ ਖਾੜਕੂ ਜਦੋਜਹਿਦ ਦਾ ਹਿੱਸਾ ਲੱਗਦਾ ਹੈ; ਦੂਜੇ ਪਾਸੇ ਉਹ ਖਾੜਕੂ ਲਹਿਰ ਦੇ ਮੁੱਦਈਆਂ ਵਿਚ ਸਿਰਫ ਅਖੰਡ ਕੀਰਤਨੀ ਜਥੇ ਅਤੇ ਭਿੰਡਰਾਂ ਵਾਲੀ ਟਕਸਾਲ ਨੂੰ ਹੀ ਕੇਵਲ ਮਾਤਰ ਮੁੱਦਈ ਮੰਨਦਾ ਹੈ। ਇਸ ਲਹਿਰ ਵਿਚ ਅਖੰਡ ਕੀਰਤਨੀ ਜਥੇ ਦੀ ਪ੍ਰਤੀਨਿਧਤਾ ਭਾਈ ਫੌਜਾ ਸਿੰਘ ਦੀ ਅਗਵਾਈ ਵਿਚ ਬੱਬਰ ਕਰਦੇ ਸੀ ਅਤੇ ਬੱਬਰਾਂ ਦੀ ਨੇੜਤਾ ਸੰਤ ਭਿੰਡਰਾਂਵਾਲੇ ਨਾਲੋਂ ਸੰਤ ਲੌਂਗੋਵਾਲ ਨਾਲ ਵੱਧ ਕਿਉਂ ਸੀ? ਏਧਰ ਓਧਰ ਖਿਲਰੇ ਅਜਿਹੇ ਸਵਾਲਾਂ ਦੇ ਜਵਾਬ ਤਾਂ ਖਾਲਿਸਤਾਨੀ ਦਾਨਸ਼ਵਰਾਂ ਨੂੰ ਦੇਣੇ ਹੀ ਚਾਹੀਦੇ ਹਨ।

ਸਿੱਖ ਸਿਆਸਤ ਵਿਚ ਖਾਲਿਸਤਾਨੀ ਸਿਆਸਤ ਦੇ ਦਖਲ ਨਾਲ ਹੀ ਇਹ ਸਵਾਲ ਵੀ ਪੈਦਾ ਹੋ ਗਿਆ ਸੀ ਕਿ ਜੋ ਅੰਮ੍ਰਿਤਧਾਰੀ ਨਹੀਂ ਹੈ, ਉਸ ਨੂੰ ਸਿੱਖ ਮੰਨਣਾ ਹੈ ਕਿ ਨਹੀਂ? ਜੇ ਕਰਮਜੀਤ ਸਿੰਘ ਨੂੰ ਖਾਲਿਸਤਾਨੀ ਐਲਾਨਨਾਮੇ ਦਾ ਦਿਨ 'ਜ਼ਮੀਰ ਦੇ ਸਨਮੁਖ' ਹੋਣ ਦਾ ਦਿਨ ਲੱਗਦਾ ਹੈ ਤਾਂ ਇਸ ਦੀ ਧਰਾਤਲ ਸੁਲਤਾਨ ਬਾਹੂ ਵਿਚੋਂ ਨਹੀਂ, ਬਾਣੀ ਵਿਚੋਂ ਲੱਭਣੀ ਚਾਹੀਦੀ ਸੀ। ਇਹ ਵੀ ਦੱਸਣਾ ਪੈਣਾ ਹੈ ਕਿ ਐਲਾਨਨਾਮਾ 1986 'ਭੁੱਲੀ ਵਿਸਰੀ ਹਥਿਆਰਬੰਦ ਜੰਗ ਸ਼ੁਰੂ ਕਰਨ ਦਾ ਵੇਲਾ' ਕਿਵੇਂ ਹੋਇਆ? ਆਪਣੀ ਇਸ ਧਾਰਨਾ ਨਾਲ ਉਹ ਬੀਤੇ ਦੇ ਜਲੌਅ ਵਾਂਗ ਕਿਉਂ ਜੁੜਿਆ ਹੋਇਆ ਹੈ ਅਤੇ ਇਸ ਦਾ ਵਰਤਮਾਨ ਕਿਉਂ ਅਤੇ ਕਿਥੇ ਗੁਆਚ ਗਿਆ ਹੈ? ਉਦਰੇਵਿਆਂ ਦੇ ਜੰਗਲ ਵਿਚ ਭਟਕਦਿਆਂ ਤਾਂ ਇੱਛਤ ਪਗਡੰਡੀਆਂ ਨਹੀਂ ਲੱਭਣੀਆਂ। ਖਾਲਸਾ ਰਾਜ ਕਾਇਮ ਕਰਨ ਦੀ ਵਿਵਸਥਾ ਵਾਸਤੇ ਲੋੜੀਂਦਾ ਖਿੱਤਾ ਪੰਜਾਬ ਹੀ ਹੋ ਸਕਦਾ ਹੈ। ਪੰਜਾਬੀ ਸੂਬਾ ਪੰਜਾਬਾਂ ਵਿਚੋਂ ਇਕ ਪੰਜਾਬ ਹੈ। ਕਿਸੇ ਵੀ ਪੰਜਾਬ ਦੀ ਸਿਆਸੀ ਵਿਵਸਥਾ ਸਬੰਧਤ ਦੇਸ਼ ਦੀ ਵਿਧਾਨਿਕਤਾ ਦੇ ਅੰਤਰਗਤ ਹੀ ਸੰਭਵ ਹੋ ਸਕਦੀ ਹੈ। ਭਾਰਤ ਵਿਚ ਅਜਿਹੀ ਸੰਭਾਵਨਾ ਪੰਜਾਬੀ ਸੂਬੇ ਜਿਹੀ ਹੀ ਹੋ ਸਕਦੀ ਸੀ/ਹੈ। ਪਾਕਿਸਤਾਨ ਵਿਚ ਕੀ ਹੋ ਸਕਦਾ ਸੀ/ਹੈ, ਇਸ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਇਕ ਹੋਰ ਸਿੱਖ ਸਿਆਸਤ ਦੀ ਮਿਸਾਲ ਕੈਨੇਡਾ ਜਿਹੀ ਹੋ ਸਕਦੀ ਹੈ। ਇਸ ਸਾਰੇ ਕੁਝ ਵਿਚ ਕਰਮਜੀਤ ਸਿੰਘ ਦਾ 'ਖਾਲਸਾ ਰਾਜ' ਕਿਹੋ ਜਿਹੀ ਸਿਆਸਤ ਹੈ, ਇਸ ਦਾ ਲੇਖਾ ਜੋਖਾ ਵੀ ਤਾਂ ਹੋਣਾ ਹੀ ਚਾਹੀਦਾ ਹੈ?

ਸਿੱਖ ਧਰਮ ਦੇ ਵਿਦਿਆਰਥੀ ਵਜੋਂ ਮੈਨੂੰ ਤਾਂ 'ਖਾਲਿਸਤਾਨੀ ਸਿਆਸਤ' ਗੁਰਮਤਿ ਰਾਹੀਂ ਗੁਰੂ-ਚਿੰਤਨ ਵਲੋਂ ਬਖਸ਼ੀ ਹੋਈ ਪ੍ਰਭੂਸੱਤਾ ਨਹੀਂ ਲੱਗਦੀ, ਕਿਉਂਕਿ ਜਿਸ ਖਿੱਤਾ ਮੂਲਕ ਪ੍ਰਭੂਸਤਾ ਦੀ ਸਿਆਸਤ ਵੱਲ ਇਸ਼ਾਰਾ ਕਰਮਜੀਤ ਸਿੰਘ 'ਐਲਾਨਨਾਮਾ 1986' ਰਾਹੀਂ ਕਰ ਰਿਹਾ ਹੈ, ਇਸ ਨਾਲ ਬਹੁ-ਸਭਿਆਚਾਰਕ ਵਰਤਾਰਿਆਂ ਵਿਚ ਅਹਿਮ ਭੂਮਿਕਾ ਨਿਭਾ ਰਹੇ ਗੁਰੂਕਿਆਂ ਵਾਸਤੇ ਮੁਸ਼ਕਿਲਾਂ ਪੈਦਾ ਹੋ ਜਾਣਗੀਆਂ। ਸਿੱਖੀ ਨੂੰ ਜੇ ਇਸੇ ਤਰ੍ਹਾਂ ਦੇ ਪੰਥਕ ਸ਼ਿਕੰਜਿਆਂ ਵਿਚ ਕੱਸਦੇ ਜਾਵਾਂਗੇ ਤਾਂ ਕਲਪਿਤ ਸਿਆਸਤ ਦੀ ਬਲੀ ਸਿੱਖੀ ਨੂੰ ਚੜ੍ਹਾ ਰਹੇ ਹੋਵਾਂਗੇ। ਪਹਿਲਾਂ ਹੀ ਇਸ ਦਾ ਅਰੰਭ ਹਿੰਦੂ-ਵਿਰੋਧੀ ਸਿਆਸਤ ਨਾਲ ਹੋ ਚੁਕਾ ਹੈ ਅਤੇ ਪੁਸਤਕਾਂ ਦੁਆਰਾ ਇਸ ਦਾ ਗੁਰਜ ਅਜਮੇਰ ਸਿੰਘ ਨੇ ਸਾਂਭਿਆ ਹੋਇਆ ਹੈ। ਸਿੱਖ ਰਾਜ ਤੋਂ ਖਾਲਿਸਤਾਨੀ ਸਿਆਸਤ ਦੇ ਪੰਥਕ ਸਫਰ ਨੂੰ ਸਮਝਣ ਲਈ ਮੈਂ ਆਪਣੇ ਅਧਿਆਪਕ ਪ੍ਰੋ. ਧਰਮਾਨੰਤ ਸਿੰਘ ਦੀ ਇਕ ਪੁਸਤਕ ਦੇ ਅਰੰਭਕ ਸ਼ਬਦਾਂ 'ਤੇ ਆਧਾਰਤ ਇਹ ਟੂਕ, ਇਸ ਕਰ ਕੇ ਸਾਂਝੀ ਕਰਨਾ ਚਾਹੁੰਦਾ ਹਾਂ ਤਾਂ ਕਿ ਇਹ ਸਾਹਮਣੇ ਲਿਆਂਦਾ ਜਾ ਸਕੇ ਕਿ ਗੁਰੂਕੇ ਕਿੱਥੋਂ ਕਿੱਥੇ ਤੱਕ ਪਹੁੰਚ ਗਏ ਹਨ, "ਸ਼ੁਭ ਸੰਮਤ 1856 ਬਿਕ੍ਰਮੀ, ਸੰਨ 1488 ਈ., ਅੱਜ ਸੰਨ 1862 (ਇਸ ਨੂੰ 20ਵੀਂ ਸਦੀ ਦੇ ਆਖਰੀ ਦੋ ਦਹਾਕੇ ਪੜ੍ਹਿਆ ਜਾਣ ਦਾ ਸੁਝਾਅ ਹੈ) ਦੇ ਮੁਕਾਬਲੇ ਵਿਚ ਸਚਮੁਚ ਸਤਜੁਗ ਸੀ, ਅਵਿੱਦਿਆ ਦੇ ਪੂਰਨ ਅੰਧਕਾਰ ਵਿਚ ਲੋਕੀਂ ਅੱਜ ਕੱਲ੍ਹ ਦੇ ਵਿਦਵਾਨਾਂ ਤੋਂ ਵਧੀਕ ਜਤੀ, ਸਤੀ, ਸੰਤੋਖੀ ਸਨ, ਦੁਰਾਚਾਰ ਨਾਲ ਲਿਬੜੇ ਹੋਏ ਉਦੋਂ ਦੇ ਪ੍ਰਗਟ ਦੁਰਾਚਾਰੀ ਇਸ ਸਮੇਂ ਦੇ ਦੰਭੀ ਮੋਮਨਾ ਤੋਂ ਅਮਿਤ ਉਚ ਆਚਾਰਵੰਤ ਸਨ, ਗੁਰਬਤ ਤੋਂ ਬੁਰੀ ਤਰ੍ਹਾਂ ਮਾਰੇ ਹੋਏ ਦਰਿਦ੍ਰੀ ਕੰਗਾਲਾਂ ਦੇ ਹਿਰਦੇ ਉਦੋਂ ਅੱਜ ਕਲ ਦੇ ਰਈਸਾਂ ਤੋਂ ਬੇਓੜਕ ਹੱਦ ਤੱਕ ਵਿਸ਼ਾਲ ਸਨ। ਉਹ ਅਤਿਥੀ ਸੇਵੀ ਸਨ, ਮਿਤ੍ਰ ਵਤਸਲ ਸਨ, ਤੇ ਧਰਮ ਹਿਤਕਾਰੀ ਸਨ। ਉਦੋਂ ਜਾਤਿ, ਗੋਤ, ਵਰਣ ਸਭ ਕੁਝ ਸੀ; ਪਰ ਜਾਤਿ, ਗੋਤ, ਵਰਣ ਦੀ ਦੁਰਗੰਧ ਨ ਸੀ। ਉਦੋਂ ਦੀਨ, ਮਤ ਯਾ ਮਜ਼ਹਬ ਦੇ ਅਜ਼ੀਮ, ਬੇ ਨਜ਼ੀਰ ਗੁਲਸ਼ਨ ਵਿਚ, ਰੂਹਾਨੀ ਫੁੱਲਾਂ ਨੂੰ ਮਹਿਕਾਣ ਵਾਲੀ, ਨਸੀਮੇ ਸੁਬਹਾਨੀ ਤਾਂ ਜ਼ਰੂਰ ਚਲਦੀ ਸੀ, ਪਰ ਪਰਸਪਰ ਪ੍ਰੇਮ ਦੀਆਂ ਕੋਮਲ ਕਲੀਆਂ ਨੂੰ ਤੋੜ ਫੋੜ ਕੇ ਪੈਰਾਂ ਵਿਚ ਰੁਲਾਣ ਵਾਲੀ, ਇਨਸਾਨੀਅਤ ਦੀਆਂ ਨੂਰੀ ਅੱਖਾਂ ਵਿਚ ਫੋਕੀ ਜ਼ਿਦ ਦਾ ਘੱਟਾ ਪਾਣ ਵਾਲੀ, ਤੇ ਇਨਸਾਨ ਨੂੰ ਅੰਨ੍ਹੇ ਹੈਵਾਨ ਬਣਾਣ ਵਾਲੀ ਅਜੇ ਜ਼ਾਲਿਮ ਤਅੱਸੁਬ ਦੀ ਹਨੇਰੀ ਨ ਝੁਲੀ ਸੀ।"

ਸਿਆਸਤ ਬ੍ਰਾਹਮਣਵਾਦੀ ਹੋਵੇ, ਖਾਲਿਸਤਾਨੀ ਹੋਵੇ ਜਾਂ ਰਾਜ ਨਹੀਂ ਸੇਵਾ ਦਾ ਦੰਭ ਹੋਵੇ, ਨਤੀਜੇ ਉਪਰੋਕਤ ਟੂਕ ਵਾਲੇ ਹੀ ਕੱਢਦੀ ਹੈ। ਸਿਆਸਤ, ਆਮ ਬੰਦੇ ਲਈ ਗਲਘੋਟੂ ਸੱਚਾਈ ਹੋ ਜਾਵੇ ਤਾਂ ਨੈਤਿਕਤਾ ਉਸ ਵਿਚੋਂ ਮਨਫੀ ਹੋ ਜਾਂਦੀ ਹੈ। ਬਰਾਸਤਾ ਮਿਸਲਾਂ, ਅਕਾਲੀਆਂ ਤੋਂ ਖਾਲਿਸਤਾਨ ਤੱਕ ਪਹੁੰਚਦਿਆਂ ਪੰਥਕਤਾ ਦੀ ਸਿੱਖ ਸਿਆਸਤ ਨੇ ਗੁਰੂ-ਚਿੰਤਨ ਦੇ ਦਿੱਬ ਵਰਤਾਰਿਆਂ ਦੇ ਪ੍ਰਸੰਗ ਵਿਗਾੜ ਨੂੰ ਬਹੁਤ ਦੂਰ ਤੱਕ ਪਹੁੰਚਾ ਦਿੱਤਾ ਹੈ। ਜਿਸ ਨੂੰ ਕਰਮਜੀਤ ਸਿੰਘ 'ਸਿਆਸੀ ਰੂਪ ਵਿਚ ਅਸਪਸ਼ਟਤਾ ਦੀ ਧੁੰਦ' ਕਹਿ ਰਿਹਾ ਹੈ, ਉਹ ਅਸਲ ਵਿਚ ਜਜ਼ਬਾਤੀ ਅੰਧ ਦੀ ਕੱਟੜ ਸਿਆਸਤ ਹੈ। ਇਸ ਵਿਚ ਸੰਵਾਦੀ ਚੇਤਨਾ ਸੰਭਵ ਹੀ ਨਹੀਂ ਹੋ ਸਕਦੀ। ਜਿਹੜੇ ਹਵਾਲੇ ਨਾਲ ਗੱਲ ਕੀਤੀ ਜਾ ਰਹੀ ਹੈ, ਉਹ ਸਾਡਾ ਸਾਰਿਆਂ ਦਾ ਸਮਕਾਲ ਹੈ। ਇਸ ਵਿਚ 'ਜਾਨ ਬਖਸ਼ੀ ਹੋਵੇ ਤਾਂ ਗੱਲ ਕਰੀਏ' ਜਿਹੀਆਂ ਮਜਬੂਰੀਆਂ ਕਿਉਂ ਤੇ ਕਿਵੇਂ ਪੈਦਾ ਹੋਈਆਂ, ਵਿਚਾਰਿਆ ਜਾਣਾ ਚਾਹੀਦਾ ਹੈ। ਜਿਹੜੀ ਸਿਆਸਤ ਜ਼ਬਾਨ-ਬੰਦੀ ਵਲ ਸੇਧਤ ਹੋਵੇ, ਉਹ ਸਿੱਖ ਸਿਆਸਤ ਕਿਵੇਂ ਹੋ ਸਕਦੀ ਹੈ? ਕਿਸ ਨੂੰ ਨਹੀਂ ਪਤਾ ਕਿ ਘਰਾਂ ਦੀ ਨੈਤਿਕਤਾ ਦੇ ਘਾਣ ਨੂੰ 'ਸਿੱਖ ਮਾਨਸਿਕਤਾ ਵਿਚ ਆਪਣਾ ਘਰ ਬਣਾ ਲਿਆ' ਨਹੀਂ ਕਿਹਾ ਜਾ ਸਕਦਾ। ਜਿਹੜੀ ਆਸ ਕਰਮਜੀਤ ਸਿੰਘ 'ਸੁਹਿਰਦ ਤੇ ਨਿਰਪੱਖ ਵਿਦਵਾਨਾਂ ਅਤੇ ਪੜ੍ਹੇ ਲਿਖੇ ਤੇ ਸੁਲਝੇ ਨੌਜਵਾਨਾਂ' ਤੋਂ ਕਰ ਰਿਹਾ ਹੈ, ਇਸੇ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਸੇ ਨਾਲ ਇਹ ਦੁਖਾਂਤ ਜੁੜਿਆ ਹੋਇਆ ਹੈ ਕਿ ਜੋ ਖਾਲਿਸਤਾਨ ਦੇ ਹੱਕ ਵਿਚ ਨਹੀਂ ਭੁਗਤਦਾ, ਉਹ ਕਰਮਜੀਤ ਸਿੰਘ ਨੂੰ 'ਘ੍ਰਿਣਾ ਦੀ ਖੋਜ' ਦਾ ਦੋਸ਼ੀ ਲੱਗਦਾ ਹੈ। ਲਹਿਰ ਦੀਆਂ ਕਮਜ਼ੋਰੀਆਂ ਨੂੰ 'ਕੱਚੀ ਸੋਚ' ਗਰਦਾਨਣ ਨਾਲ ਤਾਂ ਜੁਝਾਰੂਆਂ ਦੀ 'ਸਿਆਸੀ ਥਿੜਕਣ' ਨਾਲ ਜੁੜੀਆਂ ਹੋਈਆਂ ਸ਼ਰੀਕਾ ਰੰਜਿਸ਼ਾਂ ਅਤੇ 'ਭਿਆਨਕ ਰਣਨੀਤਕ ਗਲਤੀਆਂ' ਦੇ ਸੱਚ ਨੇ ਸਾਹਮਣੇ ਨਹੀਂ ਆਉਣਾ। ਇਹ ਵੀ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਲੋੜੀਂਦੇ ਖਾਲਿਸਤਾਨੀ ਸਿਆਸਤ ਦੇ ਸੱਚ ਤੱਕ ਪਹੁੰਚਣ ਦਾ ਰਾਹ, ਜਿਸ ਤਰ੍ਹਾਂ ਖਾੜਕੂ ਦਾਨਸ਼ਵਰਾਂ ਕਰ ਕੇ ਰੁਕਦਾ ਰਿਹਾ ਹੈ, ਉਸ ਤਰ੍ਹਾਂ ਕਥਿਤ 'ਪੰਥ ਦੁਸ਼ਮਣ ਤਾਕਤਾਂ' ਕਰ ਕੇ ਕਿਉਂ ਨਹੀਂ ਰੁਕਦਾ ਰਿਹਾ? ਅੱਜ ਵੀ ਖਾਲਿਸਤਾਨ ਬਾਰੇ ਜਿਸ ਤਰ੍ਹਾਂ ਖਾਲਿਸਤਾਨੀ ਦਾਨਸ਼ਵਰ ਖਾਲਿਸਤਾਨੀ ਸਿਆਸਤ ਵਾਸਤੇ ਤਹੂ ਲੱਗ ਰਹੇ ਹਨ, ਉਸ ਤਰ੍ਹਾਂ ਖਾਲਿਸਤਾਨ ਦੇ ਸਕਰਮਕ ਸਿਆਸੀ ਹਿਤੈਸ਼ੀ ਵੀ ਕਿਉਂ ਨਹੀਂ ਲੱਗ ਰਹੇ?

ਟਕਸਾਲੀ ਖਾਲਿਸਤਾਨੀਆਂ ਦਾ ਇਹ ਦੋਸ਼ ਵੀ ਸਾਹਮਣੇ ਆ ਚੁਕਾ ਹੈ ਕਿ ਖਾਲਿਸਤਾਨੀ ਦਾਨਸ਼ਵਰ, ਬਚੇ-ਖੁਚੇ ਅਸਲ ਖਾਲਿਸਤਾਨੀਆਂ ਨੂੰ ਨੰਗਾ ਕਰਨ ਦੀ ਸਿਆਸਤ ਕਰ ਰਹੇ ਹਨ। ਕੌਣ ਕਿਸ ਨੂੰ ਦੱਸੇ ਕਿ ਭਾਰਤ ਸਰਕਾਰ, ਹਿੰਦੂਤਵੀ ਜਮਾਤਾਂ ਅਤੇ ਪੰਥ ਦੁਸ਼ਮਣ ਤਾਕਤਾਂ ਵੀ ਉਸੇ ਤਰ੍ਹਾਂ ਆਪੋ-ਆਪਣੀ ਸਿਆਸਤ ਕਰ ਰਹੀਆਂ ਹਨ, ਜਿਵੇਂ ਪ੍ਰਚੰਡ ਜਜ਼ਬਿਆਂ ਦੀ ਸੂਹੀ ਸਵੇਰ ਦੇ ਮੁੱਦਈ ਸਿਆਸਤ ਕਰ ਰਹੇ ਹਨ। ਸਿਆਸਤ ਵਿਚ ਤਕਲੀਏ ਦਾ ਅਧਿਕਾਰ ਕੌਣ ਕਿਸ ਨੂੰ ਦਿੰਦਾ ਹੈ? ਸਿੱਖ ਸਿਆਸਤ ਦੀ ਪ੍ਰਗਟ ਹੋ ਚੁਕੀ ਖੇਡ ਵਿਚ ਜਦੋਂ ਕਰਮਜੀਤ ਸਿੰਘ 'ਪੂਰਨ ਪ੍ਰਭੂਸਤਾ ਸੰਪੰਨ ਖਾਲਿਸਤਾਨ ਦੀ ਸਥਾਪਨਾ ਦੇ ਪੰਥਕ ਨਿਸ਼ਾਨੇ' ਦੇ ਹੱਕ ਵਿਚ 'ਸਿੱਖ ਰਾਜ ਦੀ ਰੂਪ ਰੇਖਾ ਦੇ ਗੰਭੀਰ ਸੰਕੇਤ ਗੁਰੂ ਗ੍ਰੰਥ ਸਾਹਿਬ ਵਿਚ ਬਾਕਾਇਦਾ ਮਿਲਦੇ ਹਨ' ਨੂੰ ਦਲੀਲ ਵਜੋਂ ਪੇਸ਼ ਕਰਦਾ ਹੈ ਤਾਂ ਉਸ ਦੇ ਧਿਆਨ ਵਿਚ ਨਹੀਂ ਰਹਿੰਦਾ ਕਿ ਇਸ ਨਾਲ ਪੈਦਾ ਹੋਣ ਵਾਲੇ ਸੂਖਮ ਅਤੇ ਸਿਧਾਂਤਕ ਸਵਾਲਾਂ ਦੇ ਜਵਾਬ ਦੇਣੇ ਮੁਸ਼ਕਿਲ ਹੋ ਸਕਦੇ ਹਨ। ਇਹ ਵੀ ਕਿਸ ਨੂੰ ਕੌਣ ਦੱਸੇ ਕਿ ਘਟਗਿਣਤੀਆਂ ਵਲੋਂ ਬੰਦੂਕ ਦੀ ਗੋਲੀ ਵਿਚੋਂ ਤਾਕਤ ਕੱਢਣ ਦੀ ਸਿਆਸਤ ਕਦੇ ਵੀ ਘਟਗਿਣਤੀਆਂ ਦੇ ਹੱਕ ਵਿਚ ਨਹੀਂ ਭੁਗਤੀ। ਇਹ ਵੀ ਕੌਣ ਦੱਸੇਗਾ ਕਿ ਦੁਨੀਆਂ ਭਰ ਵਿਚ ਸ਼ਾਨਾਂਮੱਤੀਆਂ ਪ੍ਰਾਪਤੀਆਂ ਕਰ ਕੇ ਸਿੱਖਾਂ ਦੀ ਬਣੀ ਹੋਈ ਸਾਖ ਵਿਚ ਕਿਸੇ ਵੀ ਰੰਗ ਦੀ ਸਿੱਖ ਸਿਆਸਤ ਦੀ ਕੀ ਭੂਮਿਕਾ ਹੈ? ਸਿੱਖ ਸਾਹਿਤ ਵਿਚ ਪ੍ਰਾਪਤ ਇਸ ਟਿੱਪਣੀ ਨਾਲ ਆਪਣੀ ਗੱਲ ਨੂੰ ਚੱਲਦੀ ਰਹਿਣ ਵਾਸਤੇ ਖੁਲ੍ਹੀ ਛੱਡਦਾ ਹਾਂ,

ਜੰਗ ਨ ਭਲੋ ਸੁਧਾਸਰ ਮਾਹਿ।
ਆਵਹਿ ਤੁਰਕ ਅਦਬ ਰਹੇ ਨਾਹਿ।
(ਗੁਰ ਬਿਲਾਸ)

# ਸੌਖਾ ਨਹੀਂ ਨਵੀਂ ਸਟੇਟ ਦਾ ਜਨਮ

**ਅਮਰਜੀਤ ਸਿੰਘ ਮੁਲਤਾਨੀ**
**ਨਿਊ ਯਾਰਕ**
multaniny@gmail.com

'ਪੰਜਾਬ ਟਾਈਮਜ਼' ਦੇ 9 ਮਈ ਦੇ ਅੰਕ ਵਿਚ ਖਾਲਿਸਤਾਨ ਐਲਾਨਨਾਮੇ ਬਾਰੇ ਕਰਮਜੀਤ ਸਿੰਘ ਚੰਡੀਗੜ੍ਹ ਦੇ ਲੇਖ ਸਬੰਧੀ ਹਜਾਰਾ ਸਿੰਘ ਮਿਸੀਸਾਗਾ ਅਤੇ ਹਰਜੀਤ ਦਿਉਲ ਦੇ ਪ੍ਰਤੀਕਰਮ ਪੜ੍ਹੇ। ਲੇਖਕਾਂ ਨੇ ਜਿਵੇਂ ਕਰਮਜੀਤ ਸਿੰਘ ਦੇ ਲੇਖ ਵਿਚਲੇ ਵਿਚਾਰਾਂ ਨਾਲ ਡੂੰਘੀ ਅਸਹਿਮਤੀ ਪ੍ਰਗਟਾਈ ਹੈ, ਇਸ ਨਾਲ ਹਰ ਉਹ ਸਿੱਖ ਸਹਿਮਤ ਹੋਵੇਗਾ, ਜੋ ਸਿੱਖਾਂ ਨੂੰ ਅਤੇ ਸਿੱਖ ਧਰਮ ਨੂੰ ਸੰਸਾਰ ਵਿਚ ਪ੍ਰਫੁਲਿਤ ਹੁੰਦਾ ਵੇਖਣਾ ਲੋਚਦੇ ਹਨ। ਕੀ ਕਦੇ ਤਮਾਮ ਮਰਹੂਮ ਜਾਂ ਮੌਜੂਦਾ ਸਿੱਖ ਲੀਡਰਾਂ ਨੇ ਇਸ ਮੁੱਦੇ 'ਤੇ ਵਿਚਾਰ ਕੀਤਾ ਹੈ ਕਿ ਪੁਰਾਤਨ ਵਿਸ਼ਾਲ ਸਿੱਖ ਸਮਰਾਜ ਅੱਜ ਦੇ ਨਿਗੁਣੇ ਜਿਹੇ ਪੰਜਾਬ (ਸੂਬੀ) ਵਿਚ ਕਿਵੇਂ ਤਬਦੀਲ ਹੋਇਆ?

ਸਭ ਧਰਮਾਂ ਨੇ ਬਹੁਤ ਤਰੱਕੀਆਂ ਕੀਤੀਆਂ। ਸਿੱਖ ਅਜੇ ਵੀ ਦੋ ਪ੍ਰਤੀਸ਼ਤ ਦਾ ਅੰਕੜਾ ਪਾਰ ਨਹੀਂ ਕਰ ਸਕੇ? ਪਰ ਹੈਰਾਨੀ ਦੀ ਗੱਲ ਹੈ ਕਿ ਕਈ ਅਖੌਤੀ ਧਾਰਮਿਕ ਡੇਰਿਆਂ ਦੇ ਸ਼ਰਧਾਲੂਆਂ ਦੀ ਗਿਣਤੀ ਕਰੋੜਾਂ ਵਿਚ ਹੈ, ਪਰ ਸਿੱਖ ਧਰਮ ਦਾ ਘੇਰਾ ਕਿੰਨਾ ਵਧਿਆ? ਸਿੱਖ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਵਿਚ ਕਿੰਨਾ ਵਾਧਾ ਹੋਇਆ? ਜੁਆਬ ਉਤਸ਼ਾਹਜਨਕ ਨਹੀਂ ਹਨ।

ਸਿੱਖਾਂ ਕੌਮ ਦੇ ਧਾਰਮਿਕ ਮੁਖੀਆਂ ਜਾਂ ਸਿਆਸੀ ਲੀਡਰਾਂ ਨੇ ਕਦੇ ਵੀ ਉਪਰੋਕਤ ਮੁੱਦੇ 'ਤੇ ਆਤਮ ਚਿੰਤਨ ਨਹੀਂ ਕੀਤਾ। ਕਿਉਂ ਸਿੱਖੀ ਸਰੂਪ ਨਾਲ ਸਿੱਖ ਲੋਕ ਹੋਰਨਾਂ ਕੱਚ ਘਰੜ ਬਾਬਿਆਂ ਦੇ ਸ਼ਰਧਾਲੂ ਬਣਦੇ ਜਾ ਰਹੇ ਹਨ? ਸਿੱਖ ਧਾਰਮਿਕ ਆਗੂਆਂ ਨੇ ਸਿੱਖਾਂ ਵੱਲੋਂ ਵੱਡੀ ਗਿਣਤੀ ਵਿਚ ਹੋਰਨਾਂ ਧਾਰਮਿਕ ਫਿਰਕਿਆਂ ਵੱਲ ਜਾਣ ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ। ਲੀਡਰਾਂ ਦੀ ਤਾਂ ਗੱਲ ਛੱਡੋ, ਅਕਾਲ ਤਖਤ ਦੇ ਜਥੇਦਾਰਾਂ ਨੇ ਵੀ ਕਦੇ ਅਜਿਹੇ ਅਹਿਮ ਮੁੱਦੇ 'ਤੇ ਵਿਚਾਰ ਨਹੀਂ ਕੀਤਾ। ਕੀਤਾ ਹੈ ਤਾਂ ਸਿਰਫ ਇਕ ਸਿਆਸੀ ਪਾਰਟੀ ਅਕਾਲੀ ਦਲ ਅਤੇ ਕਾਬਜਾਂ ਦੇ ਇਸ਼ਾਰਿਆਂ 'ਤੇ ਸਿਆਸੀ ਵਿਰੋਧੀਆਂ ਤੇ ਸਿੱਖ ਸਕਾਲਰਾਂ ਨੂੰ ਪੰਥ ਵਿਚੋਂ ਛੇਕਣ ਦਾ।

ਇਕ ਕੰਮ ਹੋਰ ਜ਼ਰੂਰ ਹੋਇਆ ਕਿ ਕੁਝ ਸਿੱਖ ਕੱਟੜ ਜਥੇਬੰਦੀਆਂ ਨੇ ਸਿੱਖ ਧਰਮ ਦੀ ਰਾਖੀ ਦੇ ਨਾਂ 'ਤੇ ਵਿਰੋਧੀ ਜਥੇਬੰਦੀਆਂ ਦੇ ਸਮਾਗਮਾਂ ਦਾ ਵਿਰੋਧ ਸ਼ੁਰੂ ਕਰ ਦਿੱਤਾ। ਸ੍ਰੀ ਅੰਮ੍ਰਿਤਸਰ ਵਿਖੇ ਵਿਸਾਖੀ ਵਾਲੇ ਦਿਨ ਨਿਰੰਕਾਰੀ ਸਮਾਗਮ ਵਾਲੀ ਘਟਨਾ ਨੇ ਸਿੱਖਾਂ ਵੱਲੋਂ ਅਜੇ ਤੱਕ ਹੰਢਾਏ ਜਾ ਰਹੇ ਸੰਤਾਪ ਦੀ ਅਜਿਹੀ ਚਿਣਗ ਲਾਈ ਕਿ ਸਾਰੇ ਸੰਸਾਰ ਵਿਚ ਸਿੱਖ ਸਮਾਜ ਇਸ ਦਾ ਸੇਕ ਮਹਿਸੂਸ ਕਰ ਰਿਹਾ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਉਸ ਵੇਲੇ ਦੀਆਂ ਖਿੰਡੀਆਂ ਹੋਈਆਂ ਸਿੱਖ ਮਿਸਲਾਂ ਨੂੰ ਜਿੱਤ ਕੇ ਪਹਿਲੇ ਸਿੱਖ ਸਾਮਰਾਜ ਦੀ ਨੀਂਹ ਰੱਖੀ ਅਤੇ ਇਕ ਵਿਸ਼ਾਲ ਤੇ ਅਜਿਹੇ ਸਿੱਖ ਸਾਮਰਾਜ ਦੀ ਸਥਾਪਨਾ ਕੀਤੀ, ਜਿਸ ਨੇ ਅਫਗਾਨਿਸਤਾਨ ਦੇ ਇਤਿਹਾਸ ਵਿਚ ਪਹਿਲੀ ਵਾਰ ਚੜ੍ਹਾਈ ਕੀਤੀ, ਜਿੱਤਿਆ ਤੇ ਕਈ ਸਾਲ ਤੱਕ ਰਾਜ ਵੀ ਕੀਤਾ। ਇਹ ਕੌਮਾਂਤਰੀ ਇਤਿਹਾਸ ਸਿੱਖ ਰਾਜ ਵੱਲੋਂ ਸਥਾਪਿਤ ਇਕ ਅਜਿਹੀ ਮਿਸਾਲ ਹੈ ਕਿ ਕਈ ਸਦੀਆਂ ਬੀਤ ਜਾਣ ਪਿਛੋਂ ਅੱਜ ਤੱਕ ਕੋਈ ਵੀ ਸਾਮਰਾਜ ਇਸ ਦੀ ਬਰਾਬਰੀ ਨਹੀਂ ਕਰ ਸਕਿਆ। ਅੰਗਰੇਜ਼ ਸਾਮਰਾਜ ਨੇ ਵੀ ਆਪਣੇ ਜਿਉਂਦੇ ਜੀਅ ਸਿੱਖ ਸਾਮਰਾਜ 'ਤੇ ਅੱਖ ਚੁੱਕਣ ਦਾ ਹੀਆ ਨਹੀਂ ਸੀ ਕੀਤਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਸਿੱਖ ਸਾਮਰਾਜ ਦਾ ਕੀ ਬਣਿਆ? ਸਿੱਖਾਂ ਦਿਆਂ ਲੀਡਰਾਂ ਨੇ ਸਿੱਖ ਸਾਮਰਾਜ ਦੀ ਕੀ ਹਾਲਤ ਕੀਤੀ, ਉਸ ਤੋਂ ਅਸੀਂ ਸਾਰੇ ਸਿੱਖ ਭਲੀਭਾਂਤ ਜਾਣੂੰ ਹਾਂ। ਸਿੱਖ ਸਰਦਾਰਾਂ ਨੇ ਪਹਿਲਾਂ ਅੰਗਰੇਜ਼ਾਂ ਸਾਹਮਣੇ ਸਿੱਖ ਰਾਜ ਦਾ ਆਤਮ ਸਮਰਪਣ ਕਰਵਾਇਆ ਤੇ ਇਵਜ਼ ਵਿਚ ਵੱਡੇ ਰਾਜਕੀ ਤੇ ਮਾਇਕ ਇਨਾਮ ਪ੍ਰਾਪਤ ਕੀਤੇ।

ਸਮਾਂ ਪੈ ਕੇ ਜਦੋਂ ਅੰਗਰੇਜ਼ੀ ਰਾਜ ਵਿਰੁੱਧ

***(ਬਾਕੀ ਅਗਲੇ ਸਫੇ 'ਤੇ)***

# ਨਸਲਕੁਸ਼ੀ ਦੀ ਰਾਜਨੀਤੀ, ਬਿਰਤਾਂਤਕ ਹਿੰਸਾ ਅਤੇ ਪੰਥ ਦਾ ਭਵਿੱਖ

***ਪ੍ਰਭਸ਼ਰਨਬੀਰ ਸਿੰਘ ਸਿੱਖ ਮਸਲਿਆਂ ਬਾਰੇ ਅਕਸਰ ਟਿੱਪਣੀ ਦਿੰਦੇ ਰਹੇ ਹਨ। ਇਸ ਟਿੱਪਣੀ ਵਿਚ ਉਨ੍ਹਾਂ ਨਸਲਕੁਸ਼ੀ ਦੀ ਸਿਆਸਤ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਹਨ। ਇਸ ਲੇਖ ਵਿਚ ਉਨ੍ਹਾਂ ਦੀ ਕਲਮ ਦੀ ਧਾਰ ਦਾ ਇਕ ਹਿੱਸਾ ਖੱਬੇਪੱਖੀਆਂ ਨੂੰ ਨਿਸ਼ਾਨੇ 'ਤੇ ਲੈਂਦਾ ਹੈ, ਹਾਲਾਂਕਿ ਇਸੇ ਲੇਖ ਵਿਚ ਉਹ ਇਹ ਵੀ ਮੰਨਦੇ ਹਨ ਕਿ ਸਿੱਖ, ਕਲਮ ਦੀ ਥਾਂ ਕਿਰਪਾਨ ਚਲਾਉਣ ਵਿਚ ਕਦੀ ਢਿੱਲ ਨਹੀਂ ਕਰਦੇ। ਇਹ ਵਿਚਾਰ-ਉਤੇਜਿਤ ਲੇਖ ਅਸੀਂ ਪਾਠਕਾਂ ਦੇ ਸਨਮੁਖ ਕਰ ਰਹੇ ਹਾਂ। -ਸੰਪਾਦਕ***

1903 ਵਿਚ ਰੂਸੀ ਬੋਲੀ ਵਿਚ ਕਿਤਾਬ ਪ੍ਰਕਾਸ਼ਿਤ ਹੋਈ ਸੀ, 'ਦਿ ਪ੍ਰੋਟੋਕੋਲ ਆਫ ਦਿ ਐਲਡਰਜ਼ ਆਫ ਜ਼ਿਓਨ' (The Protocols of the Elders of Zion). ਇਹ ਕਿਤਾਬ ਯਹੂਦੀਆਂ ਨੂੰ ਨਿਸ਼ਾਨਾ ਬਣਾ ਕੇ ਲਿਖੀ ਗਈ ਸੀ। ਮਕਸਦ ਇਹ ਸਾਬਤ ਕਰਨਾ ਸੀ ਕਿ ਪੱਛਮੀ ਮੁਲਕਾਂ ਦੀਆਂ ਸੱਭੇ ਸਮੱਸਿਆਵਾਂ ਦਾ ਕਾਰਨ ਯਹੂਦੀ ਹਨ ਅਤੇ ਯਹੂਦੀ ਸਾਰੀ ਦੁਨੀਆਂ ਉਤੇ ਕਬਜ਼ਾ ਕਰਨ ਦੀ ਸਾਜ਼ਿਸ਼ ਰਚ ਰਹੇ ਹਨ। ਫਿਰ ਇਸ ਕਿਤਾਬ ਦੇ ਅੰਗਰੇਜ਼ੀ ਸਮੇਤ ਹੋਰਨਾਂ ਬੋਲੀਆਂ

**ਪ੍ਰਭਸ਼ਰਨਬੀਰ ਸਿੰਘ**
**ਫੋਨ: 1-778-242-2811**

ਵਿਚ ਉਲਥੇ ਕਰਵਾਏ ਗਏ। ਫੋਰਡ ਮੋਟਰ ਕੰਪਨੀ ਦੇ ਬਾਨੀ ਹੈਨਰੀ ਫੋਰਡ ਨੇ ਇਸ ਕਿਤਾਬ ਦੀਆਂ ਪੰਜ ਲੱਖ ਕਾਪੀਆਂ ਆਪਣੇ ਖਰਚੇ ਉਤੇ ਛਪਵਾ ਕੇ ਮੁਫਤ ਵੰਡੀਆਂ। ਸਿੱਟਾ ਇਹ ਨਿਕਲਿਆ ਕਿ ਯੂਰਪ ਵਿਚ ਯਹੂਦੀਆਂ ਪ੍ਰਤੀ ਨਫਰਤ ਹੋਰ ਵੀ ਵਧ ਗਈ। ਇਸੇ ਨਫਰਤ ਦੀ ਲਹਿਰ 'ਤੇ ਸਵਾਰ ਹੋ ਕੇ ਹਿਟਲਰ ਨੇ ਜਰਮਨੀ ਦੀ ਸੱਤਾ ਉਤੇ ਕਬਜ਼ਾ ਕੀਤਾ। ਉਸ ਪਿਛੋਂ ਯਹੂਦੀਆਂ ਨਾਲ ਜੋ ਹੋਇਆ, ਉਹ ਸਾਨੂੰ ਸਭ ਨੂੰ ਪਤਾ ਹੀ ਹੈ।

ਨਸਲਕੁਸ਼ੀਆਂ ਖਲਾਅ ਵਿਚੋਂ ਪੈਦਾ ਨਹੀਂ ਹੁੰਦੀਆਂ। ਹਰ ਨਸਲਕੁਸ਼ੀ ਦੀ ਜੜ੍ਹ ਬਿਰਤਾਂਤਕ ਹਿੰਸਾ ਵਿਚ ਹੁੰਦੀ ਹੈ। ਪਹਿਲਾਂ ਬਿਰਤਾਂਤ ਸਿਰਜਿਆ ਜਾਂਦਾ ਹੈ, ਫਿਰ ਨਸਲਕੁਸ਼ੀ ਹੁੰਦੀ ਹੈ। ਬਿਨਾ ਬਿਰਤਾਂਤ ਤੋਂ ਕਦੇ ਨਸਲਕੁਸ਼ੀ ਹੋ ਹੀ ਨਹੀਂ ਸਕਦੀ। 1984 ਤੋਂ ਪਹਿਲਾਂ ਵੀ ਸਿੱਖਾਂ ਦੇ ਬਰਖਿਲਾਫ ਬਿਰਤਾਂਤ ਸਿਰਜਿਆ ਗਿਆ, ਜਿਸ ਦੀ ਉਸਾਰੀ ਭਾਰਤੀ ਸਰਕਾਰ ਅਤੇ ਖੱਬੇਪੱਖੀਆਂ ਨੇ ਮਿਲ ਕੇ ਕੀਤੀ। ਖੱਬੇਪੱਖੀਆਂ ਤੋਂ ਬਿਨਾ ਭਾਰਤ ਸਰਕਾਰ ਇਹ ਬਿਰਤਾਂਤ ਨਹੀਂ ਸੀ ਸਿਰਜ ਸਕਦੀ।

ਇਸ ਬਿਰਤਾਂਤ ਦਾ ਮੁੱਖ ਆਧਾਰ ਇਸ ਗੱਲ ਨੂੰ ਬਣਾਇਆ ਗਿਆ ਕਿ ਭਾਰਤ 'ਚ ਸਿੱਖਾਂ ਖਿਲਾਫ ਕੋਈ ਸਾਜਿਸ਼ ਨਹੀਂ ਹੋ ਰਹੀ, ਸਿੱਖ ਐਵੇਂ ਹੀ ਰੌਲਾ ਪਾ ਰਹੇ ਹਨ। ਕਿਉਂਕਿ ਖੱਬੇਪੱਖੀਆਂ ਦਾ ਪੰਜਾਬ ਦੇ ਬੌਧਿਕ ਅਤੇ ਸਾਹਿਤਕ ਹਲਕਿਆਂ ਉਤੇ ਦਬਦਬਾ ਸੀ, ਇਸ ਲਈ ਸਿੱਖਾਂ ਤੋਂ ਇਸ ਝੂਠੇ ਬਿਰਤਾਂਤ ਦਾ ਢੁਕਵਾਂ ਜੁਆਬ ਨਹੀਂ ਦਿੱਤਾ ਗਿਆ।

ਨਤੀਜਾ ਇਹ ਨਿਕਲਿਆ ਕਿ ਸਰਕਾਰ ਨੇ ਸਿੱਖਾਂ ਦੇ ਪਾਵਨ ਅਸਥਾਨਾਂ ਉਤੇ ਹਮਲੇ ਕੀਤੇ, ਦਿੱਲੀ ਦੀਆਂ ਸੜਕਾਂ ਉਤੇ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਕੇ ਸਾੜੇ ਗਏ, ਸਰੂਆਂ ਜਿਹੇ ਜੁਆਨ ਪੁੱਤ ਘਰਾਂ ਵਿਚੋਂ ਚੁੱਕ ਚੁੱਕ ਕੇ ਖਪਾ ਦਿੱਤੇ। ਇਹ ਸਭ ਕੁਝ ਕਰਕੇ ਵੀ ਸਰਕਾਰ ਨੇ ਆਪਣੇ ਆਪ ਨੂੰ ਸ਼ਾਂਤੀ ਦਾ ਮਸੀਹਾ ਗਰਦਾਨ ਲਿਆ।

ਕੋਈ ਵੀ ਸਰਕਾਰ ਅੱਜ ਤੱਕ ਅਜਿਹਾ ਮਾਅਰਕਾ ਨਹੀਂ ਮਾਰ ਸਕੀ। ਇਹ ਪੰਜਾਬ ਦੇ ਖੱਬੇਪੱਖੀਆਂ ਦੀ ਹੀ ਦੇਣ ਸੀ ਕਿ ਉਨ੍ਹਾਂ ਦੇ ਬਿਰਤਾਂਤ ਨੇ ਸਰਕਾਰ ਨੂੰ ਇਸ ਕਾਬਲ ਬਣਾਇਆ। ਸਰਕਾਰ ਨੇ ਸਿੱਖਾਂ ਦੀ ਨਸਲਕੁਸ਼ੀ ਉਤੇ ਹੀ ਬੱਸ ਨਹੀਂ ਕੀਤੀ, ਇਸ ਤੋਂ ਵੀ ਅੱਗੇ ਜਾਂਦਿਆਂ ਸਿੱਖਾਂ ਨੂੰ ਇਸ ਸਭ ਲਈ ਜ਼ਿੰਮੇਵਾਰ ਵੀ ਠਹਿਰਾ ਦਿੱਤਾ। ਬੱਸ ਅਜੇ ਵੀ ਨਹੀਂ ਕੀਤੀ। ਹੁਣ ਅਗਲੀ ਨਸਲਕੁਸ਼ੀ ਦੀਆਂ ਤਿਆਰੀਆਂ ਅਰੰਭ ਦਿੱਤੀਆਂ ਹਨ। ਨਸਲਕੁਸ਼ੀ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਸਿੱਖਾਂ ਨੂੰ ਜਾਤੀਵਾਦੀ, ਫਿਰਕਾਪ੍ਰਸਤ ਅਤੇ ਬਲਾਤਕਾਰੀ ਸਿੱਧ ਕੀਤਾ ਜਾਵੇ। ਸਰਕਾਰ ਦੇ ਇਸ ਕੰਮ ਵਿਚ ਖੱਬੇਪੱਖੀ ਤੇ ਸੈਕੂਲਰ ਲਾਣਾ ਆਪਣਾ ਪੂਰਾ ਯੋਗਦਾਨ ਪਾ ਰਿਹਾ ਹੈ।

ਹਾਲ ਹੀ ਵਿਚ ਰਿਲੀਜ਼ ਹੋਏ ਅਮਾਜ਼ੋਨ ਪ੍ਰਾਈਮ ਦੇ ਨਾਟਕ 'ਪਤਾਲ ਲੋਕ' ਵਿਚ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੱਲ ਇਹ ਨਹੀਂ ਕਿ ਸਿੱਖਾਂ ਵਿਚ ਜਾਤ-ਪਾਤ ਹੈ ਜਾਂ ਨਹੀਂ; ਜਾਤ-ਪਾਤ ਤਾਂ ਦੱਖਣੀ ਏਸ਼ੀਆ ਦੇ ਸਾਰੇ ਖਿੱਤਿਆਂ ਅਤੇ ਕੌਮਾਂ ਵਿਚ ਵੀ ਹੈ, ਪਰ ਇਨ੍ਹਾਂ ਨੂੰ ਸਿਰਫ ਸਿੱਖਾਂ ਵਿਚ ਹੀ ਦਿਸਦਾ ਹੈ। ਤੁਸੀਂ ਕਦੇ ਸੁਣਿਆ ਹੈ ਕਿ ਪੰਜਾਬ ਦੀ ਕਿਸੇ ਖੱਬੇਪੱਖੀ ਧਿਰ ਨੇ ਪੰਜਾਬ ਦੇ ਬ੍ਰਾਹਮਣਾਂ ਵਿਚਲੇ ਜਾਤੀਵਾਦ ਵਿਰੁੱਧ ਕੋਈ ਜਨਤਕ ਲਹਿਰ ਚਲਾਈ ਹੋਵੇ? ਨਹੀਂ ਚਲਾਈ, ਕਿਉਂਕਿ ਇਸ ਕੰਮ ਵਿਚ ਸਿੱਖਾਂ ਨੂੰ ਭੰਡਣ ਲਈ ਦੋਵੇਂ ਇਕੱਠੇ ਹਨ।

ਸਿੱਖਾਂ ਦੀ ਤ੍ਰਾਸਦੀ ਇਹ ਹੈ ਕਿ ਸਿੱਖਾਂ ਨੂੰ ਮਾਰਨ ਲਈ ਕੱਟੜ ਹਿੰਦੂਵਾਦੀ ਅਤੇ ਖੱਬੇਪੱਖੀ-ਦੋਵੇਂ ਇਕੱਠੇ ਹੋ ਜਾਂਦੇ ਹਨ। ਬੀ. ਜੇ. ਪੀ. ਹਿੰਦੂਤਵ ਦਾ ਸਿੱਧਾ ਰੂਪ ਹੈ ਅਤੇ ਕਾਂਗਰਸ ਤੇ ਹੋਰ ਸੈਕੂਲਰ ਧਿਰਾਂ ਲੁਕਵਾਂ ਰੂਪ ਹਨ। ਕਾਂਗਰਸ ਤੇ ਖੱਬੇਪੱਖੀ ਗੁਪਤ ਰੂਪ ਵਿਚ ਹਿੰਦੂਤਵ ਦੇ ਏਜੰਡੇ ਨੂੰ ਹੀ ਅੱਗੇ ਵਧਾਉਂਦੇ ਹਨ। ਇਨ੍ਹਾਂ ਦਾ ਹਿੰਦੂਤਵ ਮੋਹਨ ਦਾਸ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਵਾਲਾ ਹੈ। ਪੰਜਾਬ ਦੇ ਬੌਧਿਕ ਅਤੇ ਸਾਹਿਤਕ ਹਲਕਿਆਂ ਉਤੇ ਇਨ੍ਹਾਂ ਦੀ ਵੱਡੀ ਅਜਾਰੇਦਾਰੀ ਅਤੇ ਸਿੱਖਾਂ ਦੀ ਲਗਪਗ ਗੈਰਹਾਜ਼ਰੀ ਕਾਰਨ ਇਨ੍ਹਾਂ ਨੂੰ ਖੁੱਲ੍ਹੀ ਛੁੱਟੀ ਮਿਲੀ ਹੋਈ ਹੈ।

ਵੱਡਾ ਸੁਆਲ ਇਹ ਹੈ ਕਿ ਇਨ੍ਹਾਂ ਹਾਲਾਤ ਵਿਚ ਕੀਤਾ ਕੀ ਜਾ ਸਕਦਾ ਹੈ?

ਇਹ ਸਮਝਣ ਦੀ ਲੋੜ ਹੈ ਕਿ ਬਿਰਤਾਂਤ ਵੀ ਇੱਕ ਹਥਿਆਰ ਹੈ। ਅੱਜ ਇਸ ਹਥਿਆਰ ਦੀ ਵਰਤੋਂ ਬਿਨਾ ਕੋਈ ਵੀ ਲੜਾਈ ਨਹੀਂ ਜਿੱਤੀ ਜਾ ਸਕਦੀ। ਫੌਜੀ ਤਾਕਤ ਵਿਚ ਭਾਵੇਂ ਫਲਸਤੀਨੀ ਇਸਰਾਈਲ ਦਾ ਮੁਕਾਬਲਾ ਨਹੀਂ ਕਰ ਸਕਦੇ, ਪਰ ਬਿਰਤਾਂਤ ਦੀ ਲੜਾਈ ਉਨ੍ਹਾਂ ਨੇ ਤਸੱਲੀ ਨਾਲ ਜਿੱਤੀ ਹੈ। ਇਸੇ ਲਈ ਜਦੋਂ ਸੰਯੁਕਤ ਰਾਸ਼ਟਰ ਵਿਚ ਫਲਸਤੀਨ ਦੇ ਮਸਲੇ ਉਤੇ ਵੋਟ ਪੈਂਦੀ ਹੈ ਤਾਂ 137 ਮੁਲਕ ਉਸ ਦੇ ਹੱਕ ਵਿਚ ਭੁਗਤਦੇ ਹਨ। ਇਸ ਬਿਰਤਾਂਤਕ ਜਿੱਤ ਦਾ ਅਸਲ ਕਾਰਨ ਮੁਸਲਿਮ ਵਿਦਵਾਨਾਂ ਦੀ ਬੌਧਿਕ ਕਾਬਲੀਅਤ ਹੈ। ਇਸ ਕਾਬਲੀਅਤ ਬਿਨਾ ਫਲਸਤੀਨ ਦਾ ਸੱਚ ਦੁਨੀਆਂ ਦੇ ਸਾਹਮਣੇ ਨਹੀਂ ਸੀ ਆਉਣਾ ਅਤੇ ਇਸਰਾਈਲ ਨੇ ਉਨ੍ਹਾਂ ਨੂੰ ਮਾਰਨਾ ਵੀ ਸੀ ਤੇ ਦੋਸ਼ੀ ਵੀ ਸਾਬਤ ਕਰਨਾ ਸੀ। ਪੰਜਾਬ ਵਿਚ ਇਹੀ ਹੋਇਆ ਹੈ।

ਦੂਜੀ ਮਿਸਾਲ ਕਸ਼ਮੀਰ ਦੀ ਲਈ ਜਾ ਸਕਦੀ ਹੈ। ਭਾਵੇਂ ਅੱਜ ਕਸ਼ਮੀਰ ਫੌਜੀ ਤੌਰ 'ਤੇ ਲਿਤਾੜਿਆ ਜਾ ਰਿਹੈ, ਪਰ ਬਿਰਤਾਂਤ ਦੀ ਲੜਾਈ ਅਜੇ ਤੱਕ ਕਸ਼ਮੀਰੀਆਂ ਨੇ ਹੀ ਜਿੱਤੀ ਹੈ; ਕੱਲ੍ਹ ਦਾ ਪਤਾ ਨਹੀਂ। ਕਾਰਨ ਉਹੋ ਹੀ ਹੈ। ਕਸ਼ਮੀਰੀਆਂ ਦਾ ਪੱਛਮੀ ਤਰੀਕੇ ਦੀਆਂ ਸਿਖਿਆ ਸੰਸਥਾਵਾਂ ਵਿਚੋਂ ਸਿਖਿਅਤ ਵਰਗ ਕਸ਼ਮੀਰ ਦੀ ਆਜ਼ਾਦੀ ਦੀ ਹਮਾਇਤ ਕਰਦਾ ਹੈ; ਪਰ ਪੰਜਾਬ ਦਾ ਸਿਖਿਅਤ ਵਰਗ ਪੰਜਾਬ ਦੇ ਹਮੇਸ਼ਾ ਉਲਟ ਹੀ ਚਲਦਾ ਹੈ। ਇਹ ਸੋਚਣ ਵਾਲੀ ਗੱਲ ਹੈ ਕਿ ਜੇ ਪੱਛਮੀ ਮੁਲਕਾਂ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹ ਕੇ ਵੀ ਮੁਸਲਿਮ ਵਿਦਿਆਰਥੀ ਪੱਛਮੀ ਸਾਮਰਾਜਵਾਦ ਦਾ ਵਿਰੋਧ ਕਰਦੇ ਹਨ, ਇਸਰਾਈਲ ਦੇ ਵਿਰੋਧ ਵਿਚ ਖੜ੍ਹਦੇ ਹਨ ਤਾਂ ਸਿੱਖ ਅਜਿਹਾ ਕਿਉਂ ਨਹੀਂ ਕਰ ਸਕਦੇ? ਇਸ ਘੁੰਡੀ ਨੂੰ ਸਮਝਣ ਨਾਲ ਸਾਡੇ ਭਵਿੱਖ ਦੀ ਤੰਦ ਜੁੜੀ ਹੋਈ ਹੈ।

ਗੱਲ ਇਹ ਹੈ ਕਿ ਮਸਲਾ ਪੱਛਮੀ ਵਿੱਦਿਆ ਦਾ ਨਹੀਂ, ਮਸਲਾ ਉਸ ਵਿੱਦਿਆ ਨੂੰ ਪ੍ਰਾਪਤ ਕਰਨ ਵਾਲਿਆਂ ਦੀ ਪਰਪੱਕਤਾ ਦਾ ਹੈ। ਜੇ ਤਲਵਾਰ ਨੂੰ ਤਲਵਾਰ ਨਾਲ ਹੀ ਕੱਟਿਆ ਜਾ ਸਕਦੈ ਤਾਂ ਬਿਰਤਾਂਤ ਨੂੰ ਵੀ ਬਿਰਤਾਂਤ ਨਾਲ ਹੀ ਕੱਟਿਆ ਜਾ ਸਕਦੈ। ਪੰਜਾਬ ਦੀ ਤ੍ਰਾਸਦੀ ਇਹ ਹੈ ਕਿ ਇਥੇ ਕਿਰਪਾਨ ਚਲਾਉਣ ਵਾਲਿਆਂ ਨੇ ਕਦੇ ਢਿੱਲ ਨਹੀਂ ਦਿਖਾਈ, ਪਰ ਬਿਰਤਾਂਤ ਸਿਰਜਣਾ ਦਾ ਅਮਲ ਅਜੇ ਬਹੁਤ ਪਿਛੇ ਹੈ। ਕਿਰਪਾਨ ਤੇ ਬਿਰਤਾਂਤ ਨਾ ਇੱਕ ਦੂਜੇ ਦੇ ਵਿਰੋਧੀ ਹਨ ਤੇ ਨਾ ਹੀ ਉਹ ਇੱਕ ਦੂਜੇ ਦੀ ਥਾਂ ਲੈ ਸਕਦੇ ਹਨ। ਉਹ ਇੱਕ ਦੂਜੇ ਦੇ ਪੂਰਕ ਹਨ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਜ਼ਫਰਨਾਮੇ ਦੀ ਸਿਰਜਣਾ ਕੀਤੇ ਜਾਣਾ ਵੀ ਇਸੇ ਰਮਜ਼ ਦੀ ਦੱਸ ਪਾਉਂਦਾ ਹੈ।

ਇਹ ਵੇਲਾ ਬਿਰਤਾਂਤਕ ਸ਼ਕਤੀ ਦੀ ਸਿਰਜਣਾ ਦਾ ਵੇਲਾ ਹੈ। ਇਸ ਸ਼ਕਤੀ ਤੋਂ ਬਿਨਾ ਸਾਡੇ ਸੰਘਰਸ਼ ਹਮੇਸ਼ਾ ਹਾਰਦੇ ਰਹਿਣਗੇ। ਇਹ ਸ਼ਕਤੀ ਪੈਦਾ ਕਰਨ ਲਈ ਕੀ ਕੀਤਾ ਜਾਵੇ?

ਪ੍ਰੋ. ਪੂਰਨ ਸਿੰਘ ਅਨੁਸਾਰ ਇਹ ਸ਼ਕਤੀ ਕਲਾਧਾਰੀ ਹੋਇਆਂ ਹੀ ਪੈਦਾ ਹੋ ਸਕਦੀ ਹੈ। ਹਰ ਕਿਸੇ ਅੰਦਰ ਵਾਹਿਗੁਰੂ ਨੇ ਕੋਈ ਨਾ ਕੋਈ ਕਲਾ ਬਖਸ਼ਿਸ਼ ਕੀਤੀ ਹੈ। ਲੋੜ ਉਸ ਕਲਾ ਨੂੰ ਪਛਾਣ ਕੇ ਤਰਾਸ਼ਣ ਦੀ ਹੀ ਹੁੰਦੀ ਹੈ। ਕਿਸੇ ਅੰਦਰ ਗਾਉਣ ਦੀ ਕਲਾ ਹੈ, ਕਿਸੇ ਅੰਦਰ ਗੀਤ ਲਿਖਣ ਦੀ, ਕੋਈ ਚੰਗਾ ਬੁਲਾਰਾ ਹੋ ਸਕਦੈ ਤੇ ਕੋਈ ਹੋਰ ਚੰਗਾ ਪ੍ਰਬੰਧਕ। ਕਿਸੇ ਨੂੰ ਫਿਲਮ ਬਣਾਉਣੀ ਆਉਂਦੀ ਹੈ ਤੇ ਕਿਸੇ ਹੋਰ ਕੋਲ ਉਸ ਫਿਲਮ ਦੇ ਵਿਸ਼ੇ ਅਨੁਸਾਰ ਸੰਗੀਤ ਪੈਦਾ ਕਰਨ ਦੀ ਕਲਾ ਹੁੰਦੀ ਹੈ। ਆਪਣੀ ਆਪਣੀ ਕਲਾ ਦੇ ਖੇਤਰ ਵਿਚ ਉਤਮਤਾ ਹਾਸਲ ਕਰਕੇ ਹੀ ਕੋਈ ਯੋਗਦਾਨ ਪਾਇਆ ਜਾ ਸਕਦੈ। ਜਿੰਨੀ ਸਾਡੀ ਕਲਾ ਵਿਚ ਨਿਪੁੰਨਤਾ ਹੋਵੇਗੀ, ਓਨਾ ਹੀ ਵੱਡਾ ਅਸੀਂ ਕੁਝ ਪੇਸ਼ ਕਰ ਸਕਾਂਗੇ।

ਪਰ ਅਜਿਹੀ ਕਲਾ ਪ੍ਰਾਪਤ ਕਰਨ ਲਈ ਜ਼ਿੰਦਗੀ ਗਾਲਣੀ ਪੈਂਦੀ ਹੈ। ਇਹ ਦਿਨਾਂ ਵਿਚ ਨਹੀਂ ਆਉਂਦੀ। ਵਰ੍ਹਿਆਂ ਦੇ ਵਰ੍ਹੇ ਲੱਗ ਜਾਂਦੇ ਹਨ। ਸੀਰੀਅਨ ਫਿਲਮ ਨਿਰਦੇਸ਼ਕ ਮੁਸਤਫਾ ਅੱਕਡ਼ ਨੇ ਲੀਬੀਆ ਦੀ ਜੰਗ-ਏ-ਆਜ਼ਾਦੀ ਬਾਰੇ 1981 ਵਿਚ ਫਿਲਮ ਬਣਾਈ ਸੀ 'ਲਾਇਨ ਆਫ ਦਿ ਡੈਜ਼ਰਟ (ਇਹ ਫਿਲਮ ਉਮਰ ਮੁਖਤਾਰ ਵਜੋਂ ਵੀ ਮਸ਼ਹੂਰ ਹੋਈ)। ਅੱਜ ਤੱਕ ਇਸ ਫਿਲਮ ਨੂੰ ਲੀਬੀਆ ਦੀ ਜੰਗ-ਏ-ਆਜ਼ਾਦੀ ਦਾ ਪ੍ਰਮਾਣਿਕ ਦਸਤਾਵੇਜ਼ ਮੰਨਿਆ ਜਾਂਦਾ ਹੈ। ਜਦੋਂ ਬੰਦਾ ਫਿਲਮ ਵੇਖ ਕੇ ਹਟਦੈ ਤਾਂ ਉਸ ਦਾ ਮਨ ਉਸ ਜੰਗ ਦੇ ਆਗੂ ਉਮਰ ਮੁਖਤਾਰ ਲਈ ਕਿਸੇ ਡੂੰਘੇ ਸਤਿਕਾਰ ਨਾਲ ਭਰ ਜਾਂਦੈ। ਇਸ ਤਰ੍ਹਾਂ ਦੀਆਂ ਹੋਰ ਵੀ ਬਹੁਤ ਫਿਲਮਾਂ ਦੇ ਨਾਂ ਲਏ ਜਾ ਸਕਦੇ ਹਨ। ਇਨ੍ਹਾਂ ਸਾਰੀਆਂ ਫਿਲਮਾਂ ਵਿਚ ਸਾਂਝੀ ਗੱਲ ਇਹੋ ਹੈ ਕਿ ਇਨ੍ਹਾਂ ਨੂੰ ਬਣਾਉਣ ਵਾਲਿਆਂ ਨੇ ਪਹਿਲਾਂ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਇਸ ਕਲਾ ਨੂੰ ਸਿੱਖਣ ਲਈ ਅਰਪਣ ਕੀਤਾ, ਫਿਰ ਜਾ ਕੇ ਫਿਲਮ ਬਣਾਈ।

ਸਾਡੇ ਉਲਟ ਹੈ। ਜੇ ਬੰਦੇ ਨੂੰ ਸੁੱਤੇ ਪਏ ਨੂੰ ਖਿਆਲ ਆ ਜਾਵੇ ਕਿ ਉਸ ਨੇ ਫਿਲਮ ਬਣਾਉਣੀ ਹੈ, ਜਾਂ ਗਾਇਕ ਬਣਨਾ ਹੈ ਜਾਂ ਪੱਤਰਕਾਰੀ ਕਰਨੀ ਹੈ ਤਾਂ ਉਹ ਅਗਲੇ ਹੀ ਦਿਨ ਉਸ ਕੰਮ ਵਿਚ ਜੁਟ ਜਾਂਦਾ ਹੈ। ਕੁਝ ਵੀ ਸਿੱਖਣ ਦੀ ਖੇਚਲ ਨਹੀਂ ਕਰਦਾ। ਇਸ ਅਮਲ ਵਿਚੋਂ ਜੋ ਕੁਝ ਸਾਹਮਣੇ ਆਉਂਦਾ ਹੈ, ਉਸ ਦਾ ਹਾਲ ਸਾਡੇ ਸਭ ਦੇ ਸਾਹਮਣੇ ਹੀ ਹੈ।

ਇਹ ਲੜਾਈ ਬਹੁਤ ਲੰਮੀ ਹੈ। ਇੱਕ ਵਾਰ ਮੈਂ ਡਾ. ਗੁਰਭਗਤ ਸਿੰਘ ਨੂੰ ਮਿਲਣ ਗਿਆ ਤਾਂ ਉਨ੍ਹਾਂ ਨੇ ਮੈਨੂੰ ਦੋ ਗੱਲਾਂ ਕਹੀਆਂ ਸਨ, ਜੋ ਮੈਨੂੰ ਕਦੇ ਵੀ ਨਹੀਂ ਭੁੱਲੀਆਂ। ਪਹਿਲੀ, ਅਜਿਹੇ ਸੰਘਰਸ਼ ਲਈ ਸਾਰੀ ਉਮਰ ਦੀ ਪ੍ਰਤੀਬੱਧਤਾ ਚਾਹੀਦੀ ਹੁੰਦੀ ਹੈ। ਜਦੋਂ ਕੋਈ ਸੰਘਰਸ਼ ਇੱਕ ਵਾਰ ਟੁੱਟ ਜਾਵੇ ਤਾਂ ਉਸ ਨੂੰ ਮੁੜ ਖੜ੍ਹਾ ਕਰਨ ਲਈ ਬਹੁਤ ਲੰਮੇ ਅਮਲ ਵਿਚੋਂ ਗੁਜ਼ਰਨਾ ਪੈਂਦਾ ਹੈ। ਇਸ ਲਈ ਕਾਹਲੀ ਤੋਂ ਨਹੀਂ, ਤਹੱਮਲ ਤੋਂ ਕੰਮ ਲਿਆ ਜਾਵੇ। ਦੂਜੀ ਇਹ ਦੱਸੀ ਕਿ ਜਿਸ ਰਾਹ ਤੁਰਨਾ ਹੈ ਤਾਂ ਸਿਰ 'ਤੇ ਖੱਫਣ ਬੰਨ੍ਹ ਕੇ ਤੁਰੋ। ਜੇ ਇੱਕ ਵਾਰੀ ਤੁਰ ਪਏ ਤਾਂ ਪਿਛੇ ਹਟਣ, ਡਰਨ ਜਾਂ ਝੁਕਣ ਦਾ ਸੁਆਲ ਵੀ ਪੈਦਾ ਨਹੀਂ ਹੋਣਾ ਚਾਹੀਦਾ।

ਬੇਨਤੀ ਇਹ ਹੈ ਕਿ ਜੇ ਤੁਸੀਂ ਪੰਜਾਬ ਅਤੇ ਪੰਥ ਲਈ ਫਿਕਰਮੰਦ ਹੋ ਅਤੇ ਕੁਝ ਕਰਨਾ ਚਾਹੁੰਦੇ ਹੋ ਤਾਂ ਆਪਣੀ ਕੋਈ ਦਿਸ਼ਾ ਬਣਾਓ ਅਤੇ ਫਿਰ ਉਸੇ ਦਿਸ਼ਾ ਵਿਚ ਆਪਣੇ ਅੰਦਰ ਕਲਾ ਪੈਦਾ ਕਰਨ ਲਈ ਸਾਰਾ ਕੁਝ ਝੋਕ ਦਿਓ। ਜੋ ਵੀ ਕੰਮ ਕਰੋ, ਸਿਰੇ ਦਾ ਹੀ ਕਰੋ। ਕੰਮ ਸਾਰੇ ਹੀ ਇੱਕੋ ਜਿਹੇ ਹਨ, ਕੋਈ ਉਚ ਨੀਚ ਨਹੀਂ, ਪਰ ਸਭ ਪਾਸੇ ਨਾ ਭੱਜੋ। ਆਪਣੀ ਦਿਸ਼ਾ ਨਿਰਧਾਰਤ ਕਰੋ।

ਜੇ ਤੁਹਾਨੂੰ ਫਿਲਮਾਂ ਬਣਾਉਣ ਦਾ ਸ਼ੌਕ ਹੈ ਤਾਂ ਫਿਲਮ ਬਣਾਉਣ ਤੋਂ ਪਹਿਲਾਂ ਘੱਟੋ ਘੱਟ ਪੰਜ-ਦਸ ਸਾਲ ਉਸ ਕੰਮ ਨੂੰ ਸਿੱਖਣ 'ਚ ਲਾਓ। ਫਿਰ ਅਜਿਹੀ ਫਿਲਮ ਬਣਾਓ ਕਿ ਵੇਖਣ ਵਾਲੇ ਦੇ ਤਾਰ ਅੰਦਰੋਂ ਬਾਹਰੋਂ ਹਿੱਲ ਜਾਣ। ਜੇ ਕਿਤਾਬਾਂ ਲਿਖਣ ਦਾ ਸ਼ੌਕ ਹੈ ਤਾਂ ਪਹਿਲਾਂ ਨਿੱਠ ਕੇ ਪੜ੍ਹੋ। ਜੇ ਗਾਉਣ ਦਾ ਸ਼ੌਕ ਹੈ ਤਾਂ ਗਾਉਣਾ ਸਿੱਖੋ। ਜੇ ਪੱਤਰਕਾਰੀ ਕਰਨੀ ਹੈ ਤਾਂ ਪੱਤਰਕਾਰੀ ਦੀ ਕਲਾ ਸਿੱਖੋ।

ਮੀਡੀਏ ਵਿਚ ਸਿੱਖ ਵਿਰੋਧੀ ਬਿਰਤਾਂਤ ਦਹਾਕਿਆਂ ਤੋਂ ਆ ਰਹੇ ਹਨ ਅਤੇ ਹੋਰ ਵੀ ਆਉਣੇ ਹਨ। ਇਨ੍ਹਾਂ ਦਾ ਵਿਰੋਧ ਕਰਨਾ ਬਹੁਤ ਵਧੀਆ ਗੱਲ ਹੈ। ਵੱਧ ਤੋਂ ਵੱਧ ਕਰਨਾ ਚਾਹੀਦਾ ਹੈ, ਪਰ ਇਕੱਲੇ ਵਿਰੋਧ ਨਾਲ ਗੱਲ ਨਹੀਂ ਬਣਨੀ। ਸਾਨੂੰ ਆਪਣਾ ਬਿਰਤਾਂਤ ਵੀ ਸਿਰਜਣਾ ਪੈਣਾ ਹੈ, ਪਰ ਬੇਨਤੀ ਹੈ ਕਿ ਕੱਚੇ ਪਿੱਲੇ ਬਿਰਤਾਂਤ ਨਾ ਸਿਰਜੋ। ਜੇ ਕੋਈ ਕੰਮ ਕਰਨਾ ਹੈ ਤਾਂ ਸਿਰੇ ਦਾ ਕਰੋ। ਉਸ ਨੂੰ ਪਹਿਲਾਂ ਸਿੱਖੋ। ਇਸ ਕੰਮ ਵਿਚ ਸਭ ਤੋਂ ਵੱਡਾ ਅੜਿੱਕਾ ਇਹ ਹੁੰਦੈ ਕਿ ਬੰਦੇ ਨੂੰ ਆਪਣੀ ਆਰਥਕ ਸੁਰੱਖਿਆ ਦਾਅ 'ਤੇ ਲਾਉਣੀ ਪੈਂਦੀ ਹੈ, ਪਰ ਜੇ ਤੁਸੀਂ ਕੋਈ ਨਿੱਗਰ ਯੋਗਦਾਨ ਪਾਉਣਾ ਚਾਹੁੰਦੇ ਹੋ ਤਾਂ ਏਨਾ ਕੁ ਤਾਂ ਕਰਨਾ ਹੀ ਪੈਣਾ ਹੈ।

ਭੁੱਲ ਚੁੱਕ ਮਾਫ।

# ਸੌਖਾ ਨਹੀਂ ਨਵੀਂ ਸਟੇਟ ਦਾ ਜਨਮ

*(ਪਿਛਲੇ ਸਫੇ ਦੀ ਬਾਕੀ)*

ਆਜ਼ਾਦੀ ਦੀ ਲੜਾਈ ਸ਼ੁਰੂ ਹੋਈ ਤਾਂ ਸਿੱਖਾਂ ਨੇ ਆਜ਼ਾਦੀ ਦੀ ਲੜਾਈ ਵਿਚ ਵਡਮੁੱਲਾ ਯੋਗਦਾਨ ਪਾਇਆ; ਪਰ ਅਫਸੋਸ! ਕੋਈ ਵੀ ਸਿੱਖ ਲੀਡਰ ਆਪਣਾ ਕੱਦ-ਕਾਠ ਜਵਾਹਰ ਲਾਲ ਨਹਿਰੂ, ਵੱਲਭ ਭਾਈ ਪਟੇਲ ਅਤੇ ਮੌਲਾਨਾ ਆਜ਼ਾਦ ਆਦਿ ਜਿਹਾ ਨਹੀਂ ਬਣਾ ਸਕਿਆ। ਸਿੱਖ ਆਜ਼ਾਦੀ ਦੀ ਲੜਾਈ ਵਿਚ ਸਭ ਤੋਂ ਮੋਹਰੀ ਸਨ। ਸਿੱਖਾਂ ਨੇ ਆਜ਼ਾਦੀ ਦੀ ਲੜਾਈ ਬੜੀ ਸ਼ਿੱਦਤ ਨਾਲ ਅਣਗਿਣਤ ਕੁਰਬਾਨੀਆਂ ਦੇ ਕੇ ਲੜੀ, ਪਰ ਸਿੱਖ ਲੀਡਰਾਂ ਦਾ ਆਪਸ ਵਿਚ ਇਤਫਾਕ ਨਾ ਹੋਣ ਕਰਕੇ ਆਜ਼ਾਦੀ ਪਿਛੋਂ ਬਣੇ ਨਵੇਂ ਭਾਰਤ ਵਿਚ ਸਿੱਖਾਂ ਨੂੰ ਬਣਦਾ ਸਨਮਾਨ ਨਹੀਂ ਦੁਆ ਸਕੇ। ਇਹੋ ਕਾਰਨ ਹੈ ਕਿ ਸਿੱਖਾਂ ਦੇ ਸਨਮਾਨ ਅਤੇ ਹਿਤਾਂ ਦਾ ਉਚਿਤ ਧਿਆਨ ਨਹੀਂ ਰੱਖਿਆ ਗਿਆ।

ਆਜ਼ਾਦੀ ਪਿਛੋਂ ਪੰਜਾਬ ਵਿਚ ਕਾਂਗਰਸੀ ਸਿੱਖ ਲੀਡਰਸ਼ਿੱਪ ਮੂਹਰਲੀ ਕਤਾਰ ਵਿਚ ਆ ਗਈ। ਜ਼ਬਰਦਸਤ ਹਿੰਦੀ ਪ੍ਰੈਸ ਦੇ ਮੁਕਾਬਲੇ ਤਕੜੀ ਪੰਜਾਬੀ ਪ੍ਰੈਸ ਦੀ ਅਣਹੋਂਦ ਨੇ ਪੰਜਾਬੀ ਭਾਸ਼ਾ ਦੀ ਪ੍ਰਗਤੀ ਦੇ ਰਾਹ ਔਖੇ ਕਰ ਦਿੱਤੇ। ਹਿੰਦੀ ਪ੍ਰੈਸ ਵੱਲੋਂ ਪੰਜਾਬੀ ਭਾਸ਼ਾ ਪ੍ਰਤੀ ਨਫਰਤ ਦਾ ਮਾਹੌਲ ਸਿਰਜਿਆ ਗਿਆ। ਇਹ ਜੋ ਹੋਇਆ, ਠੀਕ ਨਹੀਂ ਸੀ। ਅਕਾਲੀ ਲੀਡਰਾਂ ਨੇ ਆਪਣੀ ਰਾਜਸੀ ਸੱਤਾ ਪ੍ਰਾਪਤ ਕਰਨ ਖਾਤਰ ਸਿੱਖਾਂ ਦੇ ਹਿਤਾਂ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕਰਕੇ ਇੱਕ ਸੰਪੰਨ ਸਟੇਟ ਨੂੰ ਇਕ ਛੋਟੀ ਸੂਬੀ ਵਿਚ ਤਬਦੀਲ ਕਰ ਲਿਆ। ਇਨ੍ਹਾਂ ਘਟਨਾਵਾਂ ਦੇ ਸਮਾਨੰਤਰ ਕੁਝ ਸਿੱਖ ਲੀਡਰਾਂ ਤੇ ਨੌਕਰਸ਼ਾਹਾਂ, ਜਿਨ੍ਹਾਂ ਨੂੰ ਉਨ੍ਹਾਂ ਦੀ ਆਸ ਮੁਤਾਬਕ ਰਾਜਸੀ ਮਹੱਤਵ ਨਹੀਂ ਮਿਲਿਆ, ਵਲੋਂ ਵੱਖਰੇ ਸਿੱਖ ਰਾਜ ਦੀ ਮੰਗ ਕਰਨੀ ਆਦਿ ਕੁਝ ਕਾਰਨ ਹਨ, ਜਿਸ 'ਤੇ ਸਿੱਖ ਕਦੇ ਵੀ ਪਾਰ ਨਹੀਂ ਪਾ ਸਕੇ।

ਪਰ ਗੁਰੂ ਨਾਨਕ ਦਿਆਂ ਸਿੱਖਾਂ ਨੇ ਇਕ ਸਰਬ ਪ੍ਰਵਾਨਿਤ ਸਿੱਖ ਲੀਡਰਸ਼ਿਪ ਦੀ ਅਣਹੋਂਦ ਦੇ ਬਾਵਜੂਦ ਆਪਣੇ ਨਿਜੀ ਯਤਨਾਂ ਨਾਲ ਜਿਸ ਕਿਸੇ ਵੀ ਰਾਜ ਵਿਚ ਉਹ ਵੱਸੇ, ਉਨ੍ਹਾਂ ਨੇ ਉਸੇ ਰਾਜ ਵਿਚ ਆਪਣੇ ਆਪ ਨੂੰ ਰਾਜਨੀਤਕ ਤੇ ਵਪਾਰਕ ਤੌਰ 'ਤੇ ਸਥਾਪਿਤ ਕਰਨਾ ਸ਼ੁਰੂ ਕਰ ਦਿੱਤਾ। ਸਾਰੇ ਭਾਰਤ ਵਿਚ ਹਰ ਸੂਬੇ ਵਿਚ ਸਿੱਖਾਂ ਨੇ ਰਾਜਨੀਤਕ ਤੇ ਵਪਾਰਕ ਖੇਤਰਾਂ ਵਿਚ ਬੜਾ ਨਾਮਣਾ ਖੱਟਿਆ। ਉਹ ਹੋਰ ਵਧੇਰੇ ਬੁਲੰਦੀਆਂ ਵੱਲ ਨੂੰ ਵੱਧ ਰਹੇ ਸਨ। ਹਰ ਥਾਂ 'ਤੇ ਉਹ 'ਸਰਦਾਰ ਜੀ' ਵਜੋਂ ਸਤਿਕਾਰੇ ਜਾਂਦੇ ਸਨ, ਪਰ ਅਚਾਨਕ 80ਵਿਆਂ ਦੌਰਾਨ ਪੰਜਾਬ ਵਿਚ ਪੈਦਾ ਹੋਈ ਸਿਆਸੀ ਤੇ ਧਾਰਮਿਕ ਕੱਟੜਤਾ ਦੇ ਘੜਮੱਸ ਨੇ ਪੂਰੇ ਭਾਰਤ ਵਿਚ ਸਿੱਖਾਂ ਦੀ ਤਰੱਕੀ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਬੈਠੇ ਸਿੱਖ ਲੀਡਰਾਂ ਨੇ ਬਿਆਨ ਦੇਣ ਲੱਗਿਆਂ ਕਦੇ ਵੀ ਨਹੀਂ ਸੋਚਿਆ ਕਿ ਸਾਡੇ ਇਨ੍ਹਾਂ ਗੈਰ-ਜ਼ਿੰਮੇਵਾਰ ਬਿਆਨਾਂ ਦਾ ਭਾਰਤ ਦੇ ਦੂਜੇ ਸੂਬਿਆਂ ਵਿਚ ਵਸਦੇ ਸਿੱਖਾਂ 'ਤੇ ਕੀ ਅਸਰ ਪਵੇਗਾ?

1980 ਤੋਂ ਬਾਅਦ ਪੰਜਾਬ ਦੀ ਰਾਜਨੀਤਕ ਰੱਸਾਕਸ਼ੀ, ਜਿਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਦਾਖਲਾ ਹੋ ਚੁਕਾ ਸੀ, ਨੇ ਮੌਕੇ ਦੀ ਅਕਾਲੀ ਲੀਡਰਸ਼ਿਪ ਨੂੰ ਹਾਸ਼ੀਏ ਵੱਲ ਧੱਕਣਾ ਸ਼ੁਰੂ ਕਰ ਦਿੱਤਾ ਸੀ। 1984 ਤੱਕ ਅਕਾਲੀ ਲੀਡਰਸ਼ਿਪ ਧਰਾਸ਼ਾਈ ਹੋ ਚੁਕੀ ਸੀ। ਕੇਂਦਰ ਦੀ ਕਾਂਗਰਸ ਸਰਕਾਰ 'ਤੇ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਸੰਤ ਭਿੰਡਰਾਂਵਾਲੇ ਨੂੰ ਸ਼ਕਤੀਸ਼ਾਲੀ ਬਣਾਉਣ ਦਾ ਦੋਸ਼ ਲੱਗਾ। ਫਿਰ ਵਾਪਰਦਾ ਹੈ, 'ਸਾਕਾ ਨੀਲਾ ਤਾਰਾ' ਅਤੇ ਪੂਰੀ ਦੁਨੀਆਂ ਵਿਚ ਵੱਸਦੇ ਸਿੱਖ ਸਮਾਜ ਨੂੰ ਕਈ ਤਰ੍ਹਾਂ ਨਾਲ ਪ੍ਰਭਾਵਿਤ ਕਰਦਾ ਹੈ। ਫਿਰ ਉਸ ਤੋਂ ਕੁਝ ਮਹੀਨਿਆਂ ਪਿਛੋਂ ਜਦੋਂ ਉਸ ਵੇਲੇ ਦੀ ਪ੍ਰਧਾਨ ਮੰਤਰੀ ਦਾ ਉਸ ਦੇ ਦੋ ਸਿੱਖ ਅੰਗ ਰੱਖਿਅਕਾਂ ਨੇ ਕਤਲ ਕਰ ਦਿੱਤਾ ਤਾਂ ਸਾਰੇ ਸਿੱਖਾਂ ਨੂੰ ਦਿੱਲੀ ਸਮੇਤ ਪੂਰੇ ਭਾਰਤ ਵਿਚ ਵੱਡੀ ਗਿਣਤੀ ਵਿਚ ਜਾਨਾਂ ਗੁਆਉਣੀਆਂ ਪਈਆਂ। ਸਿੱਖਾਂ ਨੂੰ ਇਕ ਅਕਹਿ ਤੇ ਅਸਹਿ ਹਾਲਾਤ ਵਿਚੋਂ ਗੁਜ਼ਰਨਾ ਪਿਆ। ਦੁਖਦਾਈ ਹੈ, ਉਸ ਪਿਛੋਂ ਸ਼ੁਰੂ ਹੋਇਆ ਗੰਦੀ ਸਿਆਸਤ ਦਾ ਘਿਨਾਉਣਾ ਖੇਲ, ਜੋ ਕਈ ਦਹਾਕੇ ਬੀਤ ਜਾਣ ਦੇ ਬਾਵਜੂਦ ਬਾਦਸਤੂਰ ਜਾਰੀ ਹੈ। ਉਨ੍ਹਾਂ ਦੁਖਦਾਈ ਘਟਨਾਵਾਂ ਦੇ ਪੀੜਤਾਂ ਦੇ ਜਖਮਾਂ 'ਤੇ ਮਰਹਮ ਲਾਉਣ ਦੀ ਥਾਂ ਸਿੱਖ ਲੀਡਰ ਇਨ੍ਹਾਂ ਘਟਨਾਵਾਂ ਦੇ ਨਾਮਕਰਨ 'ਤੇ ਵਧੇਰੇ ਜ਼ੋਰ ਦਿੰਦੇ ਹਨ। ਹਰ ਲੀਡਰ ਆਪਣੀ ਸਿਆਸਤ ਅਨੁਸਾਰ ਕੋਈ ਇਸ ਨੂੰ 'ਦੰਗੇ' ਕਹਿੰਦਾ ਹੈ ਤੇ ਕੋਈ 'ਨਸਲਕੁਸ਼ੀ' ਦਾ ਨਾਂ ਦਿੰਦਾ ਹੈ। ਹਰ ਕਿਸੇ ਨੇ ਇਨ੍ਹਾਂ ਮੰਦਭਾਗੀ ਘਟਨਾਵਾਂ ਦਾ ਭਰਪੂਰ ਸਿਆਸੀ ਤੇ ਧਾਰਮਿਕ ਲਾਹਾ ਲਿਆ।

ਕਿਸੇ ਨੇ ਵੀ ਆਪਣੇ ਆਪ ਤੋਂ ਇਹ ਸਵਾਲ ਨਹੀਂ ਪੁੱਛਿਆ ਕਿ ਆਖਰ ਹਜ਼ਾਰਾਂ ਨਿਰਦੋਸ਼ ਸਿੱਖਾਂ ਦੀ ਕਤਲੋ-ਗਾਰਤ ਲਈ ਜ਼ਿੰਮੇਵਾਰ ਧਿਰ ਕੌਣ ਹੈ? ਸਾਰੇ ਇਸ ਦੀ ਜ਼ਿੰਮੇਵਾਰੀ ਕਾਂਗਰਸ 'ਤੇ ਸੁੱਟ ਕੇ ਆਪ ਪਾਕ ਸਾਫ ਨਿਕਲਦੇ ਬਣੇ। ਤਾੜੀ ਦੋ ਹੱਥਾਂ ਨਾਲ ਹੀ ਵੱਜਦੀ ਹੈ। ਕੀ ਸਮੇਂ ਦੀ ਸਿੱਖ ਲੀਡਰਸ਼ਿਪ ਵੀ ਤਾਂ ਇਸ ਘਟਨਾ ਲਈ ਪੂਰੀ ਜਾਂ ਕੁਝ ਹੱਦ ਤੱਕ ਜ਼ਿੰਮੇਵਾਰ ਤਾਂ ਨਹੀਂ? ਸਾਲ ਚੌਰਾਸੀ ਦੇ ਵਿਸਫੋਟਕ ਹਾਲਾਤ ਕਿਵੇਂ ਤਿਆਰ ਹੋਏ, ਜਿਨ੍ਹਾਂ ਲਈ ਪੂਰੇ ਭਾਰਤ ਵਿਚ ਵਸਦੇ ਸਿੱਖਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ। ਆਖਰ ਉਨ੍ਹਾਂ ਮਾਸੂਮਾਂ ਦਾ ਕੀ ਦੋਸ਼ ਸੀ? ਫਿਰ ਉਨ੍ਹਾਂ ਦੀਆਂ ਲਾਸ਼ਾਂ ਦੇ ਅੰਬਾਰ 'ਤੇ ਖਾਲਿਸਤਾਨ ਬਣਾਉਣ ਦੀਆਂ ਗੱਲਾਂ ਸ਼ੁਰੂ ਹੋ ਗਈਆਂ, ਪਰ ਦਿੱਲੀ ਦੀ ਵਿਧਵਾ ਕਾਲੋਨੀ ਵਿਚ ਇਨ੍ਹਾਂ ਦੁਖਦਾਈ ਘਟਨਾਵਾਂ ਦਾ ਸੰਤਾਪ ਭੋਗ ਰਹੀਆਂ ਬੀਬੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਸਨਮਾਨਿਤ ਵਸੇਬੇ ਬਾਰੇ ਦੁਨੀਆਂ ਦੀ ਸਿੱਖ ਲੀਡਰਸ਼ਿਪ ਨੇ ਕੁਝ ਵੀ ਨਹੀਂ ਕੀਤਾ। ਕੀ ਦੁਨੀਆਂ ਭਰ ਦੇ ਸਿੱਖਾਂ ਲਈ ਹਜ਼ਾਰਾਂ ਪਰਿਵਾਰਾਂ ਦਾ ਮੁੜ ਵਸੇਬਾ ਵੱਡਾ ਕੰਮ ਸੀ?

ਉਪਰੋਕਤ ਵਸੇਬੇ ਵਾਲਾ ਕੰਮ ਤਾਂ ਨਹੀਂ ਹੋਇਆ, ਪਰ ਦੇਸ਼ਾਂ ਵਿਦੇਸ਼ਾਂ ਵਿਚੋਂ ਪੀੜਤਾਂ ਦੇ ਨਾਂ 'ਤੇ ਉਗਰਾਹੀਆਂ ਦਾ ਦੌਰ ਜ਼ਰੂਰ ਚੱਲਿਆ। ਬਹੁਤ ਲੋਕ ਕੱਖ ਤੋਂ ਲੱਖ ਬਣ ਗਏ। ਦੂਜਾ, ਚੌਰਾਸੀ ਦੀਆਂ ਘਟਨਾਵਾਂ ਨੇ ਖਾਲਿਸਤਾਨ ਲਹਿਰ ਨੂੰ ਬਹੁਤ ਬਲ ਦਿੱਤਾ। ਅਜਮੇਰ ਸਿੰਘ ਖਾਲਿਸਤਾਨ ਦਾ ਮੁੱਖ ਬੁਲਾਰਾ ਬਣ ਗਿਆ। ਉਹਨੇ ਕਿਤਾਬਾਂ ਵੀ ਲਿਖੀਆਂ ਤੇ ਲਹਿਰ ਦੇ ਵਹਾ 'ਚ ਵੇਚੀਆਂ। ਹੁਣ ਉਹ ਕਿੱਥੇ ਹੈ? ਹੁਣ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਦੀ ਵਾਰੀ ਹੈ। ਜੇ ਐਲਾਨਨਾਮਿਆਂ ਨਾਲ ਸੌਖਿਆਂ ਹੀ ਇਕ ਨਵੀਂ ਸਟੇਟ ਦਾ ਜਨਮ ਹੋ ਸਕਦਾ ਤਾਂ ਇਸਰਾਈਲ ਵਾਲਿਆਂ ਨੇ ਇੰਨਾ ਵੱਡਾ ਤੇ ਲੰਮਾ ਸੰਘਰਸ਼ ਕਿਉਂ ਕੀਤਾ? ਕੀ ਸਿੱਖਾਂ ਨੇ ਇਸਰਾਈਲ ਦੇਸ਼ ਦੇ ਗਠਨ ਦਾ ਇਤਿਹਾਸ ਪੜ੍ਹਿਆ ਹੈ?

ਮੇਰਾ ਮੰਨਣਾ ਹੈ ਕਿ ਸਿੱਖ ਕੌਮ ਵਿਚ ਇਸ ਵੇਲੇ ਸਭ ਤੋਂ ਵੱਧ ਅਨੁਸ਼ਾਸਨ ਹੀਣਤਾ ਦੀ ਸ਼ਿਕਾਰ ਹੈ। ਹਰ ਸਿੱਖ ਇਹੋ ਚਾਹੁੰਦਾ ਹੈ ਕਿ ਕਤਾਰ ਉਸ ਤੋਂ ਸ਼ੁਰੂ ਹੋਵੇ। ਕੋਈ ਵੀ ਦੂਜੇ ਦੇ ਪਿੱਛੇ ਨਹੀਂ ਲੱਗਦਾ ਚਾਹੁੰਦਾ। ਇਸ ਅਨੁਸ਼ਾਸਨ ਹੀਣਤਾ ਕਾਰਨ ਹੀ ਸਿੱਖਾਂ 'ਚ ਹਰ ਪੱਧਰ 'ਤੇ ਵੰਡੀਆਂ ਪੈ ਰਹੀਆਂ ਹਨ। ਹਰ ਸਿੱਖ ਦੂਜੇ ਸਿੱਖ 'ਤੇ ਭਾਰੂ ਹੋਣ ਦੀ ਮਾਨਸਿਕਤਾ ਪਾਲਣ ਲੱਗਾ ਹੈ, ਜੋ ਸਹੀ ਨਹੀਂ ਹੈ।

ਮੁਆਫ ਕਰਨਾ! ਹਕੀਕਤ ਇਹ ਹੋਈ ਪਈ ਹੈ ਕਿ ਸਿੱਖ ਕੌਮ ਤੂੜੀ ਦੀ ਇਕ ਪੰਡ ਵਾਂਗ ਹੈ, ਜਿਸ ਨੂੰ ਜਿੰਨਾ ਮਰਜ਼ੀ ਤਰੰਗਲੀ ਨਾਲ ਠੱਪ ਲਉ, ਇਸ ਨੇ ਕਿਰਨਾ ਹੀ ਹੈ! ਚੰਗਾ ਹੋਵੇ ਜੇ ਹਰ ਗੁਰੂ ਨਾਨਕ ਨਾਮ ਲੇਵਾ ਆਮ ਸਿੱਖ, ਉਹ ਭਾਵੇਂ ਜਿੱਥੇ ਕਿਤੇ ਵੀ ਵੱਸਦਾ ਹੋਵੇ, ਗੁਰੂ ਨਾਨਕ ਦੀ ਸਿੱਖਿਆ 'ਤੇ ਚੱਲਦਾ ਭਾਵੇਂ ਛੋਟਾ ਜਿਹਾ ਹੀ ਕਿਉਂ ਨਾ ਹੋਵੇ, ਆਪਣੇ ਸ਼ੁਭ ਕਰਮਨ ਨਾਲ ਆਪਣਾ ਇਕ ਖੁਦ ਮੁਖਤਿਆਰ 'ਖਾਲਿਸਤਾਨ' ਬਣਾਵੇ। ਇੰਜ ਜਦੋਂ ਸਾਰੇ ਖਾਲਿਸਤਾਨਾਂ ਦੀ ਸ਼ੋਹਰਤ ਤੇ ਸ਼ੋਭਾ ਸਾਰੇ ਸੰਸਾਰ ਵਿਚ ਫੈਲੇ ਤਾਂ ਸਾਰਾ ਸੰਸਾਰ ਹੀ ਗੁਰੂ ਨਾਨਕ ਦੇ ਮੁਰੀਦਾਂ ਦਾ 'ਖਾਲਿਸਤਾਨ' ਲੱਗੇ।

# ਸ਼ਬਦਾਂ ਦੇ ਸਰਪਟ ਘੋੜੇ ਦਾ ਸਵਾਰ

***ਸਦਾ ਪੈਰੀਂ ਸਫਰ ਵਾਲਾ ਸਾਹਿਤਕਾਰ ਦੇਵਿੰਦਰ ਸਤਿਆਰਥੀ (28 ਮਈ 1908-12 ਫਰਵਰੀ 2003) ਨਿੱਕੇ ਜਿਹੇ ਕਸਬੇ ਭਦੌੜ (ਬਰਨਾਲਾ) ਵਿਚ ਜੰਮਿਆ ਅਤੇ ਫਿਰ ਪਤਾ ਨਹੀਂ ਕਿਹੜੇ-ਕਿਹੜੇ ਦੇਸ-ਪਰਦੇਸ ਗਾਹੇ। ਉਹਨੇ ਅਣਗਿਣਤ ਲੋਕ ਗੀਤ ਇਕੱਠੇ ਕੀਤੇ ਅਤੇ ਫਿਰ ਇਨ੍ਹਾਂ ਗੀਤਾਂ ਵਿਚੋਂ ਹੀ ਰਚਨਾਵਾਂ ਜਨਮ ਲੈਂਦੀਆਂ ਰਹੀਆਂ। ਉਸ ਦੇ ਸਾਹਿਤ ਅਤੇ ਜੀਵਨ ਨਾਲ ਬਹੁਤ ਵਿਲੱਖਣ ਕਿੱਸੇ ਜੁੜੇ ਹੋਏ ਹਨ ਜਿਨ੍ਹਾਂ ਵਿਚੋਂ ਕੁਝ ਇਕ ਦਾ ਜ਼ਿਕਰ ਇਸ ਲੇਖ ਵਿਚ ਕਹਾਣੀਕਾਰ ਜਸਬੀਰ ਭੁੱਲਰ ਨੇ ਕੀਤਾ ਹੈ। -ਸੰਪਾਦਕ***

ਜਦੋਂ ਮੈਂ ਟੁਰ ਜਾਵਾਂਗਾ ਇਥੋਂ
ਮੈਂ ਵੀ ਖਿੜ ਰਿਹਾ ਹੋਵਾਂਗਾ
ਮੈਂ ਵੀ ਫੁੱਲ ਰਿਹਾ ਹੋਵਾਂਗਾ
ਬੰਗਲਾ ਲੋਕ ਕਥਾ ਵਿਚ ਜੀਕਣ
ਮੁੜ-ਮੁੜ ਖਿੜਦੀ ਪਾਰੁਲ!

ਅਚਾਨਕ ਇਹ ਕਵਿਤਾ ਪੜ੍ਹੀ ਤਾਂ ਉਹ ਮੇਰੇ ਚੇਤੇ ਵਲ ਪੌੜੀਆਂ ਉਤਰ ਆਇਆ। ਮੌਤ ਤੋਂ ਕਿੰਨੇ ਵਰ੍ਹਿਆਂ ਬਾਅਦ ਉਹ ਮੇਰੇ ਅੰਦਰ ਜਿਉਂਦਾ ਹੋ ਗਿਆ ਸੀ! ਸਾਡੇ ਸਾਹਿਤ ਦਾ ਵੱਡਾ ਨਾਂ ਸੀ ਦੇਵਿੰਦਰ ਸਤਿਆਰਥੀ। ਵੱਡੇ ਹੋਣ ਲਈ ਉਸ ਨੂੰ ਕਿਸੇ ਸਾਹਿਤ ਅਕਾਦਮੀ ਦੇ ਇਨਾਮ ਦੀ ਕਲਗੀ ਨਹੀਂ ਸੀ ਲਾਉਣੀ ਪਈ। ਜੇ ਉਹ ਕਲਗੀ ਲੱਗੀ ਹੁੰਦੀ ਤਾਂ ਉਸ ਨੇ ਸਗੋਂ ਨਿੱਕੇ ਹੋ ਜਾਣਾ ਸੀ। ਜ਼ਮੀਰ ਨੂੰ ਮਾਰ ਕੇ ਲਏ ਹੋਏ ਇਨਾਮ ਲੇਖਕ ਨਾਲ ਇਹੋ ਕਰਦੇ ਹਨ।

ਉਦੋਂ ਵੀ ਲੇਖਕ-ਨੁਮਾ ਟੋਲੇ ਸਾਹਿਤ ਨੂੰ ਗੇੜੇ ਦੇਣ ਲੱਗ ਪਏ ਸਨ। ਹੱਕਦਾਰ ਨੂੰ ਪਰ੍ਹਾਂ ਧੱਕ ਕੇ ਉਹ ਆਪਣੇ ਚਹੇਤੇ-ਚਹੇਤੀਆਂ ਨੂੰ ਇਨਾਮ ਦੀਆਂ

ਜਸਬੀਰ ਭੁੱਲਰ

ਕਲਗੀਆਂ ਵੀ ਲਾਉਣ ਲੱਗ ਪਏ ਸਨ। ਜ਼ਾਹਰ ਹੈ ਕਿ ਦੇਵਿੰਦਰ ਸਤਿਆਰਥੀ ਵਰਗੇ ਦਰਵੇਸ਼ ਲੇਖਕ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਨਹੀਂ ਸੀ ਮਿਲਣਾ। ਉਹ ਕਿਸੇ ਵੀ ਇਹੋ ਜਿਹੇ ਟੋਲੇ ਦਾ ਫੀਲ੍ਹਾ ਨਹੀਂ ਸੀ।

ਅੱਜ ਤਕ ਵੀ ਇਸ ਗੁਨਾਹ ਦੀ ਕਿਸੇ ਨੇ ਮੁਆਫੀ ਨਹੀਂ ਮੰਗੀ। ਕੋਈ ਸ਼ਰਮਸਾਰ ਨਹੀਂ ਹੋਇਆ। ਕਿਸੇ ਦੀ ਜ਼ਮੀਰ ਨਹੀਂ ਜਾਗੀ। ਬਸ, ਮਹਿਫਲਾਂ ਵਿਚ ਕਦੇ-ਕਦਾਈਂ ਕੋਈ ਗੱਲ ਕਰਦਾ ਹੈ ਕਿ ਸਤਿਆਰਥੀ ਨਾਲ ਅਨਿਆਂ ਹੋਇਆ ਸੀ।

ਮੈਂ ਆਪਣੇ ਆਪ ਨੂੰ ਕੋਸਿਆ। ਜੇਠ-ਹਾੜ੍ਹ ਦੀ ਰੁੱਤ, ਠੰਢੀ-ਮਿੱਠੀ ਪੌਣ ਵਰਗੇ ਦੇਵਿੰਦਰ ਸਤਿਆਰਥੀ ਦੀ ਗੱਲ ਕਰਦਿਆਂ ਮੈਂ ਬੇਧਿਆਨੀ ਵਿਚ ਇਨਾਮਾਂ-ਸਨਮਾਨਾਂ ਦੀ ਬਦਬੂਦਾਰ ਪੂਣੀ ਛੋਹ ਲਈ ਸੀ। 'ਹੁਣ ਮੈਂ ਉਸ ਫਕੀਰ ਬਾਰੇ ਸੋਹਣੀਆਂ ਗੱਲਾਂ ਹੀ ਚੇਤੇ ਕਰਾਂਗਾਂ।' ਮੈਂ ਖੁਦ ਨਾਲ ਅਜੇ ਇੰਨੀ ਕੁ ਗੱਲ ਹੀ ਕੀਤੀ ਸੀ ਕਿ ਖਿੜਖਿੜਾ ਦੇ ਹੱਸ ਪਿਆ। ਬੰਦਾ ਇਕੱਲਾ ਬੈਠਾ ਹੱਸਦਾ ਕਿੰਨਾ ਅਜੀਬ ਲੱਗਦਾ ਹੈ ਪਰ ਸਤਿਆਰਥੀ ਦੀ ਜਿਹੜੀ ਸੁਹਣੀ ਗੱਲ ਚੇਤੇ ਆਈ, ਉਹ ਵੀ ਤਾਂ ਅਲੋਕਾਰ ਸੀ।

---

ਅਜੇ ਕੱਲ੍ਹ ਦੀ ਗੱਲ ਲੱਗਦੀ ਹੈ।...

ਅੰਮ੍ਰਿਤਾ ਪ੍ਰੀਤਮ ਦਾ ਜਨਮ ਦਿਨ ਸੀ। ਕੁਝ ਦੋਸਤ ਰਲ ਕੇ ਅੰਮ੍ਰਿਤਾ ਨੂੰ ਜਨਮ ਦਿਨ ਦੀ ਵਧਾਈ ਦੇਣ ਚਲੇ ਗਏ। ਦੋਸਤਾਂ ਦੀ ਢਾਣੀ ਵਿਚ ਦੇਵਿੰਦਰ ਸਤਿਆਰਥੀ ਵੀ ਸ਼ਾਮਲ ਸੀ। ਚਾਹ ਦੀਆਂ ਨਿੱਕੀਆਂ-ਨਿੱਕੀਆਂ ਘੁੱਟਾਂ ਦੇ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਵੀ ਹੁੰਦੀਆਂ ਰਹੀਆਂ। ਅਚਨਚੇਤੀ ਦੋਸਤਾਂ ਨੇ ਬੇਨਤੀ ਕੀਤੀ ਕਿ ਸਤਿਆਰਥੀ ਵਲੋਂ ਅੰਮ੍ਰਿਤਾ ਨੂੰ ਕੁਝ ਕਹੇ।

ਸੋਚਾਂ ਬੰਦੇ ਨੂੰ ਪਤਾ ਨਹੀਂ ਕਿਹੜੇ-ਕਿਹੜੇ ਰਾਹ ਤੋਰੀ ਫਿਰਦੀਆਂ ਹਨ। ਉਨ੍ਹੀਂ ਦਿਨੀਂ ਇਕ ਫਿਲਮੀ ਗੀਤ ਲੋਕਾਂ ਦੇ ਮੂੰਹ ਉਤੇ ਚੜ੍ਹਿਆ ਹੋਇਆ ਸੀ। ਉਹ ਗੀਤ ਸਤਿਆਰਥੀ ਦੀ ਜ਼ੁਬਾਨ ਉਤੇ ਆ ਕੇ ਬੈਠ ਗਿਆ। ਉਹਨੇ ਆਪਣੀ ਦਾੜ੍ਹੀ ਉਤੇ ਹੱਥ ਫੇਰਿਆ। ਉਹਦੀ ਕੂਲੀ ਜਿਹੀ ਆਵਾਜ਼ ਉਸ ਪਲ ਕੁਝ ਵਧੇਰੇ ਹੀ ਮੁਲਾਇਮ ਹੋ ਗਈ। ਉਹ ਨਿਮ੍ਹਾ ਜਿਹਾ ਮੁਸਕਰਾਇਆ ਤੇ ਬੋਲਿਆ, "ਅੰਮ੍ਰਿਤਾ! ਤੂੰ ਚੀਜ਼ ਬੜੀ ਹੈਂ ਮਸਤ-ਮਸਤ...।" ਸਾਰੇ ਇਕ ਛਿਣ ਲਈ ਭਮੱਤਰ ਗਏ। ਅਗਲੇ ਛਿਣ ਅੰਮ੍ਰਿਤਾ ਖਿੜਖਿੜਾ ਕੇ ਹੱਸ ਪਈ ਤਾਂ ਸ਼ਾਮ ਦਾ ਮੌਸਮ ਫੁਲਝੜੀ ਵਾਂਗੂ ਹੋ ਗਿਆ।

---

ਦੋਸਤਾਂ ਦੀ ਮਹਿਫਲ ਵਿਚ ਦੇਵਿੰਦਰ ਸਤਿਆਰਥੀ ਦਾ ਜ਼ਿਕਰ ਆਉਂਦਾ ਸੀ ਤਾਂ ਲਾਤੀਫੇ ਤਾਮੀਰ ਹੁੰਦੇ ਸਨ। ਉਸ ਦੀਆਂ ਕਾਵਿ-ਟੂਕਾਂ ਦੁਹਰਾਈਆਂ ਜਾਂਦੀਆਂ ਸਨ; ਤਲਿਸਮ ਤਾਰੀ ਹੁੰਦਾ ਸੀ। ਪਤਾ ਨਹੀਂ ਕਿੰਨੇ ਕੁ ਬੂਹਿਆਂ ਦਾ ਇਲਮ ਉਸ ਦੇ ਮੱਥੇ ਵਿਚ ਹੈ। ਪਤਾ ਨਹੀਂ ਕਿੰਨੇ ਕੁ ਬੂਹਿਆਂ ਦੀ ਬੇਰੁਖੀ ਕੋਲੋਂ ਉਸ ਦੀਆਂ ਪੈੜਾਂ ਮੁੜ ਆਈਆਂ ਹਨ।

ਦਰਵੇਸ਼ੀ ਦੇ ਆਲਮ ਬਾਰੇ ਇਕੋ ਚੁੱਪ ਭਲੀ।

ਉਸ ਫਕੀਰ ਬਾਰੇ ਮੈਂ ਆਪਣੇ ਹਨੇਰੇ ਨੂੰ ਨਿਤਾਰ ਕੇ ਜੋ ਕੁਝ ਵੀ ਸਾਹਮਣੇ ਧਰ ਲਵਾਂ, ਉਹ ਇਕ ਪਲ ਦਾ ਸੱਚ ਹੈ ਤੇ ਅਗਲੇ ਪਲ ਦਾ ਝੂਠ। ਜੋ ਝੂਠ ਜਾਪਦਾ ਹੈ, ਉਹ ਅਗਲੇ ਛਿਣ ਸੱਚ ਹੋ ਕੇ ਲਿਸ਼ਕਣ ਲੱਗ ਪੈਂਦਾ ਹੈ।

ਸੱਚ ਝੂਠ ਦੀ ਬੇੜੀ ਵਿਚ ਡਿੱਕੋ-ਡੋਲੇ ਖਾਂਦਿਆਂ ਮੈਂ ਦਾਅਵੇ ਨਾਲ ਕਹਿ ਰਿਹਾ ਹਾਂ ਕਿ ਮੈਂ ਉਸ ਫਕੀਰ ਸਤਿਆਰਥੀ ਨੂੰ ਜਾਣਦਾ ਹਾਂ। ਓਨੇ ਹੀ ਦਾਅਵੇ ਨਾਲ ਮੈਂ ਇਹ ਵੀ ਕਹਿ ਰਿਹਾ ਹਾਂ ਕਿ ਉਹ ਲੰਮੇ ਚੋਗੇ ਵਾਲਾ ਮੇਰੇ ਦਿਲ ਦਾ ਅਜਨਬੀ ਹੈ।

ਉਸ ਤੁਰਦੇ-ਫਿਰਦੇ ਭੂਤ ਦੀਆਂ ਕੋਈ ਕਿੰਨੀਆਂ ਕੁ ਤਹਿਆਂ ਫਰੋਲ ਲਵੇ!

ਉਸ ਦੇ ਨਾਲ ਬਹੁਤ ਜਣੇ ਤੁਰੇ ਹਨ। ਬਹੁਤੇ ਦੋਸਤ ਤਾਂ ਉਸ ਨਾਲ ਬਸ ਕੁਝ ਗਲੀਆਂ ਦੂਰ ਤਕ ਗਏ ਹਨ। ਕੁਝ ਸੜਕਾਂ ਲੰਮੇ ਦਾਅਵਿਆਂ ਵਿਚ ਜੀਵੇ ਹਨ। ਕੁਝ ਕੁ ਨੇ ਦੋਸਤੀ ਦੀ ਛੱਤ ਹੇਠ ਉਸ ਨਾਲ ਕਹਿਕਹੇ ਮਾਰੇ ਹਨ ਤੇ ਫਿਰ ਉਸ ਨੂੰ ਕਿਸੇ ਵੀ ਸਰਕਾਰੀ ਬੈਂਚ ਉਤੇ ਬਿਠਾ ਕੇ ਬੇਪਛਾਣ ਹੋ ਗਏ ਹਨ। ਉਸ ਨੂੰ ਉਹ ਚੇਤੇ ਨਹੀਂ ਰਹੇ। ਇਸੇ ਲਈ ਉਸ ਦਾ ਕੋਈ ਗਿਲਾ ਸ਼ਿਕਵਾ ਵੀ ਨਹੀਂ।

'ਦਰਵੇਸ਼ਾਂ ਨੂੰ ਲੋੜੀਏ ਰੁੱਖਾਂ ਦੀ ਜੀਰਾਂਦ।'

ਰੁੱਖ ਤਾਂ ਪਹਿਲਾਂ ਵੀ ਸਨ। ਰੁੱਖ ਤਾਂ ਫਿਰ ਵੀ ਹੋਣਗੇ। ਉਸ ਦਿਨ ਇਕ ਰੁੱਖ ਹੇਠ ਉਸ ਨੇ ਕੁਝ ਦੇਰ ਸਾਹ ਲਿਆ ਸੀ ਤੇ ਫਿਰ ਤੁਰ ਪਿਆ ਸੀ। ਉਸ ਦਿਨ ਉਸ ਦੇ ਨਾਲ ਕੁਝ ਪੈਰ ਵੀ ਤੁਰੇ ਸਨ।



ਪੰਜਾਬੀ ਸਾਹਿਤ ਦੇ ਮਾਣ ਦੇਵਿੰਦਰ ਸਤਿਆਰਥੀ ਦੇ ਤਿੰਨ ਵੱਖ-ਵੱਖ ਰੰਗ।

ਉਨ੍ਹਾਂ ਵਿਚੋਂ ਇਕ ਜੋੜੀ ਪੈਰ ਮੇਰੇ ਸਨ ਤੇ ਬਾਕੀ ਪ੍ਰਮਿੰਦਰਜੀਤ, ਜੋਗਿੰਦਰ ਕੈਰੋਂ ਅਤੇ ਮੋਹਨਜੀਤ ਦੇ। ਉਨ੍ਹਾਂ ਪੈਰਾਂ ਵਿਚ ਆਵਾਰਗੀ ਸੀ ਤੇ ਨਜ਼ਰਾਂ ਸਾਹਵੇਂ ਅੰਮ੍ਰਿਤਸਰ ਸ਼ਹਿਰ ਦੀਆਂ ਗੁੰਝਲਦਾਰ ਗਲੀਆਂ।

ਅਸੀਂ ਬੇਵਜ੍ਹਾ ਤੁਰਨਾ ਸੀ ਤੇ ਦੇਰ ਤਕ ਤੁਰਦੇ ਰਹਿਣਾ ਸੀ। ਦੇਵਿੰਦਰ ਸਤਿਆਰਥੀ ਨੂੰ ਨਾ ਕਿਸੇ ਰਾਹ ਤੋਂ ਗੁਰੇਜ਼ ਸੀ ਤੇ ਨਾ ਪੈਂਡੇ ਤੋਂ। ਕੌਣ ਉਸ ਦੇ ਸਫਰ ਦਾ ਲੇਖਾ ਕਰੇ? ਕੌਣ ਲਾਵੇ ਉਸ ਦੇ ਅੱਟਣਾਂ ਦਾ ਹਿਸਾਬ!

ਲੰਮਾ ਕੋਟ, ਖੁੱਲ੍ਹੇ ਵਾਲ, ਲੰਮੀ ਦਾੜ੍ਹੀ, ਐਨਕਾਂ ਪਿੱਛੇ ਹੱਸਦੀਆਂ ਸੋਚਵਾਨ ਅੱਖਾਂ, ਮੋਢੇ ਨਾਲ ਲਟਕਦਾ ਝੋਲਾ, ਝੋਲੇ ਵਿਚ ਪੂਰੀ-ਅਧੂਰੀ ਕੋਈ ਰਚਨਾ, ਹਿਫਾਜ਼ਤ ਨਾਲ ਰੱਖੀ ਹੋਈ ਲੇਵੀ ਤੇ ਰਚਨਾ ਦੀ ਸੋਧ ਲਈ ਕਾਗਜ਼ ਦੀਆਂ ਕਾਤਰਾਂ। ਉਸ ਦਿਨ ਉਸ ਤੋਂ ਵੱਧ ਵੀ ਉਸ ਝੋਲੇ ਵਿਚ ਬੜਾ ਕੁਝ ਸੀ, ਪਰ ਸਾਡਾ ਸਰੋਕਾਰ ਉਸ ਰਚਨਾ ਨਾਲ ਸੀ ਜੋ ਉਸ ਦਿਨ ਵੀ ਨਾਲ ਤੁਰੀ ਸੀ। ਉਸ ਰਚਨਾ ਦਾ ਰੂਪ ਕੀ ਤੋਂ ਕੀ ਹੋ ਜਾਵੇ, ਕੋਈ ਨਹੀਂ ਸੀ ਜਾਣਦਾ। ਰਾਹੇ ਰਾਹ ਤੁਰਿਆ ਉਹ ਉਸ ਰਚਨਾ ਲਈ ਇਕ-ਇਕ ਕਰਕੇ ਸ਼ਬਦ ਚੁਗ ਰਿਹਾ ਸੀ ਜਿਵੇਂ ਪਰੀ ਕਥਾਵਾਂ ਵਿਚ ਹੰਸ ਮੋਤੀ ਚੁਗਦਾ ਹੈ, ਜਿਵੇਂ ਪਹਿਲਾਂ-ਪਹਿਲ ਉਸ ਨੇ ਗੀਤ ਚੁਣੇ ਸਨ।

ਸ਼ਬਦ ਦੇਵਿੰਦਰ ਸਤਿਆਰਥੀ ਦੀ ਪਨਾਹ ਹਨ। ਉਹ ਕਿਧਰੇ ਵੀ ਖਲੋ ਕੇ ਸਾਡੇ ਵਿਚੋਂ ਕਿਸੇ ਦਾ ਬੋਲਿਆ ਹੋਇਆ ਕੋਈ ਚੰਗਾ ਸ਼ਬਦ, ਕੋਈ ਚੰਗਾ ਫਿਕਰਾ ਨੋਟ ਕਰਨ ਲੱਗ ਪੈਂਦਾ ਸੀ।

ਅਸੀਂ ਪਤਾ ਨਹੀਂ ਕਿੱਧਰ-ਕਿੱਧਰ ਘੁੰਮਦੇ ਰਹੇ ਸਾਂ। ਸਾਡੀ ਆਵਾਰਗੀ ਦੀ ਵੀ ਸੀਮਾ ਸੀ। ਅਸੀਂ ਥੱਕਣ ਲੱਗ ਪਏ ਸਾਂ, ਪਰ ਦੇਵਿੰਦਰ ਸਤਿਆਰਥੀ ਨੇ ਥੱਕਣ ਦਾ ਨਾਂ ਨਹੀਂ ਸੀ ਲਿਆ। ਢਲਦੀ ਸ਼ਾਮ ਦੱਬੇ ਪੈਰੀਂ ਰਾਤ ਵਲ ਤੁਰ ਰਹੀ ਸੀ। ਮੋਹਨਜੀਤ ਤੇ ਜੋਗਿੰਦਰ ਕੈਰੋਂ ਸਾਨੂੰ ਵਿਦਾ ਕਹਿ ਕੇ ਤੁਰ ਗਏ। ਪ੍ਰਮਿੰਦਰਜੀਤ ਤੇ ਸਤਿਆਰਥੀ ਮੇਰੇ ਨਾਲ ਤਰਨ ਤਾਰਨ ਪਹੁੰਚ ਗਏ।

ਜੋਗਿੰਦਰ ਕੈਰੋਂ ਨੂੰ ਸਾਡੇ ਤੋਂ ਵੱਖ ਹੋ ਕੇ ਜਿਵੇਂ ਚੈਨ ਨਹੀਂ ਸੀ ਆਇਆ। ਅਸੀਂ ਰਾਤ ਦੀ ਮਹਿਫਲ ਲਈ ਹਾਲੇ ਦੀਵੇ ਬਾਲਣ ਦੇ ਆਹਰ ਵਿਚ ਹੀ ਸਾਂ ਕਿ ਉਹ ਵੀ ਪਹੁੰਚ ਗਿਆ। ਉਹ ਪਹਿਲੀ ਵਾਰ ਉਚੇਚਾ ਚੱਲ ਕੇ ਮੇਰੇ ਘਰ ਆਇਆ ਸੀ ਤੇ ਇਹ ਆਖਣ ਆਇਆ ਸੀ ਕਿ ਉਹ ਦੋਸਤਾਂ ਦੀ ਉਸ ਮਹਿਫਲ ਵਿਚ ਸ਼ਾਮਲ ਨਹੀਂ ਹੋ ਸਕੇਗਾ। ... ਤੇ ਇਹ ਗੱਲ ਵੱਖਰੀ ਹੈ ਕਿ ਜਦੋਂ ਕੈਰੋਂ ਵਾਪਸ ਮੁੜਿਆ ਤਾਂ ਰਾਤ ਅੱਧੀਓਂ ਵੱਧ ਟੱਪ ਚੁੱਕੀ ਸੀ।

ਪ੍ਰਮਿੰਦਰਜੀਤ ਸਾਕੀ ਬਣਿਆ ਤਾਂ ਦੇਵਿੰਦਰ ਸਤਿਆਰਥੀ ਨੇ ਸਾਫ ਸ਼ਬਦਾਂ ਵਿਚ ਦੱਸਿਆ, "ਮੈਂ ਤਾਂ ਜੀ ਸ਼ਰਾਬ ਦਾ ਸੇਵਨ ਨਹੀਂ ਕਰਦਾ।"

ਫੈਸਲਾ ਇਹ ਹੋਇਆ ਕਿ ਦੇਵਿੰਦਰ ਸਤਿਆਰਥੀ ਦੋਸਤਾਂ ਦੇ ਸਾਥ ਖਾਤਰ ਸ਼ਰਾਬ ਦਾ ਭਰਿਆ ਹੋਇਆ ਗਲਾਸ ਸਾਹਮਣੇ ਧਰ ਲਵੇ ਤੇ ਬਸ! ਦੇਵਿੰਦਰ ਸਤਿਆਰਥੀ ਦੇ ਗਲਾਸ ਵਿਚ ਸ਼ਰਾਬ ਪਾਉਣ ਲਈ ਪ੍ਰਮਿੰਦਰਜੀਤ ਨੇ ਬੋਤਲ ਟੇਢੀ ਕੀਤੀ ਸੀ। ਸਤਿਆਰਥੀ ਨੇ ਜਦੋਂ 'ਬਸ' ਆਖਿਆ, ਉਸ ਵੇਲੇ ਤਕ ਗਲਾਸ ਅੱਧੇ ਤੋਂ ਵੱਧ ਭਰ ਚੁੱਕਿਆ ਸੀ। ਸ਼ਰਾਬ ਵਿਚ ਪਾਣੀ ਮਿਲਾਉਣ ਦੀ ਨੌਬਤ ਨਹੀਂ ਸੀ ਆਈ। ਇਸ ਤੋਂ ਪਹਿਲਾਂ ਕਿ ਗਲਾਸ ਹਵਾ ਵਿਚ ਲਹਿਰਾਉਂਦੇ, ਦੇਵਿੰਦਰ ਸਤਿਆਰਥੀ ਨੇ ਗਲਾਸ ਚੁੱਕਿਆ ਤੇ ਗਟ-ਗਟ ਕਰ ਕੇ ਪੀ ਲਿਆ।

... ਨੀਲਕੰਠ ਨੇ ਵੀ ਜ਼ਹਿਰ ਕੁਝ ਇਸੇ ਤਰ੍ਹਾਂ ਹੀ ਪੀਤਾ ਹੋਵੇਗਾ ਸ਼ਾਇਦ!

ਜੋਗਿੰਦਰ ਕੈਰੋਂ ਨੇ ਵੀ ਗਲਾਸ ਖਾਲੀ ਕਰ ਕੇ ਮੇਜ਼ ਉਤੇ ਰੱਖਦਿਆਂ ਭੇਤ ਦੀ ਗੱਲ ਦੱਸੀ ਸੀ, "ਭਾਊ, ਸ਼ਰਾਬ ਕਰੀਏਟਿਵ ਬੰਦੇ ਨੂੰ ਤਾਂ ਬਿਲਕੁਲ ਵੀ ਨਹੀਂ ਪੀਣੀ ਚਾਹੀਦੀ, ਇਹ ਦਿਮਾਗ ਦੇ ਸੈੱਲਾਂ ਨੂੰ ਮਾਰਦੀ ਐ।"

ਉਸ ਰਾਤ ਅਸੀਂ ਹੋਰ ਵੀ ਇਹੋ ਜਿਹੀਆਂ ਕਈ ਸਿਆਣੀਆਂ ਗੱਲਾਂ ਕੀਤੀਆਂ ਸਨ।

ਦੂਜੇ ਜਾਮ ਵੇਲੇ ਮਾਹੌਲ ਕਵਿਤਾ ਹੋ ਗਿਆ। ਪ੍ਰਮਿੰਦਰਜੀਤ ਨੇ ਜਿਹੜੀ ਕਵਿਤਾ ਸੁਣਾਈ, ਉਹਨੇ ਧੁਰ ਅੰਦਰ ਤਕ ਮਾਰ ਕੀਤੀ ਸੀ। ਦੇਵਿੰਦਰ ਸਤਿਆਰਥੀ ਨੇ ਭਾਵੁਕਤਾ ਦੇ ਛਿਣ ਵਿਚ ਕਵਿਤਾ ਵਾਲਾ ਕਾਗਜ਼ ਝੋਲੇ ਵਿਚੋਂ ਕੱਢ ਲਿਆ ਤੇ ਪਹਿਲਾਂ ਲਿਖੇ ਇਕ ਸ਼ਬਦ ਉਤੇ ਨਵੀਂ ਚੇਪੀ ਲਾ ਦਿੱਤੀ। ਚੇਪੀ ਉਤੇ ਉਸ ਇਕ ਨਾਂ ਲਿਖਿਆ, ਪ੍ਰਮਿੰਦਰਜੀਤ! ਉਹ ਸਤਰਾਂ ਕੁਝ ਇਸ ਤਰ੍ਹਾਂ ਹੋ ਗਈਆਂ:

ਚੀਨ ਤੋਂ ਆਇਆ ਰੇਸ਼ਮ, ਪ੍ਰਮਿੰਦਰਜੀਤ!
ਕਥਾ ਤੁਰੀ ਯੂਨਾਨ ਤੋਂ ਉਡਿਆ ਜਿਵੇਂ ਕਬੂਤਰ
ਰੇਸ਼ਮ ਹੱਸਿਆ ਅੰਦਰ ਵਾਰ
ਅਨੀਤਾ ਵਾਂਗ ...
ਸਾਰੇ ਕਵੀ ਨੇ ਸੂਤਰਧਾਰ। ਰੇਸ਼ਮ, ਰੇਸ਼ਮ, ਰੇਸ਼ਮ!

ਪਹਿਲੋਂ ਅਨੀਤਾ ਵੀ ਇਸ ਨਜ਼ਮ ਵਿਚ ਨਹੀਂ ਸੀ। ਸਤਿਆਰਥੀ ਨੂੰ ਅਨੀਤਾ ਦੇਖਣ ਸਾਰ ਹੀ ਸੁਹਣੀ ਲੱਗੀ ਸੀ। ਬਸ ਇੰਨਾ ਕੁ ਬਹੁਤ ਸੀ ਤੇ ਅਨੀਤਾ ਦਾ ਨਾਂ ਨਜ਼ਮ ਵਿਚ ਸ਼ਾਮਲ ਹੋ ਗਿਆ ਸੀ। ਹੁਣ ਪ੍ਰਮਿੰਦਰਜੀਤ ਵੀ ਨਜ਼ਮ ਦਾ ਹਿੱਸਾ ਹੋ ਗਿਆ ਸੀ।

ਦੋਸਤਾਂ ਦਾ ਤੌਖਲਾ ਬਣਿਆ ਰਿਹਾ ਸੀ ਕਿ ਪ੍ਰਮਿੰਦਰਜੀਤ ਨੇ ਬਹੁਤੀ ਦੇਰ ਨਜ਼ਮ ਵਿਚ ਨਹੀਂ ਸੀ ਟਿਕਿਆ ਰਹਿ ਸਕਣਾ। ਦੇਵਿੰਦਰ ਸਤਿਆਰਥੀ ਨੇ ਉਸ ਸੰਸੇ ਨੂੰ ਜਾਣ ਲਿਆ ਸੀ। ਉਸ ਨੇ ਉਹ ਕਵਿਤਾ ਪ੍ਰਮਿੰਦਰਜੀਤ ਨੂੰ ਸੌਂਪ ਦਿੱਤੀ ਸੀ ਤੇ ਫਿਰ 'ਅੱਖਰ' ਰਸਾਲੇ ਦੇ ਨਵੇਂ ਅੰਕ ਵਿਚ ਉਹ ਕਵਿਤਾ ਉਚੇਚੀ ਪ੍ਰਕਾਸ਼ਿਤ ਕਰਵਾਈ ਤਾਂ ਕਿ ਕਿਸੇ ਹੋਰ ਤਰਮੀਮ ਦਾ ਰੇੜਕਾ ਹੀ ਮੁੱਕ ਜਾਵੇ। ਉਸ ਰਾਤ ਅਸੀਂ ਬਹੁਤ ਦੇਰ ਨਾਲ ਸੁੱਤੇ ਸਾਂ।

ਤੜਕਸਾਰ ਮੇਰੀ ਜਾਗ ਖੁੱਲ੍ਹ ਗਈ।

ਕੋਈ ਮਨੁੱਖੀ ਆਕਾਰ ਕੰਧ ਦੇ ਨਾਲ-ਨਾਲ ਅਗਾਂਹ ਸਰਕ ਰਿਹਾ ਸੀ। ਉਸ ਦਾ ਇਕ ਹੱਥ ਲਗਾਤਾਰ ਕੰਧ ਨੂੰ ਟੋਹ ਰਿਹਾ ਸੀ। ਉਹ ਕੰਧ ਨਾਲ ਡੱਠੇ ਮੰਜੇ ਵਿਚ ਉੜਕ ਕੇ ਡਿੱਗਾ ਤੇ ਫਿਰ ਉਠ ਕੇ ਖਲੋ ਗਿਆ। ਸ਼ਾਇਦ ਉਸ ਦੇ ਡਿੱਗਣ ਦੇ ਖੜਾਕ ਨਾਲ ਹੀ ਮੇਰੀ ਨੀਂਦ ਖੁੱਲ੍ਹੀ ਸੀ। ਮੈਂ ਹੱਥ ਲੰਮਾ ਕਰ ਕੇ ਸਵਿਚ ਨੱਪਿਆ। ਘੜੀ ਵਲ ਨਜ਼ਰ ਮੋੜੀ। ਚਾਰ ਵੱਜਣ ਵਾਲੇ ਸਨ।

"ਬਾਥ-ਰੂਮ ਜਾਣੈ?"

"ਨਹੀਂ।"

"ਕੁਝ ਲਿਖਣੈ?"

"ਨਹੀਂ! ਮੈਂ ਸੋਚ ਰਿਹਾ ਸਾਂ, ਤੁਹਾਨੂੰ ਕਹਾਣੀ ਸੁਣਾਵਾਂ, ਪਰ ਬੱਤੀ ਦਾ ਸਵਿਚ ਹੀ ਨਹੀਂ ਸੀ ਲੱਭ ਰਿਹਾ।"

ਤੜਕਸਾਰ ਕਹਾਣੀ ਸੁਣਾਉਣਾ ਤੇ ਸੁਣਨਾ, ਦੋਵੇਂ ਗੱਲਾਂ ਅਲੋਕਾਰ ਸਨ। ਨੀਂਦ ਮੇਰੇ ਜ਼ਿਹਨ ਵਿਚ ਘੁੱਪ ਹਨੇਰੇ ਵਾਂਗ ਫੈਲੀ ਹੋਈ ਸੀ। ਮੇਰਾ ਮਨ ਡੁਬੂੰ-ਡੁਬੂੰ ਕੀਤਾ। ਮੇਰੇ ਹੁੰਗਾਰੇ ਤੋਂ ਪਹਿਲਾਂ ਉਸ ਨੇ ਕਹਾਣੀ ਛੋਹ ਲਈ। ਫਿਰ ਸ਼ਬਦਾਂ ਦੇ ਮੂਸਲ, ਵਾਕਾਂ ਦੀ ਚਕਾਚੌਂਧ।

ਕਹਾਣੀ ਦੇ ਵਾਕ ਧੁੰਦ ਵੀ ਸਿਰਜ ਰਹੇ ਸਨ ਤੇ ਅਰਥ ਵੀ। ਉਸ ਦੀਆਂ ਹੋਰ ਕਹਾਣੀਆਂ ਵਾਂਗ ਉਸ ਕਹਾਣੀ ਵਿਚ ਵੀ ਆਪਣੇ ਆਪ ਨੂੰ ਅਰਥਾਂ ਤਕ ਸੀਮਤ ਨਹੀਂ ਸਾਂ ਕਰ ਪਾ ਰਿਹਾ। ਜੇ ਸੀਮਤ ਕਰਨਾ ਵੀ ਚਾਹੁੰਦਾ ਸਾਂ ਤਾਂ ਅਚਨਚੇਤੀ ਇਕ ਹੋਰ ਬੂਹਾ ਖੁੱਲ੍ਹ ਜਾਂਦਾ ਸੀ। ਉਸ ਬੂਹੇ ਅੱਗੇ ਵੀ ਅਰਥ ਸਨ, ਧੁੰਦ ਸੀ, ਰਹੱਸ ਸੀ, ਤਲਿਸਮ ਸੀ ਤੇ...।

... ਤੇ ਫਿਰ ਇਕ ਹੋਰ ਬੂਹਾ!

ਸਤਿਆਰਥੀ ਦੀਆਂ ਕਹਾਣੀਆਂ ਨੂੰ ਪੜ੍ਹਦਿਆਂ ਲੱਗਦਾ ਹੈ, ਜਿਵੇਂ ਅਸੀਂ ਅੱਜ ਵਿਚ ਸਾਹ ਲੈ ਕੇ ਵੀ ਪੁਰਾਤਨ ਮਾਨਵ ਦੇ ਨਾਲ-ਨਾਲ ਸਭਿਅਤਾ ਦੇ ਇਤਿਹਾਸ ਦੀਆਂ ਗੁਫਾਵਾਂ ਵਿਚੋਂ ਲੰਘ ਰਹੇ ਹੋਈਏ। ਇਸ ਪ੍ਰਭਾਵ ਦੇ ਬਾਵਜੂਦ ਦੇਵਿੰਦਰ ਸਤਿਆਰਥੀ ਦੀਆਂ ਬਹੁਤੀਆਂ ਕਹਾਣੀਆਂ ਪਰੰਪਰਕ ਅਰਥ ਵਾਲੀਆਂ ਨਹੀਂ।

ਸਤਿਆਰਥੀ ਲੋਕ ਗੀਤਾਂ ਦੇ ਤਲਿਸਮ ਵਿਚ ਜਿਉਂਦਾ ਹੈ। ਉਸ ਨੇ ਉਹ ਤਲਿਸਮ ਕਹਾਣੀਆਂ ਵਿਚ ਫੈਲਾਅ ਦਿੱਤਾ ਹੈ। ਸਤਿਆਰਥੀ ਦੀ ਲਿਖੀ ਹਰ ਸਤਰ ਕਹਾਣੀ ਹੈ। ਕਦੇ-ਕਦਾਈਂ ਇਬਾਰਤ ਇਹ ਪ੍ਰਭਾਵ ਵੀ ਦਿੰਦੀ ਹੈ ਕਿ ਕਹਾਣੀ ਕਿਧਰੇ ਨਹੀਂ ਹੈ। ਉਸ 'ਹੈ' ਅਤੇ 'ਨਹੀਂ ਹੈ' ਦੇ ਵਿਚ ਸ਼ਬਦਾਂ ਦਾ ਤਲਿਸਮ ਵੀ ਹੈ ਜੋ ਪੜ੍ਹਨ ਵਾਲੇ ਨੂੰ ਘੇਰ ਲੈਂਦਾ ਹੈ। ਉਹ ਸ਼ਬਦਾਂ ਦਾ ਤਲਿਸਮ 'ਕੁੰਗਪੋਸ਼' ਹੈ, ਯਾਨੀ ਕੇਸਰ ਦਾ ਫੁੱਲ।

ਦੇਵਿੰਦਰ ਸਤਿਆਰਥੀ ਦੀਆਂ ਕਹਾਣੀਆਂ ਬਾਰੇ ਮੈਂ ਆਪਣੇ ਵਿਚਾਰ ਕਸ਼ੀਦ ਵੀ ਕਰਾਂ ਤਾਂ ਵੀ ਮੇਰੀ ਕਲਮ ਉਸ ਦੀ ਇਬਾਰਤ ਵਾਂਗ ਧੁੰਦਲੀ ਹੀ ਰਹਿੰਦੀ ਹੈ। ਦੇਵਿੰਦਰ ਸਤਿਆਰਥੀ ਦੀਆਂ ਕਹਾਣੀਆਂ ਸਵੈ-ਜੀਵਨੀ ਹਨ, ਸਵੈ-ਜੀਵਨੀ ਨਹੀਂ ਹਨ। ਦੇਵਿੰਦਰ ਸਤਿਆਰਥੀ ਦੀਆਂ ਕਹਾਣੀਆਂ ਲੰਮੀ ਯਾਤਰਾ ਦੇ ਵੱਖ-ਵੱਖ ਕਾਂਡ ਹਨ, ਵੱਖ-ਵੱਖ ਕਾਂਡ ਨਹੀਂ ਹਨ। ਦੇਵਿੰਦਰ ਸਤਿਆਰਥੀ ਦੀਆਂ ਕਹਾਣੀਆਂ ਲੋਕ ਗੀਤ ਇਕੱਠੇ ਕਰਨ ਦੀ ਵੇਰਵੇ ਭਰਪੂਰ ਰੀਪੋਰਤਾਜ ਹੈ, ਰੀਪੋਰਤਾਜ ਨਹੀਂ ਹੈ; ਪਰ ਦੇਵਿੰਦਰ ਸਤਿਆਰਥੀ ਦੀਆਂ ਕਹਾਣੀਆਂ ਬਾਰੇ ਨਾ ਇਹ ਗੱਲ ਤੇ ਨਾ ਕੋਈ ਹੋਰ ਗੱਲ ਹੀ ਨਿਰਣੇ ਨਾਲ ਕੀਤੀ ਜਾ ਸਕਦੀ ਹੈ। 'ਸੋਨਾ ਗਾਚੀ' ਦੀਆਂ ਪੁਰਪੇਚ ਗਲੀਆਂ, 'ਕੁੰਗਪੋਸ਼ ਦੀ ਮਹਿਕ' ਵਿਚ ਪੈਰਿਸ ਦੇ ਆਦਮੀ ਦੀਆਂ ਪੈੜਾਂ ਦੇ ਨਾਲ-ਨਾਲ ਪੈੜ ਨੱਪੀ ਤੁਰ ਰਹੀ ਕਹਾਣੀ ਤਾਂ ਫਿਰ ਵੀ ਹੈ। ਦੇਵਿੰਦਰ ਸਤਿਆਰਥੀ ਲਗਾਤਾਰ ਵਰਕੇ ਉਥੱਲ ਰਿਹਾ ਸੀ। ਤੇ ਮੈਂ ਘੂਕ ਸੁੱਤੇ ਪ੍ਰਮਿੰਦਰਜੀਤ ਦੇ ਨੇੜੇ ਹੀ ਅੱਧ ਲੇਟਿਆ ਜਿਹਾ ਕਹਾਣੀ ਸੁਣ ਰਿਹਾ ਸਾਂ।

ਇਕ ਸਫਾ! ਦੋ ਸਫੇ! ਤਿੰਨ ਸਫੇ! ਪੰਦਰਾਂ-ਵੀਹ ਸਫੇ ਮੁੱਕਣ ਤੋਂ ਪਿੱਛੋਂ ਵੀ ਕਹਾਣੀ ਨਹੀਂ ਸੀ ਮੁੱਕੀ। ਮੈਂ ਡਰਿਆ ਹੋਇਆ ਸਾਂ। ਕਹਾਣੀ ਕਹਿ ਕੇ ਕਿਤੇ ਉਹ ਮੈਨੂੰ ਨਾਵਲ 'ਘੋੜਾ ਬਾਦਸ਼ਾਹ' ਹੀ ਨਾ ਸੁਣਾ ਰਿਹਾ ਹੋਵੇ!

---

ਜਦੋਂ ਉਹ ਪਹਿਲੀ ਵਾਰ ਘਰੋਂ ਨੱਸਿਆ, ਉਦੋਂ ਉਹ ਲਾਹੌਰ ਦੇ ਡੀ.ਏ.ਵੀ. ਕਾਲਜ ਵਿਚ ਪੜ੍ਹਦਾ ਹੁੰਦਾ ਸੀ। ਦੋ ਵਰ੍ਹਿਆਂ ਮਗਰੋਂ ਉਹ ਘਰ ਮੁੜਿਆ ਤਾਂ ਘਰ ਵਾਲਿਆਂ ਨੇ ਸੋਚਿਆ, ਉਹਦਾ ਵਿਆਹ ਕਰ ਦਿੱਤਾ ਜਾਵੇ। ਖੰਭਾਂ ਵਾਲੇ ਦੇ ਖੰਭ ਕੁਤਰ ਦੇਣ ਦਾ ਇਹੋ ਇਕ ਤਰੀਕਾ ਸੀ। ਉਹ ਤਾਂ ਕੋਈ ਜਾਦੂਗਰ ਸੀ, ਕੁਤਰੇ ਹੋਏ ਖੰਭਾਂ ਨਾਲ ਵੀ ਉਡ ਸਕਦਾ ਸੀ ਤੇ ਉਹ ਉਡ ਗਿਆ। ਇਸ ਵਾਰ ਉਸ ਦੀ ਖਾਨਾਬਦੋਸ਼ੀ ਦਾ ਵਕਫਾ ਦੋ ਵਰ੍ਹੇ ਲੰਮਾ ਸੀ। ਉਸ ਨੇ ਬੀਵੀ ਦੇ ਚਿਹਰੇ ਨੂੰ ਗਹੁ ਨਾਲ ਵੇਖਿਆ। ਬੀਵੀ ਦੇ ਚਿਹਰੇ ਉਤੇ ਸਤਿਆਰਥੀ ਦੇ ਕੀਤੇ ਹੋਏ ਪੈਂਡੇ ਦੇ ਨਿਸ਼ਾਨ ਸਨ। ਉਸ ਨੇ ਬੀਵੀ ਨੂੰ ਪੁੱਛਿਆ ਸੀ, "ਚੱਲੇਂਗੀ ਮੇਰੇ ਨਾਲ?" ਇਹੀ ਉਹ ਵੇਲਾ ਸੀ, ਜਦੋਂ ਬੀਵੀ ਉਸ ਦੀ ਹਮਸਫਰ ਹੋਈ ਸੀ। ਦੇਵਿੰਦਰ ਸਤਿਆਰਥੀ ਤਾਂ ਅਨੰਤ ਕਾਲ ਤੋਂ ਸਫਰ ਉਤੇ ਸੀ। ਇੰਨਾ ਤੁਰਨਾ ਬੀਵੀ ਲਈ ਸੰਭਵ ਨਹੀਂ ਸੀ ਪਰ ਉਹ ਪਤੀ ਦੇ ਪੈਂਡੇ ਦੀਆਂ ਬਿਆਈਆਂ ਤੋਂ ਵਿਰਵੀ ਨਹੀਂ ਸੀ। ਉਹ ਘਰ ਵਿਚ ਹੀ ਰੁਕ ਗਈ।

ਪੁਰਾਣੀਆਂ ਪੁਸਤਕਾਂ ਵਿਚ ਸੰਨਿਆਸੀਆਂ ਲਈ ਉਪਦੇਸ਼ ਲਿਖਿਆ ਹੋਇਆ ਹੈ ਕਿ ਉਹ ਕਿਸੇ ਇਕ ਥਾਂ ਬਹੁਤੀ ਦੇਰ ਨਾ ਰੁਕਣ। ਕਈ ਥਾਈਂ ਤਾਂ ਸੰਨਿਆਸੀ ਨੂੰ ਇਹ ਵੀ ਸਲਾਹ ਦਿੱਤੀ ਗਈ ਹੈ ਕਿ ਉਹ ਇਕ ਰਾਤ ਤੋਂ ਵੱਧ ਕਿਤੇ ਨਾ ਠਹਿਰੇ।

ਘਰ ਦੇ ਮਾਮਲੇ ਵਿਚ ਦੇਵਿੰਦਰ ਸਤਿਆਰਥੀ ਨੇ ਇਸ ਸਲਾਹ ਦਾ ਅਕਸਰ ਪਾਲਣ ਕੀਤਾ ਹੈ। ਫਿਰ ਵੀ ਕਿਸੇ ਫਕੀਰ ਲਈ ਇਹੋ ਜਿਹੀਆਂ ਸਲਾਹਾਂ ਦਾ ਕੀ ਮਾਅਨਾ? ਫਕੀਰ ਨੇ ਤਾਂ ਹਰ ਬੂਹੇ ਅੱਗੇ ਅਲਖ ਜਗਾਉਣੀ ਹੈ, ਮੁੱਠੀ ਭਰ ਗੀਤਾਂ ਦੀ ਖੈਰ ਲਈ। ... ਤੇ ਕੋਈ ਰਾਹ ਕਦੋਂ ਬੂਹਾ ਹੋ ਜਾਵੇ! ਕੋਈ ਬੂਹਾ ਕਦੋਂ ਰਾਹ ਬਣ ਜਾਵੇ, ਕੁਝ ਪਤਾ ਨਹੀਂ।

ਆਪਣੀ ਹਰ ਠਾਹਰ ਵੇਲੇ, ਆਪਣੇ ਹਰ ਸਫਰ ਵਿਚ ਉਹ ਝੋਲੇ ਵਿਚਲੇ ਮੋਤੀਆਂ ਦਾ ਖਿਲਾਰਾ ਪਾ ਕੇ ਬੈਠ ਜਾਂਦਾ ਹੈ। ਹਰ ਜਣੇ-ਖਣੇ ਨੂੰ ਉਹ ਚੁਗੇ ਹੋਏ ਮੋਤੀ ਦਿਖਾਉਣ ਲੱਗ ਜਾਂਦਾ ਹੈ, ਇਸ ਲਈ ਨਹੀਂ ਕਿ ਕੋਈ ਉਸ ਨੂੰ ਲੁੱਟ ਲਵੇ ਸਗੋਂ ਇਸ ਲਈ ਕਿ ਦੇਖਣ ਵਾਲੇ ਦੀ ਜੇਬ ਵਿਚਲੇ ਮੋਤੀ ਵੀ ਉਸ ਦੇ ਝੋਲੇ ਵਿਚ ਪੈ ਜਾਣ। ਉਸ ਦੀਆਂ ਜਾਦੂਗਰੀਆਂ ਨੂੰ ਹਰ ਕੋਈ ਨਹੀਂ ਜਾਣਦਾ।

ਤੁਰਦਿਆਂ-ਤੁਰਦਿਆਂ ਉਸ ਦੇ ਰਾਹ ਵਿਚ ਪੱਟੀ ਦਾ ਕਸਬਾ ਹਮੇਸ਼ਾਂ ਆਇਆ ਹੈ। ਉਥੇ ਨਿਰਮਲ ਅਰਪਣ ਦੇ ਘਰ ਪਹੁੰਚਦਿਆਂ ਖਾਨਾਬਦੋਸ਼ ਦਰਵੇਸ਼ ਚਾਣਚੱਕ ਕਾਫਲਾ ਹੋ ਜਾਂਦਾ ਹੈ ਤੇ ਉਹ ਘਰ ਕਾਫਲੇ ਦਾ ਪੜਾਅ!

ਧੁੱਪਾਂ-ਲੂਆਂ ਦੇ ਭੰਨੇ ਲਈ ਉਹ ਪੜਾਅ ਪਤਾ

**(ਬਾਕੀ ਅਗਲੇ ਸਫੇ 'ਤੇ)**

# ਸਮਰਾਟ ਅਸ਼ੋਕ ਦੀ ਇੱਕ ਗਲਤੀ

ਹਰਬੰਸ ਵਿਰਦੀ, ਵੈਸਟ ਲੰਡਨ
sanghmitt@gmail.com

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਰਾਟ ਅਸ਼ੋਕ ਨੇ ਬੁੱਧ ਦੇ ਮਾਰਗ 'ਤੇ ਚੱਲ ਕੇ ਇਨਸਾਨਾਂ ਦੇ ਸੁੱਖ ਲਈ ਹੀ ਨਹੀਂ, ਸਗੋਂ ਪਸ਼ੂ, ਪੰਛੀਆਂ ਲਈ ਵੀ ਹਸਪਤਾਲ ਬਣਵਾਏ। ਜੰਬੂਦੀਪ (ਭਾਰਤ) ਵਿਚ ਹੀ ਨਹੀਂ, ਸਗੋਂ ਸਾਰੇ ਮੱਧ ਏਸ਼ੀਆ ਵਿਚ ਵੀ ਧੰਮ ਦੂਤ ਭੇਜ ਕੇ ਬੁੱਧ ਧੰਮ ਨੂੰ ਪਹੁੰਚਾਇਆ। ਅੱਜ ਦੁਨੀਆਂ ਦੇ ਬਹੁਮੱਤ 26 ਦੇਸ਼, ਜੋ ਬੁੱਧ ਧੰਮ ਨੂੰ ਮੰਨਦੇ ਹਨ, ਉਹ ਕਦੀ ਵੀ ਭਾਰਤ ਵਾਂਗ ਠੂਠਾ ਲੈ ਕੇ ਭੀਖ ਨਹੀਂ ਮੰਗਦੇ। ਇੱਕਾ-ਦੁੱਕਾ ਦੇਸ਼ ਨੂੰ ਛੱਡ ਕੇ ਸਾਰੇ ਦੇਸ਼ ਖੁਸ਼ਹਾਲ ਹਨ।

ਬੁੱਧ ਦੀ ਧਰਤੀ ਜੰਬੂਦੀਪ ਤੋਂ ਯੂਰੇਸ਼ੀਅਨ ਬ੍ਰਾਹਮਣਾਂ ਨੇ ਬੁੱਧ ਧੰਮ ਨੂੰ ਹਰ ਕਮੀਨਗੀ ਨਾਲ ਬਰਬਾਦ ਕੀਤਾ। ਬੋਧੀਆਂ ਦੇ ਬੁੱਧ ਵਿਹਾਰਾਂ ਨੂੰ ਢਹਿ ਢੇਰੀ ਕਰ ਦਿੱਤਾ ਅਤੇ ਕੁਝ ਇੱਕ ਨੂੰ ਹਿੰਦੂ ਮੰਦਿਰਾਂ ਵਿਚ ਤਬਦੀਲ ਕਰ ਦਿੱਤਾ। ਅੱਜ ਦੇ ਭਾਰਤ ਵਿਚ ਬੇਸ਼ੁਮਾਰ ਹਿੰਦੂ ਮੰਦਿਰ ਹਨ, ਜਿਨ੍ਹਾਂ ਦੀ ਬਣਤਰ ਇਸ ਦਾ ਸਬੂਤ ਹਨ ਕਿ ਇਹ ਬੁੱਧ ਵਿਹਾਰ ਹੀ ਸਨ, ਜਿਸ ਵੀ ਸਟੈਚੂ ਨੂੰ ਕੱਪੜੇ ਪਹਿਨਾਏ ਹੋਏ ਹਨ, ਉਤਾਰੋ, ਫਿਰ ਪਤਾ ਲੱਗ ਜਾਵੇਗਾ ਕਿ ਇਹ ਤਾਂ ਬੁੱਧ ਦਾ ਹੀ ਸਟੈਚੂ ਹੈ।

ਅਸੀਂ ਸਮਰਾਟ ਅਸ਼ੋਕ ਨੂੰ ਦੇਵ ਅਸ਼ੋਕ ਕਹਿੰਦੇ ਹਾਂ, ਪਰ ਯੂਰੇਸ਼ੀਅਨ ਬ੍ਰਾਹਮਣ ਉਸ ਨੂੰ ਚੰਡਾਲ ਅਸ਼ੋਕ ਕਹਿੰਦੇ ਹਨ। ਪੁੱਛਣ 'ਤੇ ਯੂਰੇਸ਼ੀਅਨ ਕਹਿੰਦੇ ਹਨ ਕਿ ਉਸ ਨੇ ਰਾਜ-ਭਾਗ ਲਈ ਆਪਣੇ ਭਰਾਵਾਂ ਨੂੰ ਮਾਰਿਆ ਸੀ। ਯੁਧਿਸ਼ਟਰ ਨੇ ਜੂਏ 'ਚ ਆਪਣਾ ਸਾਰਾ ਰਾਜ ਹੀ ਨਹੀਂ, ਸਗੋਂ ਆਪਣੀ ਪਤਨੀ ਨੂੰ ਵੀ ਹਾਰ ਦਿੱਤਾ ਤਾਂ ਇਨ੍ਹਾਂ ਕਲਮਕਾਰਾਂ ਨੇ ਉਸ ਨੂੰ ਇਕੱਲੇ ਨੂੰ ਹੀ ਨਹੀਂ, ਸਗੋਂ ਉਸ ਦੇ ਕੁੱਤੇ ਨੂੰ ਵੀ ਸਵਰਗ ਵਿਚ ਗਿਆ ਲਿਖਿਆ ਹੈ; ਪਰ ਅਸ਼ੋਕ ਨੂੰ ਰਾਜ ਹਾਸਲ ਕਰਨ ਲਈ ਚੰਡਾਲ ਕਿਹਾ! ਹੈ ਨਾ ਹਾਸੋ ਹੀਣੀ ਦੀ ਗੱਲ?

ਅਸ਼ੋਕ ਨੇ ਇਹ ਐਲਾਨ ਕੀਤਾ ਹੋਇਆ ਸੀ ਕਿ "ਮੈਂ ਖਾਣਾ ਖਾਂਦਾ ਹੋਵਾਂ, ਆਰਾਮ ਕਰ ਰਿਹਾ ਹੋਵਾਂ ਜਾਂ ਸੁੱਤਾ ਪਿਆ ਹੋਵਾਂ, ਮੈਂ ਆਪਣੀ ਪਰਜਾ ਲਈ ਹਰ ਵਕਤ ਹਾਜ਼ਰ ਹਾਂ।"

ਕਿਹਾ ਜਾਂਦਾ ਹੈ ਕਿ ਯੂਰੇਸ਼ੀਅਨ ਬ੍ਰਾਹਮਣ ਸਿਰਫ ਅਧੂਰਾ ਹੀ ਰਿਗਵੇਦ ਯੂਰੇਸ਼ੀਆ ਤੋਂ ਨਾਲ ਲੈ ਕੇ ਆਏ ਸਨ, ਜਿਸ ਨੂੰ ਇਨ੍ਹਾਂ ਬ੍ਰਾਹਮਣਾਂ ਨੇ ਜੰਬੂਦੀਪ ਵਿਚ ਆ ਕੇ ਹੀ ਪੂਰਾ ਕੀਤਾ। ਇਸੇ ਲਈ ਰਿਗਵੇਦ ਵਿਚ ਜੰਬੂਦੀਪ ਦੇ ਦਸੂਆ, ਅਸੁਰ ਰਾਜਿਆਂ ਦੇ ਕਤਲ ਕਰਨ ਦੇ ਚਿੱਠੇ ਭਰੇ ਪਏ ਹਨ। ਸਾਕੀਆ ਮੁਨੀ ਗੌਤਮ ਬੁੱਧ ਦੇ ਸਮੇਂ ਸਿਰਫ ਤਿੰਨ ਵੇਦ ਹੀ ਸਨ। ਅਥਰਵ ਵੇਦ ਬੁੱਧ ਤੋਂ ਬਾਅਦ ਲਿਖਿਆ ਗਿਆ, ਜੋ ਜਾਦੂ-ਟੂਣੇ, ਕਰਮ ਕਾਂਡ ਆਦਿ ਨਾਲ ਭਰਿਆ ਪਿਆ ਹੈ। ਗੀਤਾ, ਰਮਾਇਣ, ਮਹਾਭਾਰਤ, ਮੰਨੂਸਿਮ੍ਰਤੀ ਆਦਿ ਵੀ ਬੁੱਧ ਧੰਮ ਨੂੰ ਅਲੋਪ ਕਰਨ ਪਿਛੋਂ ਹੀ ਲਿਖੇ ਗਏ, ਜੋ ਸਾਰੇ ਦੇ ਸਾਰੇ ਵਰਣ ਵਿਵਸਥਾ, ਜਾਤ-ਪਾਤ, ਛੂਆਛਾਤ, ਅੰਧਵਿਸ਼ਵਾਸ, ਨਫਰਤ ਆਦਿ ਨਾਲ ਭਰੇ ਪਏ ਹਨ। ਸਵਾਲ ਪੈਦਾ ਹੁੰਦਾ ਹੈ ਕਿ ਸਮਰਾਟ ਅਸ਼ੋਕ ਨੇ ਬ੍ਰਾਹਮਣਾਂ ਦੇ ਜੋ ਗ੍ਰੰਥ ਇਨਸਾਨ ਨੂੰ ਇਨਸਾਨ ਨਾਲ ਨਾ-ਬਰਾਬਰੀ, ਨਫਰਤ, ਅੰਧਵਿਸ਼ਵਾਸ, ਵਰਣ ਵਿਵਸਥਾ, ਜਾਤ-ਪਾਤ ਛੂਆਛਾਤ ਸਿਖਾਉਂਦੇ ਹਨ, ਉਨ੍ਹਾਂ ਨੂੰ ਬੈਨ ਕਿਉਂ ਨਹੀਂ ਕਰਵਾਇਆ? ਅਸ਼ੋਕ ਨੇ ਹਰ ਇੱਕ ਨੂੰ ਆਪਣੀ ਗੱਲ ਕਹਿਣ ਲਈ ਅਜ਼ਾਦੀ ਦਿੱਤੀ ਹੋਈ ਸੀ, ਪਰ ਇਨਸਾਨ ਨੂੰ ਇਨਸਾਨ ਦੇ ਖਿਲਾਫ ਨਫਰਤ ਫੈਲਾਉਣ ਦਾ ਹੱਕ ਤਾਂ ਨਹੀਂ ਸੀ ਹੋਣਾ



ਚਾਹੀਦਾ! ਜੇ ਸਮਰਾਟ ਅਸ਼ੋਕ ਵਿਦਵਾਨਾਂ ਨੂੰ ਬਿਠਾ ਕੇ ਕਹਿੰਦਾ ਕਿ ਜਿਨ੍ਹਾਂ ਗ੍ਰੰਥਾਂ ਵਿਚ ਇਨਸਾਨ ਦੇ ਖਿਲਾਫ ਨਫਰਤ ਹੈ, ਇੱਕ ਨੂੰ ਉਚਾ ਤੇ ਦੂਜੇ ਨੂੰ ਨੀਵਾਂ ਕਹਿੰਦਾ ਹੈ, ਮੈਂ ਉਨ੍ਹਾਂ ਨੂੰ ਬੈਨ ਕਰਾਂਗਾ।

ਅਫਸੋਸ! ਅਸ਼ੋਕ ਨੇ ਇਹ ਨਹੀਂ ਕੀਤਾ।

ਅਸ਼ੋਕ ਤੋਂ ਲੈ ਕੇ ਸਾਰੇ ਮੌਰੀਆ ਵੰਸ਼ ਦੇ ਰਾਜਿਆਂ ਨੇ ਬ੍ਰਾਹਮਣਾਂ ਨੂੰ ਆਪਣਾ ਪ੍ਰਚਾਰ ਕਰਨ ਦੀ ਖੁੱਲ੍ਹ ਦਿੱਤੀ ਹੋਈ ਸੀ। ਮੌਰੀਆ ਵੰਸ਼ ਦੇ ਦਸਵੇਂ ਮਹਾਰਾਜਾ ਬ੍ਰਿਹਿਦਰਥ ਨਾਲ ਤਾਂ ਬ੍ਰਾਹਮਣਾਂ ਨੇ ਕਮਾਲ ਹੀ ਕਰ ਦਿੱਤੀ। ਪੁਸ਼ਯਾ ਮਿੱਤਰ ਨੇ ਆਪਣੀ ਸੁੰਦਰ ਪੁੱਤਰੀ ਦਾ ਵਿਆਹ ਬ੍ਰਿਹਿਦਰਥ ਨਾਲ ਕਰ ਦਿੱਤਾ। ਅੱਜ ਦੇ ਰਾਮ ਦੇਵ ਦੇ ਗੁਰੂ, ਪਤੰਜਲੀ ਨੇ ਛੜਯੰਤਰ ਨਾਲ ਪੁਸ਼ਯ ਮਿੱਤਰ ਨੂੰ ਬ੍ਰਿਹਿਦਰਥ ਦੀ ਸੈਨਾ ਦਾ ਸੈਨਾਪਤੀ ਬਣਾ ਦਿੱਤਾ। ਬ੍ਰਿਹਿਦਰਥ ਨੇ ਪੁਸ਼ਯ ਮਿੱਤਰ ਦੇ ਪਿਤਾ ਪੁਸ਼ਯਧਰਮ ਨੂੰ ਆਪਣੇ ਰਾਜ ਦਾ ਰਾਜਪ੍ਰੋਹਿਤ ਬਣਾ ਕੇ ਉਸ ਬ੍ਰਾਹਮਣ ਨੂੰ ਖਾਸ ਸਨਮਾਨ ਦਿੱਤਾ। ਅੱਗੇ ਜਾ ਕੇ ਪੁਸ਼ਯ ਮਿੱਤਰ ਜਦੋਂ ਬ੍ਰਿਹਿਦਰਥ ਸੈਨਾ ਤੋਂ ਸਲਾਮੀ ਲੈ ਰਿਹਾ ਸੀ ਤਾਂ ਉਸ ਦੀ ਪਿੱਠ ਵਿਚ ਛੁਰਾ ਮਾਰ ਕੇ ਮਾਰ ਦਿੱਤਾ ਅਤੇ ਖੁਦ ਰਾਜ ਗੱਦੀ 'ਤੇ ਬੈਠ ਗਿਆ। ਪੁਸ਼ਯ ਮਿੱਤਰ ਨੇ ਸ਼ੁੰਘ ਵੰਸ਼ ਦੇ ਰਾਜ ਦੀ ਨੀਂਹ ਰੱਖੀ। ਪਰੋਹਿਤ ਪੁਸ਼ਯਧਰਮ ਉਸ ਦੇ ਬੇਟੇ ਪੁਸ਼ਯਾ ਮਿੱਤਰ, ਪਤੰਜਲੀ ਆਦਿ ਸਭ ਨੇ ਮਿਲ ਕੇ ਬੋਧੀ ਭਿੱਖੂਆਂ, ਭਿੱਖੂਆਣੀਆਂ ਅਤੇ ਉਪਾਸਕਾਂ ਦਾ ਮੂਲੀਆਂ ਤੇ ਗਾਜਰਾਂ ਵਾਂਗ ਕਤਲੇਆਮ ਕੀਤਾ। ਬੋਧੀ ਭਿੱਖੂਆਂ ਦੇ ਸਿਰ ਵੱਢ ਕੇ ਲਿਆਉਣ ਵਾਲੇ ਨੂੰ ਪੁਸ਼ਯ ਮਿੱਤਰ ਸੋਨੇ ਦੀਆਂ ਮੋਹਰਾਂ ਇਨਾਮ ਦਿੰਦਾ। ਇਹ ਜੰਬੂਦੀਪ ਦੇ ਇਤਿਹਾਸ ਵਿਚ ਇੱਕ ਦਰਦਨਾਕ ਗੰਭੀਰ ਘਟਨਾ ਸੀ, ਜਿਸ ਨੂੰ ਯੂਰੇਸ਼ੀਅਨ ਬ੍ਰਾਹਮਣਾਂ ਨੇ ਉਜਾਗਰ ਨਹੀਂ ਕੀਤਾ। ਜੋ ਜ਼ੁਲਮ ਇਤਿਹਾਸ ਵਿਚ ਕਦੀ ਵੀ ਨਹੀਂ ਸੀ ਹੋਇਆ, ਬ੍ਰਾਹਮਣਾਂ ਨੇ ਹਰ ਸੰਭਵ ਤਰੀਕੇ ਨਾਲ ਕੀਤਾ। ਬੋਧੀਆਂ ਦਾ ਇਸ ਤਰ੍ਹਾਂ ਵਿਨਾਸ਼ ਕੀਤਾ ਕਿ ਪੜ੍ਹ ਕੇ ਜਾਂ ਸੁਣ ਕੇ ਰੌਂਗਟੇ ਖੜੇ ਹੁੰਦੇ ਹਨ।

ਵੀਹਵੀਂ ਸਦੀ ਵਿਚ ਜੋ ਕੰਮ ਡਾ. ਅੰਬੇਡਕਰ ਨੇ 22 ਪ੍ਰਤਿਗਿਆਵਾਂ ਦੇ ਨਾਲ ਕੀਤਾ, ਸਮਰਾਟ ਅਸ਼ੋਕ ਨੇ ਕਿਉਂ ਨਹੀਂ ਕੀਤਾ? ਉਹ ਸਮਰਾਟ ਸੀ, ਕਰ ਸਕਦਾ ਸੀ। ਜਿਵੇਂ ਮਰੇ ਹੋਏ ਸੱਪ ਨੂੰ ਟੋਆ ਪੁੱਟ ਕੇ ਨਾ ਦਬਾਇਆ ਜਾਵੇ ਤਾਂ ਉਸ ਮਰੇ ਸੱਪ ਨੂੰ ਖਾ ਕੇ ਕੁੱਤਾ ਹਲ਼ਕ ਜਾਂਦਾ ਹੈ। ਹਲਕਿਆ ਕੁੱਤਾ ਜਿਸ ਨੂੰ ਵੀ ਵੱਢੇਗਾ, ਉਹ ਵੀ ਹਲ਼ਕ ਕੇ ਮਰ ਜਾਵੇਗਾ। ਬ੍ਰਾਹਮਣਵਾਦ ਨਾਲ ਵੀ ਇਹੀ ਹੋਇਆ। ਅਸ਼ੋਕ ਨੇ ਟੋਆ ਪੁੱਟ ਕੇ ਦਬਾਇਆ ਨਹੀਂ। ਜਿਉਂ ਹੀ ਬ੍ਰਾਹਮਣਵਾਦ ਨੂੰ ਮੌਕਾ ਮਿਲਿਆ, ਉਸ ਨੇ ਹਰ ਕਮੀਨੀ ਚਾਲ ਖੇਡ ਕੇ ਬੁੱਧ ਧੰਮ ਨੂੰ ਉਸ ਦੀ ਜਨਮ ਭੂਮੀ ਤੋਂ ਆਪਣੇ ਵਲੋਂ ਖਤਮ ਕਰ ਦਿੱਤਾ।

ਡਾ. ਅੰਬੇਡਕਰ ਨੇ 50 ਸਾਲ ਸਟੱਡੀ ਕਰਨ ਪਿਛੋਂ ਬੁੱਧ ਧੰਮ ਨੂੰ ਉਸ ਦੀ ਜਨਮ ਭੂਮੀ ਜੰਬੂਦੀਪ ਵਿਚ ਫਿਰ ਤੋਂ ਸੁਰਜੀਤ ਕੀਤਾ। ਬਹੁਤ ਹੀ ਦੂਰ ਅੰਦੇਸ਼ੀ ਨਾਲ 22 ਪ੍ਰਤਿਗਿਆਵਾਂ ਵੀ ਬਣਾਈਆਂ ਤਾਂ ਕਿ 85% ਪੁਰਾਤਨ ਬੋਧੀ ਫਿਰ ਤੋਂ ਬ੍ਰਾਹਮਣਵਾਦ ਦੇ ਜਾਲ ਵਿਚ ਨਾ ਫਸ ਜਾਣ। ਜਿਨ੍ਹਾਂ ਮੂਲ ਨਿਵਾਸੀਆਂ ਨੂੰ ਬ੍ਰਾਹਮਣਾਂ ਨੇ 6743 ਜਾਤਾਂ ਵਿਚ ਵੰਡਿਆ ਹੋਇਆ ਸੀ, ਉਹ ਆਪਣੇ ਸਹੀ ਇਤਿਹਾਸ ਨੂੰ ਪੜ੍ਹ ਕੇ ਘਰ ਵਾਪਸੀ ਕਰ ਰਹੇ ਹਨ। ਆਰ. ਐਸ. ਐਸ., ਹਿੰਦੂ ਮਹਾ ਸਭਾ, ਬਜਰੰਗ ਦਲ ਆਦਿ ਪੂਰਾ ਜ਼ੋਰ ਲਾ ਲੈਣ, ਪਰ ਉਹ ਦਿਨ ਦੂਰ ਨਹੀਂ, ਜਿਸ ਦਿਨ ਸਾਰਾ ਜੰਬੂਦੀਪ ਫਿਰ ਤੋਂ ਬੋਧਮਈ ਦੇਸ਼ ਹੋਵੇਗਾ।

# ਸ਼ਬਦਾਂ ਦੇ ਸਰਪਟ ਘੋੜੇ ਦਾ ਸਵਾਰ

(ਪਿਛਲੇ ਸਫੇ ਦੀ ਬਾਕੀ)

ਨਹੀਂ ਕਿੰਨਾ ਕੁ ਲੰਮਾ ਹੋ ਜਾਵੇ।

ਬਾਬੇ ਦੇ ਪੱਟੀ ਪਹੁੰਚਣ ਦੀ ਖਬਰ ਉਸ ਦੇ ਮੁਹੱਬਤੀਆਂ ਨੂੰ ਮਿਲਦੀ ਸੀ ਤਾਂ ਉਹ ਪੱਟੀ ਵਲ ਮੁਹਾਰ ਮੋੜ ਲੈਂਦੇ ਸਨ। ਇਕ ਵਾਰ ਸਾਨੂੰ ਤਿੰਨ ਬੇਲੀਆਂ ਨੂੰ ਦੇਵਿੰਦਰ ਸਤਿਆਰਥੀ ਦੇ ਪੱਟੀ ਕਿਆਮ ਕਰਨ ਦੀ ਸੂਹ ਮਿਲੀ ਤਾਂ ਅਸੀਂ ਗੱਡੀ ਵਿਚ ਬੈਠ ਕੇ ਪੱਟੀ ਪਹੁੰਚ ਗਏ। ਸ਼ਾਇਰ ਨਿਰਮਲ ਅਰਪਣ ਦਾ ਖੰਡ ਦਾ ਡੀਪੂ ਰੇਲਵੇ ਸਟੇਸ਼ਨ ਤੋਂ ਬਹੁਤੀ ਦੂਰ ਨਹੀਂ ਸੀ। ਅਸੀਂ ਉਥੋਂ ਪੈਦਲ ਹੀ ਤੁਰ ਪਏ। ਜਦੋਂ ਸ਼ਾਇਰ ਮੋਹਨਜੀਤ, ਪ੍ਰਮਿੰਦਰਜੀਤ ਅਤੇ ਮੈਂ ਖੁੱਲ੍ਹੇ ਵਿਹੜੇ ਵਾਲੇ ਖੰਡ ਦੇ ਡੀਪੂ ਪਹੁੰਚੇ ਸਤਿਆਰਥੀ ਗੱਦੀ ਉਤੇ ਬਿਰਾਜਮਾਨ ਸੀ। ਉਹ ਸਿਰ ਸੁੱਟੀ ਲਿਖ ਰਿਹਾ ਸੀ, ਕੋਈ ਕਵਿਤਾ, ਕਹਾਣੀ ਜਾਂ ਫਿਰ ਕੋਈ ਉਡਦਾ ਖਿਆਲ। ਸਾਨੂੰ ਦੇਖ ਕੇ ਉਹ ਬੱਤੀਆਂ ਦੰਦਾਂ ਨਾਲ ਹੱਸਿਆ ਸੀ। ਜਾਪਿਆ, ਉਹ ਬੰਦਾ ਦੇਵਿੰਦਰ ਸਤਿਆਰਥੀ ਨਹੀਂ, ਕੋਈ ਹੋਰ ਸੀ। ਦਰਅਸਲ, ਉਹ ਹੱਸਿਆ ਹੀ ਨਹੀਂ ਸੀ। ਅਰਪਣ ਨੇ ਆਪਣੇ ਧਰਮ ਪਿਤਾ ਲਈ ਨਵੇਂ ਦੰਦ ਬਣਵਾਏ ਸਨ। ਦੰਦਾਂ ਦਾ ਉਹ ਬੀੜ ਸਤਿਆਰਥੀ ਦੇ ਮੂੰਹ ਦੇ ਆਕਾਰ ਨਾਲੋਂ ਕੁਝ ਵਧੇਰੇ ਵੱਡਾ ਬਣ ਗਿਆ ਸੀ। ਉਹ ਬੀੜ ਲਾ ਕੇ ਸਤਿਆਰਥੀ ਮੂੰਹ ਬੰਦ ਨਹੀਂ ਸੀ ਕਰ ਸਕਦਾ। ਨਵੇਂ ਦੰਦਾਂ ਨਾਲ ਉਹ ਪੱਕੇ ਤੌਰ ਉਤੇ ਹੀ ਹੱਸਦਾ ਹੋਇਆ ਦਿਸਦਾ ਸੀ।

ਨਵੇਂ ਬੀੜ ਨਾਲ ਉਸ ਦੀਆਂ ਬਾਚੀਆਂ ਦੁਖਣ ਲੱਗ ਪਈਆਂ ਸਨ।

ਨਵੇਂ ਨਕੋਰ ਦੰਦਾਂ ਨਾਲ ਦੇਵਿੰਦਰ ਸਤਿਆਰਥੀ ਬਸ ਮੁੱਢਲੇ ਕੁਝ ਕੁ ਦਿਨ ਹੀ ਹੱਸਿਆ ਸੀ। ਬਾਅਦ ਵਿਚ ਮੈਂ ਜਦੋਂ ਕਦੇ ਵੀ ਸਤਿਆਰਥੀ ਨੂੰ ਮਿਲਿਆਂ ਸਾਂ, ਨਵੇਂ ਦੰਦ ਉਸ ਦੇ ਕੋਲ ਨਹੀਂ ਸਨ। ਉਸ ਦਾ ਹਾਸਾ ਅਸਲੀ ਹੋ ਗਿਆ ਸੀ।

---

ਉਦੋਂ ਉਸ ਨੇ ਇਕ ਨਵੀਂ ਕਵਿਤਾ ਵੀ ਲਿਖੀ ਸੀ। ਜਦੋਂ ਅਸੀਂ ਪਹੁੰਚੇ ਸਤਿਆਰਥੀ ਉਸੇ ਕਵਿਤਾ ਨੂੰ ਹੀ ਸੋਧ ਰਿਹਾ ਸੀ। ਨਵੀਂ ਨਜ਼ਮ ਸੁਣਾਉਣ ਲਈ ਉਸ ਨੂੰ ਅਸੀਂ ਤਿੰਨ ਜਣੇ ਮਿਲ ਗਏ ਸਾਂ। ਅਸੀਂ ਉਹ ਨਜ਼ਮ ਸੁਣਨ ਲੱਗ ਪਏ। ਮੋਹਨਜੀਤ ਨੇ ਕੋਈ ਸੁਝਾਅ ਦਿੱਤਾ ਤਾਂ ਉਸ ਨੇ ਤੁਰੰਤ ਮੰਨ ਲਿਆ। ਉਸ ਨੇ ਝੋਲੇ ਵਿਚੋਂ ਝੱਟ ਕਾਤਰਾਂ ਕੱਢ ਲਈਆਂ, ਲੇਵੀ ਵਾਲੀ ਪੁੜੀ ਖੋਲ੍ਹ ਲਈ। ਕੁਝ ਸ਼ਬਦਾਂ ਉਤੇ ਉਸ ਨੇ ਚੇਪੀ ਲਾ ਦਿੱਤੀ ਅਤੇ ਨਵੇਂ ਸ਼ਬਦ ਲਿਖ ਦਿੱਤੇ।

ਇਹ ਉਸ ਨਜ਼ਮ ਦੀ ਸੁਧਾਈ ਦੀ ਸ਼ੁਰੂਆਤ ਸੀ। ਉਸ ਨਜ਼ਮ ਵਿਚ ਹੌਲੀ-ਹੌਲੀ ਨਵੇਂ ਸ਼ਬਦ ਅਤੇ ਨਵੇਂ ਵਾਕ ਜੁੜਦੇ ਰਹਿਣੇ ਸਨ, ਯਾਨੀ ਹੋਰ ਚੇਪੀਆਂ ਲੱਗਦੀਆਂ ਰਹਿਣੀਆਂ ਸਨ। ਤੇ ਫਿਰ ਇਕ ਵੇਲਾ ਉਹ ਵੀ ਆਉਣਾ ਸੀ, ਜਦੋਂ ਕਵਿਤਾ ਵਾਲੇ ਕਾਗਜ਼ ਨੂੰ ਕਾਗਜ਼ ਕਹਿਣਾ ਕਾਗਜ਼ ਦੀ ਤੌਹੀਨ ਹੋਣੀ ਸੀ।

ਚੇਪੀ-ਚੇਪੀ ਨਵੀਂ ਲਿਖਾਵਟ
ਕਾਗਜ਼ ਬਣ ਗਿਆ ਗੱਤਾ।

ਮੈਂ ਅੱਜ ਤਕ ਕਿਸੇ ਨੂੰ ਵੀ ਇਸ ਤਰ੍ਹਾਂ ਕਵਿਤਾ ਲਿਖਦਿਆਂ ਨਹੀਂ ਦੇਖਿਆ। ਮੈਨੂੰ ਲੱਗਿਆ, ਉਸ ਨੂੰ ਇਲਹਾਮ ਵਰਗੇ ਪਲਾਂ ਦੀ ਬਿਲਕੁਲ ਵੀ ਲੋੜ ਨਹੀਂ ਸੀ। ਉਸ ਨੂੰ ਬਸ ਸ਼ਬਦਾਂ ਅਤੇ ਵਾਕਾਂ ਦੀ ਲੋੜ ਸੀ। ਉਸ ਦੀ ਰਚਨਾ ਹੌਲੀ-ਹੌਲੀ ਸ਼ਬਦ-ਮੰਚ ਹੋ ਜਾਂਦੀ ਸੀ। ਉਹ ਸ਼ਬਦ ਅਰਥ ਸਿਰਜਣ ਤੋਂ ਵੱਧ ਪ੍ਰਭਾਵ ਸਿਰਜਣ ਨੂੰ ਪਹਿਲ ਦਿੰਦੇ ਸਨ।

ਕੁਝ ਚਿਰ ਪਿੱਛੋਂ 'ਅੱਖਰ' ਰਸਾਲੇ ਵਿਚ ਛਪਣ ਵੇਲੇ ਉਸ ਨਜ਼ਮ ਦਾ ਨਾਂ 'ਸ਼ਬਦ-ਮੰਚ' ਹੋ ਗਿਆ ਸੀ, ਪਰ ਮੈਂ ਹੈਰਾਨ ਨਹੀਂ ਸਾਂ ਹੋਇਆ।



ਦੇਵਿੰਦਰ ਸਤਿਆਰਥੀ ਅਤੇ ਉਸ ਦੀ ਪਤਨੀ ਦਾ ਸਕੈੱਚ।

ਉਹ ਸਿਰ ਸੁੱਟੀ ਲਿਖ ਰਿਹਾ ਸੀ, ਕੋਈ ਕਵਿਤਾ, ਕਹਾਣੀ ਜਾਂ ਫਿਰ ਕੋਈ ਉਡਦਾ ਖਿਆਲ। ਸਾਨੂੰ ਵੇਖ ਕੇ ਉਹ ਬੱਤੀਆਂ ਦੰਦਾਂ ਨਾਲ ਹੱਸਿਆ ਸੀ। ਜਾਪਿਆ, ਉਹ ਬੰਦਾ ਦੇਵਿੰਦਰ ਸਤਿਆਰਥੀ ਨਹੀਂ, ਕੋਈ ਹੋਰ ਸੀ। ਦਰਅਸਲ, ਉਹ ਹੱਸਿਆ ਹੀ ਨਹੀਂ ਸੀ। ਅਰਪਣ ਨੇ ਆਪਣੇ ਧਰਮ ਪਿਤਾ ਲਈ ਨਵੇਂ ਦੰਦ ਬਣਵਾਏ ਸਨ। ਦੰਦਾਂ ਦਾ ਉਹ ਬੀੜ ਸਤਿਆਰਥੀ ਦੇ ਮੂੰਹ ਦੇ ਆਕਾਰ ਨਾਲੋਂ ਕੁਝ ਵਧੇਰੇ ਵੱਡਾ ਬਣ ਗਿਆ ਸੀ। ਉਹ ਬੀੜ ਲਾ ਕੇ ਸਤਿਆਰਥੀ ਮੂੰਹ ਬੰਦ ਨਹੀਂ ਸੀ ਕਰ ਸਕਦਾ। ਨਵੇਂ ਦੰਦਾਂ ਨਾਲ ਉਹ ਪੱਕੇ ਤੌਰ ਉਤੇ ਹੀ

---

ਉਸ ਖਾਨਾਬਦੋਸ਼ ਨੂੰ ਸਫਰ ਦੇ ਰਾਹ ਵਿਚ ਗੀਤ ਲੱਭ ਪਵੇ ਤਾਂ ਉਹ ਗੁਣਗੁਣਾਉਣ ਲੱਗ ਪੈਂਦਾ ਹੈ, 'ਵਗੀ ਵਗੀ ਵੇ ਪੁਰੇ ਦੀ ਵਾ...।'

ਪੁਰੇ ਦੀ ਵਾ ਵਿਚ ਓਦਰੇ ਹੋਏ ਮਨ ਨੂੰ ਘਰ ਯਾਦ ਆਉਂਦਾ ਹੈ। ਇਕ ਘਰ ਉਸ ਦੇ ਬਚਪਨ ਵਿਚ ਸੀ। ਇਕ ਘਰ ਉਸ ਅੰਦਰ ਅਹਿਸਾਸ ਵਾਂਗ ਵਸਿਆ ਹੋਇਆ ਹੈ। ਅਹਿਸਾਸ ਦੇ ਉਸ ਨਿੱਘੇ ਘਰ ਵਿਚ ਕਵਿਤਾ ਹੈ, ਅਲਕਾ ਹੈ ਤੇ ਪਾਰੁਲ ਹੈ। ਉਹ ਪਾਰੁਲ ਨੂੰ ਲਡਿਆਉਂਦਾ ਹੈ:

ਬਿਸਕੁਟ ਵਾਂਗ ਭੁਰ-ਭੁਰ ਪੈਂਦੀ
ਪਾਰੁਲ ਦੀ ਮੁਸਕਾਨ।

"ਪਿਤਾ ਜੀ, ਪਾਰੁਲ ਕੀ ਹੁੰਦਾ ਏ? ... ਫੁੱਲ, ਖੁਸ਼ਬੂ ਕਿ ਅਹਿਸਾਸ?" ਵੱਡੀ ਭੈਣ ਨੇ ਪੁੱਛਿਆ।

"... ਸੁਣ ਕਵਿਤਾ ਮੈਂ ਗੱਲ ਸੁਣਾਵਾਂ
ਅਲਕਾ ਕੁੜੀਏ ਤੂੰ ਵੀ ਸੁਣ
ਲੋਕ ਕਥਾ ਦੀ ਇਹ ਰੁਣ-ਝੁਣ!
ਇਕ ਕੁੜੀ ਸੀ ਪਾਰੁਲ
ਪੂਰੇ ਸੱਤ ਵੀਰਾਂ ਦੀ ਭੈਣ,
ਜਿਸ ਦੀ ਮਾਂ ਪਰਲੋਕ ਸਿਧਾਰੀ,
ਲੰਘਦੇ-ਲੰਘਦੇ ਲੰਘ ਗਏ ਸਾਲ
ਘਰ ਆਈ ਮਤਰੇਈ ਫੇਰ
ਪਾਰੁਲ ਤੱਕੇ ਹੰਝੂ ਕੇਰ,
ਮਤਰੇਈ ਨੇ ਪਾਰੁਲ ਤਾਈਂ
ਤੇ ਪਾਰੁਲ ਦੇ ਵੀਰਾਂ ਤਾਈਂ
ਇਕ ਡੂੰਘੇ ਟੋਏ ਵਿਚ ਦੱਬਿਆ।
ਸੁਣ ਕਵਿਤਾ! ਮੈਂ ਗੱਲ ਸੁਣਾਵਾਂ
ਲੋਕ-ਕਥਾ ਦੀ ਤੰਦ ਵਧਾਵਾਂ,
ਐਪਰ ਮਰੀ ਨਹੀਂ ਸੀ ਪਾਰੁਲ,
ਧਰਤੀ ਦੀ ਇਕ ਸੁੰਨੀ ਨੁੱਕਰੇ
ਬਣ ਕੇ ਫੁੱਲ ਸੁਗੰਧੀ ਕੋਈ
ਹੱਸ ਪਈ ਸੀ ਪਾਰੁਲ ...
ਪਾਰੁਲ ਸਾਡੀ ਓਹੀਓ ਫੁੱਲ!
ਰਕਤ-ਬੂੰਦ 'ਚੋਂ ਖਿੜਿਆ ਫੁੱਲ!

ਉਹ ਧੀ ਰਾਣੀ ਕਵਿਤਾ ਨੂੰ ਯਾਦ ਕਰਦਿਆਂ ਗੁਣਗੁਣਾਉਂਦਾ ਹੈ ਤੇ ਉਹਦੇ ਬੋਲ ਅਚਨਚੇਤੀ ਨਮ ਹੋ ਜਾਂਦੇ ਹਨ। ਵੇਲੇ ਤੋਂ ਪਹਿਲਾਂ ਧੀ ਕਵਿਤਾ ਕੀ ਮੋਈ, ਬਹੁਤ ਕੁਝ ਖਿੜਿਆ ਹੋਇਆ ਉਸ ਦੇ ਅੰਦਰੋਂ ਵੀ ਕਿਰ ਗਿਆ, ਪਰ ਤੁਰ ਗਈ ਧੀ ਦੀ ਹਵਾ ਉਹਦੇ ਅੰਗ-ਸੰਗ ਹੀ ਰਹੀ:

ਜੇ ਤੈਂ ਤੱਕਣੇ ਘਾਹ-ਪੱਤੀਆਂ ਦੇ ਹੰਝੂ ਕੁੜੀਏ!
ਤੁਰਨਾ ਪੈਸੀ ਸਾਡੇ ਨਾਲ
ਤ੍ਰੇਲ-ਤੁਪਕਿਆਂ ਤੋਂ ਵੀ ਕੋਮਲ
ਇਸ ਕਿਰਦੇ ਹੰਝੂ ਦੀ ਉਮਰਾ
ਜੋ ਪੱਤਝੜ ਦੇ ਪੱਤਿਆਂ ਹਾਰ
ਡਿੰਗਦਾ ਜਾਵੇ, ਕਿਰਦਾ ਜਾਵੇ!
ਸਾਡੇ ਗੀਤਾਂ ਦੇ ਬੁੱਲ੍ਹ ਸੀਤੇ
ਅੱਜ ਤਾਂ ਸਾਡੇ ਹਉਕੇ ਨੂੰ ਵੀ
ਚੜ੍ਹਨਾ ਪੈ ਗਿਆ ਸੂਲੀ
ਅੱਜ ਤਾਂ ਗੀਤ ਵੀ ਮੌਤ ਕਬੂਲਣ!
ਮੈਂ ਸੋਚਾਂ- ਮੈਂ ਕਿਉਂ ਨਾ ਮਰਿਆ
ਸੁਹਲ ਕਹਾਣੀ ਤੋਂ ਵੀ ਪਹਿਲਾਂ?
ਏਸ ਗਲੀ ਦੀ ਜੇਕਰ
ਤੈਨੂੰ ਰਹਿ ਗਈ ਯਾਦ
ਜੇਕਰ ਹੋਵੇ ਹੋਰ ਜਹਾਨ
ਤੇਰੇ ਨਾਲੋਂ ਨਾਲ ਤੁਰਨਗੇ
ਸਾਡੇ ਸੁਪਨੇ ਸੁਤੇ-ਧਿਆਨ।
ਰੱਖੀਂ ਬੋਚ ਬੋਚ ਕੇ ਪੈਰ, ਕਾਹਲੀਏ ਧੀਏ!
ਗੋਡੇ ਗੋਡੇ ਹੰਝੂ ਸਾਡੇ
ਲੱਕ ਲੱਕ ਹੋਏ, ਗਲ ਗਲ ਹੋਏ
ਹਉਕੇ ਦੀ ਸਰਦਲ 'ਤੇ ਬੈਠਾ ਬਾਬਲ ਰੋਏ।

ਇਹੋ ਜਿਹੀਆਂ ਨਜ਼ਮਾਂ ਕਰ ਕੇ ਹੀ ਮੇਰੇ ਕੋਲੋਂ ਦੇਵਿੰਦਰ ਸਤਿਆਰਥੀ ਨੂੰ ਕਦੇ ਭਗੌੜਾ ਨਹੀਂ ਕਹਿ ਹੋਇਆ।

---

ਉਹਦੇ ਝੋਲੇ ਵਿਚ ਹਮੇਸ਼ਾਂ ਤੋਂ ਗੀਤਾਂ ਦਾ ਮੇਲਾ ਹੈ। ਕਿਸੇ ਗੀਤ ਵਿਚ ਨਜ਼ਮ ਦੀਆਂ ਕਰੂੰਬਲਾਂ ਹਨ ਤੇ ਕਿਸੇ ਗੀਤ ਵਿਚ ਨਾਵਲ ਦੇ ਨਕਸ਼। ਕੋਈ ਗੀਤ ਕਹਾਣੀ ਦਾ ਰੂਪ ਹੈ ਤੇ ਕੋਈ...। ਦੇਵਿੰਦਰ ਸਤਿਆਰਥੀ ਦਾ ਕੁਝ ਵੀ ਲੋਕ ਗੀਤਾਂ ਤੋਂ ਵਿਰਵਾ ਨਹੀਂ। ਲੋਕਯਾਨ ਉਸ ਵਿਚੋਂ ਕਦੇ ਵੀ ਮਨਫੀ ਨਹੀਂ ਹੋ ਸਕਣਾ। ਉਹ ਵੀ ਕਦੋਂ ਮੁਨਕਰ ਹੈ-

"ਮੈਂ ਬਹੁਤ ਚਾਹਿਆ ਹੈ ਕਿ ਲੋਕਯਾਨ ਦੀ ਛੁੱਟੀ ਕਰ ਦੇਵਾਂ ਅਤੇ ਕਹਾਣੀਕਾਰ ਦੇ ਰੂਪ ਵਿਚ ਬਾਕੀ ਜੀਵਨ ਬਿਤਾਵਾਂ। ਮੈਂ ਤਾਂ ਕੰਬਲ ਨੂੰ ਛੱਡਦਾ ਹਾਂ, ਪਰ ਕੰਬਲ ਮੈਨੂੰ ਨਹੀਂ ਛੱਡਦਾ।

"ਜਦ ਵੀ ਭਗਵਾਨ ਦੀ ਕਚਹਿਰੀ ਵਿਚ ਮੈਨੂੰ ਆਵਾਜ਼ ਪਵੇਗੀ ਤਾਂ ਯਾਯਾਵਰ ਲੋਕਯਾਨ ਆਖ ਕੇ ਹੀ ਮੈਨੂੰ ਸੱਦਿਆ ਜਾਵੇਗਾ। ਨਾ ਯਾਯਾਵਰ ਕਹਾਣੀਕਾਰ ਆਖ ਕੇ, ਨਾ ਕਵੀ ਯਾਯਾਵਰ ਆਖ ਕੇ...।"

ਪਰ ਵੱਡੀ ਗੱਲ ਤਾਂ ਇਹ ਹੈ ਕਿ ਉਹ ਦੇਵਿੰਦਰ ਸਤਿਆਰਥੀ ਹੈ, ਪੂਰੀ ਸਦੀ ਨਾਲੋਂ ਵੱਖਰਾ। ਬੀਤੀ ਸਦੀ ਕੋਲ ਕੋਈ ਵੀ ਉਹੋ ਜਿਹਾ ਹੋਰ ਨਹੀਂ ਸੀ।

ਮੈਨੂੰ ਉਸ ਦੀ ਸਿਰਜਣਾ ਦੇ ਅਮਲ ਦੀ ਪੂਰੀ ਸੂਹ ਕਦੇ ਨਹੀਂ ਮਿਲੀ। ਉਸ ਦੀ ਇਕ ਆਪ-ਮੁਹਾਰੀ ਨਜ਼ਮ ਵਿਚੋਂ ਸਿਰਜਣਾ ਦਾ ਇਸ਼ਾਰਾ ਮਿਲਦਾ ਪ੍ਰਤੀਤ ਹੁੰਦਾ ਹੈ:

ਅੱਧਾ ਸੋਨਾ, ਅੱਧਾ ਖੋਟ
ਹਾਥੀ ਧਾਮ, ਚਿਰੀਆ ਕੋਟ
ਪਾਓਗੇ ਕਿਸਨੂੰ ਵੋਟ
ਤਿਤਲੀ ਤੇ ਜੁਗਨੂੰ ਦਾ ਜੋੜ
ਬਹੁਤਾ ਨਹੀਂ ਤਾਂ ਥੋੜ੍ਹਾ-ਥੋੜ੍ਹਾ
ਸਦਾ ਚਲਾ ਹੈ, ਸਦਾ ਚਲੇਗਾ
ਇਹ ਸ਼ਬਦਾਂ ਦਾ ਸਰਪਟ ਘੋੜਾ।

ਸ਼ਬਦਾਂ ਦਾ ਸਰਪਟ ਘੋੜਾ ਹਾਲੇ ਵੀ ਦੌੜ ਰਿਹਾ ਹੈ, ਨਿਰੰਤਰ ਦੌੜ ਰਿਹਾ ਹੈ। ਘੋੜੇ ਨੂੰ ਕਾਬੂ ਕਰ ਕੇ ਬੰਨ੍ਹ ਲੈਣ ਦੀ ਸਾਧਨਾ ਬਹੁਤ ਲੰਮੀ ਹੈ, ਬੂਹਾ-ਬੂਹਾ ਤੁਰ ਕੇ ਲੋਕ ਗੀਤ ਇਕੱਠੇ ਕਰਨ ਦੀ ਯਾਤਰਾ ਜਿੰਨੀ ਲੰਮੀ। ਸ਼ਬਦਾਂ ਦਾ ਤਲਿਸਮ ਤੇ ਤਲਿਸਮ ਵਾਲੇ ਸ਼ਬਦ ਲੋਕ-ਵਿਰਸੇ ਵਿਚ ਵੀ ਸਨ, ਸ਼ਾਵਾਂ ਵਿਚ ਵੀ ਤੇ ਲੋਕਾਂ ਵਿਚ ਵੀ। ਇਸੇ ਲਈ ਉਹ ਇਸ ਸਭ ਕਾਸੇ ਤੋਂ ਕਦੇ ਵੱਖਰਾ ਨਹੀਂ ਹੋਇਆ।

... ਤੇ ਇਹ ਸਭ ਕੁਝ ਉਸ ਕਹਾਣੀ ਵਿਚ ਵੀ ਸੀ ਜੋ ਉਸ ਨੇ ਉਸ ਉਸ਼ੇਰ ਛੋਹੀ ਸੀ। ਉਹ ਲਗਾਤਾਰ ਪੜ੍ਹ ਰਿਹਾ ਸੀ। ਸਫਾ-ਦਰ-ਸਫਾ। ਇਕਾਗਰ-ਚਿੱਤ ਹੋਣਾ ਸੰਭਵ ਨਹੀਂ ਸੀ ਰਿਹਾ। ਉਹ ਕਹਾਣੀ ਪੜ੍ਹਦਾ ਰਿਹਾ ਸੀ ਤੇ ਮੈਂ ਉਸ ਦੌਰਾਨ ਪਤਾ ਨਹੀਂ ਕਿਹੜੇ ਕਿਹੜੇ ਧਾਮ ਦੀ ਯਾਤਰਾ ਕਰ ਆਇਆ ਸਾਂ।

ਮੈਂ ਨੀਂਦ ਨੂੰ ਜਲਾਵਤਨ ਕਰਨ ਦੀ ਕੋਸ਼ਿਸ਼ ਵਿਚ ਉਠਿਆ, ਅੱਖਾਂ 'ਚ ਪਾਣੀ ਦੇ ਛਿੱਟੇ ਮਾਰੇ ਤੇ ਮੁੜ ਆ ਕੇ ਬੈਠ ਗਿਆ। ਸਤਿਆਰਥੀ ਨੇ ਮੁੜ ਤੰਦ ਫੜ ਲਈ। ਉਸ ਦੀਆਂ ਬਾਕੀ ਰਚਨਾਵਾਂ ਵਾਂਗ ਇਸ ਕਹਾਣੀ ਵਿਚ ਵੀ ਸ਼ਬਦ-ਗੁਫਾਵਾਂ ਸਨ। ਤਲਿਸਮ ਤੇ ਰਹੱਸ ਸਿਰਜਦੀਆਂ, ਜ਼ਿੰਦਗੀ ਦੀਆਂ ਪਰਤਾਂ ਫਰੋਲਦੀਆਂ-ਸਮੇਟਦੀਆਂ ਉਹ ਗੁਫਾਵਾਂ ਅੱਗੇ ਹੀ ਅੱਗੇ ਤੁਰੀਆਂ ਜਾ ਰਹੀਆਂ ਸਨ।

... ਤੇ ਫਿਰ ਉਹ ਗੁਫਾਵਾਂ ਚਹੁੰ-ਦਿਸ਼ਾਵਾਂ ਵਿਚ ਫੈਲਣ ਲੱਗ ਪਈਆਂ ਸਨ। ਗੁਫਾਵਾਂ ਦੇ ਚਾਨਣ ਵਿਚੋਂ ਕਿਧਰੋਂ ਧੁੰਦ ਆ ਕੇ ਰਲਣ ਲੱਗ ਪਈ ਸੀ। ਇਹ ਧੁੰਦ ਵੀ ਅਜੀਬ ਹੈ, ਕਿਧਰੇ ਗੂੜ੍ਹੀ, ਕਿਧਰੇ ਘੱਟ ਗੂੜ੍ਹੀ ਤੇ ਕਿਧਰੇ ਨਿਰਾ ਚਾਨਣ। ਸ਼ਬਦ-ਧਾਮ ਦੀ ਯਾਤਰਾ ਵਲ ਤੁਰਿਆ ਮੈਂ ਉਨ੍ਹਾਂ ਗੁਫਾਵਾਂ ਦਾ ਅਜਨਬੀ ਸਾਂ ਤੇ ਹੌਲੀ-ਹੌਲੀ ਗੁਆਚ ਰਿਹਾ ਸਾਂ।

... ਤੇ ਉਹ, ਜੋ ਸ਼ਬਦਾਂ ਦੇ ਘੋੜੇ ਦਾ ਸ਼ਾਹ-ਸਵਾਰ ਸੀ, ਸ਼ਬਦਾਂ ਦੇ ਨਾਲ ਨਾਲ ਉਹ ਵੀ ਦੌੜ ਰਿਹਾ ਸੀ, ਲਗਾਤਾਰ ਦੌੜ ਰਿਹਾ ਸੀ।

# ਕਬੱਡੀ ਦਾ ਮਸੀਹਾ ਸੀ, ਕਾਲਾ ਸੰਘਿਆਂ ਵਾਲਾ ਮਹਿੰਦਰ ਮੌੜ

## ਸ਼ਰਧਾਂਜਲੀ

ਕਬੱਡੀ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਮਹਿੰਦਰ ਮੌੜ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਦੁਨੀਆਂ 'ਤੇ ਆਏ ਹਰ ਪ੍ਰਾਣੀ ਨੇ ਇਕ ਦਿਨ ਤੁਰ ਜਾਣਾ, ਪਰ ਅਜਿਹਾ ਇਨਸਾਨ ਲੱਭਣਾ ਬਹੁਤ ਔਖਾ ਹੈ, ਜੋ ਆਪਣੇ ਘਰੇਲੂ ਕੰਮਾਂ ਨੂੰ ਭੁੱਲ ਕੇ ਲੋੜਵੰਦਾਂ ਅਤੇ ਦੂਜਿਆਂ ਦੀਆਂ ਮੁਸ਼ਕਿਲਾਂ ਨੂੰ ਤਰਜੀਹ ਦੇਵੇ। ਉਹ ਦਿਲ ਦਾ ਬਾਦਸ਼ਾਹ ਸ਼ਾਹੀ ਫਕੀਰ ਬੰਦਾ ਸੀ, ਹਰ ਇਕ ਦੀ ਬਾਂਹ ਫੜਨ ਵਾਲਾ ਇਨਸਾਨ। ਉਹਦੀ ਦਰਿਆ-ਦਿਲੀ ਨੂੰ ਯਾਦ ਕਰ ਖਿਡਾਰੀ ਉਦਾਸ ਹਨ। ਹਰ ਇਕ ਦਾ ਦੁਖ ਸਮੇਟਣ ਵਾਲੇ ਦਲੇਰ ਦਾਨੀ ਇਨਸਾਨ ਮਹਿੰਦਰ ਮੌੜ ਦੀ ਜ਼ਿੰਦਗੀ ਦੇ ਖੱਟੇ-ਮਿੱਠੇ ਤਜਰਬਿਆਂ ਦੀ ਸਾਂਝ



ਪਾਠਕਾਂ ਦੀ ਕਚਹਿਰੀ 'ਚ ਸਨਮੁੱਖ ਕਰ ਰਿਹਾ ਹਾਂ। ਆਪਣੇ ਸਮੇਂ ਦੇ ਸਟਾਰ ਖਿਡਾਰੀ ਪੱਤੜੀਏ ਬੋਲੇ ਦੇ ਸ਼ਬਦਾਂ

**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

'ਚ "ਮੌੜ ਵਰਗੇ ਘਰ ਘਰ ਨੀਂ ਜੰਮਣੇ, ਉਹ ਕਬੱਡੀ ਦਾ ਕਿਲਾ ਸੀ। ਉਸ ਨੇ ਨਫਾ-ਨੁਕਸਾਨ ਸੋਚੇ ਬਿਨਾ ਖਿਡਾਰੀਆਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ। ਸੈਂਕੜੇ ਕਬੱਡੀ ਖਿਡਾਰੀ ਇੰਗਲੈਂਡ ਸੱਦੇ, ਵਿਆਹ ਕੀਤੇ ਤੇ ਪੈਰਾਂ ਸਿਰ ਹੋਣ 'ਚ ਮਦਦ ਕੀਤੀ। ਅਜਿਹੇ ਇਨਸਾਨ ਦੁਨੀਆਂ 'ਚ ਬੜੇ ਘੱਟ ਮਿਲਦੇ ਨੇ।"

ਕੈਲੀਫੋਰਨੀਆ ਰਹਿੰਦੇ ਉਘੇ ਬਿਜਨਸਮੈਨ ਤੇ ਕਬੱਡੀ ਪ੍ਰੋਮੋਟਰ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਮਹਿੰਦਰ ਮੌੜ ਬੜਾ ਦਲੇਰ ਬੰਦਾ ਸੀ- ਇੰਗਲੈਂਡ ਵਿਚ ਕਬੱਡੀ ਦੀਆਂ ਜੜ੍ਹਾਂ ਲਾਉਣ ਵਾਲਾ, ਕਬੱਡੀ ਨੂੰ ਪਿਆਰ ਕਰਨ ਵਾਲਾ ਤੇ ਖਿਡਾਰੀਆਂ ਦੀ ਬਾਂਹ ਫੜਨ ਵਾਲਾ।

ਇੰਗਲੈਂਡ 'ਚ ਮੌੜ ਨੂੰ 'ਕਬੱਡੀ ਦਾ ਬਾਬਾ ਬੋਹੜ' ਕਰਕੇ ਜਾਣਿਆ ਜਾਂਦੈ। ਉਨ੍ਹੇ ਖਿਡਾਰੀਆਂ 'ਚ ਹਮੇਸ਼ਾ ਜੋਸ਼ ਤੇ ਜਜ਼ਬਾ ਭਰ ਕੇ ਰੱਖਿਆ। ਪੰਜਾਬੀਆਂ ਦੀ ਰੂਹ ਦੀ ਖੁਰਾਕ ਕਬੱਡੀ ਉਹਦੇ ਰੋਮ ਰੋਮ 'ਚ ਵਸੀ ਹੋਈ ਸੀ। ਉਹ ਪੰਜਾਬ ਦੇ ਨਾਮੀ ਖਿਡਾਰੀਆਂ ਪਿਛੇ ਹਮੇਸ਼ਾ ਥੰਮ੍ਹ ਵਾਂਗ ਖੜ੍ਹਿਆ ਰਿਹਾ। ਮੁਲਕ ਦੀ ਵੰਡ ਪਿਛੋਂ ਤੋਖੀ, ਮਾਲੜੀ, ਬੱਲ ਤੇ ਪ੍ਰੀਤੇ ਜਿਹੇ ਖਿਡਾਰੀਆਂ ਨੇ ਭਾਰਤੀ ਪੰਜਾਬ ਦੇ ਲੋਕਾਂ ਦੀ ਰਗ ਨੂੰ ਪਛਾਣਿਆ ਅਤੇ ਉਨ੍ਹਾਂ ਵਾਂਗ ਕਬੱਡੀ ਨੂੰ ਹੱਸਦੀ ਵੱਸਦੀ ਵੇਖਣ ਤੇ ਬੁਲੰਦੀਆਂ 'ਤੇ ਪਹੁੰਚਾਉਣ ਲਈ ਮਹਿੰਦਰ ਮੌੜ ਦਾ ਵੱਡਾ ਯੋਗਦਾਨ ਹੈ। ਘਰ ਫੂਕ ਤਮਾਸ਼ਾ ਵੇਖਣ ਵਾਂਗ ਸ਼ੌਕ ਪਾਲਣ ਲਈ ਜੇਬਾਂ ਖਾਲੀ ਕੀਤੀਆਂ ਤੇ ਜ਼ਮੀਨਾਂ ਦਾਅ 'ਤੇ ਲਾਈਆਂ। ਗਰੀਬ ਖਿਡਾਰੀਆਂ ਦੀ ਬਾਂਹ ਫੜੀ ਅਤੇ ਕੱਚਿਆਂ ਤੋਂ ਪੱਕੇ ਕਰਵਾਏ। ਮਹਿੰਦਰ 89 ਕੁ ਸਾਲ ਦੀ ਉਮਰੇ ਸਰੀਰਕ ਤੌਰ 'ਤੇ ਨਾਜ਼ੁਕ ਹਾਲਤਾਂ 'ਚੋਂ ਗੁਜ਼ਰ ਰਿਹਾ ਸੀ ਤੇ ਇਲਾਜ ਚਲਦਾ ਸੀ। ਭਤੀਜੇ ਜੀਤੇ ਮੌੜ ਨੇ ਬਹੁਤ ਸੇਵਾ ਕੀਤੀ।

ਪਿਤਾ ਤੇ ਭਰਾ ਸਿੰਘਾਪੁਰ ਰਹਿੰਦੇ ਸਨ। 1957 'ਚ ਮੌੜ ਉਨ੍ਹਾਂ ਕੋਲ ਚਲਾ ਗਿਆ। ਸਾਢੇ ਛੇ ਫੁੱਟ ਦਰਸ਼ਨੀ ਜੁਆਨ ਵੱਡਾ ਭਾਈ ਪਰਗਣ ਸਿੰਘ ਸਿੰਘਾਪੁਰ 'ਚ ਕੁਸ਼ਤੀਆਂ ਕਰਦਾ ਤੇ ਰੱਸਾ ਖਿਚਦਾ ਸੀ। ਡੇਢ ਕੁ ਸਾਲ ਮੌੜ ਉਨ੍ਹਾਂ ਕੋਲ ਰਿਹਾ। ਚੰਗੀ ਖੁਰਾਕ ਖਾਧੀ ਪਹਿਲਵਾਨੀ ਕੀਤੀ ਤੇ ਦਿਲ ਨਾ ਲੱਗਣ ਕਰਕੇ ਵਾਪਸ ਪਿੰਡ ਆ ਗਿਆ। ਕੁਝ ਮਹੀਨੇ ਪਿੰਡ ਰਿਹਾ, ਫਿਰ ਏਜੰਟ ਨਾਲ ਗੱਲ ਕਰਕੇ ਇੰਗਲੈਂਡ ਨੂੰ ਚਾਲੇ ਪਾ ਦਿੱਤੇ।

1959 'ਚ ਉਹ ਇੰਗਲੈਂਡ ਚਲਾ ਗਿਆ। ਉਥੇ ਉਹਨੂੰ ਕੋਈ ਨਹੀਂ ਸੀ ਜਾਣਦਾ। ਉਥੇ ਪੰਜਾਬੀ ਉਦੋਂ ਬੜੇ ਘੱਟ ਸਨ। ਪਹਿਲੀ ਰਾਤ ਉਨ੍ਹੇ ਵੁਲਵਰਹੈਂਪਟਨ ਦੇ ਸਟੇਸ਼ਨ 'ਤੇ ਕੱਟੀ। ਫਿਰ ਉਹਨੂੰ ਅੱਪਰੇ ਲਾਗੇ ਦਾ ਕੋਈ ਪਰਿਵਾਰ ਮਿਲਿਆ। ਥੋੜ੍ਹੇ ਦਿਨ ਉਨ੍ਹਾਂ ਕੋਲ ਰਿਹਾ ਤੇ ਕੰਮ ਲੱਭ ਕੇ ਟਿਕਾਣਾ ਬਣਾ ਲਿਆ। ਕੁਸ਼ਤੀਆਂ ਕਰਦਾ ਹੋਣ ਕਰਕੇ ਇੰਗਲੈਂਡ ਜਾ ਕੇ ਕੁਸ਼ਤੀਆਂ ਕੀਤੀਆਂ ਤੇ ਕੇਥੋ, ਨਿੰਮਾ ਮੱਲੀਆਂ ਤੇ ਹੋਰ ਪਹਿਲਵਾਨਾਂ ਨਾਲ ਕੁਸ਼ਤੀਆਂ ਲੜੀਆਂ। ਫਿਰ ਕਬੱਡੀ ਦਾ ਜਨੂੰਨ ਸਿਰ ਚੜ੍ਹ ਬੋਲਣ ਲੱਗਾ। ਕੰਮ ਤੋਂ ਘਰ ਜਾ ਥੋੜ੍ਹਾ ਅਰਾਮ ਕਰਨਾ, ਫਿਰ ਵੈਨ 'ਚ ਖਿਡਾਰੀਆਂ ਨੂੰ ਘਰੋਂ ਚੁੱਕ ਕੇ ਗਰਾਊਂਡ ਲਿਜਾਣਾ ਤੇ ਪ੍ਰੈਕਟਿਸ ਕਰਕੇ ਫਿਰ ਘਰੋ-ਘਰੀ ਛੱਡਣਾ, ਰੋਜ਼ ਦਾ ਕੰਮ ਸੀ।

1965 'ਚ ਇੰਗਲੈਂਡ 'ਚ ਕਬੱਡੀ ਦੀ ਸ਼ੁਰੂਆਤ ਹੋਈ। 13 ਫਰਵਰੀ 1973 ਨੂੰ ਇੰਗਲੈਂਡ ਦੀ ਟੀਮ ਪਹਿਲੀ ਵਾਰ ਪੰਜਾਬ ਖੇਡਣ ਗਈ। ਇੰਗਲੈਂਡ 'ਚ ਕਬੱਡੀ ਦਾ ਸ਼ੌਕ ਰੱਖਣ ਵਾਲੇ ਕਵੈਂਟਰੀ ਤੇ ਵੁਲਵਰਹੈਂਪਟਨ ਤੋਂ ਮਹਿੰਦਰ ਮੌੜ ਤੇ ਸੋਹਣ ਸਿੰਘ ਚੀਮਾ, ਬਰਮਿੰਘਮ ਤੋਂ ਪਿਆਰਾ ਸਿੰਘ ਉੱਪਲ ਤੇ ਜਰਨੈਲ ਸਿੰਘ ਹੇਅਰ, ਸਾਊਥਹਾਲ ਤੋਂ ਸੁਰਜਣ ਸਿੰਘ ਚੱਠਾ ਤੇ ਰੇਸ਼ਮ ਸਿੰਘ ਅਤੇ ਗਰੇਵਜੈਂਡ ਤੋਂ ਕਰਨੈਲ ਸਿੰਘ ਸਨ। ਇਨ੍ਹਾਂ ਪ੍ਰੋਮੋਟਰਾਂ ਨੇ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਤੋਂ ਖਿਡਾਰੀ ਚੁਣ ਚੁਣ ਕੇ ਪੰਜਾਬ ਖੇਡਣ ਲਈ ਭੇਜੇ। ਟੀਮ ਵਿਚ ਹਰਪਾਲ ਬਰਾੜ, ਜੀਤੀ ਖਹਿਰਾ, ਟਹਿਲ ਸਿੰਘ ਟਹਿਲਾ ਸੰਧਵਾਂ, ਹਿੰਮਤ ਸਿੰਘ, ਜਸਵੀਰ ਘੁੱਗੀ, ਲਹਿੰਬਰ ਲਿਤਰਾਂ, ਕੇਵਲ ਪਾਸਲਾ, ਦੇਬੀ ਕੋਟਲੀ ਥਾਨ ਸਿੰਘ, ਤੋਚੀ, ਬਾਬਾ ਕਰਨੈਲ ਘੁਰਲੀ, ਅਮਰੀਕ ਢਿਲਵਾਂ, ਸੋਹਣ ਬੋਪਾਰਾਏ, ਅਜੈਬ ਚੀਮਾ, ਜੀਤੀ ਹੁਸ਼ਿਆਰਪੁਰ, ਬਿੰਦਰ ਹੁਸ਼ਿਆਰਪੁਰ, ਪਰਮਜੀਤ ਲਾਖਾ, ਪਾਲੀ ਰਾਏਪੁਰ ਡੱਬਾ ਤੇ ਮੀਤਾ ਸੰਗ ਢੇਸੀਆਂ ਨਾਮੀ ਖਿਡਾਰੀ ਸਨ। ਇਨ੍ਹਾਂ ਖਿਡਾਰੀਆਂ ਨੇ ਪੰਜਾਬ ਦੇ ਜਲੰਧਰ, ਫਿਰੋਜ਼ਪੁਰ, ਮੋਰਾਂਵਾਲੀ ਤੇ ਕਿਲਾ ਰਾਏਪੁਰ ਮੈਚ ਖੇਡੇ।

ਨਾਮੀ ਕਬੱਡੀ ਖਿਡਾਰੀ ਤੇ ਕੋਚ ਰਮੀਦੀ ਵਾਲੇ ਸਰਬਣ ਬੱਲ ਨੂੰ ਮੌੜ ਨੇ ਪਹਿਲੀ ਵਾਰ 1972 'ਚ ਇੰਗਲੈਂਡ ਸੱਦਿਆ। ਇੰਗਲੈਂਡ ਤੋਂ ਵਾਪਸ ਜਾ ਕੇ ਸ. ਬੱਲ ਨੇ ਗ੍ਰਾਮ ਸੇਵਕ ਭਜਨ ਸਿੰਘ ਸੰਘਾ ਅਤੇ ਪੰਚਾਇਤ ਅਫਸਰ ਤੇ ਖੇਡਾਂ 'ਚ ਸ਼ੌਕ ਰੱਖਣ ਵਾਲੇ ਬੀ. ਡੀ. ਪੀ. ਓ. ਹਰਮਿੰਦਰ ਸਿੰਘ ਭੁੱਲਰ ਨਾਲ ਗੱਲ ਕੀਤੀ ਤੇ ਪੰਜਾਬ ਦੇ ਤਕੜੇ ਖਿਡਾਰੀਆਂ ਦੀ ਟੀਮ ਤਿਆਰ ਕਰਕੇ 1974 'ਚ ਇੰਗਲੈਂਡ ਖੇਡਣ ਗਏ। ਟੀਮ ਨਾਲ ਕੋਚ ਬੱਲ, ਹਰਮਿੰਦਰ ਸਿੰਘ ਭੁੱਲਰ, ਸਿਹਤ ਮੰਤਰੀ ਬਲਵੀਰ ਸਿੰਘ ਸ਼ੰਕਰ ਤੇ ਖੇਡ ਮੰਤਰੀ ਸੁਖਦੇਵ ਸਿੰਘ ਢੀਂਡਸਾ ਸਨ। ਤੋਖੀ ਐਟਮ ਬੰਬ ਤੇ ਅਜੀਤ ਸਿੰਘ ਮਾਲੜੀ ਮਹਿਮਾਨ ਵਜੋਂ ਨਾਲ ਗਏ। ਖਿਡਾਰੀਆਂ 'ਚ ਪ੍ਰੀਤਾ (ਕਪਤਾਨ), ਦੇਵੀ ਦਿਆਲ (ਉਪ ਕਪਤਾਨ), ਸੱਤਾ ਅੰਮ੍ਰਿਤਸਰ, ਜੀਤਾ ਸਿਪਾਹੀ ਅੰਮ੍ਰਿਤਸਰ, ਰਸਾਲ ਸਿੰਘ ਰਸਾਲਾ, ਬੰਸਾ ਢੰਡੋਵਾਲ ਸ਼ਾਹਕੋਟ, ਭੱਜੀ ਖੁਰਦਪੁਰ ਤੇ ਜੱਗੀ ਰਸੂਲਪੁਰ ਰੇਡਰ ਸਨ ਅਤੇ ਜਾਫੀਆਂ 'ਚ ਘੁੱਗਾ ਸ਼ੰਕਰ, ਦਰਸ਼ਨ ਮੰਗਲੀ ਲੁਧਿਆਣਾ, ਸੁਰਜੀਤ ਸੈਦੋਵਾਲ, ਬਿੰਦਰ ਘੱਲ ਕਲਾਂ ਤੇ ਮੋਹਣੀ ਜੰਡਿਆਲਾ (ਜਾਫੀ ਤੇ ਪਹਿਲਵਾਨ) ਖਿਡਾਰੀ ਸਨ। ਨਾਲ ਗਏ ਸ. ਭੁੱਲਰ ਨੂੰ ਸਟੇਜ ਦਾ ਧਨੀ ਤੇ ਗਜ਼ਬ ਦਾ ਕੁਮੈਂਟੇਟਰ ਐਲਾਨਿਆ ਗਿਆ।

ਮਹਿੰਦਰ ਮੌੜ 15-16 ਸਾਲਾਂ ਬਾਅਦ 1974-75 'ਚ ਪੰਜਾਬ ਗਏ ਤਾਂ ਫਸਲਾਂ ਦੇ ਰੰਗ ਤੇ ਕਬੱਡੀ ਮੈਚ ਵੇਖ ਕੇ ਗਦਗਦ ਹੋ ਗਏ। 1977 'ਚ ਪੰਜਾਬ ਦੀ ਟੀਮ ਦੂਜੀ ਵਾਰ ਫਿਰ ਇੰਗਲੈਂਡ ਖੇਡਣ ਗਈ। ਧਾਵੀਆਂ 'ਚ ਪ੍ਰੀਤਾ, ਦੇਵੀ ਦਿਆਲ, ਪੱਤੜੀਆ ਬੋਲਾ, ਫਿੱਡੂ, ਅਰਜਣ ਕਾਉਂਕੇ ਤੇ ਦਿਲਬਾਗ ਬਾਘਾ ਬੇਗੋਵਾਲ ਸਨ ਅਤੇ ਜਾਫੀਆਂ 'ਚ ਸ਼ਿਵਦੇਵ ਸਿੰਘ, ਮੱਖਣ ਪੁਆਦੜਾ, ਭੱਜੀ ਖੀਰਾਂਵਾਲੀ, ਦਰਬਾਰਾ ਬੋਲਾ ਤੇ ਬਲਤੇਜ ਘੱਲ ਕਲਾਂ ਸਨ। 1988 'ਚ ਮਹਿੰਦਰ ਮੌੜ ਤੇ ਸੋਹਣ ਸਿੰਘ ਚੀਮਾ ਇੰਗਲੈਂਡ ਦੀ ਟੀਮ ਫਿਰ ਪੰਜਾਬ ਲੈ ਕੇ ਗਏ। ਖਿਡਾਰੀਆਂ 'ਚ ਰੇਡਰ ਜਸਵੀਰ ਘੁੱਗੀ, ਸਵਰਨਾ, ਪਾਲੀ, ਜੱਸਾ ਭੱਜੀ, ਮੋਹਣਾ ਸੰਧਵਾਂ, ਜੈਲਾ ਹੁਸ਼ਿਆਰਪੁਰ ਤੇ ਚੁੰਨੀ ਪੱਤੜ (ਪੱਤੜੀਏ ਬੋਲੇ ਦਾ ਚਚੇਰਾ ਭਰਾ) ਸਨ। ਇਸ ਪਿਛੋਂ ਹਰ ਸਾਲ ਇੰਗਲੈਂਡ ਦੀ ਟੀਮ ਪੰਜਾਬ ਖੇਡਣ ਜਾਣ ਲੱਗੀ।

1986 'ਚ ਮੁੜ ਇੰਗਲੈਂਡ ਤੋਂ ਪੰਜਾਬ ਖੇਡਣ ਗਈ ਸਿਰੇ ਦੀ ਟੀਮ 'ਚ ਜਸਵੀਰ ਘੁੱਗੀ, ਕੇਵਲ ਪਾਸਲਾ, ਮੱਖਣ ਪੁਆਦੜਾ, ਬਲਵੀਰ ਵੀਰ੍ਹਾ ਚਮਿਆਰਾ, ਨਿੰਦੀ ਔਜਲਾ, ਸਵਰਨਾ ਲੁਧਿਆਣਾ, ਮੇਜੀ ਲੁਧਿਆਣਾ, ਦੀਪਾ ਮੌਲੀ, ਜੈਲਾ ਹੁਸ਼ਿਆਰਪੁਰ, ਬਲਵੀਰ ਦੁੱਗਰੀ, ਮਿੰਦੀ ਪਧਾਣਾ, ਸੁਲੱਖਣ ਖੈੜਾ ਦੋਨਾਂ ਤੇ ਬਰਮਿੰਘਮ ਦਾ ਭਲਵਾਨ। ਇਸ ਟੀਮ ਨੇ ਤਲਵੰਡੀ ਸਾਬੋ ਕੀ, ਦੋਰਾਹੇ, ਬੱਸੀ ਪਠਾਣਾਂ, ਛੋਟਾ ਰੁੜਕਾ ਅਤੇ ਚੰਡੀਗੜ੍ਹ ਲਾਗੇ ਕਾਲਕਾ (ਦੇਵੀ ਦਿਆਲ ਦੇ ਸ਼ਾਗਿਰਦ ਟੋਨੀ ਦੇ ਪਿੰਡ) ਮੈਚ ਖੇਡੇ। ਮਹੀਨਾ ਕੁ ਇਹ ਟੀਮ ਪੰਜਾਬ ਰਹੀ ਸੀ ਤੇ ਖਾੜਕੂਵਾਦ ਦੇ ਦਿਨ ਸਨ। ਕਾਵੈਂਟਰੀ ਵਾਲੇ ਸੀਤਲ ਸਿੰਘ ਜੌਹਲ ਤੇ ਸੋਹਣ ਸਿੰਘ ਚੀਮਾ ਇਸ ਟੀਮ ਦੀ ਅਗਵਾਈ ਕਰ ਰਹੇ ਸਨ। ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਦੀਆਂ ਅਪੋ-ਆਪਣੀਆਂ ਕਲੱਬਾਂ ਬਣ ਜਾਣ ਕਰਕੇ ਫਿਰ ਤਾਂ ਹਰ ਸਾਲ ਇੰਗਲੈਂਡ ਤੋਂ ਟੀਮ ਪੰਜਾਬ ਖੇਡਣ ਜਾਣ ਲੱਗੀ।

1979 'ਚ ਮਹਿੰਦਰ ਮੌੜ ਨੇ 'ਮੌੜ ਡੇਅਰੀ' ਪਾ ਲਈ ਤੇ ਲੋਕਾਂ ਦੇ ਘਰਾਂ 'ਚ ਦੁੱਧ ਸਪਲਾਈ ਕਰਨ ਲਈ ਬੰਦੇ ਰੱਖ ਲਏ। ਲੁਧਿਆਣੇ ਵਾਲਾ ਮੇਜੀ ਤੇ ਕਾਲਾ ਸੰਘਿਆਂ ਵਾਲਾ ਮੋਹਣਾ ਵੀ ਲੋਕਾਂ ਦੇ ਘਰਾਂ 'ਚ ਦੁੱਧ ਸਪਲਾਈ ਕਰਨ ਜਾਂਦੇ ਰਹੇ। ਮੌੜ ਦੀ ਪਾਰਖੂ ਅੱਖ ਹਮੇਸ਼ਾ ਚੰਗੇ ਖਿਡਾਰੀਆਂ





ਜਵਾਨੀ ਵੇਲੇ ਕਬੱਡੀ ਖੇਡਦਿਆਂ ਮਹਿੰਦਰ ਮੌੜ

ਨੂੰ ਲੱਭਦੀ ਰਹਿੰਦੀ। ਉਹ ਚੰਗੀ ਖੇਡ ਦੀ ਕਦਰ ਕਰਦਾ ਸੀ। ਇਕ ਵਾਰ ਮਹਿੰਦਰ ਮੌੜ ਕਿਤੇ ਮੈਚ ਵੇਖਣ ਗਿਆ, ਕੋਈ ਖਿਡਾਰੀ ਵਧੀਆ ਖੇਡ ਰਿਹਾ ਸੀ। ਮੈਚ ਮੁੱਕਣ ਪਿਛੋਂ ਮੌੜ ਉਹਦੇ ਕੋਲ ਗਿਆ ਤੇ ਕਿਹਾ, "ਜੁਆਨਾਂ ਇੰਗਲੈਂਡ ਖੇਡਣ ਜਾਣੈਂ? ਪਾਸਪੋਰਟ ਹੈ?" ਇੰਗਲੈਂਡ ਦਾ ਨਾਂ ਸੁਣ ਕੇ ਮੁੰਡਾ ਹੈਰਾਨ ਜਿਹਾ ਹੋ ਗਿਆ।

ਉਹਦਾ ਅਤਾ-ਪਤਾ ਕਰਕੇ ਦੂਜੇ ਦਿਨ ਮੌੜ ਉਹਦੇ ਘਰ ਚਲਾ ਗਿਆ। ਘਰ ਵੜਦੇ ਨੂੰ ਵਿਹੜੇ 'ਚ ਬੱਕਰੀਆਂ ਬੰਨ੍ਹੀਆਂ ਹੋਈਆਂ ਸਨ ਤੇ ਬਾਪ ਹੁੱਕਾ ਪੀ ਰਿਹਾ ਸੀ। ਮੌੜ ਨੇ ਘਰ ਦੇ ਹਾਲਾਤ ਦਾ ਅੰਦਾਜ਼ਾ ਲਾ ਲਿਆ।

"ਬਜੁਰਗਾ ਮੁੰਡਾ ਇੰਗਲੈਂਡ ਲੈ ਕੇ ਜਾਣਾ ਖੇਡਣ ਲਈ, ਵਧੀਆ ਖੇਡਦੈ!"

"ਸਾਡੇ ਭਾਗਾਂ 'ਚ ਇੰਗਲੈਂਡ ਕਿਥੇ ਜੀ?" ਇੰਗਲੈਂਡ ਦਾ ਨਾਂ ਸੁਣ ਕੇ ਬਾਪ ਸੁੰਨ ਜਿਹਾ ਹੋ ਗਿਆ।

"ਮੁੰਡਾ ਕਿਥੇ ਐ?"

"ਜੀ, ਉਹ ਬੱਕਰੀਆਂ ਚਾਰਨ ਗਿਆ ਹੋਇਐ।"

ਬਜੁਰਗ ਦੇ ਬੋਲਾਂ ਨੇ ਮੌੜ ਨੂੰ ਸੱਟ ਮਾਰੀ। ਪਤਾ ਕਰਕੇ ਮੌੜ ਬੱਕਰੀਆਂ ਚਾਰਨ ਗਏ ਮੁੰਡੇ ਦੇ ਮਗਰੇ ਚਲਾ ਗਿਆ। ਜਾ ਕੇ ਉਹਦੇ ਨਾਲ ਗੱਲਬਾਤ ਕੀਤੀ। ਘਰੋਂ ਜਾ ਕੇ ਪਾਸਪੋਰਟ ਲਿਆ। ਪਾਸਪੋਰਟ ਲੈ ਕੇ ਮੌੜ ਬਾਹਰ ਆ ਗਿਆ। ਸਾਰੇ ਪੇਪਰ ਆਪੇ ਤਿਆਰ ਕੀਤੇ। ਖਰਚਾ ਵੀ ਚੰਗਾ ਸੀ। ਕਲੱਬ ਦੇ ਖਾਤੇ 'ਚੋਂ 4 ਹਜ਼ਾਰ ਪੌਂਡ ਲਿਆ ਤੇ 4 ਹਜ਼ਾਰ ਪੌਂਡ ਮੌੜ ਨੇ ਆਪਣੀ ਜੇਬ 'ਚੋਂ ਪਾ ਕੇ ਉਸ ਮੁੰਡੇ ਨੂੰ ਵਾਇਆ ਜਰਮਨ ਇੰਗਲੈਂਡ ਸੱਦਿਆ। ਮੌੜ ਦੇ ਦੱਸਣ ਮੁਤਾਬਕ ਦੋ ਕੁ ਸਾਲ ਉਹ ਮੁੰਡਾ ਸਾਡੇ ਵਲੋਂ ਖੇਡਿਆ ਤੇ ਵੱਧ ਪੈਸਿਆਂ ਦੇ ਲਾਲਚ ਵਿਚ ਆ ਕੇ ਫਿਰ ਕਿਸੇ ਹੋਰ ਕਲੱਬ ਵਲੋਂ ਖੇਡਣ ਲੱਗ ਪਿਆ।

ਮੌੜ ਨੂੰ ਦੁੱਖ ਉਦੋਂ ਹੁੰਦਾ ਸੀ, ਜਦੋਂ ਖਿਡਾਰੀ ਪੰਜਾਬ ਤੋਂ ਲਿਆ ਕੇ ਖਿਡਾਏ ਤੇ ਸੈਟ ਕਰਾਏ ਹੁੰਦੇ ਅਤੇ ਉਹੀ ਮੌੜ ਨਾਲ ਧੋਖਾ ਕਰ ਜਾਂਦੇ ਜਾਂ ਦੂਜੀਆਂ ਟੀਮਾਂ ਵਿਚ ਖੇਡਣ ਲੱਗ ਜਾਂਦੇ। ਮੌੜ ਫਿਰ ਵੀ 'ਚਲੋ ਕੋਈ ਨੀ' ਕਹਿ ਦਿੰਦਾ, ਪਰ ਉਹ ਦੁੱਖ ਅੰਦਰੇ ਅੰਦਰ ਪੀ ਜਾਂਦਾ।

ਮੋਹਣਾ, ਜਸਵੀਰ ਘੁੱਗੀ, ਬਿੰਦਰ ਮਾਹਲ, ਰਾਜਨ, ਚੀਮਾ ਤੇ ਸ਼ਿੰਦਾ ਅਮਲੀ ਮੌੜ ਦੇ ਖਾਸ ਖਿਡਾਰੀ ਰਹੇ। ਮੌੜ ਦਾ ਭਤੀਜਾ ਘੁੱਗੀ ਤਕੜਾ ਤੇ ਤੇਜ-ਤਰਾਰ ਖਿਡਾਰੀ ਰਿਹੈ। ਘੁੱਗੀ ਨੂੰ ਹੋਰ ਤੇਜ਼ ਕਰਨ ਲਈ ਕੋਚ ਸਰਬਣ ਬੱਲ ਨੇ ਮੌੜ ਨਾਲ ਗੱਲ ਕਰਕੇ ਉਸ ਨੂੰ ਪੰਜਾਬ ਸੱਦ ਲਿਆ। ਸ. ਬੱਲ ਨੇ ਬੀ. ਡੀ. ਪੀ. ਓ. ਹਰਮਿੰਦਰ ਸਿੰਘ ਭੁੱਲਰ ਨਾਲ ਗੱਲ ਕੀਤੀ ਕਿ ਘੁੱਗੀ ਨੂੰ ਹੋਰ ਤਿੱਖਾ ਕਰਨੈ।

"ਇਹ ਨਿੱਕੇ ਜਿਹੇ ਨੇ ਕੀ ਖੇਡਣਾ?" ਘੁੱਗੀ ਦੇ ਛੋਟੇ ਕੱਦ ਵੱਲ ਵੇਖ ਸ. ਭੁੱਲਰ ਨੇ ਵਿਅੰਗ ਕੱਸਿਆ।

"ਜਰਾ ਮੌਕਾ ਦੇ ਕੇ ਤਾਂ ਵੇਖੋ, ਸੁਰਲੀ ਆ ਸੁਰਲੀ।" ਸ. ਬੱਲ ਨੇ ਬੜੇ ਠਰੰਮੇ ਨਾਲ ਕਿਹਾ।

ਫਿਰ ਕੀ ਸੀ, ਉਨ੍ਹਾਂ ਆਪਸ ਵਿਚ ਗੱਲ ਕਰਕੇ ਕਪੂਰਥਲਾ ਦੇ ਗੁਰੂ ਨਾਨਕ ਸਟੇਡੀਅਮ ਵਿਚ ਮੈਚ ਰੱਖ ਲਿਆ ਤੇ ਸਟੇਡੀਅਮ ਦਾ ਨੀਂਹ ਪੱਥਰ ਰੱਖਣ ਦੇ ਬਹਾਨੇ ਗਿਆਨੀ ਜੈਲ ਸਿੰਘ ਨੂੰ ਸੱਦ ਲਿਆ। ਉਸ ਮੈਚ ਦਾ ਗਿਆਨੀ ਜੈਲ ਸਿੰਘ ਨੇ ਵੀ ਅਨੰਦ ਮਾਣਿਆ। ਵਾਕਿਆ ਘੁੱਗੀ ਤਕੜਾ ਖੇਡਿਆ। ਜਾਫੀ ਤੇ ਧਾਵੀ-ਘੁੱਗੀ ਦੋਹਾਂ ਪਾਸੇ ਬੜਾ ਚੱਲਿਆ। ਟੀਮ ਦੇ ਦੂਜੇ ਪਾਸੇ ਜੋਤਾ, ਸੱਤਾ, ਜੀਤਾ ਸਿਪਾਹੀ ਤੇ ਹੋਰ ਤਕੜੇ ਖਿਡਾਰੀ ਖੇਡ ਰਹੇ ਸਨ। ਘੁੱਗੀ ਨੇ ਸ. ਭੁੱਲਰ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ। ਫਿਰ ਜਿਧਰ ਨੂੰ ਵੀ ਜੀਪ 'ਚ ਜਾਣਾ ਘੁੱਗੀ ਨੂੰ ਨਾਲ ਹੀ ਰੱਖਿਆ।

ਬਹਾਦਰ ਸਿੰਘ ਸੰਘਾ, ਕੰਤਾ ਸੰਘਾ, ਗੁਰਦੇਵ ਪੱਪੂ ਪੰਡੀ, ਬਲਕਾਰ ਸਿੰਘ ਤੇ ਗੁਰਮੇਜਾ ਜਿਹੇ ਸੱਜਣਾਂ ਨੇ ਮੌੜ ਦਾ ਬੜਾ ਸਾਥ ਦਿੱਤਾ ਤੇ ਚੱਟਾਨ ਵਾਂਗ ਹਰ ਤਰ੍ਹਾਂ ਨਾਲ ਖੜ੍ਹਦੇ ਰਹੇ।

ਮੌੜ ਨੇ ਸਿਰਫ ਭਾਰਤੀ ਪੰਜਾਬ ਦੇ ਖਿਡਾਰੀਆਂ ਨੂੰ ਹੀ ਨਹੀਂ, ਸਗੋਂ ਪਾਕਿਸਤਾਨੀ ਖਿਡਾਰੀਆਂ ਨੂੰ ਵੀ ਮੌਕਾ ਦਿੱਤਾ। ਦੋ ਕੁ ਸਾਲ ਉਹ ਵੀ ਉਹਦੀ ਟੀਮ 'ਚ ਖੇਡੇ। ਜਿਨ੍ਹਾਂ 'ਚ ਆਮੀਨ ਜੱਟ, ਗੁਲ, ਰਿਆਜ਼ ਤੇ ਲਾਲਾ ਖਿਡਾਰੀਆਂ ਨੂੰ ਵੀ ਮੌਕਾ ਦਿੱਤਾ। ਮੌੜ ਦੇ ਭਤੀਜੇ ਜੀਤੇ ਮੌੜ ਨੇ ਉਸੇ ਸਾਲ 1993 'ਚ ਖੇਡਣਾ ਸ਼ੁਰੂ ਕੀਤਾ ਸੀ। ਜੀਤਾ ਕਈ ਸਾਲ ਤਕੜਾ ਖੇਡਿਆ। ਅੱਜ ਕੱਲ੍ਹ ਉਹ ਪਿੰਡ ਰਹਿੰਦੈ।

1990 'ਚ ਮਹਿੰਦਰ ਮੌੜ ਤੇ ਸੋਹਣ ਸਿੰਘ ਚੀਮਾ ਇੰਗਲੈਂਡ ਤੋਂ ਪਾਕਿਸਤਾਨ ਟੀਮ ਲੈ ਕੇ ਗਏ। ਜਾਫੀਆਂ 'ਚ ਸਵਰਨਾ, ਪਾਲੀ, ਸ਼ਿੰਦਾ ਅਮਲੀ, ਨਿੰਦੀ ਔਜਲਾ ਤੇ ਮੱਖਣ ਬੈਂਸ ਸਨ, ਜਦਕਿ ਧਾਵੀਆਂ 'ਚ ਵੀਰ੍ਹਾ ਚਮਿਆਰਾ, ਮੇਜਰ ਅਟਾਲਾਂ, ਪੱਪੂ ਖੱਬਾ ਤੇ ਮੋਹਣਾ ਸੰਘਾ ਸਨ, ਪਰ ਸੱਟ ਲੱਗਣ ਕਰਕੇ ਮੋਹਣਾ ਸੰਘਾ ਖੇਡ ਨਾ ਸਕਿਆ। ਇੰਗਲੈਂਡ ਦੀ ਟੀਮ ਨੇ ਤਕੜੇ ਮੈਚ ਖੇਡੇ। ਤਿੰਨ ਮੈਚ ਪਾਕਿਸਤਾਨ ਤੋਂ ਜਿੱਤੇ ਤੇ ਇਕ ਹਾਰਿਆ। ਕਬੱਡੀ ਦੇ ਪ੍ਰੋਮੋਟਰ ਖਵਾਜ਼ਾ ਅਹਿਮਦ ਅੱਬਾਸ ਨੇ ਮੌੜ ਨੂੰ 'ਕਬੱਡੀ ਦੇ ਬਾਬਾ ਬੋਹੜ' ਦਾ ਖਿਤਾਬ ਦਿੱਤਾ ਤੇ ਵਾਹਵਾ ਮਾਣ-ਤਾਣ ਕੀਤਾ।

1991 'ਚ ਸੋਹਣ ਚੀਮਾ ਤੇ ਹਰਪਾਲ ਬਰਾੜ ਦੀ ਦੇਖ-ਰੇਖ ਹੇਠ ਫਿਰ ਇੰਗਲੈਂਡ ਦੀ ਟੀਮ ਪਾਕਿਸਤਾਨ ਗਈ। ਛਾਂਟ ਛਾਂਟ ਕੇ ਚੁਣੇ ਖਿਡਾਰੀਆਂ 'ਚ ਕੁਲਦੀਪ ਮੱਲ੍ਹਾ, ਮੋਹਣਾ ਸੰਧਵਾਂ, ਪੰਮਾ ਪਾਸਲਾ, ਅਰਜਣ ਕਾਉਂਕੇ ਤੇ ਭੋਲਾ ਮਾਹਲਾ ਰੇਡਰ ਅਤੇ ਜਾਫੀਆਂ 'ਚ ਘੁੱਗੀ, ਚੁੰਨੀ ਪੱਤੜ, ਬਿੰਦਰ ਫਿਰੋਜ਼ਪੁਰ, ਬਿੱਟੂ ਸਾਊਥਹਾਲ ਤੇ ਸ਼ਿੰਦਾ ਅਮਲੀ ਸਨ।

ਕਬੱਡੀ ਦੇ ਪ੍ਰਸਿੱਧ ਕੋਚ ਮਦਨ ਲਾਲ ਗੋਗੀ ਦੀ ਟੀਮ ਮਹਿੰਦਰ ਮੌੜ ਦੀ ਮਿਹਰਬਾਨੀ ਸਦਕਾ ਤਿੰਨ ਸਾਲ ਇੰਗਲੈਂਡ ਖੇਡਣ ਜਾਂਦੀ ਰਹੀ। ਗੁਰਲਾਲ, ਬਿੱਟੂ ਦੁਗਾਲ, ਵੀਰ੍ਹਾ ਸਿਧਵਾਂ, ਜਾਦੂ ਤੇ ਫੰਡਾ ਖਿਡਾਰੀਆਂ ਨੇ ਤਿੰਨ ਸਾਲ ਫਸਵੇਂ ਮੈਚ ਖੇਡੇ ਤੇ ਤਿੰਨੇ ਸਾਲ ਜਿੱਤ ਦੇ ਕੱਪ ਚੁੱਕੇ। ਖਿਡਾਰੀਆਂ ਨੇ ਗੋਗੀ ਨੂੰ ਵਧੀਆ ਕੋਚ ਮੰਨਿਆ, ਉਹਦੀ ਦੇਖ-ਰੇਖ ਹੇਠ ਖਿਡਾਰੀ ਹਮੇਸ਼ਾ ਨਸ਼ਾ-ਰਹਿਤ ਖੇਡੇ।

1967 'ਚ ਮੌੜ ਦਾ ਭਤੀਜਾ ਜਸਵੀਰ ਸਿੰਘ ਘੁੱਗੀ (ਮੌੜ ਦੇ ਵੱਡੇ ਭਾਈ ਸਰਪੰਚ ਚੇਤਨ ਸਿੰਘ ਦਾ ਬੇਟਾ) 14 ਸਾਲਾਂ ਦਾ ਸੀ, ਜਦੋਂ ਉਹ ਇੰਗਲੈਂਡ ਚਲਾ ਗਿਆ। ਦੋ ਸਾਲ ਬਰਮਿੰਘਮ ਤੇ ਕਾਵੈਂਟਰੀ ਦੇ ਮੈਚ ਚਾਚੇ ਮੌੜ ਨਾਲ ਵੇਖਣ ਜਾਂਦਾ ਰਿਹੈ। ਆਮ ਤੌਰ 'ਤੇ ਸਨੀ-ਐਤਵਾਰ ਹੁੰਦੇ ਮੈਚ ਕਦੇ ਮਿਸ ਨਾ ਕੀਤੇ। ਘੁੱਗੀ ਦਾ ਕਬੱਡੀ ਸ਼ੌਕ ਵਧਦਾ ਗਿਆ। 1969 'ਚ ਘੁੱਗੀ 16 ਸਾਲਾਂ ਦਾ ਹੋ ਗਿਆ। ਚਾਚੇ ਮੌੜ ਨੇ ਉਹਨੂੰ ਤੇ ਕੇਵਲ ਪਾਸਲਾ ਨੂੰ ਕਾਵੈਂਟਰੀ ਦੀ 'ਬੀ' ਟੀਮ ਵਲੋਂ ਖਿਡਾ ਕੇ ਵੇਖਿਆ। ਫਿਰ ਵੁਲਵਰਹੈਂਪਟਨ ਦੇ ਟੂਰਨਾਮੈਂਟ 'ਚ ਖੇਡਿਆ। ਫਿਰ ਤਾਂ ਚੱਲ ਸੋ ਚੱਲ। ਘੁੱਗੀ ਦੀ ਖੇਡ ਨਿਖਰਦੀ ਗਈ। ਉਸ ਨੇ ਚਾਚੇ ਮੌੜ ਅਤੇ ਪਰਿਵਾਰ ਦਾ ਸਿਰ ਮਾਣ ਨਾਲ ਉਚਾ ਕੀਤਾ।

1975 'ਚ ਮਹਿੰਦਰ ਮੌੜ ਨੇ 'ਪੰਜਾਬ ਯੂਨਾਈਟਿਡ ਸਪੋਰਟਸ ਕਲੱਬ, ਵੁਲਵਰਹੈਂਪਟਨ' ਦੀ ਸਥਾਪਨਾ ਕੀਤੀ। ਪੰਜਾਬ ਤੋਂ ਖੇਡਣ ਗਈ ਪਹਿਲੀ ਟੀਮ ਦੇ ਕੁਝ ਖਿਡਾਰੀ ਮੌੜ ਨੇ ਰੱਖ ਲਏ ਸਨ ਤੇ ਕੁਝ ਆਪਣੇ ਪਾਲੇ ਹੋਏ ਖਿਡਾਰੀ ਪਾ ਕੇ ਕਲੱਬ ਦੀ ਤਕੜੀ ਟੀਮ ਬਣਾ ਲਈ। ਇਨ੍ਹਾਂ 'ਚ ਸੁਰਜੀਤ ਗੜ੍ਹਾ ਸੈਦੋਵਾਲ, ਬਿੰਦਰ ਘੱਲ ਕਲਾਂ, ਬੰਸਾ ਸ਼ਾਹਕੋਟ, ਜਸਵੀਰ ਘੁੱਗੀ, ਜੱਸਾ ਨੱਥੂ ਚਾਹਲ, ਬਾਬਾ ਘੁਰਲੀ ਹੁਸ਼ਿਆਰਪੁਰ, ਪਰਮਜੀਤ ਲਾਖਾ, ਲਹਿੰਬਰ ਲਿਤਰਾਂ, ਨਿੰਦਰ ਮਣੈਲ, ਗੇਲੀ ਖਹਿਰਾ, ਸੁਰਿੰਦਰ ਬੈਸ ਟੀਮ ਦੇ ਖਿਡਾਰੀ ਸਨ। ਉਨ੍ਹਾਂ ਨੇ ਇੰਗਲੈਂਡ 'ਚ ਤਕੜੇ ਮੈਚ ਖੇਡੇ ਤੇ 8-10 ਸਾਲ ਕੱਪ ਜਿੱਤ ਕੇ ਮਹਿੰਦਰ ਮੌੜ ਦੀ ਝੋਲੀ ਪਾਉਂਦੇ ਰਹੇ।

ਆਪਣੇ ਆਪ ਨੂੰ ਫਿੱਟ ਰੱਖਣ ਲਈ ਮੌੜ ਕੰਮ ਤੋਂ ਘਰ ਜਾ ਕੇ ਥੋੜ੍ਹਾ ਅਰਾਮ ਕਰਦਾ ਤੇ ਫਿਰ ਦੌੜ ਲਾਉਣ ਜਾਂਦਾ। ਪਹਿਲੀਆਂ 'ਚ ਮੌੜ ਨੇ ਕਬੱਡੀ ਮੈਚ ਵੀ ਲਾਇਆ। ਸਾਊਥਹਾਲ ਇਕ ਵਾਰ ਮੈਚ ਵੇਖਣ ਗਿਆ ਤਾਂ ਖਿਡਾਰੀ ਘੱਟ ਸਨ। ਉਹ ਆਪ ਕੱਪੜੇ ਖੋਲ੍ਹ ਖੇਡਣ ਲੱਗ ਪਿਆ। ਜਸਵੀਰ ਘੁੱਗੀ, ਮੌੜ ਤੇ ਛੋਟਾ ਘੁੱਗੀ ਖਹਿਰਾ ਜਾਫੀ ਸਨ ਅਤੇ ਰੇਡਰਾਂ 'ਚ ਬਾਬਾ ਘੁਰਲੀ, ਲਾਖਾ ਪਰਮਜੀਤ ਤੇ ਸੁਰਜੀਤ ਸਨ। ਇਹ ਗੱਲ 1970-71 ਦੀ ਹੈ।

ਮਹਿੰਦਰ ਮੌੜ ਗਰਾਊਂਡ 'ਚ ਖਿਡਾਰੀਆਂ ਨਾਲ ਦੌੜ ਲਾਉਂਦਾ ਤਾਂ ਕਈ ਵਾਰ ਸੌ ਮੀਟਰ ਦੀ ਫਰਾਟਾ ਦੌੜ ਜਾਂ ਲੰਬੀ ਦੌੜ ਬਰਾਬਰ ਲਾ ਲੈਂਦਾ। ਵੀਰ੍ਹਾ ਚਮਿਆਰਾ, ਬੰਸਾ, ਸੁਰਜੀਤ, ਲਹਿੰਬਰ ਤੇ ਹੋਰ ਖਿਡਾਰੀਆਂ ਨਾਲ ਬਰਾਬਰ ਦੌੜਦੇ ਰਹੇ। ਘੁੱਗੀ ਤੇ ਅਰਜਣ ਕਾਉਂਕੇ ਦੀ ਖਾਸੀਅਤ ਇਹ ਸੀ ਕਿ ਜਿੰਨੀ ਤੇਜ਼ੀ ਨਾਲ ਉਹ ਅੱਗੇ ਨੂੰ ਦੌੜਦੇ ਸਨ, ਉਨੀ ਤੇਜ਼ੀ ਨਾਲ ਹੀ ਪਿਛਲ ਖੁਰੀਆਂ (ਪਿਛੇ ਨੂੰ) ਦੌੜ ਲੈਂਦੇ ਸਨ। ਜੀਤਾ, ਘੁੱਗੀ ਤੇ ਲਾਖਾ (ਮੌੜ ਦੇ ਭਤੀਜੇ), ਜੱਸਾ ਨੱਥੂ ਚਾਹਲ (ਮੌੜ ਦਾ ਸਾਲਾ) ਤੇ ਹੋਰ ਕਈ ਰਿਸ਼ਤੇਦਾਰ ਨਾਮੀ ਖਿਡਾਰੀ

(ਬਾਕੀ ਅਗਲੇ ਸਫੇ 'ਤੇ)

ਰਹੇ।

ਬਿੰਦਰ ਮਾਹਲ, ਕਾਟੋ ਤੇ ਪੱਪੂ ਗੁਰਦਾਸਪੁਰੀਏ ਨੂੰ ਮੌੜ ਨੇ ਪੇਪਰ ਭੇਜੇ। ਉਹ ਪੇਪਰ ਅੰਬੈਸੀ ਵਾਲਿਆਂ ਕਿਸੇ ਕਾਰਨ ਕਰਕੇ ਕੈਂਸਲ (ਰਿਫਿਊਜ਼) ਕਰ ਦਿੱਤੇ। ਫਿਰ ਰਾਹਦਾਰੀ (ਪੇਪਰ) ਲੈ ਕੇ ਖੁਦ ਮੌੜ ਗਿਆ ਤੇ ਉਨ੍ਹਾਂ ਨੂੰ ਨਾਲ ਲੈ ਕੇ ਇੰਗਲੈਂਡ ਗਿਆ। ਮੌੜ ਦੇ ਮਨ ਨੂੰ ਠੇਸ ਉਦੋਂ ਲੱਗਦੀ, ਜਦੋਂ ਖਿਡਾਰੀ ਬਹਾਨੇ ਨਾਲ ਪੈਸੇ ਲੈ ਲੈਂਦੇ। ਮੌੜ ਨੂੰ ਪਸੰਦ ਨਹੀਂ ਸੀ ਕਿ ਉਹਦੇ ਨਾਲ ਕੋਈ ਝੂਠ ਬੋਲੇ ਜਾਂ ਬੇਵਕੂਫ ਬਣਾਵੇ।

ਬਲਵਿੰਦਰ ਫਿੱਡੂ ਵੀ ਮੌੜ ਦਾ ਮਨਪਸੰਦ ਖਿਡਾਰੀ ਰਿਹੈ। ਸੁਰਜਣ ਚੱਠਾ ਤੇ ਸੋਹਣ ਸਿੰਘ ਚੀਮਾ ਦੇ ਸੱਦੇ 'ਤੇ ਫਿੱਡੂ ਇੰਗਲੈਂਡ ਖੇਡਣ ਆਉਂਦਾ ਰਿਹੈ। ਮੌੜ ਅਕਸਰ ਉਹਦੀ ਖੇਡ ਨੂੰ ਬੜਾ ਪਸੰਦ ਕਰਦਾ ਸੀ। ਮੌੜ ਦੀ ਇੱਛਾ ਹੁੰਦੀ ਸੀ ਕਿ ਤਕੜੇ ਤਕੜੇ ਖਿਡਾਰੀ ਉਹਦੀ ਕਲੱਬ ਵਲੋਂ ਖੇਡਣ। ਪੈਸੇ ਦੀ ਪ੍ਰਵਾਹ ਨਹੀਂ ਸੀ ਕਰਦਾ। ਇਕ ਵਾਰ ਉਸ ਵੇਲੇ ਦੇ ਨਾਮੀ ਕਬੱਡੀ ਖਿਡਾਰੀ ਨਾਲ ਮੌੜ ਦੀ ਗੱਲਬਾਤ ਹੋ ਗਈ। ਮੌੜ ਨੇ ਉਹਨੂੰ 2500 ਪੌਂਡ ਪਹਿਲਾਂ ਹੀ ਦੇ ਦਿੱਤਾ। ਅਗਲੇ ਸਾਲ ਉਹ ਖਿਡਾਰੀ ਪੰਜਾਬ ਤੋਂ ਖੇਡਣ ਆਇਆ ਤਾਂ ਇੰਗਲੈਂਡ ਪਹੁੰਚ ਕੇ ਮਨ ਬਦਲ ਲਿਆ ਤੇ ਹੋਰ ਕਲੱਬ ਵਲੋਂ ਖੇਡਣ ਦੀ ਤਿਆਰੀ ਕਰ ਲਈ। ਅਗਲੇ ਦਿਨ ਮੈਚ ਸ਼ੁਰੂ ਹੋਣ ਲੱਗਾ ਤਾਂ ਗਰਾਊਂਡ ਵਿਚ ਜਾ ਕੇ ਮੌੜ ਉਸ ਖਿਡਾਰੀ ਦੇ ਮੂਹਰੇ ਜਾ ਖੜ੍ਹਾ ਹੋਇਆ। ਮੌੜ ਨੂੰ ਵੇਖਦੇ ਹੀ ਉਸ ਖਿਡਾਰੀ ਦੀਆਂ ਅੱਖਾਂ ਨੀਵੀਆਂ ਹੋ ਗਈਆਂ। ਇਸੇ ਤਰ੍ਹਾਂ ਹੀ ਖੁਸ਼ੀ ਦੁੱਗਾਂ, ਬਿੱਟੂ ਦੁਗਾਲ ਤੇ ਸੰਦੀਪ ਦਿੜਬਾ ਨਾਲ ਪੈਸਿਆਂ ਦਾ ਲੈਣ-ਦੇਣ ਕਰਕੇ ਅਗਲੇ ਸਾਲ ਉਸ ਦੇ ਕਲੱਬ ਵਲੋਂ ਖੇਡਣ ਦੀ ਗੱਲ ਕਰ ਲਈ ਜਾਂਦੀ ਸੀ।

ਮੋਹਣਾ ਸੰਘਾ ਤੇ ਕਿਸ਼ਨ ਚੱਕ ਢੱਡਾ 1984 'ਚ ਇੰਗਲੈਂਡ ਖੇਡਣ ਗਏ। ਮੋਹਣਾ ਸੰਘਾ 34-35 ਸਾਲ ਮੌੜ ਨਾਲ ਰਿਹਾ। ਸਿਧਵਾਂ ਵਾਲਾ ਲੱਡੂ ਵੀ ਮੌੜ ਸਦਕਾ ਇੰਗਲੈਂਡ ਖੇਡਣ ਗਿਆ ਸੀ। ਮੌੜ ਤੋਂ ਬਾਅਦ ਪਿੰਡ ਦੀ ਕਬੱਡੀ ਨੂੰ ਉਚਾ ਚੁੱਕਣ ਲਈ ਜਤਿੰਦਰ ਲਾਲੀ ਦੀ ਵੱਡੀ ਦੇਣ ਹੈ। ਲਾਲੀ ਵੀ ਵਧੀਆ ਕਬੱਡੀ ਖਿਡਾਰੀ ਰਿਹੈ। 1981 'ਚ ਉਹ ਆਪਣੇ ਮਾਤਾ-ਪਿਤਾ ਨਾਲ ਵੈਨਕੂਵਰ ਗਿਆ ਸੀ। 1981-82 ਦੋ ਸਾਲ ਉਸ ਨੇ ਵੈਨਕੂਵਰ ਦੇ ਮੈਚ ਖੇਡੇ। 1984 'ਚ ਲਾਲੀ ਨੇ ਕਬੱਡੀ ਟੀਮ ਕੈਨੇਡਾ ਸੱਦੀ। ਉਸ ਟੀਮ ਨੇ ਪਹਿਲਾਂ ਵੈਨਕੂਵਰ ਮੈਚ ਖੇਡੇ ਫਿਰ ਉਸੇ ਸਾਲ ਹੀ ਪਹਿਲੀ ਵਾਰ ਅਮਰੀਕਾ ਖੇਡਣ ਗਈ। ਟੀਮ ਦੇ ਦੋ ਖਿਡਾਰੀਆਂ-ਗਿਆਨੀ ਮੋਠਾ ਆਲੀਆ ਤੇ ਸੋਖਾ ਨਿੱਝਰ ਨੂੰ ਛੱਡ ਕੇ ਬਾਕੀ ਸਾਰੇ ਖਿਡਾਰੀ 'ਕੱਲੇ ਪਿੰਡ ਕਾਲਾ ਸੰਘਿਆਂ ਦੇ ਸਨ। ਖਿਡਾਰੀਆਂ 'ਚ ਮੱਖਣ, ਸੋਖਾ ਨਿੱਜਰ, ਬਲਵਿੰਦਰ ਤਾਊ, ਸੁਰਿੰਦਰ ਸਿੰਘ ਜਾਫੀ ਸਨ ਅਤੇ ਰੇਡਰਾਂ 'ਚ ਗਿਆਨੀ ਮੋਠਾ ਆਲੀਆ, ਹਰਕੀਰਤ, ਅਮਰਜੀਤ ਪੱਪੂ, ਲੱਖੀ ਬੋਲਾ, ਦੀਪਾ, ਬਿਕਰ ਮਾਸਟਰ, ਬਿਕਰ, ਸਿਪਾਹੀ, ਚਰਨੀ, ਤਾਜ਼ਾ, ਗੀਤਾ, ਗੁਰਦੀਪ ਤੇ ਰੋਡਾ ਸਨ।

ਕੈਨੇਡਾ ਵਸਦੇ ਪਿੰਡ ਦੇ ਪੁਰਾਣੇ ਖਿਡਾਰੀ ਸ. ਭਜਨ ਸਿੰਘ ਸੰਘਾ ਨੂੰ ਮਾਣ ਹੈ, ਮਹਿੰਦਰ ਮੌੜ ਅਤੇ ਸਾਰੇ ਪਰਿਵਾਰ 'ਤੇ। ਮਹਿੰਦਰ ਮੌੜ ਹੋਰੀਂ ਪੰਜ ਭਰਾ ਸਨ-ਅਰਜਣ ਸਿੰਘ, ਚੇਤਨ ਸਿੰਘ (ਜੋ ਕਈ ਸਾਲ ਪਿੰਡ ਦਾ ਸਰਪੰਚ ਵੀ ਰਿਹੈ) ਜੋਗਿੰਦਰ ਸਿੰਘ ਅਤੇ ਪਰਗਣ ਸਿੰਘ ਤੇ ਇਕ ਭੈਣ। ਛੇ-ਛੇ ਫੁੱਟ ਲੰਬੇ ਕੱਦ-ਕਾਠ। ਮਾਤਾ ਅਤੇ ਪਿਤਾ ਸ. ਬੁੱਕਣ ਸਿੰਘ ਵੀ ਉਚੇ-ਲੰਬੇ ਸਨ। ਪੰਜੇ ਭਰਾਵਾਂ ਨੂੰ ਭਲਵਾਨੀ ਤੇ ਹੋਰ ਖੇਡਾਂ ਦੇ ਸ਼ੌਕ ਤੋਂ ਇਲਾਵਾ ਹਲਟਾਂ ਦੀਆਂ ਦੌੜਾਂ ਦਾ ਵੀ ਸ਼ੌਕ ਸੀ। ਤਕੜੇ ਬਲਦਾਂ ਦੀਆਂ ਜੋੜੀਆਂ ਹਮੇਸ਼ਾ ਰਹੀਆਂ। ਮਹਿੰਦਰ ਮੌੜ ਦਾ ਭਰਾਵਾਂ ਨਾਲ ਦਸਤ-ਪੰਜਾ, ਮਜ਼ਬੂਤ ਪਕੜਾਂ-ਹੱਥ, ਪੈਰ ਤੇ ਸਰੀਰ ਦੀ ਤਾਕਤ ਨੇ ਬੜਾ ਸਾਥ ਦਿੱਤਾ। ਖੂਹ 'ਤੇ ਬਣੇ ਅਖਾੜੇ 'ਚ ਪੰਜੇ ਭਰਾ ਜ਼ੋਰ-ਅਜ਼ਮਾਈ ਕਰਦੇ।

ਇਕ ਵਾਰ ਸਾਰੇ ਭਰਾ ਜ਼ੋਰ ਕਰ ਰਹੇ ਸਨ ਤਾਂ ਕਿਸੇ ਮਰਗ 'ਤੇ ਜਾਂਦੇ ਬਜ਼ੁਰਗ ਕੋਲ ਆ ਕੇ ਬੈਠ ਗਏ ਤੇ ਪੁਛਣ ਲੱਗੇ, "ਜੁਆਨੋ ਕਿਹੜਾ ਕਿਹੜਾ ਪਿੰਡ ਐ ਤੁਹਾਡਾ?"

"ਸਾਡਾ ਪਿੰਡ ਤਾਂ ਆਹੀ ਆ ਜੀ...ਅਸੀਂ ਸਾਰੇ ਸਕੇ ਭਰਾ ਆਂ!" ਭਲਵਾਨਾਂ ਨੇ ਜਵਾਬ ਦਿੱਤਾ।

"ਤੁਹਾਡੇ ਘਰ ਦੀਆਂ ਇੱਟਾਂ ਹੈਗੀਆਂ?"

"ਕੀ ਮਤਲਬ ਬਜ਼ੁਰਗੋ?"

"ਮਤਲਬ ਕਿ ਘਰ ਦੀਆਂ ਇੱਟਾਂ ਵਗੈਰਾ ਖਾ ਗਏ ਹੋਣੇ ਆ?"

"ਇੱਟਾਂ ਕੀ ਖਾਣੀਆਂ ਬਜ਼ੁਰਗੋ, ਘਰ 'ਚ ਲਵੇਰਾ ਈ ਬਹੁਤ ਐ!"

"ਧੰਨ ਹੈ ਤੁਹਾਡੇ ਮਾਪੇ, ਜੋ ਅਜਿਹੇ ਸ਼ੇਰਾਂ ਨੂੰ ਪਾਲ ਰਹੇ ਨੇ!"

ਧਰਤੀ ਨੂੰ ਮੱਥਾ ਟੇਕਦੇ ਉਹ ਬਜ਼ੁਰਗ ਤੁਰ ਪਏ।

ਕਹਿੰਦੇ ਨੇ, ਉਨ੍ਹਾਂ ਦੀਆਂ ਖੁਰਾਕਾਂ ਬਹੁਤ ਹੁੰਦੀਆਂ ਸਨ। ਪਸ਼ੂਆਂ ਨੂੰ ਕਾੜ੍ਹਾ ਦੇਣ ਵਾਲੀ 'ਨਾਲ' ਨਾਲ ਘਿਓ ਪੀਂਦੇ ਸਨ। ਮੱਖਣ, ਦੁੱਧ, ਘਿਓ; ਰੋਟੀਆਂ ਦਾ ਤਾਂ ਕੋਈ ਹਿਸਾਬ ਈ ਨਹੀਂ ਸੀ ਹੁੰਦਾ।

ਉਸ ਵੇਲੇ ਦਾ ਡੀ. ਜੀ. ਪੀ. ਗੁਰਇਕਬਾਲ ਸਿੰਘ ਭੁੱਲਰ ਮੌੜ ਦੀ ਬੜੀ ਇੱਜਤ ਕਰਦਾ ਸੀ। ਮੌੜ ਜਦੋਂ ਪੰਜਾਬ ਗਿਆ, ਡੀ. ਜੀ. ਪੀ. ਭੁੱਲਰ ਨੇ ਉਹਦੇ ਘੁੰਮਣ-ਫਿਰਨ ਲਈ ਪਿੰਡ ਕਾਲਾ ਸੰਘਿਆਂ ਜੀਪ ਤੇ ਗੰਨਮੈਨ ਭੇਜ ਦਿੱਤੇ। ਮੌੜ ਜਲੰਧਰ ਜਾ ਕੇ ਡੀ. ਜੀ. ਪੀ. ਭੁੱਲਰ ਨੂੰ ਕਹਿਣ ਲੱਗਾ, "ਭੁੱਲਰ ਸਾਹਿਬ ਰੋਟੀ ਤਾਂ ਮੈਨੂੰ ਨ੍ਹੀਂ ਮਿਲਦੀ, ਉਨ੍ਹਾਂ ਨੂੰ ਕਿਥੋਂ ਖੁਆਊਂਗਾ?"

ਛੋਟਾ ਹੁੰਦਾ ਮਹਿੰਦਰ ਸਿੰਘ ਹੱਡਾਂ-ਪੈਰਾਂ ਤੇ ਸਰੀਰ ਦਾ ਖੁੱਲ੍ਹਾ-ਡੁੱਲ੍ਹਾ ਸੀ। ਘਰ ਵਾਲੇ ਪੰਜਾਬ ਦੇ ਲੋਕ ਗੀਤਾਂ ਦੇ ਨਾਇਕ ਜਿਉਣੇ ਮੌੜ ਵਾਂਗ ਦਲੇਰ ਬਹਾਦੁਰ ਵੇਖਣ ਲੱਗੇ। ਜਦੋਂ ਵੀ ਕੋਈ ਕੰਮਕਾਰ ਹੋਣਾ ਤਾਂ ਘਰਦਿਆਂ ਨੇ ਮੌੜ ਕਹਿ ਕੇ ਅਵਾਜ਼ ਮਾਰਨੀ। ਮੌੜਾ ਆਹ ਕਰੀਂ, ਮੌੜਾ ਅਹੁ ਕਰੀਂ। ਇਸ ਤਰ੍ਹਾਂ ਘਰਦਿਆਂ ਤੋਂ ਪਿੰਡ ਦੇ ਲੋਕਾਂ 'ਚ ਅਤੇ ਪਿੰਡ ਦੇ ਲੋਕਾਂ ਤੋਂ ਇਲਾਕੇ 'ਚ ਮੌੜ, ਮੌੜ ਹੋ ਗਈ। ਫਿਰ ਤਾਂ ਖੇਡ ਹਲਕਿਆਂ 'ਚ ਮੌੜ ਨਾਂ ਦੀ ਚਰਚਾ ਹੋਣ ਲੱਗੀ। ਉਦੋਂ ਤੋਂ ਲੈ ਖੇਡ ਦੁਨੀਆਂ 'ਚ ਮੌੜ ਦੀਆਂ ਧੁੰਮਾਂ ਪਈਆਂ ਰਹੀਆਂ। ਕਰੀਬ 82 ਸਾਲਾਂ ਦੇ ਹੋ ਚੁਕੇ ਸ. ਭਜਨ ਸਿੰਘ ਸੰਘਾ ਨੇ ਇਹ ਦਿਲਚਸਪ ਵਾਰਤਾ ਸਾਂਝੀ ਕੀਤੀ, ਜੋ ਸਰਬਣ ਬੱਲ, ਰਤਨ ਟਿੱਬਾ, ਅਜੀਤ ਸਠਿਆਲਾ ਤੇ ਅਮਰੀਕ ਗੜ੍ਹਦੀਵਾਲਾ ਨਾਲ ਖੇਡਦਾ ਰਿਹੈ। 1968 'ਚ ਭਜਨ ਸਿੰਘ ਦਾ ਕਬੱਡੀ 'ਚ ਪੂਰਾ ਨਾਂ ਸੀ।

ਖੇਡਾਂ ਤੇ ਕੁਸ਼ਤੀਆਂ 'ਚ ਸ. ਭਜਨ ਸਿੰਘ ਨੇ ਮੰਨਿਆ ਕਿ ਉਹਦੇ ਬਾਪ-ਦਾਦੇ ਤੋਂ ਪਹਿਲਾਂ ਦੀਆਂ ਕੁਸ਼ਤੀਆਂ ਹੋ ਰਹੀਆਂ ਨੇ, 100 ਸਾਲ ਦੇ ਲਗਪਗ। ਕਾਲਾ ਸੰਘਿਆਂ ਦੀ ਛਿੰਝ ਇਲਾਕੇ ਭਰ 'ਚ ਮਸ਼ਹੂਰ ਹੈ ਤੇ ਇਥੇ ਸ਼ੰਕਰੀਏ ਗੁਰਦਾਵਰ ਤੇ ਮੇਹਰਦੀਨ ਜਿਹੇ ਕੁਸ਼ਤੀਆਂ ਲੜਨ ਆਉਂਦੇ ਰਹੇ ਹਨ। ਮਹਿੰਦਰ ਮੌੜ ਦੇ ਪਰਿਵਾਰ ਵਲੋਂ ਹਰ ਸਾਲ ਪਿੰਡ ਵਿਚ ਕੁਸ਼ਤੀਆਂ ਕਰਵਾਈਆਂ ਜਾਂਦੀਆਂ ਹਨ। ਹਰ ਸਾਲ ਅਨੰਦਪੁਰ ਸਾਹਿਬ ਹੋਲੇ ਮਹੱਲੇ 'ਤੇ ਕਬੱਡੀ ਮੈਚ ਕਰਾਏ ਜਾਂਦੇ ਹਨ, ਜੋ ਇੰਗਲੈਂਡ ਰਹਿੰਦੇ ਮੌੜ ਦੇ ਸ਼ਾਗਿਰਦ ਕਰਵਾਉਂਦੇ ਹਨ। ਉਨ੍ਹਾਂ ਮੈਚਾਂ ਵਿਚ ਮੌੜ ਦਾ ਵੱਡਾ ਯੋਗਦਾਨ ਰਿਹਾ। ਮੌੜ ਦੀ ਕਬੱਡੀ ਪ੍ਰਤੀ ਵੱਡੀ ਦੇਣ ਕਰਕੇ ਅਨੰਦਪੁਰ ਸਾਹਿਬ ਦੇ ਕਬੱਡੀ ਮੈਚਾਂ 'ਚ ਇੰਗਲੈਂਡ ਰਹਿੰਦੇ ਸ. ਪਿਆਰਾ ਸਿੰਘ ਗੁਮਟਾਲਾ ਨੇ ਘੋੜੀ ਦਿੱਤੀ ਤੇ ਅਗਲੇ ਸਾਲ ਰਾਜਸਥਾਨ ਤੋਂ ਮੰਗਵਾ ਕੇ ਬੋਤੀ ਦਿੱਤੀ ਸੀ।

ਮੌੜ ਨੇ ਹਰ ਇਕ ਦਾ ਭਲਾ ਕਰਨ ਦੀ ਕੋਸ਼ਿਸ਼ ਕੀਤੀ। ਉਹਦੀ ਘਰ ਵਾਲੀ ਨਸੀਬ ਕੌਰ ਨੇ ਵੀ ਉਹਦੇ ਮੋਢੇ ਨਾਲ ਮੋਢਾ ਜੋੜ ਕੇ ਰੱਖਿਆ। ਮਾਂਵਾਂ ਵਾਲੇ ਸਾਰੇ ਸ਼ਗਨ-ਵਿਹਾਰ ਕੀਤੇ। ਉਹਦੇ ਘਰ ਮਿਲਣੀਆਂ ਦੇ ਪਤਾ ਨਹੀਂ ਕਿੰਨੇ ਕੁ ਕੰਬਲ, ਸੋਨੇ ਦੀਆਂ ਮੁੰਦਰੀਆਂ ਤੇ ਕੜੇ ਪਏ ਹੁੰਦੇ। ਰਿਸ਼ਤਾ ਕਰਨ ਲੱਗੇ ਨੇ ਉਨ੍ਹੇ ਕਿਸੇ ਵੀ ਪਰਿਵਾਰ ਨੂੰ ਕਦੇ ਨਹੀਂ ਸੀ ਪੁਛਿਆ। ਬੱਸ ਅਗਲੇ ਨੂੰ ਦੱਸ ਦੇਣਾ ਕਿ ਉਹਦੇ ਮੁੰਡੇ ਜਾਂ ਕੁੜੀ ਦਾ ਰਿਸ਼ਤਾ ਕਰ ਦਿੱਤਾ ਹੈ। ਲੋਕਾਂ ਨੂੰ ਪੂਰਾ ਯਕੀਨ ਸੀ ਕਿ ਮੌੜ ਜੋ ਵੀ ਕਰਦਾ, ਚੰਗਾ ਤੇ ਭਲਾਈ ਲਈ ਹੀ ਕਰਦਾ। ਸੁਨਿਆਰੇ ਵੀ ਬੜੇ ਵਾਕਫ ਸਨ। ਜਦੋਂ ਕਿਸੇ ਦਾ ਵਿਆਹ ਹੋਣਾ ਤਾਂ ਸਾਈਜ਼ ਨਹੀਂ ਸੀ ਪਤਾ ਹੁੰਦਾ। ਮੌੜ ਨੇ ਕਹਿਣਾ 5-6 ਮੁੰਦੀਆਂ ਦੇ ਦੇ, ਜਿਹੜੀ ਮੇਚ ਆ'ਗੀ, ਰੱਖ ਲਾਂ'ਗੇ, ਬਾਕੀ ਵਾਪਸ ਕਰ ਦਿਆਂਗੇ। ਸੁਨਿਆਰਿਆਂ ਨੂੰ ਪੂਰਾ ਯਕੀਨ ਹੁੰਦਾ ਸੀ। ਕਦੇ ਪੈਸੇ ਨਹੀਂ ਸੀ ਪੁੱਛੇ।

1977 'ਚ ਕਬੱਡੀ ਦਾ ਪ੍ਰਸਿੱਧ ਖਿਡਾਰੀ ਪੱਤੜੀਆ ਬੋਲਾ ਇੰਗਲੈਂਡ ਖੇਡਣ ਗਿਆ ਤਾਂ ਮੌੜ ਦੀ ਕੋਸ਼ਿਸ਼ ਸੀ ਕਿ ਬੋਲੇ ਨੂੰ ਵਾਪਸ ਨਾ ਜਾਣ ਦਿੱਤਾ ਜਾਵੇ। ਰਾਤੋ-ਰਾਤ ਕਈ ਪਾਸੇ ਰਿਸ਼ਤਿਆਂ ਦੀ ਗੱਲ ਚਲਾਈ, ਪਰ ਕਿਸੇ ਕਾਰਨ ਕਰਕੇ ਵਾਪਸ ਜਾਣਾ ਪਿਆ। ਬੋਲਾ ਉਹਦੀ ਕੁਰਬਾਨੀ ਨੂੰ ਯਾਦ ਕਰਦਾ ਕਹਿੰਦਾ, "ਮੌੜ ਜ਼ਿੰਦਾ ਦਿਲ ਇਨਸਾਨ ਸੀ।" ਸ਼ਿੰਦੇ ਅਮਲੀ ਨੂੰ ਪੱਕਾ ਕਰਵਾਉਣ ਲਈ ਮੌੜ ਦਾ ਵੱਡਾ ਯੋਗਦਾਨ ਹੈ। ਮੈਚਾਂ ਦੌਰਾਨ ਮੌੜ ਨੇ ਅਨਾਊਂਸਮੈਂਟ ਕਰਵਾ ਦਿੱਤੀ ਸੀ ਕਿ ਜਿਹੜਾ ਕਲੱਬ ਸ਼ਿੰਦੇ ਨੂੰ ਪੱਕਾ ਕਰਵਾਊ, ਉਹ ਉਸੇ ਕਲੱਬ ਵਲੋਂ ਖੇਡੇਗਾ। ਸਭ ਨੇ ਬੜੀ ਨੱਠ-ਭੱਜ ਕੀਤੀ, ਕੋਈ ਗੱਲ ਨਾ ਬਣੀ। ਵੀਜ਼ੇ ਦੀ ਮਿਆਦ ਵੀ ਦੋ ਦਿਨ ਦੀ ਰਹਿ ਗਈ ਸੀ। ਫਿਰ ਕਮਾਨ ਮੌੜ ਨੇ ਸੰਭਾਲ ਲਈ। ਤੀਰ ਨਿਸ਼ਾਨੇ 'ਤੇ ਜਾ ਲੱਗਾ। ਮੌੜ ਨੇ ਦੋ ਦਿਨਾਂ 'ਚ ਰਿਸ਼ਤਾ ਲੱਭ ਲਿਆ। ਖੜੇ ਪੈਰ ਪੱਲਿਓਂ 2500 ਪੌਂਡ ਖਰਚ ਕੇ ਵਕੀਲ ਕੀਤਾ ਤੇ ਸ਼ਿੰਦੇ ਦਾ ਵਿਆਹ ਕਰਵਾਇਆ। ਅਫਸੋਸ! ਸ਼ਿੰਦਾ ਅੱਜ ਸਾਡੇ ਵਿਚਕਾਰ ਨਹੀਂ ਹੈ।

ਬਹੁਤੇ ਖਿਡਾਰੀਆਂ ਦੇ ਵਿਆਹ ਕਰਾਉਣ ਕਰਕੇ ਵੁਲਵਰਹੈਂਮਟਨ ਦਾ ਰਜਿਸਟਰਾਰ ਵੀ ਮੌੜ ਦਾ ਵਾਕਫ ਹੋ ਗਿਆ। ਰਜਿਸਟਰਾਰ ਨੂੰ ਸ਼ੱਕ ਜਿਹੀ ਹੋ ਗਈ ਕਿ ਇਹ ਕੋਈ ਗਲਤ ਕੰਮ ਕਰਦਾ ਹੋਊ। ਮੌੜ ਨੂੰ ਕਹਿੰਦਾ, ਸਾਰਿਆਂ ਦਾ ਬਾਪ ਤੂੰ ਹੀ ਬਣਦੈਂ, ਕੋਈ ਹੋਰ ਕਿਉਂ ਨਹੀਂ? ਮੌੜ ਨੂੰ ਇੰਗਲਿਸ਼ ਬਹੁਤੀ ਤਾਂ ਸਮਝ ਨਾ ਲੱਗੀ, ਪਰ ਨਾਲ ਦੇ ਮੁੰਡੇ ਨੂੰ ਕਿਹਾ ਕਿ ਏਹਨੂੰ ਕਹਿ, 'ਜਿਹਦੇ ਪਿੱਛੇ ਕੋਈ ਨਹੀਂ, ਉਹਦੇ ਪਿੱਛੇ ਮੌੜ ਖੜ੍ਹਦੈ।'

ਪੰਜਾਬ ਤੋਂ 8-8, 9-9 ਖਿਡਾਰੀ ਉਹਦੇ ਘਰ ਆਏ ਰਹਿੰਦੇ। ਹਰ ਇਕ ਦੇ ਰਹਿਣ, ਖਾਣ-ਪੀਣ ਦਾ ਪੂਰਾ ਖਿਆਲ ਰੱਖਦਾ। ਘਰੇ ਫਰੂਟਾਂ ਦੀਆਂ ਪੇਟੀਆਂ ਪਈਆਂ ਰਹਿੰਦੀਆਂ। ਮਾਤਾ ਨਸੀਬ ਕੌਰ ਦੀ ਮੌਤ ਪਿਛੋਂ ਉਹ ਖਿਡਾਰੀ ਬੜਾ ਰੋਏ, ਜਿਨ੍ਹਾਂ ਨੇ ਉਹਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾਧੀਆਂ ਸਨ ਤੇ ਮਾਂਵਾਂ ਵਾਲਾ ਪਿਆਰ ਲਿਆ ਸੀ।

ਮਹਿੰਦਰ ਮੌੜ ਨੇ ਇਕ ਵਾਰ 'ਪੈਨਮ ਏਅਰ-ਲਾਈਨ' ਦੀ ਪੂਰੀ ਦੀ ਪੂਰੀ ਫਲਾਈਟ ਬੁੱਕ ਕਰਾ ਲਈ ਸੀ। ਵੈਨਕੂਵਰ ਕਾਮਰੇਡਾਂ ਦਾ ਟੂਰਨਾਮੈਂਟ ਸੀ ਤੇ ਫਲਾਈਟ ਸਿੱਧੀ ਸ਼ਾਇਦ ਨਹੀਂ ਸੀ ਮਿਲ ਰਹੀ। ਵਾਇਆ ਸਿਆਟਲ ਜਾਣਾ ਪਿਆ। ਸਾਰਾ ਜਹਾਜ ਕਬੱਡੀ, ਫੁੱਟਬਾਲ ਤੇ ਹਾਕੀ ਖਿਡਾਰੀਆਂ ਅਤੇ ਪਹਿਲਵਾਨਾਂ ਨਾਲ ਭਰਿਆ ਪਿਆ ਸੀ। ਸਿਆਟਲ ਤੋਂ ਕਾਰਾਂ, ਵੈਨਾਂ ਰਾਹੀਂ ਵੈਨਕੂਵਰ ਪਹੁੰਚੇ। ਸ. ਸੋਹਣ ਸਿੰਘ ਚੀਮਾ ਵੀ ਮੌੜ ਨਾਲ ਸੀ ਉਸ ਵੇਲੇ।

ਸਮੂਹ ਪਰਿਵਾਰ ਵਲੋਂ ਮੌੜ ਦਾ 75ਵਾਂ ਜਨਮ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਜਨਮ ਦਿਨ ਦੀ ਪਾਰਟੀ 'ਚ ਇੰਗਲੈਂਡ ਦੀਆਂ ਪ੍ਰਸਿੱਧ ਹਸਤੀਆਂ, ਪ੍ਰੋਮੋਟਰ, ਖਿਡਾਰੀ, ਖੇਡ ਪ੍ਰੇਮੀ ਤੇ ਯਾਰ-ਬੇਲੀ ਹਾਜ਼ਰ ਹੋਏ। ਕਿਸੇ ਨੇ ਕੜਾ, ਕਿਸੇ ਨੇ ਮੁੰਦੀ, ਕਿਸੇ ਨੇ ਚੇਨੀ ਪਾਈ-ਪਤਾ ਨਹੀਂ ਕਿੰਨਾ ਕੁ ਸੋਨਾ 'ਕੱਠਾ ਹੋ ਗਿਆ ਹੋਵੇ।

ਮਹਿੰਦਰ ਮੌੜ ਇਕ ਵਾਰ ਲੁਧਿਆਣੇ ਮੈਚ ਵੇਖਣ ਗਿਆ ਤਾਂ ਸਟੇਜ ਤੋਂ ਹੇਠਾਂ ਹੀ ਕੁਰਸੀ 'ਤੇ ਬੈਠ ਗਿਆ। ਉਸ ਨੂੰ ਸਟੇਜ 'ਤੇ ਬੈਠਣ ਦੀ ਕਦੇ ਲਾਲਸਾ ਨਹੀਂ ਸੀ ਹੁੰਦੀ। ਕਿਸੇ ਨੇ ਪ੍ਰਬੰਧਕਾਂ ਨੂੰ ਦੱਸ ਦਿੱਤਾ ਕਿ ਮੌੜ ਮੈਚ ਵੇਖਣ ਆਇਆ ਹੋਇਐ। ਲੋਕ ਮੈਚ ਦੁਆਲਿਓਂ ਹਟ ਕੇ ਮੌੜ ਦੁਆਲੇ 'ਕੱਠੇ ਹੋਣ ਲੱਗ ਪਏ ਕਿ ਵੇਖ ਤਾਂ ਲਈਏ, ਕਿਹੜਾ ਫਰਿਸ਼ਤਾ ਹੈ। ਮੌੜ ਲੁਧਿਆਣੇ 'ਚੋਂ ਦੇਵੀ ਦਿਆਲ, ਦਰਬਾਰ ਬੋਲਾ, ਦਰਸ਼ਣ ਮੰਗਲੀ, ਸਵਰਨਾ, ਪਾਲੀ, ਗੋਲਾ ਤੇ ਮੇਜਰ ਸਿੰਘ ਜਿਹੇ ਅਨੇਕ ਖਿਡਾਰੀ ਇੰਗਲੈਂਡ ਲੈ ਕੇ ਗਿਆ ਸੀ। ਮੌੜ ਦੀ ਖਾਸੀਅਤ ਸੀ ਕਿ ਉਹ ਕਦੇ ਮੂਹਰੇ ਹੋ ਕੇ ਫੋਟੋ ਖਿਚਵਾਉਣ ਦਾ ਸ਼ੌਕੀਨ ਨਹੀਂ ਸੀ। ਉਹਦਾ ਕਥਨ ਸੀ ਕਿ ਹਮੇਸ਼ਾ ਚੰਗੇ ਕੰਮ ਕਰੋ ਤਾਂ ਜੋ ਲੋਕ ਤੁਹਾਨੂੰ ਮਾਣ ਨਾਲ ਆਪ ਮੂਹਰੇ ਲੈ ਕੇ ਜਾਣ।

ਇਸੇ ਸਾਲ ਫਰਵਰੀ ਮਹੀਨੇ ਇੰਗਲੈਂਡ ਰਹਿੰਦੇ 'ਬਾਬਾ ਕਾਹਨ ਦਾਸ ਸਪੋਰਟਸ ਕਲੱਬ, ਕਾਲਾ ਸੰਘਿਆਂ' ਦੇ ਪ੍ਰਧਾਨ ਗੁਰਦੇਵ ਸਿੰਘ ਉਰਫ ਪੰਛੀ ਪੱਪੂ ਨੇ ਪਿੰਡ ਦੇ ਟੂਰਨਾਮੈਂਟ ਵਿਚ ਮੌੜ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ। ਕਬੱਡੀ ਪ੍ਰਤੀ ਵੱਡੀ ਦੇਣ ਅਤੇ ਵਿਦੇਸ਼ਾਂ 'ਚ ਪਿੰਡ ਦਾ ਨਾਂ ਉਚਾ ਕਰਨ ਕਰਕੇ ਮਾਣ ਬਖਸ਼ਿਆ। ਖੇਡਾਂ ਨੂੰ ਪ੍ਰੋਮੋਟ ਕਰਨ ਲਈ ਕਾਲਾ ਸੰਘਿਆਂ ਦਾ ਜਤਿੰਦਰ ਸਿੰਘ ਲਾਲੀ ਵੀ ਮੌੜ ਦੇ ਰਾਹਾਂ 'ਤੇ ਚੱਲ ਰਿਹਾ ਹੈ।

ਪਿੰਡ ਦੇ ਪੁਰਾਣੇ ਤੇ ਨਵੇਂ ਖਿਡਾਰੀਆਂ ਵੱਲ ਵੀ ਝਾਤ ਮਾਰ ਲਈਏ। ਸ. ਭਜਨ ਸਿੰਘ ਤੇ ਪਾਲ ਸਿੰਘ (ਦੋਵੇਂ ਸਕੇ ਭਰਾ), ਪਰਮਜੀਤ ਲਾਖਾ ਤੇ ਜਸਵੀਰ ਘੁੱਗੀ (ਸਕੇ ਭਰਾ), ਮੋਹਣਾ ਤੇ ਪੱਪੂ ਖੱਬਾ (ਦੋਵੇਂ ਭਰਾ), ਜਤਿੰਦਰ ਲਾਲੀ, ਜੀਤਾ ਮੌੜ, ਬਿਕਰ ਮਾਸਟਰ, ਤਾਊ, ਮੱਖਣ, ਰੋਡਾ, ਲੱਖੀ, ਤੋਚੀ, ਦੀਪਾ, ਜਵਾਹਰਾ, ਚਰਨਜੀਤ, ਦੇਵ ਤੇ ਫੁੱਲ। ਮੌੜ ਪਿੰਡ ਦੇ ਜਦੋਂ ਕਿਸੇ ਗੱਭਰੂ ਵੱਲ ਨਿਗ੍ਹਾ ਮਾਰਦਾ ਤਾਂ ਥਾਪੜਾ ਦੇ ਕੇ ਕਹਿੰਦਾ, "ਜੁਆਨਾ ਮਿਹਨਤ ਕਰ, ਸਿਹਤ ਬਣਾ।"

ਮੌੜ ਨੇ ਨਡਾਲੇ ਵਾਲੇ ਪ੍ਰੀਤੇ ਤੋਂ ਲੈ ਕੇ ਸੰਦੀਪ ਲੁੱਧੜ ਤੱਕ ਦੇ ਖਿਡਾਰੀ ਖੇਡਣ ਲਈ ਇੰਗਲੈਂਡ ਸੱਦੇ ਯਾਨਿ 6 ਪੀੜ੍ਹੀਆਂ ਦੇ ਖਿਡਾਰੀਆਂ ਨੂੰ ਹੱਥੀਂ ਖਿਡਾਇਆ। ਪ੍ਰੀਤੇ ਨੇ ਮੌੜ ਨੂੰ ਖੁਲ੍ਹ-ਦਿਲਾ ਤੇ ਕਬੱਡੀ ਨੂੰ ਬੁਲੰਦੀਆਂ 'ਤੇ ਲਿਜਾਣ ਵਾਲਾ ਇਨਸਾਨ ਮੰਨਿਆ। ਪ੍ਰੀਤੇ ਨੇ ਇਹ ਵੀ ਦੱਸਿਆ ਕਿ 1974 'ਚ ਜਦੋਂ ਉਹ ਪਹਿਲੀ ਵਾਰ ਟੀਮ ਨਾਲ ਖੇਡਣ ਗਿਆ ਸੀ ਤਾਂ ਮੌੜ ਨੇ ਉਹਦੀ ਖੇਡ ਨੂੰ ਬੜਾ ਪਸੰਦ ਕੀਤਾ ਸੀ। ਮੌੜ ਨਾਲ ਦੇ ਸਾਥੀਆਂ ਨੂੰ ਕਹਿਣ ਲੱਗਾ ਕਿ ਦੋ ਸਾਲ ਪਹਿਲਾਂ ਜਦੋਂ ਬੱਲ ਨੂੰ ਇੰਗਲੈਂਡ ਸੱਦਿਆ ਸੀ ਤਾਂ ਪ੍ਰੀਤੇ ਨੂੰ ਕਿਉਂ ਨ੍ਹੀਂ ਸੱਦਿਆ। ਮੌੜ ਪ੍ਰੀਤੇ ਦੀ ਖੇਡ ਦਾ ਦੀਵਾਨਾ ਤੇ ਵਧੀਆ ਮਿੱਤਰ ਸੀ।

1991 'ਚ ਮੌੜ, ਪ੍ਰੀਤਾ, ਬਲਕਾਰ ਸਿੰਘ ਤੇ ਪਾਕਿਸਤਾਨੀ ਖਿਡਾਰੀ ਅਮੀਨ ਜੱਟ ਕੈਨੇਡਾ ਵਰਲਡ ਕਬੱਡੀ ਕੱਪ ਵੇਖਣ ਗਏ। ਉਹ ਕੱਪ ਮੌੜ ਦੇ ਦਾਮਾਦ ਬਲਕਾਰ ਸਿੰਘ ਅਤੇ ਅਮੀਨ ਜੱਟ ਨੇ ਵੀ ਖੇਡਣਾ ਸੀ। ਸਾਰਾ ਸਟੇਡੀਅਮ ਖਚਾ-ਖਚ ਭਰਿਆ ਪਿਆ ਸੀ। ਮੌੜ ਤੇ ਪ੍ਰੀਤਾ 'ਕੱਠੇ ਬੈਠੇ ਸਨ। ਸਟੇਡੀਅਮ 'ਚ ਬੈਠੇ ਪ੍ਰੀਤੇ ਦਾ ਪਤਾ ਲੱਗ ਗਿਆ ਤੇ ਅਨਾਊਂਸਰ ਨੇ ਅਨਾਊਂਸ ਕਰ ਦਿੱਤਾ ਕਿ ਸਾਡੇ ਵਿਚ ਆਪਣੇ ਸਮੇਂ ਦਾ ਟਾਪ ਖਿਡਾਰੀ 'ਆਇਆ ਪ੍ਰੀਤਾ, ਗਿਆ ਪ੍ਰੀਤਾ' ਵੀ ਬਿਰਾਜਮਾਨ ਹੈ। ਸਭ ਦੀਆਂ ਨਜ਼ਰਾਂ ਪ੍ਰੀਤੇ ਵੱਲ ਹੋ ਤੁਰੀਆਂ। ਪਿਛੇ ਬੈਠਾ ਇਕ ਬਜ਼ੁਰਗ ਉਠ ਕੇ ਖੜ ਗਿਆ ਤੇ ਕਹਿਣ ਲੱਗਾ, "ਨਾਂ ਤਾਂ ਬੜਾ ਸੁਣਿਆ ਸੀ ਪ੍ਰੀਤੇ ਦਾ! ਆਇਆ ਪ੍ਰੀਤਾ ਗਿਆ ਪ੍ਰੀਤਾ! ਦਰਸ਼ਨ ਅੱਜ ਹੋਏ ਨੇ।"

"ਬਜ਼ੁਰਗਾ ਆ ਤਾਂ ਗਿਆਂ, ਹੁਣ ਜਾਣਾ ਨ੍ਹੀਂ।" ਪ੍ਰੀਤੇ ਨੇ ਹੱਸਦਿਆਂ ਬਜ਼ੁਰਗ ਨੂੰ ਜਵਾਬ ਦਿੱਤਾ।

ਜੇ ਮੌੜ ਨੇ ਪ੍ਰੀਤੇ ਦੀ ਕਬੱਡੀ ਨੂੰ ਪਸੰਦ ਕੀਤਾ ਸੀ ਤਾਂ ਪਹਿਲਵਾਨਾਂ 'ਚੋਂ ਬੁੱਧੂ ਭਲਵਾਨ ਉਹਦਾ ਪਸੰਦੀਦਾ ਸੀ। ਵੈਨਕੂਵਰ ਕਾਮਰੇਡਾਂ ਦੇ ਮੈਚਾਂ 'ਚ ਮੌੜ ਇੰਗਲੈਂਡ ਤੋਂ ਖਿਡਾਰੀਆਂ ਦੀ ਟੀਮਾਂ ਨਾਲ ਪਹਿਲਵਾਨ ਵੀ ਲੈ ਕੇ ਗਿਆ ਸੀ। ਭਾਰਤ ਦੀ ਪਹਿਲਵਾਨੀ 'ਚ ਉਸ ਵੇਲੇ ਬੁੱਧੂ ਦਾ ਪੂਰਾ ਨਾਂ ਸੀ। ਮੌੜ ਦੀ ਟੀਮ ਦੇ ਪਹਿਲਵਾਨ ਕਹਿਣ ਕਿ ਬੁੱਧੂ ਨਾਲ ਪਹਿਲਾਂ ਮੈਂ ਘੁਲਣਾ, ਕੋਈ ਕਹੇ ਮੈਂ ਘੁਲਣਾ। ਮੌੜ ਚੁੱਪ-ਚਾਪ ਬੈਠਾ ਸੁਣੀ ਗਿਆ। ਬੁੱਧੂ ਮੌੜ ਨੂੰ ਕਹਿਣ ਲੱਗਾ, "ਅੰਕਲ ਜੀ, ਕੋਈ ਗੱਲ ਨ੍ਹੀਂ, ਵਾਰੀ ਵਾਰੀ ਸਭ ਨੂੰ ਆਉਣ ਦਿਓ।"

ਕੈਲੀਫੋਰਨੀਆ ਰਹਿੰਦਾ ਕਬੱਡੀ ਖਿਡਾਰੀ ਸਰਬਜੀਤ ਮਾਹਲ ਮੌੜ ਨੂੰ 1995-96-97 'ਚ ਟੋਰਾਂਟੋ ਤੇ ਵੈਨਕੂਵਰ (ਕੈਨੇਡਾ) ਕਬੱਡੀ ਕੱਪਾਂ 'ਚ ਮਿਲਦਾ ਰਿਹਾ। ਦੋ ਵਾਰ ਇੰਗਲੈਂਡ ਅਤੇ ਇਕ ਵਾਰ ਨਿਊ ਯਾਰਕ ਦੇ ਕਬੱਡੀ ਮੇਲੇ 'ਚ ਵੀ ਮਿਲਿਆ। ਟੋਰਾਂਟੋ ਰਹਿੰਦਾ ਕਬੱਡੀ ਖਿਡਾਰੀ ਜਰਮਨ ਚਾਹਲ ਵੀ ਮੌੜ ਜਿਹੇ ਚੰਗੇ ਇਨਸਾਨਾਂ ਦੀ ਕਦਰ ਕਰਦਾ ਹੈ, ਜਿਨ੍ਹਾਂ ਨੇ ਕਬੱਡੀ ਨੂੰ ਹਮੇਸ਼ਾ ਚੜ੍ਹਦੀਕਲਾ ਵਿਚ ਰੱਖਿਆ ਹੈ।

ਮਹਿੰਦਰ ਮੌੜ ਨੇ ਜ਼ਿੰਦਗੀ ਦਾ ਹਰ ਪੱਖ ਵੇਖਿਆ। ਪੰਜਾਬੀ ਭਾਈਚਾਰੇ 'ਚ ਚੰਗੀਆਂ ਸੇਵਾਵਾਂ ਕਰਕੇ ਵੁਲਵਹੈਂਮਟਨ ਕੌਂਸਲ ਦੇ ਮੇਅਰ ਨੇ ਟਰਾਫੀ ਦੇ ਕੇ ਸਨਮਾਨ ਕੀਤਾ ਸੀ। ਐਮ. ਪੀ. ਸ. ਮੱਟੂ ਵੀ ਨਾਲ ਸਨ ਉਸ ਵੇਲੇ।

1963 'ਚ ਮੌੜ ਨੱਥੂ ਚਾਹਲ ਦੀ ਨਸੀਬ ਕੌਰ ਨਾਲ ਵਿਆਹਿਆ ਗਿਆ ਸੀ। ਉਹ ਪੰਜ ਬੱਚਿਆਂ ਦਾ ਬਾਪ ਬਣਿਆ। ਤਿੰਨ ਬੇਟੀਆਂ ਤੇ ਦੋ ਬੇਟੇ। ਵੱਡੀ ਬੇਟੀ ਕੁਲਵਿੰਦਰ ਕੌਰ ਪੀਐਚ. ਡੀ. ਹੈ, ਜੋ ਸੈਦੋਆਲ ਦੇ ਕਬੱਡੀ ਖਿਡਾਰੀ ਬਲਕਾਰ ਸਿੰਘ ਨਾਲ ਵਿਆਹੀ ਹੋਈ ਹੈ। ਦੂਜੀ ਬੇਟੀ ਸੁਖਵਿੰਦਰ ਕੌਰ ਸਰਕਾਰੀ ਨੌਕਰੀ ਕਰਦੀ ਹੈ ਤੇ ਤੀਜੀ ਬੇਟੀ ਸਤਿੰਦਰ ਕੌਰ ਕੰਪਿਊਟਰ ਇੰਜੀਨੀਅਰ ਹੈ। ਵੱਡਾ ਬੇਟਾ ਬਲਜੀਤ ਸਿੰਘ ਕਾਰੋਬਾਰ ਕਰ ਰਿਹੈ। ਛੋਟਾ ਬੇਟਾ ਬਲਵੀਰ ਸਿੰਘ ਭਰ ਜੁਆਨੀ 'ਚ ਵਿਛੋੜਾ ਦੇ ਗਿਆ। ਮੌੜ ਨੇ ਰੱਬ ਦਾ ਭਾਣਾ ਮੰਨਦਿਆਂ ਹੌਸਲਾ ਨਾ ਛੱਡਿਆ।

ਬੜੇ ਲੋਕਾਂ ਨੇ ਮੌੜ ਬਣਨ ਦੀ ਕੋਸ਼ਿਸ਼ ਕੀਤੀ, ਉਹਦੇ ਰਾਹਾਂ 'ਤੇ ਤੁਰਨ ਦੀ ਕੋਸ਼ਿਸ਼ ਕੀਤੀ, ਪਰ ਇਹ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੁੰਦੀ। ਮੌੜ ਜਿਹੀ ਕਿਸਮਤ ਕਿਸੇ ਭਾਗਾਂ ਵਾਲੇ ਦੀ ਹੁੰਦੀ ਹੈ। ਮੌੜ ਨੇ ਕਿਸੇ ਦਾ ਭਲਾ ਕਰ ਕੇ ਅਹਿਸਾਨ ਨਹੀਂ ਜਤਾਇਆ, ਸਗੋਂ ਬੇਧੜਕ ਤੇ ਬੇਖੌਫ ਹੋ ਕੇ ਫਰਜ਼ ਨਿਭਾਏ। ਧਨ ਸੀ ਮੌੜ!

ਖੇਡ ਮੈਦਾਨਾਂ 'ਚ ਬੁੱਕਦੇ ਸਦਾ
ਪੰਜਾਬ ਦੇ ਬੱਬਰ ਸ਼ੇਰ ਆਏ।
ਜਾਨ ਨਿਛਾਵਰ ਕਰਦੇ ਦਿਲ ਦੇ ਬਾਦਸ਼ਾਹ
'ਮੌੜ' ਮਰਦ ਦਲੇਰ ਆਏ।
ਜਸ ਖੱਟ ਲੈ ਖਿਡਾਰੀਆਂ ਤੋਂ ਇਕਬਾਲ ਸਿੰਹਾਂ
ਜ਼ਿੰਦਗੀ ਪਤਾ ਨਹੀਂ ਕਦੋਂ ਫੇਰ ਆਏ?





ਸਨਮਾਨ ਦੀਆਂ ਘੜੀਆਂ ਅਤੇ (ਸੱਜੇ) ਵੁਲਵਹੈਂਮਟਨ ਕੌਂਸਲ ਦੇ ਮੇਅਰ ਮੌੜ ਦਾ ਟਰਾਫੀ ਦੇ ਕੇ ਸਨਮਾਨ ਕਰਦੇ ਹੋਏ, ਨਾਲ ਖੜ੍ਹੇ ਹਨ ਉਸ ਸਮੇਂ ਦੇ ਐਮ. ਪੀ. ਸ. ਮੱਟੂ



ਮਹਿੰਦਰ ਮੌੜ ਆਪਣੀ ਪਤਨੀ ਨਾਲ

## ਨਜ਼ਰੀਆ

# ਈਸ਼ਵਰਵਾਦ

ਕੁਦਰਤੀ ਵਰਤਾਰਿਆਂ ਤੋਂ ਉਪਰ ਕਿਸੇ ਚਮਤਕਾਰੀ ਈਸ਼ਵਰ ਦੇ ਵਜੂਦ ਦਾ ਸੰਕਲਪ ਅਜੋਕੀ ਵਿਕਸਿਤ ਵਿਗਿਆਨਕ ਸੋਚ ਦੇ ਬਿਲਕੁਲ ਉਲਟ ਹੀ ਨਹੀਂ, ਦੇਖਣ, ਪਰਖਣ ਅਤੇ ਸਮਝਣ ਦੀ ਇਨਸਾਨੀ ਫਿਤਰਤ ਨੂੰ ਠੱਲ੍ਹ ਪਾਉਣ ਦੇ ਛੜਯੰਤਰ ਤੋਂ ਸਿਵਾ ਹੋਰ ਕੁਝ ਵੀ ਨਹੀਂ। ਬਹੁਗਿਣਤੀ ਹਾਲੇ ਕਿਸੇ ਚਮਤਕਾਰੀ ਈਸ਼ਵਰ ਅਤੇ ਧਰਮ ਦੇ ਮੱਕੜਜਾਲ ਵਿਚੋਂ ਨਿਕਲਣ ਵਿਚ ਅਸਮਰਥ ਹਨ, ਸਿਆਸਤਦਾਨ ਵੋਟਾਂ ਖਾਤਰ ਇਸ ਭੰਬਲਭੂਸੇ ਨੂੰ ਬਰਕਰਾਰ ਰੱਖਣ ਵਿਚ ਆਪਣਾ ਭਲਾ ਸਮਝਦੇ ਹਨ। ਦੂਜੇ ਪਾਸੇ ਧਾਰਮਿਕ ਕੱਟੜਤਾ ਦੇ ਧਾਰਨੀ ਨਾ ਸਮਝੀ ਜਾਂ ਆਪਣੇ ਸੌੜੇ ਹਿਤਾਂ ਖਾਤਰ ਆਜ਼ਾਦ ਅਤੇ ਵਿਕਸਿਤ ਸੋਚ ਦੇ ਰਾਹ ਦਾ ਰੋੜਾ ਬਣੇ ਰਹਿੰਦੇ ਹਨ।

ਹਰਜੀਤ ਦਿਓਲ, ਬਰੈਂਪਟਨ
ਫੋਨ: 905-676-9242

ਵਾਲਿਦ ਹੁਸੈਨ ਨਾਂ ਦਾ ਇੱਕ ਨੌਜਵਾਨ ਆਪਣੇ ਫੇਸਬੁਕ ਅਕਾਉਂਟ 'ਚ ਲਿਖਦਾ ਹੈ, "ਕਰੀਬ 20 ਹਜ਼ਾਰ ਲੋਕ ਦੁਨੀਆਂ ਵਿਚ ਹਰ ਰੋਜ਼ ਕੈਂਸਰ ਨਾਲ ਮਰਦੇ ਹਨ। ਜੇ ਇਹ ਸਾਰੇ ਲੋਕ ਕੈਂਸਰ ਦੇ ਖਾਤਮੇ ਲਈ ਲੱਖਾਂ ਵਾਰ ਰੱਬ ਅੱਗੇ ਦੁਆਵਾਂ ਕਰਨ ਤਾਂ ਵੀ ਕਰੀਬ 20 ਹਜ਼ਾਰ ਲੋਕ ਰੋਜ਼ਾਨਾ ਕੈਂਸਰ ਨਾਲ ਮਰਦੇ ਰਹਿਣਗੇ। ਅਸੀਂ ਸਾਰੇ ਨਾਸਤਕ ਹੀ ਪੈਦਾ ਹੁੰਦੇ ਹਾਂ ਤੇ ਉਦੋਂ ਤੱਕ ਨਾਸਤਕ ਹੀ ਰਹਿੰਦੇ ਹਾਂ, ਜਦ ਤੱਕ ਕੋਈ ਸਾਡੇ ਨਾਲ ਝੂਠ ਬੋਲਣਾ ਸ਼ੁਰੂ ਨਹੀਂ ਕਰ ਦਿੰਦਾ।"

ਇਸ ਨੌਜਵਾਨ ਨੇ 'ਨੂਰ-ਅਲ-ਅਕੀਲ' (ਐਨਲਾਈਟਮੈਂਟ ਆਫ ਰੀਜਨ) ਨਾਂ ਦਾ ਇੱਕ ਬਲੌਗ ਵੀ ਸ਼ੁਰੂ ਕੀਤਾ, ਜਿਸ 'ਚ ਉਸ ਲਿਖਿਆ, "ਆਈ ਐਮ ਪਰਾਊਡ ਟੂ ਬੀ ਅਥੀਸਟ।" ਸੰਨ 2010 'ਚ ਇਸ ਨੌਜਵਾਨ ਨੂੰ ਇਸਲਾਮ ਵਿਰੋਧੀ ਵਿਚਾਰਾਂ ਕਾਰਨ ਗ੍ਰਿਫਤਾਰ ਕਰ ਲਿਆ ਗਿਆ। 'ਨਿਊ ਯਾਰਕ ਟਾਈਮਜ਼' ਨੇ ਇਸ ਗ੍ਰਿਫਤਾਰੀ ਦੀ ਨਿੰਦਾ ਕਰਦਿਆਂ ਲਿਖਿਆ ਕਿ ਇਹ ਤਾਂ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦਾ ਹੱਕ ਖੋਹਣ ਸਮਾਨ ਹੈ।

ਇਸ ਨੌਜਵਾਨ ਨੇ ਅੱਗੇ ਲਿਖਿਆ ਹੈ ਕਿ ਸਾਰੇ ਧਰਮ ਇੱਕ ਬੇਸਮਝੀ ਦਾ ਢੇਰ ਹਨ ਅਤੇ ਉਨ੍ਹਾਂ ਦਾ ਮੂਰਖਤਾ ਵਿਚ ਇੱਕ ਦੂਜੇ ਤੋਂ ਅੱਗੇ ਲੰਘਣ ਦਾ ਮੁਕਾਬਲਾ ਹੈ। ਸਾਰੇ ਧਰਮਾਂ ਦੇ ਖੋਖਲੇ ਵਿਸ਼ਵਾਸ ਸਿਰਫ ਸਿਆਸਤਦਾਨਾਂ ਦੀ ਹੀ ਸੇਵਾ ਕਰਦੇ ਹਨ ਤੇ ਸਿਆਸਤਦਾਨ ਆਪਣੇ ਸੌੜੇ ਹਿਤਾਂ ਲਈ ਇਨ੍ਹਾਂ ਦੀ ਸਰਪ੍ਰਸਤੀ ਕਰਦੇ ਹਨ।

ਸ਼ਹੀਦ ਭਗਤ ਸਿੰਘ ਦੀ ਇੱਕ ਲਿਖਤ ਹੈ, 'ਮੈਂ ਨਾਸਤਕ ਕਿਵੇਂ ਬਣਿਆ?' ਕਾਫੀ ਸਮਾਂ ਉਹ ਇਸ ਭੰਬਲਭੂਸੇ ਵਿਚੋਂ ਨਿਕਲ ਨਾ ਸਕਿਆ ਕਿ ਬਹੁਗਿਣਤੀ ਦੁਨੀਆਂ ਦੀ ਆਬਾਦੀ ਦਾ ਰੱਬ ਵਿਚ ਵਿਸ਼ਵਾਸ ਹੈ, ਪਰ ਬਹੁਤੇ ਨਾਸਤਕ ਵਿਦਵਾਨ ਇਸ ਵਿਸ਼ਵਾਸ ਨੂੰ ਚੈਲੇਂਜ ਕਰਦੇ ਹਨ, ਆਖਰ ਸੱਚਾਈ ਕੀ ਹੈ? ਉਸ ਨੇ ਇਸ ਗੁੰਝਲ ਨੂੰ ਹੱਲ ਕਰਨ ਦੀ ਠਾਣ ਲਈ, ਜਿਸ ਲਈ ਬਹੁਤ ਡੂੰਘੇ ਅਧਿਅਨ ਦੀ ਲੋੜ ਸੀ, ਜੋ ਉਸ ਨੇ ਕੀਤਾ। ਮਾਰਕਸਵਾਦ ਤੋਂ ਲੈ ਕੇ ਉਸ ਨੇ ਇਸ ਵਿਸ਼ੇ 'ਤੇ ਹਰ ਉਪਲਬਧ ਸਾਹਿਤ ਪੜ੍ਹਿਆ। ਆਖਰ ਭਗਤ ਸਿੰਘ ਜਿਸ ਨਤੀਜੇ 'ਤੇ ਅੱਪੜਿਆ, 1779 ਵਿਚ ਵਿਦਵਾਨ ਡੇਵਿਡ ਹਯੂਮ ਨੇ ਬਹੁਤ ਪਹਿਲਾਂ ਬਿਆਨ ਕਰ ਦਿੱਤਾ ਸੀ। ਉਸ ਕੁਝ ਸਵਾਲ ਖੜੇ ਕੀਤੇ ਸਨ: 1. ਜੇ ਰੱਬ ਦੁਨੀਆਂ ਵਿਚੋਂ ਬੁਰਾਈ ਖਤਮ ਕਰਨ ਦਾ ਇੱਛੁਕ ਹੈ ਤੇ ਕਰ ਨਹੀਂ ਸਕਦਾ ਤਾਂ ਉਹ ਨਿਪੁੰਸਕ ਹੈ। 2. ਉਹ ਬੁਰਾਈ ਖਤਮ ਕਰ ਸਕਦਾ ਹੈ, ਪਰ ਕਰਨਾ ਨਹੀਂ ਚਾਹੁੰਦਾ ਤਾਂ ਉਹ ਦੁਰਭਾਵਨਾਪੂਰਣ (ਦੋਖੀ) ਹੈ। 3. ਜੇ ਉਹ ਇਹ ਕਾਰਜ ਕਰ ਸਕਦਾ ਹੈ ਤੇ ਕਰਨਾ ਵੀ ਚਾਹੁੰਦਾ ਹੈ ਤਾਂ ਦੁਨੀਆਂ ਵਿਚ ਐਨੇ ਕਸ਼ਟ ਕਿਉਂ ਹਨ? ਅਤੇ 4. ਜੇ ਉਹ ਨਾ ਕੁਝ ਕਰ ਸਕਦਾ ਹੈ, ਨਾ ਹੀ ਚਾਹੁੰਦਾ ਹੈ ਤਾਂ ਉਸ ਨੂੰ ਪਰਮਾਤਮਾ ਕਿਉਂ ਕਿਹਾ ਜਾਂਦਾ ਹੈ? ਅੱਜ ਕਰੋਨਾ ਸੰਕਟ ਦੌਰਾਨ ਇਹ ਸਵਾਲ ਮਨੁੱਖਤਾ ਸਾਹਮਣੇ ਉਵੇਂ ਹੀ ਖੜ੍ਹੇ ਹਨ।

ਮੈਂ ਆਪਣੇ ਇੱਕ ਮਿੱਤਰ, ਜੋ ਮਨੋਵਿਗਿਆਨ ਦਾ ਵਿਦਿਆਰਥੀ ਰਿਹਾ ਹੈ, ਨੂੰ ਇਸ ਰੱਬੀ ਗੁੰਝਲ ਬਾਰੇ ਪੁਛਿਆ ਤਾਂ ਇਸ ਦਾ ਜਵਾਬ ਦੇਣ ਲਈ ਉਹ ਮੈਨੂੰ ਇੱਕ ਭੀੜ ਭਾੜ ਵਾਲੇ ਬਾਜ਼ਾਰ ਵਿਚ ਲੈ ਗਿਆ, ਜਿੱਥੇ ਕੁਝ ਬਹੁਤ ਉੱਚੀਆਂ ਇਮਾਰਤਾਂ ਸਨ। ਉਸ ਨੇ ਮੈਨੂੰ ਕੁਝ ਸਮਝਾਇਆ ਤੇ ਇੱਕ ਥਾਂ ਖੜ੍ਹਾ ਹੋ ਕੇ ਬਹੁਤ ਉਚੀ ਇਮਾਰਤ ਦੇ ਸਿਖਰ ਵੱਲ ਹੱਥ ਦੇ ਇਸ਼ਾਰੇ ਨਾਲ ਕੁਝ ਦਿਖਾਉਣ ਲੱਗਾ। ਉਥੇ ਕੁਝ ਵੀ ਦਿਖਾਈ ਨਹੀਂ ਦੇ ਰਿਹਾ ਸੀ, ਪਰ ਮਿੱਤਰ ਦੀ ਹਦਾਇਤ ਮੁਤਾਬਕ ਮੈਂ ਵੀ ਹੱਥ ਦੇ ਇਸ਼ਾਰੇ ਨਾਲ ਉਥੇ ਕੁਝ ਅਜੀਬ ਜਿਹਾ ਦਿਖਣ ਦਾ ਨਾਟਕ ਕਰਨ ਲੱਗਾ।

ਦਸ ਕੁ ਮਿੰਟ ਪਿਛੋਂ ਚਾਰ-ਪੰਜ ਜਣੇ ਸਾਡੇ ਵਾਂਗੂੰ ਉਪਰ ਵੱਲ ਇਸ਼ਾਰੇ ਕਰ ਉਥੇ ਕੁਝ ਦੇਖਣ ਦਾ ਯਤਨ ਕਰ ਰਹੇ ਸਨ, ਤੇ ਜਦ ਕਰੀਬ ਅੱਧੇ ਘੰਟੇ ਪਿਛੋਂ ਉਸ ਥਾਂ 15-20 ਬੰਦਿਆਂ ਦਾ ਸਮੂਹ ਇਹੀ ਹਰਕਤ ਕਰਨ ਲੱਗਾ ਤਾਂ ਮੇਰਾ ਮਿੱਤਰ ਮੈਨੂੰ ਸੈਨਤ ਨਾਲ ਉਥੋਂ ਹਟਾ ਕੇ ਸਾਹਮਣੇ ਚਾਹ ਦੇ ਖੋਖੇ 'ਤੇ ਲੈ ਗਿਆ। ਹੁਣ ਤੱਕ ਉਥੇ ਕੋਈ 25-30 ਬੰਦਿਆਂ ਦਾ ਜਮਘਟ ਲੱਗ ਚੁਕਾ ਸੀ ਤੇ ਅਸੀਂ ਚਾਹ ਪੀਂਦਿਆਂ ਇਸ ਤਮਾਸ਼ੇ ਦਾ ਲੁਤਫ ਲੈ ਰਹੇ ਸਾਂ। ਇਹ ਤਮਾਸ਼ਾ ਉਦੋਂ ਖਤਮ ਹੋਇਆ, ਜਦ ਇੱਕ ਟਰੈਫਿਕ ਸਿਪਾਹੀ ਨੇ ਡੰਡੇ ਮਾਰ ਕੇ ਇਸ ਨਾਸਮਝ ਭੀੜ ਨੂੰ ਤਿਤਰ-ਬਿਤਰ ਕੀਤਾ।

ਮੇਰੇ ਮਿੱਤਰ ਨੇ ਮੈਨੂੰ ਪੁੱਛਿਆ ਕਿ ਕੁਝ ਸਮਝ ਆਇਆ? ਮੇਰਾ ਜਵਾਬ ਸੀ, 'ਹਾਂ ਕੁਝ ਕੁਝ ਸਮਝ ਆਇਆ।' ਮਿੱਤਰ ਨੇ ਕਿਹਾ ਕਿ ਇਸ ਨੂੰ 'ਮੌਬ ਸਾਇਕਾਲੋਜੀ' (ਭੀੜ ਮਨੋਵਿਗਿਆਨ) ਕਹਿੰਦੇ ਹਨ। ਮਨੁੱਖੀ ਵਿਕਾਸ ਦੇ ਅਰੰਭਕ ਦੌਰ ਵਿਚ ਕੁਝ ਮਹਾਪੁਰਸ਼ਾਂ ਨੇ ਅਰਾਜਕਤਾ ਨੂੰ ਨੱਥ ਪਾਉਣ ਲਈ ਐਸੇ ਧਰਮਾਂ ਦਾ ਤਾਣਾਬਾਣਾ ਸਿਰਜਿਆ, ਜਿਸ ਨਾਲ ਪਸ਼ੂ ਬਿਰਤੀ ਮਨੁੱਖ ਨੂੰ ਸਭਿਅਕ ਦਾਇਰੇ ਅੰਦਰ ਰੱਖਿਆ ਜਾ ਸਕੇ। ਇੱਕ ਵਿਦਵਾਨ ਅਨੁਸਾਰ ਜਦ ਮਨੁੱਖ ਨੂੰ ਆਪਾ ਸਾਂਭਣ ਦੀ ਸੋਝੀ ਆ ਗਈ, ਧਰਮਾਂ ਦੀ ਲੋੜ ਮੁੱਕ ਜਾਵੇਗੀ, ਪਰ ਸਮਾਂ ਪਾ ਕੇ ਇਹੋ ਧਰਮਤੰਤਰ ਸਵਾਰਥੀ ਤੱਤਾਂ ਰਾਹੀਂ ਆਮ ਲੋਕਾਂ ਦੇ ਸ਼ੋਸ਼ਣ ਦਾ ਵਸੀਲਾ ਬਣ ਗਿਆ। ਅੱਜ ਜਦੋਂ ਕਿ ਇਨ੍ਹਾਂ ਧਾਰਮਿਕ ਭੰਬਲਭੂਸਿਆਂ ਦੀ ਲੋੜ ਨਹੀਂ, ਸਮਾਜਕ ਸੁਰੱਖਿਆ ਲਈ ਬਣੇ ਦੇਸ਼ ਦੇ ਕਾਨੂੰਨਾਂ ਦਾ ਪਾਲਨ ਹੀ ਨਿਹਾਇਤ ਜਰੂਰੀ ਹੈ। ਇਸੇ 'ਚ ਸਭ ਦੀ ਭਲਾਈ ਹੈ।

# ਕਰੋਨਾ-ਕਾਲ ਦਾ ਜਾਦੂਗਰ

ਤੱਕੇ ਨੇ ਕਦੇ ਹੱਥ ਕਿਰਤੀ ਦੇ
ਇਨ੍ਹਾਂ ਵਿਚ ਕਰਤਾਰ ਦੀ ਕੁਦਰਤ
ਸਗਲ ਸ੍ਰਿਸ਼ਟੀ ਦੇ ਇਹ ਸਿਰਜਕ
ਉਂਗਲਾਂ ਹੇਠ ਜੋ ਉਚੀ ਥਾਂ ਹੈ
ਉਹ ਵਿਸ਼ਕਰਮਾ ਜੀ ਦਾ ਘਰ ਹੈ
ਇਹ ਜੋ ਡੂੰਘੀਆਂ ਲੀਕਾਂ ਦਿਸਣ
ਇਹ ਗੰਗਾ ਤੇ ਜਮਨਾ ਨਦੀਆਂ!

ਅਕਥ ਇਨ੍ਹਾਂ ਹੱਥਾਂ ਦੀ ਮਹਿਮਾ
ਇਨ੍ਹਾਂ ਦੀ ਬਰਕਤ ਕੀ ਕਹੀਏ
ਛੁਹ ਇਨ੍ਹਾਂ ਦੀ ਪਾਰਸ ਵਰਗੀ
ਮਿੱਟੀ ਤੋਂ ਇਹ ਮਹਿਲ ਉਸਾਰਨ
ਇਕ ਦਾਣੇ ਤੋਂ ਸੈਅ ਉਗਾਉਂਦੇ
ਇਕ ਇਕ ਧਾਗਾ ਥਾਨ ਬਣਾਉਂਦੇ
ਕੁੱਲੀ, ਗੁੱਲੀ, ਜੁੱਲੀ ਬਖਸ਼ਣ
ਇਨ੍ਹਾਂ ਸਦਕਾ ਸਭ ਸੁਖ ਭੋਗਣ
ਹਰ ਲੋੜੀਂਦੀ ਚੀਜ਼ ਨੇ ਦਿੰਦੇ
ਵਿਸ਼ਕਰਮਾ ਦਾ ਵਰ ਇਨ੍ਹਾਂ ਨੂੰ
ਇਨ੍ਹਾਂ ਵਿਚ ਕਰਤਾਰ ਦਾ ਵਾਸਾ!

ਕੇਹੀ ਤਾਲਾਬੰਦੀ ਹੋਈ
ਧੰਦੇ ਸਾਰੇ ਬੰਦ ਹੋ ਗਏ
ਰੋਟੀ-ਟੁੱਕ ਦੀ ਚਿੰਤਾ ਲੱਗੀ
ਕੌਣ ਹੈ, ਜਿਸ ਨੂੰ ਆਪਣਾ ਕਹੀਏ
ਮਨ ਦੀ ਵਿਥਿਆ ਆਖ ਸੁਣਾਈਏ
ਦੇਸ ਬਿਗਾਨਾ ਕੋਈ ਨਾ ਸੁਣਦਾ
ਚਹੁੰ ਘੰਟਿਆਂ ਦੀ ਮਿਲੀ ਹੈ ਮੁਹਲਤ
ਚਹੁੰ ਘੰਟਿਆਂ ਵਿਚ ਕਿਥੇ ਜਾਈਏ
"ਰਹਿਣਾ ਨਹੀਂ ਦੇਸ ਬਿਰਾਨਾ ਹੈ!
ਬਿਰਾਨਾ ਹੈ ਰੇ, ਬੇਗਾਨਾ ਹੈ!"
ਹੁਣ ਤਾਂ ਬੱਸ ਆਪਣਿਆਂ ਵਿਚ ਹੋਈਏ
ਜਿਉਂਦੇ ਰਹੇ ਤਾਂ ਘਰ ਵਿਚ ਜਿਉਂਈਏ
ਚੱਪਾ ਰੋਟੀ ਵੰਡ ਕੇ ਖਾਈਏ
ਮਰਨਾ ਹੈ, ਆਪਣੇ ਘਰ ਮਰੀਏ
ਆਪਣੇ ਚਹੁੰ ਮੋਢਿਆਂ 'ਤੇ ਜਾਈਏ!

ਦੂਰ ਦੇਸ ਨੂੰ ਕਿਰਤੀ ਜਾਣੇ
ਨਾ ਬਸ-ਗੱਡੀ, ਨਾ ਕੋਈ ਠੇਲ੍ਹਾ
ਬਿਨਾ ਸਹਾਰੇ ਜੀਅ-ਭਿਆਣੇ
ਸੈਅ ਕੋਹਾਂ ਦਾ ਪੈਦਲ ਪੈਂਡਾ
ਕੁੱਛੜ ਬਾਲਕ, ਸਿਰ 'ਤੇ ਗੱਠੜ
ਬਾਲ ਨਿਆਣੇ ਸਹਿਮੇ ਸਹਿਮੇ
ਬੁੱਢੇ ਆਪਣੇ ਪਿੰਜਰ ਢੋਂਦੇ
ਰੋਂਦਿਆਂ ਰੋਂਦਿਆਂ ਹੰਝੂ ਮੁੱਕੇ
ਸੁੱਕੀ ਅੱਖੀਏਂ ਰੋਣ ਲੁਗਾਈਆਂ
ਵਿਚੇ ਰੋਗ, ਥਕੇਵਾਂ ਵਿਚੇ
ਪੈਰੀਂ ਛਾਲੇ ਬਣਦੇ ਫੁਟਦੇ!

ਔਧਰ ਕਿਧਰੇ ਆਪਣੀ ਨਗਰੀ
ਕਈ ਸੌ ਕੋਹਾਂ ਦੂਰ ਹੈ ਭਾਵੇਂ
ਪਰ ਉਸ ਨਗਰੀ ਆਪਣੇ ਵਸਦੇ
ਉਥੋਂ ਦੀ ਮਿੱਟੀ ਮੋਹਖੋਰੀ
ਉਥੋਂ ਦਾ ਜਲ ਠੰਢਾ ਮਿੱਠਾ
ਪੌਣ 'ਚ ਘੁਲਦੀ ਫਸਲ-ਸੁਗੰਧੀ
ਤੁਰਨਾ ਤੇ ਬੱਸ ਤੁਰਦੇ ਜਾਣਾ
ਕਦਮ ਕਦਮ ਕਰ ਕੋਸ ਮੁਕਾਉਣੇ।

ਆਓ, ਹੱਥ ਕੁਝ ਹੋਰ ਦਿਖਾਵਾਂ
ਕੋਤਵਾਲ ਨੇ ਘੇਰ ਲਿਆਂਦੇ
ਡੰਗਰਾਂ ਵਾਂਗਰ ਵਾੜਿਆਂ ਦੇ ਵਿਚ
ਧੱਕੇ, ਤੂਸੇ ਬੰਦੇ ਅਣਗਿਣ
ਕੈਂਚੀ ਫਾਟਕ ਜਿੰਦਾ ਜੜਿਆ
ਵਿਰਲਾਂ ਵਿਚੋਂ ਹੱਥ ਨਿਕਲੇ ਨੇ
ਬੇਵੱਸ ਹੱਥ, ਇਹ ਹੱਥ ਨਿਤਾਣੇ
ਤਰਸ ਦੇ ਪਾਤਰ, ਹੱਥ ਫਰਿਆਦੀ
ਝਾਕ ਰਹੇ ਕੋਈ ਦਾਨੀ ਆਵੇ
ਪੇਟ ਦਾ ਬਾਲਣ ਭਿੱਖਿਆ ਪਾਵੇ!

ਜਾਦੂਗਰ ਨੇ ਮੰਤਰ ਮਾਰੇ
ਤਾਲੀ ਤੇ ਥਾਲੀ ਖੜਕਾਈ
ਦੀਵਾ ਬਾਲਿਆ, ਧੂਫ ਧੁਖਾਈ
ਕੱਲ੍ਹ ਤੱਕ ਸਨ ਜੋ ਮਾਣਾਂ-ਮੱਤੇ
ਜਿਨ੍ਹਾਂ ਵਿਚ ਕਰਤਾਰ ਸੀ ਵਸਦਾ
ਝੋਲੀ ਭਰ-ਭਰ ਦਾਤਾਂ ਵੰਡਦੇ
ਉਨ੍ਹਾਂ ਹੱਥਾਂ ਭੀਖ ਮੰਗਾਈ!

ਕੈਂਚੀ ਫਾਟਕ ਵਾਲੇ ਹੱਥ ਇਹ
ਅੱਖਾਂ ਬਣ ਜੋ ਭੀਖ ਉਡੀਕਣ
ਉਹੋ ਹੱਥ ਨੇ, ਗਹੁ ਨਾਲ ਦੇਖੋ
ਜਿਥੇ ਸੀ ਕਰਤਾਰ ਦੀ ਕੁਦਰਤ
ਜਿਥੇ ਸਨ ਵਿਸ਼ਕਰਮਾ ਰਹਿੰਦੇ
ਵਹਿੰਦੀਆਂ ਸਨ ਗੰਗਾ ਤੇ ਜਮਨਾ!

*-ਗੁਰਬਚਨ ਸਿੰਘ ਭੁੱਲਰ*
*bhullargs@gmail.com*

### ਕੋਸ਼ਿਸ਼

ਯੁਗ ਇਕ ਦਿਨ ਵਿਚ ਨਹੀਂ ਬਦਲਦੇ
ਤਖਤ ਰਾਤੋ-ਰਾਤ ਨਹੀਂ ਪਲਟਦੇ
ਪੱਥਰ ਚਾਹੇ ਆਖਰੀ ਸੱਟ ਨਾਲ ਹੀ ਟੁੱਟਦਾ
ਪਰ ਪਹਿਲੀ ਸੱਟ ਅਰਥਹੀਣ ਨਹੀਂ ਹੁੰਦੀ।

---

### ਤੇਰਾ ਜਾਣਾ

ਤੂੰ ਅਕਸਰ ਚਲਿਆ ਜਾਨੈਂ
ਲੜ ਕੇ ਝੂਠੀ-ਮੂਠੀ।
ਤੂੰ ਅਕਸਰ ਚਲਿਆ ਜਾਨੈਂ
ਰੱਜ ਕੇ ਗੱਲਾਂ ਕਰ ਕੇ।
ਪਰ ਅੱਜ ਤੇਰਾ ਜਾਣਾ ਇਵੇਂ ਹੈ
ਜਿਵੇਂ ਪੋਹ ਮਹੀਨੇ
ਸੜਕ 'ਤੇ ਪਏ ਗਰੀਬ ਤੋਂ ਕਿਸੇ
ਪਾਟਿਆ ਕੰਬਲ ਖੋਹ ਲਿਆ ਹੋਵੇ।

*-ਸ਼ਮਿੰਦਰ, ਮੁਕਤਸਰ ਸਾਹਿਬ*
*ਫੋਨ: 91-75268-08047*

# ਪਰਵਾਸੀਓ, ਨਿਰਾਸ਼ ਨਾ ਹੋਇਓ !

## ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਪਰਦੇਸ 'ਚ ਸਾਂ। ਠੰਢੀਆਂ ਧਰਤੀਆਂ। ਕੋਸੀਆਂ ਹਵਾਵਾਂ, ਧੁੱਪ ਦੀ ਗਲਵੱਕੜੀ। ਉਛਲਦੀਆਂ ਝੀਲਾਂ, ਖੌਲਦੇ ਸਾਗਰ। ਗਗਨ ਚੁੰਭੀ ਇਮਾਰਤਾਂ ਅਕਾਸ਼ ਨਿਹਾਰਦੀਆਂ। ਸੁੰਦਰ ਘਰ, ਚੁੱਪ ਵਿਚ ਲਿਪਟੇ ਹੋਏ, ਇਕੋ ਜਿਹੇ ਡੱਬਿਆਂ ਵਰਗੇ। ਸੱਪ ਦੀ ਜੀਭ ਜਿਹੀਆਂ ਸੜਕਾਂ, ਜਿਵੇਂ ਕੱਚੀ ਲੱਸੀ ਨਾਲ ਧੋਤੀਆਂ ਹੋਣ, ਹੁਣੇ ਹੁਣੇ!

ਸੱਜਣਾ ਸਨੇਹੀਆਂ ਦੀ ਸੰਗਤ। ਮੋਹ ਦੇ ਟੋਕਰੇ। ਮਹਿਫਿਲਾਂ, ਸੈਮੀਨਾਰ, ਰੇਡੀਓ, ਟੀ. ਵੀ. ਉਤੇ ਵਿਚਾਰ ਚਰਚਾਵਾਂ। ਸੈਰਾਂ ਸੁਹਾਣੀਆਂ, ਪਰ ਪਿੰਡ ਗੇੜੇ ਦਿੰਦਾ ਸੁਪਨਿਆਂ ਵਿਚ। ਮਾਂ ਹਾਕਾਂ ਮਾਰਦੀ, ਪਿਓ ਸਿਰ ਪਲੋਸਦਾ। ਜਾਗ ਟੁਟਦੀ, ਮੁੜ ਜੁੜਦੀ।

ਇਕ ਦਿਨ ਅਤਿ ਸੁਰੀਲੀ ਅਵਾਜ਼ ਕੰਨੀਂ ਪੈਂਦੀ ਹੈ। ਮਿੱਤਰ ਨਾਲ ਉਹਦੇ ਫਾਰਮ ਉਤੇ ਜਾ ਰਿਹਾਂ। ਰੇਡੀਓ ਵੱਜ ਰਿਹੈ। ਗੀਤ ਦੇ ਬੋਲ ਨੇ,

ਜਿਥੇ ਆ ਕੇ ਵਸ'ਗੇ ਆਂ
ਸਾਡੀ ਜਿੰਦ ਵਰਗਾ ਨਹੀਂ,
ਏਹ ਮੁਲਕ ਤਾਂ ਸੋਹਣਾ ਏ
ਮੇਰੇ ਪਿੰਡ ਵਰਗਾ ਨਹੀਂ।

ਅੱਖਾਂ ਭਰ ਆਇਆ ਮੈਂ। ਮਿੱਤਰ ਨੇ ਨੈਪਕਿਨ ਦਿੱਤੈ। ਕੁਛ ਨਾ ਪੁਛਿਆ ਕਿ ਬੇਲੀ, ਕਿਉਂ ਅੱਖਾਂ ਭਰੀਆਂ? ਏਹੀ ਖਾਸੀਅਤ ਹੈ ਇਨ੍ਹਾਂ ਮੁਲਕਾਂ ਦੇ ਬਾਸ਼ਿੰਦਿਆਂ ਦੀ, ਖਾਹ ਮਖਾਹ ਦਖਲ ਨਹੀਂ ਦਿੰਦੇ ਤੁਹਾਡੇ ਨਿਜੀ ਮਸਲੇ ਜਾਂ ਵਰਤੋਂ ਵਿਹਾਰ ਵਿਚ; ਉਹ ਵੀ ਜਿੰਨਾ ਚਿਰ ਤੁਸੀਂ ਅਗਲੇ ਨੂੰ ਦੱਸੋ ਨਾ! ਗੋਰਿਆਂ ਦੀ ਜੀਵਨ ਸ਼ੈਲੀ ਦਾ ਰੰਗ ਜੁ ਚੜ੍ਹ ਗਿਆ ਹੋਇਐ ਆਪਣਿਆ 'ਤੇ ਵੀ। ਵੈਸੇ ਇਹ ਗੱਲ ਚੰਗੀ ਹੀ ਨਹੀਂ, ਬਾਹਲੀ ਚੰਗੀ ਹੈ।

ਗੀਤ ਨੇ ਖਹਿੜਾ ਨਹੀਂ ਛੱਡਿਆ, ਪਿੱਛੇ ਪੈ ਗਿਆ, ਹਰ ਵੇਲੇ ਗੁਣ ਗੁਣਾਈ ਜਾਵਾਂ, 'ਏਹ ਮੁਲਕ ਤਾਂ ਸੋਹਣਾ ਏ, ਮੇਰੇ ਪਿੰਡ ਵਰਗਾ ਨਹੀਂ।' ਗਾਇਕ ਨਹੀਂ ਲੱਭਾ। ਪੁੱਛਿਆ ਵੀ ਕਈਆਂ ਨੂੰ, ਸਿਰ ਫੇਰ ਗਏ। ਪਿੰਡ ਪਰਤਿਆ। ਹੌਲੀ ਹੌਲੀ ਗੀਤ ਵੀ ਗੁੰਮ ਗਿਆ। ਇਨ੍ਹੀਂ ਦਿਨੀਂ ਇਹ ਗੀਤ ਅਚਾਨਕ ਆਪੇ ਲੱਭ ਪਿਆ, ਸੁਣਾਂ ਤਾਂ ਪਰਦੇਸ ਅਵਾਜ਼ਾਂ ਮਾਰੇ। ਮਿੱਤਰਾਂ ਨੂੰ ਚੇਤੇ ਕਰਦਾ। ਮਨ ਭਰਦਾ। ਅਣਗਿਣਤ ਅੰਕਲ-ਆਂਟੀਆਂ, ਭੈਣ-ਭਾਈ, ਤੇ ਸੱਜਣ-ਬੇਲੀ ਬਹੁਤ ਯਾਦ ਆਏ ਵਾਰ ਵਾਰ।

ਸੋਚਦਾਂ ਕੈਸਾ ਹੈ ਮਨੁੱਖੀ ਮਨ! ਕੋਈ ਥਾਹ ਨਹੀਂ ਏਹਦੀ। ਸਮੁੰਦਰ ਤੋਂ ਵੀ ਗਹਿਰਾ, ਸ਼ਾਂਤ ਵੀ ਓਨਾ। ਉਛਲਣ ਲੱਗਿਆਂ ਵੀ ਪਲ ਨਹੀਂ ਲਾਉਂਦਾ। ਉਸਤਾਦ ਸਵਰਗੀ ਲਾਲ ਚੰਦ ਯਮਲਾ ਜੱਟ ਗਾਇਆ ਕਰਦੇ ਸਨ, ਤੂੰਬੇ ਨਾਲ,

ਦਿਲ ਦਰਿਆ ਸਮੁਦਰੋਂ ਡੂੰਘੇ
ਕੌਣ ਦਿਲਾਂ ਦੀਆਂ ਜਾਣੇ।

ਕਰੋਨਾ ਲੰਘ ਜਾਹ। ਜਾਹ ਮਗਰੋਂ ਲਹਿ। ਜਿਥੋਂ ਆਈ ਏਂ, ਜਾਹ! ਜਾ ਕੇ ਮਰ ਮਿਟ ਉਥੇ!

ਮੈਨੂੰ ਪਰਦੇਸੀਂ ਵਸਦੇ ਆਪਣਿਆਂ ਦਾ ਝੋਰਾ ਹੈ। ਫਿਕਰ ਹੈ, ਮੋਹ ਹੈ। ਸੁਨੇਹੇ ਘੱਲਦਾਂ ਕਿ ਆਪਣਾ ਤੇ ਪਰਿਵਾਰ ਦਾ ਧਿਆਨ ਰੱਖਿਓ। ਕਈਆਂ ਨੂੰ ਬੋਲ ਕੇ ਸੁਨੇਹੇ ਰਿਕਾਰਡ ਕਰਦਾਂ। ਕਿਸੇ ਨੂੰ ਵੈਟਸ ਐਪ ਕਾਲਾਂ। ਕੁਝ ਨੂੰ ਫੇਸਬੁੱਕ ਉਤੇ ਗੁਆਚੇ ਢੂੰਡਦਾਂ। ਜਿਥੇ ਵੀ ਹੋ, ਸੁਖੀ ਰਹੋ। ਪਰਿਵਾਰਾਂ ਦੀਆਂ ਰੌਣਕਾਂ ਸੋਂਹਦੀਆਂ ਰਹਿਣ। ਕਰੋਨਾ ਦਾ ਤੱਤਾ ਹਨੇਰ ਥੰਮ ਰਿਹੈ। ਨਿਰਾਸ਼ ਨਾ ਹੋਇਓ, ਪਰਵਾਸੀਓ! ਸੁਰਜੀਤ ਪਾਤਰ ਨੇ ਸ਼ਬਦਾਂ ਵਿਚ, "ਲੰਘ ਜਾਣ ਦੇ ਬਨੇਰੇ ਤੋਂ ਹਵਾਵਾਂ ਤੱਤੀਆਂ...।"

## ਕਰੋਨਾ ਮਹਾਮਾਰੀ ਨਾਲ ਜੂਝਦੇ ਯੋਧਿਆਂ ਦੀ ਗਾਥਾ

# 'ਸੋਲਜ਼ਰ-ਦਾ ਰੀਅਲ ਹੀਰੋ'

ਕਰੋਨਾ ਮਹਾਮਾਰੀ ਦੇ ਨਾਜ਼ੁਕ ਦੌਰ ਵਿਚ ਆਮ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਅਨੇਕਾਂ ਲਘੂ ਫਿਲਮਾਂ ਦਾ ਨਿਰਮਾਣ ਹੋ ਰਿਹਾ ਹੈ। ਪਾਰਕਵੁੱਡ ਪ੍ਰੋਡਕਸ਼ਨ ਦੇ ਬੈਨਰ ਹੇਠ ਅਜਿਹੀ ਹੀ ਇੱਕ ਫਿਲਮ 'ਸੋਲਜ਼ਰ-ਦਾ ਰੀਅਲ ਹੀਰੋ' ਬਣਾਈ ਗਈ ਹੈ। ਇਸ ਵਿਚ ਕਰੋਨਾ ਮਹਾਮਾਰੀ ਵਿਚ ਸੇਵਾਵਾਂ ਦੇਣ ਵਾਲੇ ਪੁਲਿਸ ਮਲਾਜ਼ਮਾਂ/ਅਫਸਰਾਂ ਅਤੇ ਡਾਕਟਰਾਂ ਦੀ ਪਰਿਵਾਰਕ ਜ਼ਿੰਦਗੀ ਤੇ ਸਮਾਜ ਪ੍ਰਤੀ ਆਪਣੇ ਫਰਜਾਂ ਦੀ ਵਚਨਬੱਧਤਾ ਨੂੰ ਦਰਸਾਇਆ ਗਿਆ ਹੈ। ਅੱਜ ਜਿੱਥੇ ਪੂਰੀ ਦੁਨੀਆਂ ਕਰੋਨਾ ਮਹਾਮਾਰੀ ਨਾਲ ਲੜ ਰਹੀ ਹੈ ਤੇ ਸਰਕਾਰਾਂ ਵਲੋਂ ਲੋਕਾਂ ਨੂੰ ਇਸ ਤੋਂ ਬਚਣ ਦੇ ਢੰਗ ਤਰੀਕਿਆਂ ਦਾ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ, ਉਥੇ ਸਾਡੇ ਸਮਾਜ ਦਾ ਨਾ-ਸਮਝ ਵਰਗ ਇਸ ਬਿਮਾਰੀ ਨੂੰ ਅਫਵਾਹਾਂ ਸਮਝਦਾ ਪ੍ਰਸ਼ਾਸਨਿਕ ਹਦਾਇਤਾਂ ਦੀ ਉਲੰਘਣਾ ਕਰ ਰਿਹਾ ਹੈ। ਇਹ ਫਿਲਮ ਸਮਾਜ ਦੇ ਵੱਖ ਵੱਖ ਪਹਿਲੂਆਂ ਨੂੰ ਪੇਸ਼ ਕਰਦੀ ਅਜਿਹੇ ਲੋਕਾਂ ਨੂੰ ਵੀ ਨਸੀਹਤ ਦਿੰਦੀ ਹੈ।



ਬਰਨਾਲਾ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਬਣੀ ਇਸ ਫਿਲਮ ਵਿਚ ਸੁਖਦੇਵ ਬਰਨਾਲਾ, ਸਿਮਰਨ ਅਕਸ, ਰੁਪਿੰਦਰ ਰੂਪੀ, ਯਸ ਭੁੱਲਰ, ਬੇਬੀ ਹਸਰਤ, ਭੁਪਿੰਦਰ ਬਰਨਾਲਾ, ਯਾਦੂ ਭੁੱਲਰ, ਇਕਵਾਲ ਸਿੰਘ, ਜਸਪਿੰਦਰ ਸਿੰਘ, ਸੁੱਖ ਮੰਡੇਰ, ਬਾਬਾ ਇਕਵਾਲ ਸਿੰਘ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਫਿਲਮ ਦਾ ਲੇਖਕ ਤੇ ਨਿਰਦੇਸ਼ਕ ਬਿੱਕਾ ਮਨਹਾਰ ਹੈ। ਫਿਲਮ ਦਾ ਸੰਗੀਤ ਮਿਊਜ਼ਿਕ ਇੰਮਪਾਇਰ ਤੇ ਮਨਹਾਰ ਸਟੂਡੀਓ ਵਲੋਂ ਤਿਆਰ ਕੀਤਾ ਗਿਆ ਹੈ। ਬਿੰਦਰ ਧਨੌਲਾ ਤੇ ਸੋਨੀ ਠੁੱਲੇਵਾਲ ਦੇ ਲਿਖੇ ਗੀਤਾਂ ਨੂੰ ਮੱਖਣ ਮੱਝੂਕੇ ਤੇ ਬਿੱਕਾ ਮਨਹਾਰ ਨੇ ਗਾਇਆ ਹੈ। ਫਿਲਮ ਦੇ ਨਿਰਮਾਤਾ ਜੀਵਨ ਜੋਤ ਜਟਾਣਾ ਅਤੇ ਬਲਰਾਜ ਸਿੰਘ (ਨਿਊ ਜ਼ੀਲੈਂਡ) ਹਨ ਤੇ ਕਾਰਜਕਾਰੀ ਨਿਰਮਾਤਾ ਪਾਲ ਸਿੱਧੂ ਮਿਊਜ਼ਿਕ ਇੰਮਪਾਇਰ ਹਨ।

*-ਸੁਰਜੀਤ ਜੱਸਲ*
*ਫੋਨ: 91-98146-07737*

# ਅੱਬਾਸ ਕਇਰੋਸਤਮੀ ਦੀਆਂ ਫਿਲਮਾਂ 'ਚ ਧੜਕਦੀ ਜ਼ਿੰਦਗੀ

*ਸਿਨੇਮਾ ਯਾਦਾਂ, ਚੇਤਿਆਂ ਅਤੇ ਸੁਪਨਿਆਂ ਨੂੰ ਪੁਨਰ-ਸੁਰਜੀਤ ਕਰਨ ਦੀ ਕਲਾ ਹੈ। ਕੈਮਰੇ ਦੀ ਅੱਖ ਨਾਲ ਵਾਹੀ ਕਹਾਣੀ ਇਕੋ ਸਮੇਂ ਬੰਦੇ ਦੇ ਸੋਚਣ-ਸਮਝਣ, ਦੇਖਣ, ਸੁਣਨ ਤੇ ਮਹਿਸੂਸ ਕਰਨ ਦੀ ਸਮਰੱਥਾ ਦਾ ਇਮਤਿਹਾਨ ਲੈਂਦੀ ਹੈ। ਸਾਰੀਆਂ ਕਲਾਵਾਂ ਵਿਚੋਂ ਸਿਨੇਮਾ ਇਸ ਲਈ ਵੀ ਖਾਸ ਹੈ ਕਿ ਇਸ ਦੀ ਆਪਣੀ ਜ਼ੁਬਾਨ ਹੈ। ਫਿਲਮ ਇਕੋ ਸਮੇਂ ਕਵਿਤਾ, ਕਹਾਣੀ, ਸੰਗੀਤ, ਚਿੱਤਰਕਾਰੀ, ਇਮਾਰਤਸਾਜ਼ੀ ਤੇ ਇਸ਼ਤਿਹਾਰਬਾਜ਼ੀ ਦੀਆਂ ਅਨੇਕਾਂ ਵੰਨਗੀਆਂ ਵਿਚ ਆਪਸੀ ਰਿਸ਼ਤੇਦਾਰੀਆਂ ਗੰਢਦੀ ਰਹਿੰਦੀ ਹੈ। ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾਉਣਗੇ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਇਸ ਲੇਖ ਵਿਚ ਇਰਾਨ ਦੇ ਫਿਲਮਸਾਜ਼ ਅੱਬਾਸ ਕਇਰੋਸਤਮੀ ਦੀਆਂ ਤਿੰਨ ਫਿਲਮਾਂ, ਜੋ 'ਕੋਕਰ ਤ੍ਰੈਲੜੀ' ਵਜੋਂ ਜਾਣੀਆਂ ਜਾਂਦੀਆਂ ਹਨ, ਉਤੇ ਝਾਤ ਪਾਈ ਗਈ ਹੈ। -ਸੰਪਾਦਕ*

**ਵਿਰਾਸਤ-ਏ-ਸਿਨੇਮਾ**



**ਡਾ. ਕੁਲਦੀਪ ਕੌਰ**
**ਫੋਨ: +91-98554-04330**

ਅੱਬਾਸ ਕਇਰੋਸਤਮੀ ਦੀ ਫਿਲਮ 'ਵੇਅਰ ਇਜ਼ ਫਰੈਂਡਜ਼ ਹੋਮ' (ਕਿਥੇ ਹੈ ਦੋਸਤ ਦਾ ਘਰ) ਤਿੰਨ ਫਿਲਮਾਂ ਦੀ ਉਸ ਲੜੀ ਦਾ ਹਿੱਸਾ ਹੈ ਜਿਸ ਨੂੰ ਬਣਾਉਣ ਲਈ ਉਸ ਨੇ ਕੋਕਰ ਨਾਮ ਦਾ ਪਿੰਡ ਚੁਣਿਆ। ਅੱਬਾਸ ਦਾ ਇਸ ਪਿੰਡ ਨੂੰ ਚੁਣਨ ਦਾ ਫੈਸਲਾ ਕਈ ਪੱਖਾਂ ਤੋਂ ਮਹਤੱਪੂਰਨ ਹੈ। ਅੱਬਾਸ ਦੀਆਂ ਫਿਲਮਾਂ ਦੀ ਸਿਨੇਮਈ ਵਿਆਕਰਨ ਬੇਸ਼ੱਕ ਬੇਹੱਦ ਖੂਬਸੂਰਤ ਅਤੇ ਸਾਦਗੀ ਭਰਪੂਰ ਹੈ ਪਰ ਉਸ ਦੇ ਸਿਨੇਮਾ ਦੀ ਸਿਆਸਤ, ਜ਼ਿੰਦਗੀ ਅਤੇ ਸੱਚ ਦੀ ਸਿਆਸਤ ਹੈ। ਉਸ ਦਾ ਸਿਨੇਮਾ ਇਰਾਨ ਦੀ ਤਹਿਜ਼ੀਬ, ਸਾਹਿਤ, ਸੰਗੀਤ, ਕਵਿਤਾ ਤੇ ਇਮਾਰਤਸਾਜ਼ੀ ਦੀਆਂ ਪਰੰਪਰਾਵਾਂ ਨਾਲ ਡੂੰਘਾ ਜੁੜਿਆ ਹੋਇਆ ਹੈ। ਉਸ ਦੀਆਂ ਫਿਲਮਾਂ ਦੇ ਫਰੇਮਾਂ ਵਿਚੋਂ ਸੰਗੀਤ ਝਰਦਾ ਜਾਪਦਾ ਹੈ ਅਤੇ ਉਸ ਦੇ ਕਿਰਦਾਰ ਕਵਿਤਾ, ਇਮਾਰਤਾਂ, ਰਸਤਿਆਂ ਤੇ ਰਿਸ਼ਤਿਆਂ ਵਿਚ ਲਗਾਤਾਰ ਯਾਤਰਾ ਕਰੇ ਹਨ।

ਕੋਕਰ ਕਿੱਥੇ ਹੈ?


ਕੋਕਰ ਇਰਾਨ ਦਾ ਨਿੱਕਾ ਜਿਹਾ ਪਿੰਡ ਹੈ ਜਾਂ ਸੀ। ਇਸ ਪਿੰਡ ਦੀ ਕੋਈ ਇਤਿਹਾਸਕ ਮਹਤੱਤਾ ਨਹੀਂ। ਪਿੰਡ ਵਿਚ ਨਾ ਕੋਈ ਇਸ ਤਰ੍ਹਾਂ ਦਾ ਸਥਾਨ, ਨਦੀ ਜਾਂ ਇਮਾਰਤ ਹੈ ਜਿਹੜੀ ਦਰਸ਼ਕਾਂ ਨੂੰ ਆਪਣੇ ਵੱਲ ਖਿੱਚ ਸਕੇ ਅਤੇ ਨਾ ਹੀ ਇਸ ਪਿੰਡ ਦੇ ਬਾਸ਼ਿੰਦਿਆਂ ਨੇ ਅਜਿਹੀਆਂ ਦੁਨਿਆਵੀ 'ਕਮਾਈਆਂ' ਕੀਤੀਆਂ ਹਨ ਕਿ ਯਾਤਰੂ ਇਸ ਪਿੰਡ ਦਾ ਰਾਹ ਗਾਹੁਣ ਲਈ ਉਤਾਵਲੇ ਹੋਣ। ਇਸ ਪਿੰਡ ਦੀ ਸਾਧਾਰਨਤਾ ਹੀ ਇਸ ਦੀ 'ਅਸਾਧਾਰਨਤਾ' ਹੈ। ਅੱਬਾਸ ਦੀ ਸਿਨੇਮਾ ਸਿਰਜਣ ਦੀ ਕਲਾ ਇਹੀ ਸਵਾਲ ਵਾਰ-ਵਾਰ ਪੁੱਛਦੀ ਹੈ: 'ਕੀ ਸਾਧਾਰਨ ਹੋਣਾ ਜਾਂ ਸਾਧਾਰਨ ਰਹਿ ਜਾਣਾ ਹੀ ਕਾਫੀ ਨਹੀਂ।'

ਬਹਰਹਾਲ, ਇਸ ਪਿੰਡ ਦੀ ਵੀ ਕਹਾਣੀ ਹੈ।

ਆਪਣੀ 'ਕੋਕਰ ਤ੍ਰੈਲੜੀ' ਦੀ ਪਹਿਲੀ ਫਿਲਮ ਵਿਚ ਅੱਬਾਸ ਕਇਰੋਸਤਮੀ ਆਪਣੇ ਮਨਪਸੰਦ ਕਵੀ ਸੋਹਰਾਬ ਸੁਪਹਿਰੀ ਦੀ ਕਵਿਤਾ 'ਦੋਸਤ' ਨੂੰ ਵਿਸਥਾਰ ਦਿੰਦਾ ਨਜ਼ਰ ਆਉਂਦਾ ਹੈ। ਫਿਲਮ 'ਕਿੱਥੇ ਹੈ ਦੋਸਤ ਦਾ ਘਰ?' ਵਿਚ ਸੱਤ-ਅੱਠ ਸਾਲ ਦਾ ਬੱਚਾ ਅਹਿਮਦ ਜਦੋਂ ਸ਼ਾਮ ਨੂੰ ਸਕੂਲ ਦਾ ਹੋਮਵਰਕ ਕਰਨ ਬੈਠਦਾ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਉਹ ਗਲਤੀ ਨਾਲ ਆਪਣੇ ਦੋਸਤ ਮੁਹੰਮਦ ਰਜ਼ਾ ਦੀ ਹੋਮਵਰਕ ਵਾਲੀ ਕਾਪੀ ਆਪਣੇ ਬਸਤੇ ਵਿਚ ਹੀ ਘਰ ਲੈ ਆਇਆ ਹੈ। ਦੋਵਾਂ ਦੀ ਜਿਲਦ ਇਕੋ ਜਿਹੀ ਜੋ ਸੀ। ਹੁਣ ਉਸ ਨੂੰ ਇਸ ਗੱਲ ਦਾ ਫਿਕਰ ਵੱਢ-ਵੱਢ ਖਾਂਦਾ ਹੈ ਕਿ ਕੱਲ੍ਹ ਸਵੇਰੇ ਸਕੂਲ ਦਾ ਮਾਸਟਰ ਉਸ ਦੇ ਦੋਸਤ ਦਾ ਹੋਮਵਰਕ ਮੁਕੰਮਲ ਨਾ ਹੋਣ ਕਾਰਨ ਬੇਇਜ਼ਤੀ ਕਰ ਸਕਦਾ ਹੈ। ਉਪਰੋਂ ਉਸ ਨੂੰ ਇਹ ਵੀ ਨਹੀਂ ਪਤਾ ਕਿ ਉਸ ਦੋਸਤ ਦਾ ਘਰ ਕਿਥੇ ਹੈ? ਉਸ ਦੀ ਕੰਮਾਂ-ਕਾਰਾਂ ਵਿਚ ਉਲਝੀ ਮਾਂ ਲਈ ਇਹ ਮਾਮਲਾ ਕੋਈ ਜ਼ਿਆਦਾ ਗੰਭੀਰ ਨਹੀਂ। ਉਹ ਆਪਣੇ ਪੁੱਤਰ ਨੂੰ ਅਗਲੇ ਦਿਨ ਸਕੂਲ ਵਿਚ ਕਾਪੀ ਵਾਪਸ ਕਰਨ ਲਈ ਆਖਦੀ ਹੈ ਪਰ ਅਹਿਮਦ ਨੂੰ ਆਪਣੇ ਦੋਸਤ ਦੀ ਚਿੰਤਾ ਵਿਚ ਖਾਣਾ-ਪੀਣਾ ਭੁੱਲ ਜਾਂਦਾ ਹੈ। ਉਹ ਮਾਂ ਤੋਂ ਅੱਖ ਬਚਾ ਕੇ ਘਰੋਂ ਨਿਕਲ ਜਾਂਦਾ ਹੈ ਅਤੇ ਪੂਰੀ ਦੁਪਹਿਰ ਤੇ ਸ਼ਾਮ ਆਪਣੇ ਪਿੰਡ ਕੋਕਰ ਤੋਂ ਪਸ਼ਤੋਂ ਜਾਣ ਲਈ ਲਗਾ ਦਿੰਦਾ ਹੈ। ਇਥੇ ਅੱਬਾਸ ਕਇਰੋਸਤਮੀ ਦੀ ਫਿਲਮ ਜਲਾਲ-ਉਦ-ਦੀਨ ਰੂਮੀ ਦੀ ਇਸ ਕਵਿਤਾ ਵਿਚ ਵੱਟ ਜਾਂਦੀ ਹੈ:

'ਸੱਦਾ ਦੇਣ ਵਾਲੇ
ਤੇ ਸੱਦੇ ਜਾਣ ਵਾਲੇ ਨੂੰ ਭੁੱਲ ਜਾਉ,
ਸੱਦੇ ਵਿਚ ਘੁਲ ਜਾਉ'

ਅਹਿਮਦ ਅਤੇ ਰਜ਼ਾ ਦੀ ਇਸ ਕਹਾਣੀ ਰਾਹੀਂ ਅੱਬਾਸ ਕਇਰੋਸਤਮੀ ਦੁਨਿਆਵੀ ਕਸ਼ਮਕਸ਼ ਅਤੇ ਰੋਜ਼ਮੱਰਾ ਦੇ ਇਨਸਾਨੀ ਸੰਵੇਦਨਾ ਨੂੰ ਖੁੰਢਾ ਕਰ ਦੇਣ ਵਾਲੇ ਸਮਿਆਂ ਵਿਚ ਮੁਹੱਬਤ ਅਤੇ ਦੋਸਤੀ ਦੇ ਬੇਸ਼ਕੀਮਤੀ ਜਜ਼ਬਾਤ ਦੀ ਤਾਣੀ ਛੇੜਦਾ ਹੈ। ਉਸ ਦੇ ਪਾਤਰਾਂ ਲਈ ਪਿਆਰ ਕਰਨਾ ਸਾਹ ਲੈਣ ਵਾਂਗ ਸਹਿਜ ਹੈ। ਉਹ ਕੈਮਰੇ ਰਾਹੀ ਉਨ੍ਹਾਂ ਦੇ ਆਪਸੀ ਵਰਤੋਂ-ਵਿਹਾਰ ਨੂੰ ਨੀਝ ਨਾਲ ਤੱਕਦਾ ਅਤੇ ਫਿਰ ਅਗਲਾ ਕੰਮ ਦਰਸ਼ਕ ਨੂੰ ਸੌਂਪ ਦਿੰਦਾ ਹੈ। ਉਸ ਨੂੰ ਸਮਝ ਹੈ ਕਿ ਕਿਸੇ ਦ੍ਰਿਸ਼ ਨੂੰ ਜੇ ਵੀਹ ਅੱਖਾਂ ਦੇਖਦੀਆਂ ਹਨ ਤਾਂ ਉਹ ਦਸ ਦ੍ਰਿਸ਼ ਬਣ ਜਾਂਦੇ ਹਨ।





*ਖੱਬਿਓਂ: 'ਵੇਅਰ ਇਜ਼ ਫਰੈਂਡਜ਼ ਹੋਮ?', 'ਲਾਈਫ ਐਂਡ ਨਥਿੰਗ ਮੋਰ' ਅਤੇ 'ਥਰੂ ਦਿ ਉਲਿਵ ਟਰੀਜ਼' ਦੇ ਪੋਸਟਰ।*

ਅੱਬਾਸ ਕਇਰੋਸਤਮੀ ਦੀਆਂ ਫਿਲਮਾਂ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਬੰਦਿਆਂ ਦੇ ਖਾਸ ਸਪੇਸ ਅਤੇ ਸਮੇਂ ਵਿਚ ਇਕੱਠੇ ਵਿਚਰਨ ਕਾਰਨ ਪੈਦਾ ਹੋਏ ਹਾਲਾਤ, ਵਿਰੋਧਤਾਈਆਂ ਅਤੇ ਸੰਘਰਸ਼ਾਂ ਨਾਲ ਜੁੜੀਆਂ ਹਨ। ਇਨ੍ਹਾਂ ਫਿਲਮਾਂ ਵਿਚਲੇ ਸੰਘਰਸ਼ਾਂ ਦੀ ਖਾਸੀਅਤ ਇਹ ਹੈ ਕਿ ਇਹ ਕਿਸੇ ਅਜਨਬੀ ਦੀਆਂ ਅੱਖਾਂ ਵਿਚ ਲੋਅ ਦੇਖਣ ਜਾਂ ਉਸ ਦੇ ਚਿਹਰੇ ਉਤੇ ਮੁਸਕਾਨ ਲਿਆਉਣ ਵਰਗੇ 'ਕੀਮਤੀ ਤੇ ਵੱਡਮੁੱਲੇ' ਹੋ ਸਕਦੇ ਹਨ। ਇਸ ਫਿਲਮ ਵਿਚ ਬੱਚੇ ਕੋਲ ਆਪਣੇ ਦੋਸਤ ਦੇ ਰੋਣ ਦੀ ਯਾਦ ਹੈ, ਮਾਸਟਰ ਸਾਹਮਣੇ ਦੋਸਤ ਦੀ ਬੇਵਸੀ ਦਾ ਤਜਰਬਾ ਹੈ ਜਿਹੜਾ ਉਸ ਦੇ ਚਿੱਤ ਨੂੰ ਅਣਜਾਣ ਅਤੇ ਸੁੰਨੇ ਰਸਤਿਆਂ 'ਤੇ ਲੈ ਤੁਰਦਾ ਹੈ। ਰਾਸਤੇ ਵਿਚ ਖੁੰਢਾਂ 'ਤੇ ਬੈਠੇ ਬਜ਼ੁਰਗਾਂ ਲਈ ਉਸ ਦਾ ਇੰਜ ਸਿਖਰ ਦੁਪਹਿਰੇ ਰਸਤਿਆਂ 'ਤੇ ਭਟਕਣਾ ਨਵੀਂ ਪੀੜ੍ਹੀ ਦੀ ਲਾਪਰਵਾਹ/ਬੇਪ੍ਰਵਾਹ ਰੌਂਅ ਦਾ ਪ੍ਰਤੀਕ ਹੈ ਪਰ ਅਹਿਮਦ ਨੂੰ ਜ਼ਿੰਦਗੀ ਆਪਣੇ ਸਕੂਲ ਵਿਚ ਨਵੀਂ ਇਬਾਰਤ ਪੜ੍ਹਾ ਰਹੀ ਹੈ। ਅੱਬਾਸ ਦਾ ਮਨਪਸੰਦ ਕਵੀ ਸੋਹਰਾਬ ਸੁਪਹਿਰੀ ਆਪਣੀ ਕਵਿਤਾ 'ਪਾਣੀ' ਵਿਚ ਲਿਖਦਾ ਹੈ:

ਆਪਾਂ ਪਾਣੀ ਨੂੰ ਗੰਧਲਾ ਨਾ ਕਰੀਏ,
ਸ਼ਾਇਦ ਕੁਝ ਦੂਰੀ 'ਤੇ ਕੋਈ ਕਬੂਤਰ
ਪੀ ਰਿਹਾ ਇਹੀ ਪਾਣੀ।
ਕਿਸੇ ਨੰਨ੍ਹੀ ਚਿੜੀ ਨੇ ਝੁਰਮਟ ਉਹਲੇ
ਡੋਬਿਆ ਹੈ ਆਪਣਾ ਖੰਭ ਇਸ ਅੰਦਰ
ਕਿਤੇ ਕਿਸੇ ਪਿੰਡ ਘੜਾ ਭਰਿਆ ਜਾ ਰਿਹਾ
ਇਸ ਵਿਚੋਂ।

1987 ਵਿਚ ਰਿਲੀਜ਼ ਹੋਈ ਇਸ ਫਿਲਮ ਨਾਲ ਅੱਬਾਸ ਕਇਰੋਸਤਮੀ ਦੀ ਕੌਮਾਂਤਰੀ ਹਲਕਿਆਂ ਵਿਚ ਕਾਫੀ ਚਰਚਾ ਹੋਈ। 1990 ਵਿਚ ਜਦੋਂ ਇਸ ਖਿੱਤੇ ਵਿਚ ਭੂਚਾਲ ਆਇਆ ਤਾਂ 37000 ਲੋਕ ਮੌਤ ਦੇ ਮੂੰਹ ਵਿਚ ਜਾ ਪਏ। ਉਸ ਵਕਤ ਅੱਬਾਸ ਕਇਰੋਸਤਮੀ ਨੂੰ ਆਪਣੇ ਕਿਰਦਾਰਾਂ ਦੀ ਚਿੰਤਾ ਹੋਈ। ਉਸ ਨੇ ਆਪਣੀ ਇਸ ਤਲਾਸ਼ ਅਤੇ ਚਿੰਤਾ ਨੂੰ ਨਾਮ ਦਿੱਤਾ- 'ਜ਼ਿੰਦਗੀ... ਤੇ ਹੋਰ ਕੁਝ ਨਹੀਂ' (ਲਾਈਫ... ਐਂਡ ਨਥਿੰਗ ਮੋਰ)। ਇਹ ਫਿਲਮ ਕੋਕਰ ਦੇ ਪਥਰੀਲੇ ਅਤੇ ਟੇਢੇ-ਮੇਢੇ ਰਸਤਿਆਂ ਉਪਰ ਅਹਿਮਦ ਅਤੇ ਰਜ਼ਾ ਦੀ ਤਲਾਸ਼ ਦੀ ਫਿਲਮ ਹੈ। ਭੂਚਾਲ ਨੇ ਪਿੰਡ ਨੂੰ ਜਾਂਦੇ ਰਸਤੇ ਦਰੜ ਕੇ ਰੱਖ ਦਿੱਤੇ ਹਨ। ਪਿੰਡਾਂ ਦੀ ਪਛਾਣ ਰੁਲ ਗਈ ਹੈ ਅਤੇ ਰਸਤਿਆਂ ਦੀ ਸ਼ਨਾਖਤ ਅਸੰਭਵ ਹੋ ਚੁੱਕੀ ਹੈ। ਫਿਲਮ ਵਿਚ ਫਿਲਮਸ਼ਾਜ਼ ਅਤੇ ਉਸ ਦੇ ਮੁੰਡੇ ਦੁਆਰਾ ਕੀਤੀ ਜਾ ਰਹੀ ਆਪਣੇ ਅਦਾਕਾਰਾਂ ਦੀ ਭਾਲ 'ਤਲਾਸ਼-ਦਰ-ਤਲਾਸ਼' ਦੀ ਲੜੀ ਵਿਚ ਬਦਲ ਜਾਂਦੀ ਹੈ। ਹਰ ਕਿਸੇ ਦੇ ਘਰ ਦਾ ਕੋਈ ਨਾ ਕੋਈ ਜੀਅ ਗੁਆਚ ਗਿਆ ਹੈ। ਜਿਹੜੇ ਹਾਲੇ ਨਹੀਂ ਗੁਆਚੇ, ਉਨ੍ਹਾਂ ਵਿਚੋਂ ਵੀ ਬਹੁਤਿਆਂ ਨੂੰ ਯਾਦ ਨਹੀਂ ਕਿ ਉਹ ਭੂਚਾਲ ਆਉਣ ਤੋਂ ਪਹਿਲਾਂ ਕਿਸ



*ਅੱਬਾਸ ਕਇਰੋਸਤਮੀ*

ਤਰ੍ਹਾਂ ਦੇ ਸਨ। ਜਿਨ੍ਹਾਂ ਦੇ ਘਰ ਦੇ ਇਸ ਭੂਚਾਲ ਵਿਚ ਫੌਤ ਹੋ ਗਏ ਹਨ, ਉਨ੍ਹਾਂ ਨੂੰ ਥਾਵਾਂ-ਰਸਤਿਆਂ ਦੀ ਸ਼ਨਾਖਤ ਅਤੇ ਘਰਾਂ ਦੇ ਪਤੇ ਭੁੱਲ ਗਏ ਹਨ।

ਹਰ ਕਿਸੇ ਕੋਲ ਤਲਾਸ਼ ਦੀ ਆਪਣੀ 'ਅਨੋਖੀ ਤੇ ਇਕੱਲੀ' ਕਹਾਣੀ ਹੈ। ਇਹ ਕਹਾਣੀ ਸੁਣਾਉਣ ਲਈ ਅੱਬਾਸ ਡਾਕੂਮੈਂਟਰੀ-ਕਮ-ਡਾਕੂ-ਡਰਾਮਾ ਦੀ ਤਕਨੀਕ ਵਰਤਦਾ ਹੈ। ਫਿਲਮਸਾਜ਼ ਨੂੰ ਕੁਝ ਬੱਚੇ ਮਿਲਦੇ ਹਨ ਜਿਨ੍ਹਾਂ ਨੇ ਉਸ ਦੀ ਫਿਲਮ 'ਕਿੱਥੇ ਹੈ ਦੋਸਤ ਦਾ ਘਰ?' ਵਿਚ ਕੰਮ ਕੀਤਾ ਹੈ। ਉਹ ਆਪਣੇ ਮੁੰਡੇ ਨੂੰ ਉਨ੍ਹਾਂ ਨਾਲ ਇਕ ਆਰਜ਼ੀ ਰਿਲੀਫ ਕੈਂਪ ਵਿਚ ਛੱਡ ਕੇ ਉਸ ਨੂੰ ਉਨ੍ਹਾਂ ਨਾਲ ਬੈਠ ਕੇ ਫੁੱਟਬਾਲ ਮੈਚ ਦੇਖਣ ਦਾ ਮੌਕਾ ਦਿੰਦਾ ਹੈ। ਫੁੱਟਬਾਲ ਉਨ੍ਹਾਂ ਬੱਚਿਆਂ ਦੀ ਜ਼ਿੰਦਗੀ ਵਿਚ ਉਮੀਦ ਦਾ ਮੈਟਾਫਰ ਹੈ। ਫਿਲਮ ਵਿਚ ਫਿਲਮਸਾਜ਼ ਦੀ ਮੁਲਾਕਾਤ ਅਜਿਹੇ ਪ੍ਰੇਮੀ ਜੋੜੇ ਤਾਹਿਰਾ ਅਤੇ ਹੁਸੈਨ ਨਾਲ ਹੁੰਦੀ ਹੈ ਜਿਨ੍ਹਾਂ ਦੇ ਘਰਾਂ ਦੇ ਕਈ ਜੀਆਂ ਦੀ ਮੌਤ ਹੋ ਚੁੱਕੀ ਹੈ ਪਰ ਇਸ ਦੇ ਬਾਵਜੂਦ ਉਹ ਭੂਚਾਲ ਦੇ ਮਹਿਜ਼ ਪੰਜ ਦਿਨਾਂ ਬਾਅਦ ਹੀ ਵਿਆਹ ਕਰਵਾਉਣ ਦਾ ਫੈਸਲਾ ਕਰਦੇ ਹਨ।

ਇਨ੍ਹਾਂ ਦੋਵਾਂ ਫਿਲਮਾਂ ਵਿਚ ਇਸ ਕਹਾਣੀ ਅਤੇ ਘਟਨਾਵਾਂ ਤੋਂ ਇਲਾਵਾ ਬਹੁਤ ਕੁਝ ਹੈ। ਗਲੀਆਂ ਵਿਚ ਲੜ ਰਹੇ ਕੁੱਕੜ ਹਨ, ਘੋੜਿਆਂ ਤੇ ਬੱਕਰੀਆਂ ਨੂੰ ਅੱਧੀ ਛੁੱਟੀ ਵੇਲੇ ਆਪਣਾ ਟਿਫਨ ਖੁਆਉਂਦੇ ਸਕੂਲਾਂ ਦੇ ਬੱਚੇ ਹਨ। ਦੁਪਹਿਰ ਵੇਲੇ ਬੰਦਿਆਂ ਦੇ ਸਿਰਾਂ 'ਤੇ ਠੂੰਗਾਂ ਮਾਰਨ ਨੂੰ ਤਰਸੇ ਵਿਹਲੇ ਬੈਠੇ ਕਾਂ ਅਤੇ ਘੁੱਗੀਆਂ ਹਨ। ਪਿੰਡਾਂ ਦੀਆਂ ਗਲੀਆਂ ਵਿਚ ਕੱਚੇ ਮਕਾਨਾਂ ਦੇ ਖੂੰਜੇ ਭੋਰਦੀਆਂ ਗਿਟਾਰਾਂ ਹਨ। ਰਸਤਿਆਂ 'ਤੇ ਬੇਪਰਵਾਹ ਘੁੰਮ ਰਹੀਆਂ ਕੁਕੜੀਆਂ ਤੇ ਬੱਤਖਾਂ ਹਨ। ਬਿੱਲੀਆਂ ਅਤੇ ਕੁੱਤਿਆਂ ਨਾਲ ਗੱਲਾਂ ਕਰਦੇ ਸਕੂਲਾਂ ਦੇ ਵਿਦਿਆਰਥੀ ਹਨ। ਗਲੀਆਂ ਅਤੇ ਘਰਾਂ ਦੇ ਕੰਮ-ਧੰਦਿਆਂ ਵਿਚ ਵਾਹੋ-ਦਾਹੀ ਊਰੀ ਵਾਂਗ ਘੁੰਮ ਰਹੀਆਂ ਮਾਵਾਂ ਹਨ। ਮੱਥਿਆਂ ਉਤੇ ਤਿਊੜੀਆਂ ਅਤੇ ਨਿਆਣਿਆਂ ਨੂੰ ਅੱਖਾਂ ਰਾਹੀਂ ਘੂਰਦੇ ਪਿਉ ਹਨ।

ਹਰ ਰਸਤਾ ਕੰਮ ਵਿਚ ਰੁਝੇ ਕਿਸੇ ਬੰਦੇ ਕੋਲ ਜਾ ਕੇ ਖਤਮ ਹੁੰਦਾ ਹੈ। ਫਿਲਮਸਾਜ਼ ਆਪਣੇ ਕਿਰਦਾਰਾਂ ਰਾਹੀਂ ਇਨ੍ਹਾਂ ਕਾਮਿਆਂ ਦੀ ਜੱਦੋਜਹਿਦ ਨੂੰ ਰਿਕਾਰਡ ਕਰਦਾ ਹੈ। ਇਨ੍ਹਾਂ ਸਾਰੇ ਦ੍ਰਿਸ਼ਾਂ ਨੂੰ ਜਿਹੜੀ ਤੰਦ ਜੋੜਦੀ ਹੈ, ਉਹ ਹਰ ਦੂਜੇ ਦ੍ਰਿਸ਼ ਵਿਚ ਫੁੱਲਾਂ ਦੀ ਮੌਜੂਦਗੀ ਹੈ। ਇਹ ਫੁੱਲ ਕਿਤੇ ਅਚਨਚੇਤ ਨਹੀਂ ਆਉਂਦੇ ਸਗੋਂ ਹਰ ਫਰੇਮ ਵਿਚ ਸਹਿਜ-ਸੁਭਾਅ ਹੀ ਦਿਸ ਜਾਂਦੇ ਹਨ। ਇਨ੍ਹਾਂ ਦੀ ਹੋਂਦ ਇਸ ਲਈ ਵੀ ਜ਼ਿਆਦਾ ਉਘੜਵੀਂ ਹੈ ਕਿਉਂਕਿ ਇਨ੍ਹਾਂ ਦੇ ਆਸ-ਪਾਸ ਸਿਰਫ ਫਿੱਕੇ ਰੰਗਾਂ ਦਾ ਪਸਾਰਾ ਹੈ। ਅੱਬਾਸ ਬਹੁਤ ਸਾਵਧਾਨੀ ਨਾਲ ਫੁੱਲਾਂ ਅਤੇ ਬੰਦਿਆਂ ਦੇ ਮੌਲਣ-ਵਿਗਸਣ ਦਾ ਫਲਸਫਾ ਸਕਰੀਨ 'ਤੇ ਸਾਕਾਰ ਕਰਦਾ ਹੈ।

ਫਿਲਮ 'ਜ਼ਿੰਦਗੀ... ਤੇ ਹੋਰ ਕੁਝ ਨਹੀਂ' ਦਾ ਅੰਤ ਕਿਤੇ ਵੀ ਨਹੀਂ ਹੁੰਦਾ। ਭੂਚਾਲ ਨਾਲ ਹੋਈ ਤਬਾਹੀ ਦੇ ਨਿਸ਼ਾਨ ਡੂੰਘੇ ਵੀ ਹਨ ਤੇ ਅਣਦਿਸਦੇ ਵੀ। ਜ਼ਿੰਦਗੀ ਚਾਹ ਕੇ ਵੀ ਉਦਾਂ ਦੀ ਨਹੀਂ ਹੋ ਸਕਦੀ। ਇਸ ਲਈ ਫਿਲਮ ਦਾ ਮੁੱਖ ਕਿਰਦਾਰ ਰਜ਼ਾ ਅਤੇ ਅਹਿਮਦ ਨਾਲ ਮਿਲਦੇ-ਜੁਲਦੇ ਹਰ ਬੱਚੇ ਤੇ ਹਰ ਜੀਅ ਦੀ ਸਲਾਮਤੀ ਲਈ ਉਦਾਸ ਹੈ।

ਇਸ ਲੜੀ ਦੀ ਤੀਜੀ ਫਿਲਮ 'ਜੈਤੂਨ ਦੇ ਦਰੱਖਤਾਂ ਵਿਚੋਂ (ਥਰੂ ਦਿ ਉਲਿਵ ਟਰੀਜ਼) ਵਿਚ ਅੱਬਾਸ, ਕੋਕਰ ਪਿੰਡ ਵਿਚ ਫਿਲਮ ਦੀ ਸ਼ੂਟਿੰਗ ਲਈ ਉਤਰੀ ਟੀਮ ਦੇ ਨਾਲ-ਨਾਲ ਪਿੰਡ ਦਾ ਜੁਗਰਾਫੀਆਂ ਅਤੇ ਸਮਾਜਿਕਤਾ ਪੜ੍ਹਨ ਦੀ ਕੋਸ਼ਿਸ ਕਰਦਾ ਹੈ। ਕੋਕਰ ਨੂੰ ਜਾਂਦਾ ਰਸਤਾ ਜੈਤੂਨ ਦੇ ਦਰੱਖਤਾਂ ਵਿਚੋਂ ਹੋ ਕੇ ਨਿਕਲਦਾ ਹੈ। ਇਸ ਫਿਲਮ ਵਿਚ ਇਕ ਨਵੀਂ ਫਿਲਮ ਫਿਲਮਾਈ ਜਾ ਰਹੀ ਹੈ। ਫਿਲਮ ਦੇ ਸ਼ੁਰੂ ਹੋਣ ਦੀ ਪਹਿਲੀ ਸਵੇਰ ਫਿਲਮਸਾਜ਼ ਅਤੇ ਉਸ ਦੇ ਦੋਸਤ ਵਿਚਕਾਰ ਪਿੰਡ ਬਾਰੇ ਗੱਲਬਾਤ ਹੁੰਦੀ ਹੈ। ਇਸ ਗੱਲਬਾਤ ਤੋਂ ਦਰਸ਼ਕਾਂ ਨੂੰ ਪਤਾ ਲੱਗਦਾ ਹੈ ਕਿ ਇਹ ਪਿੰਡ ਸਿਰਫ 'ਸਵਾਗਤ' ਦੀ ਗੂੰਜ ਦਾ ਜਵਾਬ ਦਿੰਦਾ ਹੈ। ਜੇ ਤੁਸੀਂ ਕਿਸੇ ਵੀ ਉਚੀ ਚੋਟੀ 'ਤੇ ਖਲੋ ਕੇ ਜ਼ੋਰ ਨਾਲ 'ਅਲਵਿਦਾ' ਬੋਲੋ ਤਾਂ ਬਦਲੇ ਵਿਚ ਸਿਰਫ ਗਹਿਰੀ ਚੁੱਪ ਮਿਲਦੀ ਹੈ। ਪਿੰਡ ਸਦਾ ਦੇਣਾ ਜਾਣਦਾ ਹੈ, ਲੈਣਾ ਨਹੀਂ। ਪਿੰਡ ਨੂੰ ਖਿਲਰਿਆ ਬੰਦਾ ਸਾਂਭਣਾ ਆਉਂਦਾ ਹੈ। ਤਾਹਿਰਾ ਅਤੇ ਹੁਸੈਨ ਦੋਵੇਂ ਫਿਲਮ ਵਿਚ ਬਣਾਈ ਜਾ ਰਹੀ ਫਿਲਮ ਦੇ ਪਾਤਰ ਹਨ। ਤਾਹਿਰਾ ਦੇ ਦਿਲ ਦੀ ਥਾਹ ਪਾਉਣ ਦੀ ਕੋਸ਼ਿਸ ਵਿਚ ਹੁਸੈਨ ਵਾਰ-ਵਾਰ ਰੀਟੇਕ ਕਰਵਾਉਂਦਾ ਹੈ। ਉਸ ਲਈ ਤਾਹਿਰਾ ਦਾ ਬੋਲਣਾ ਸਭ ਤੋਂ ਮਹਤੱਵਪੂਰਨ ਹੋ ਜਾਂਦਾ ਹੈ ਪਰ ਤਾਹਿਰਾ ਤਾਂ ਫਿਲਮ ਦੀ ਟੀਮ ਵਲੋਂ ਦਿੱਤੇ ਡਾਇਲਾਗਾਂ ਤੋਂ ਬਿਨਾਂ ਕੁਝ ਨਹੀਂ ਬੋਲਦੀ। ਫਿਲਮ ਦੇ ਆਖਰੀ ਦ੍ਰਿਸ਼ਾਂ ਵਿਚ ਤਾਹਿਰਾ ਉਸੇ ਰਸਤੇ ਤੋਂ ਵਾਪਿਸ ਘਰ ਜਾ ਰਹੀ ਹੈ ਜਿਥੋਂ ਲੰਘ ਕੇ ਕਦੇ ਅਹਿਮਦ ਆਪਣੇ ਦੋਸਤ ਰਜ਼ਾ ਦੀ ਕਾਪੀ ਵਾਪਿਸ ਕਰਨ ਗਿਆ ਸੀ। ਇਸ ਰਾਸਤੇ ਨੇ ਇੱਦਾਂ ਹੀ ਸਦੀਆਂ ਤੱਕ ਵੱਗਦੇ ਰਹਿਣਾ ਹੈ। ਇਹ ਸਭ ਸ਼ਬਦਾਂ ਰਾਹੀਂ ਰਿਕਾਰਡ ਹੋਵੇ ਨਾ ਹੋਵੇ, ਇਸ ਨੂੰ ਕੈਮਰੇ ਦੀ ਅੱਖ ਦੇਖੇ ਨਾ ਦੇਖੇ... ਜ਼ਿੰਦਗੀ ਨੇ ਰੁਕਣਾ ਨਹੀਂ।



*ਫਿਲਮ 'ਵੇਅਰ ਇਜ਼ ਫਰੈਂਡਜ਼ ਹੋਮ?' ਦਾ ਦ੍ਰਿਸ਼।*

Tel.: 317-426-5410
Ext 311 or 340

XPressCargo

Cell : 317-701-4230
Fax : 317-308-6424

Pay Every Week
Single upto 42 Cent + Team Upto 50 Cent

100%
OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com